# ਆਕਾਸ਼ ਤੋਂ ਪਾਰ

ਗੁਰੂਬਚਨ ਸਿੰਘ ਨਾਮਧਾਰੀ

ਪ੍ਰਕਾਸ਼ਕ
ਵਿਸ਼ਵ ਨਾਮਧਾਰੀ ਸੰਗਤ
ਸ੍ਰੀ ਭੈਣੀ ਸਾਹਿਬ

Vishav Namdhari Sangat
Sri Bhaini Sahib
Price 200/-

**Akash Toh Paar**

***by***

**GURUBACHAN SINGH NAMDHARI**

2021
printed & bound by
Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-5027427, 5027429, 4027552

*© Author 2021*
*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਾਦਰ ਸਮਰਪਿਤ

*ਭੈਣੀ ਤੋਂ ਆਉਂਦੀਆਂ ਹਵਾਵਾਂ ਨੂੰ!*
*ਇਹ ਝੋਲੀ ਵਿਚ, ਬਹੁਤ-ਕੁਝ ਸਾਂਭ ਲਿਆਈਆਂ ਹਨ...*
*ਸਤਿਗੁਰੂ ਸਾਹਿਬਾਨਾਂ ਦੀ ਮੁਕੱਦਸ ਮਹਿਕ,*
*ਸ਼ਹੀਦਾਂ ਦੀਆਂ ਕਹਾਣੀਆਂ,*
*ਅਤੇ ਕੂਕਿਆਂ ਦੀਆਂ ਕਈ,*
*ਅਧੂਰੀਆਂ ਰਹਿ-ਗਈਆਂ ਕਵਿਤਾਵਾਂ ਨੂੰ,*
*ਸੁਰੀਲੇ ਗੀਤਾਂ ਨਾਲ਼, ਸੰਪੂਰਨ ਕਰਦੀਆਂ,*
*ਪਵਿੱਤਰ ਹਵਾਵਾਂ!...*

# ਤਤਕਰਾ


| | | |
|---|---|---|
| * | ਦੋ ਸ਼ਬਦ | (ix) |
| * | ਮੁੱਖਬੰਦ | (x) |
| 1. | ਵਾਰਿਸ | 1 |
| 2. | ਦੂਜਾ ਰਬਾਬੀ ਮਰਦਾਨਾ | 11 |
| 3. | ਯਕ ਅਰਜ ਗੁਫਤਮ ਪੇਸਿ ਤੋ | 18 |
| 4. | ਇਨਸਾਨੀਅਤ ਅਤੇ ਇਲਮ | 25 |
| 5. | ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸੁ | 31 |
| 6. | ਐਸਾ ਦੀਵਾ ਬਾਲੇ ਕੋਇ | 35 |
| 7. | ਕਰਮ ਕਰਤ ਹੋਵੈ ਨਿਹਕਰਮ | 40 |
| 8. | ਸੋਈ ਚੰਦੁ ਚੜਹਿ ਸੇ ਤਾਰੇ | 45 |
| 9. | ਧਰਮ ਖੰਡ ਕਾ ਏਹੋ ਧਰਮੁ | 52 |
| 10. | ਪਾਇਓ ਰੀ ਮੈਂਨੇ ਰਾਮ ਰਤਨ ਧਨ ਪਾਇਓ | 57 |
| 11. | ਤਾਹਿ ਬਿਲੋਕਤ ਪਾਤਕ ਭਾਰੀ | 61 |
| 12. | ਸੂਰਜ ਏਕੋ ਰੁਤਿ ਅਨੇਕ | 66 |
| 13. | ਆਖਾ ਜੀਵਾ ਵਿਸਰੈ ਮਰਿ ਜਾਉ | 72 |
| 14. | ਆਇ ਬਸਹੁ ਘਰ ਦੇਸ ਮਹਿ | 77 |
| 15. | ਤ੍ਰਿਬਿਧਿ ਜੋਗ | 82 |
| 16. | ਸ੍ਰਿਸ਼ਟੀ ਦੀ ਸਮਗ੍ਰਤਾ | 88 |
| 17. | ਸਰਬ ਧਰਮ ਮਹਿ ਸ੍ਰੇਸ਼ਟ ਧਰਮੁ | 93 |
| 18. | ਜੈਸੀ ਦ੍ਰਿਸਟਿ ਕਰੇ ਤੈਸਾ ਹੋਇ | 99 |
| 19. | ਕਿਵ ਸਚਿਆਰਾ ਹੋਈਐ | 105 |
| 20. | ਇਹ ਜੁ ਦੁਨੀਆ ਸਿਹਰ ਮੇਲਾ | 109 |
| 21. | ਪੂਰੇ ਗੁਰ ਕਾ ਸੁਨਿ ਉਪਦੇਸੁ | 114 |
| 22. | ਸਹਜ ਕੀ ਅਕਥ ਕਥਾ ਹੈ ਨਿਰਾਰੀ | 117 |
| 23. | ਨਾ ਦੂਜਾ ਵੇਖਾਲਿ | 122 |
| 24. | ਸਤਿ ਆਚਾਰ | 126 |
| 25. | ਦਿਵਸੁ ਰਾਤ ਦੁਇ ਦਾਈ ਦਇਆ | 131 |
| 26. | ਮੌਨ ਵਾਰਤਾ | 137 |

# ਦੋ ਸ਼ਬਦ

ਆਕਾਸ਼ ਸ਼ਬਦ, ਧਰਤੀ, ਸੂਰਜ ਅਤੇ ਚੰਦ ਤਾਰਿਆਂ ਦੇ ਮੱਧ, ਰਿਕਤ ਖਗੋਲ ਦੇ ਸੰਬੋਧਨ ਲਈ ਵਰਤਿਆ ਗਿਆ। ਮੇਰੀ ਕਹਾਣੀ ਦਾ ਆਰੰਭ ਉਦੋਂ ਹੁੰਦਾ ਹੈ, ਜਦੋਂ, ਇਹ ਕੁੱਝ ਭੀ ਨਹੀਂ ਸੀ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਸ਼ਬਦਾਂ ਵਿਚ, "ਧਰਣਿ ਨ ਗਗਨਾ ਹੁਕਮੁ ਅਪਾਰਾ" ਦੇ ਆਦਿ ਅਨਾਦਿ ਕਾਲ ਖੰਡ ਤੋਂ।

ਇਹ ਪੁਸਤਕ ਫੱਕੜਾਂ ਦਾ ਸੱਦਾ ਹੈ... ਆਕਾਸ਼ ਤੋਂ ਪਾਰ ਲੰਘ ਜਾਣ ਦਾ!...

"ਉਪਰ ਦਿਸਦਾ ਆਸਮਾਂ,
ਕਹਿੰਦੇ, ਇਹ ਰੱਬ ਦਾ ਥਾਂ!
ਸੂਰਜ, ਚੰਦ, ਤਾਰਿਆਂ ਤੋਂ ਭੀ ਉਪਰ,
ਜਿੱਥੇ, ਸੁੰਨ ਹੋ ਜਾਂਦਾ ਨੀਲਾਂਬਰ!
ਉਥੇ, ਅਦਿੱਖ ਤਰੰਗਾਂ ਵਗਦੀਆਂ ਨੇ,
ਨਿਰੋਲ ਰੂਹਾਂ ਤਰਦੀਆਂ ਨੇ...
ਚੱਲ, ਉੱਡ ਚਲੀਏ, ਦੇਵਪੰਥੀ ਬਣ,
ਉਥੇ ਹੋ ਰਿਹੈ ਨਿਰੰਤਰ, ਨਵ-ਸਿਰਜਣ...
ਚੱਲ ਉੱਡ ਚੱਲੀਏ...!

# ਮੁੱਖ ਬੰਦ

ਮਨੁੱਖ ਇਕ ਪਿੰਡ ਹੈ, ਬ੍ਰਹਮਾਂਡ ਦਾ। ਹਰ ਜੀਅ ਅੰਦਰ, ਸਿਰਜਣ ਦੇ ਪੰਜ ਤੱਤ ਮੌਜੂਦ ਹਨ। ਉਹਨਾਂ ਤੱਤਾਂ ’ਚੋਂ ਇਕ, ਆਕਾਸ਼ ਤੱਤ ਹੈ। ਕਿਤੇ, ਸੁੰਨ ਮੰਡਲ ਤੇ, ਇਹਨਾਂ ਤੱਤਾਂ ਦਾ ਸੁਮੇਲ ਹੋ ਰਿਹੈ... ਮੌਤ ਤੋਂ ਬਾਦ, ਇਹ ਤੱਤ ਖੰਡਿਤ ਹੋ ਕੇ ਮੁੜ, ਸੁੰਨ ’ਚ ਸਮਾਹਿਤ ਹੋ ਰਹੇ ਹਨ। ਇਹ ਵਿਸਮਾਦੀ ਖੇਡ, ਅਨੰਤ ਕਾਲ ਤੋਂ ਚੱਲ ਰਹੀ ਹੈ। ਸਤਿਗੁਰ ਸਾਹਿਬਾਨਾਂ ਨੇ, ਗੁਰਬਾਣੀ ਰਾਹੀਂ, ਉਸ ਰਹੱਸ ਦੀਆਂ ਪਰਤਾਂ ਖੋਲ੍ਹੀਆਂ ਹਨ ਅਤੇ, ਜੀਉਂਦਿਆਂ ਹੀ ਤੱਤਾਂ ਨੂੰ ਖੰਡਿਤ ਕਰ ਕੇ, ਆਕਾਸ਼ੋਂ ਪਾਰ ਜਾ ਕੇ, ਬ੍ਰਹਮਾਂਡੀ ਚੇਤਨਾ ਦਾ ਅਨੁਭਵ ਕਰਨ ਦੀ ਜੁਗਤ ਭੀ ਦੱਸੀ ਹੈ।

“ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ”॥

ਇਹਨਾਂ ਨੂੰ ਪੜ੍ਹ ਕੇ, ਸੁਣ ਕੇ, ਰੀਸ ਨਾਲ਼ ਭਰੀ ਹੋਈ ਪ੍ਰਤਿਬੱਧਤਾ ਜਾਗ੍ਰਿਤ ਹੋ ਜਾਏ, ਇਹੋ ਇਸ ਪੁਸਤਕ ਦਾ ਮੰਤਵ ਹੈ। ਸਤਿਗੁਰ ਕਹਿੰਦੇ ਹਨ, ਉਡਦਿਆਂ ਪੰਖੀਆਂ ਨੂੰ ਵੇਖ ਕੇ, ਕੀੜਿਆਂ ਨੇ ਰੀਸ ਕੀਤੀ, ਤਾਂ ਕੁਦਰਤ ਨੇ ਉਹਨਾਂ ਨੂੰ ਖੰਭ ਲਾ ਦਿੱਤੇ...

ਇਹ ਆਕਾਸ਼ ਤੋਂ ਪਾਰ ਦੀਆਂ ਬਾਤਾਂ ਹਨ...

# ਵਾਰਿਸ

ਸੰਨ 1708! ਉਹ, ਕੱਤਕ ਦੀ ਇਕ ਸ਼ਾਂਤ ਰਾਤ ਸੀ। ਨਾਂਦੇੜ ਦਾ ਆਕਾਸ਼ ਸਾਫ਼ ਸੀ। ਇਕ ਪੰਗਤ ਵਿਚ ਗੱਡੀਆਂ ਹੋਈਆਂ ਤਮੋਟੀਆਂ ਵਿਚ, ਸਿੰਘ, ਸੂਰਮੇ, ਸਾਰੇ ਘੂਕ ਸੁੱਤੇ ਹੋਏ ਸਨ। ਚਮਕਦੇ ਹੋਏ ਚੰਦ ਦੀ ਦਸ਼ਾ, ਅੱਧੀ ਰਾਤ ਬਤੀਤ ਹੋ ਜਾਣ ਦੀ ਸੂਚਨਾ ਦੇ ਰਿਹਾ ਸੀ। ਦਸਮੇਸ਼ ਪਿਤਾ ਦੇ ਨੇਤਰਾਂ ਵਿਚ, ਅਤੀਤ ਦੇ ਦ੍ਰਿਸ਼, ਆਕਾਸ਼ ਵਿਚ, ਸਾਉਣ ਭਾਦੋਂ ਦੇ ਬੱਦਲਾਂ ਵਾਂਗ, ਲੰਘੀ ਜਾ ਰਹੇ ਸਨ। ਪਾਤਸ਼ਾਹ, ਹਲਕੇ ਪੈਰੀਂ, ਤਮੋਟੀ ਤੋਂ ਬਾਹਰ ਆਏ। ਚਹਿਲਕਦਮੀ ਕਰਦਿਆਂ ਥੋੜ੍ਹੀ ਦੂਰ, ਪੱਥਰ ਦੀ ਇਕ ਸਿਲਾ ਤੇ ਬੈਠ ਗਏ। ਉੱਪਰ ਆਕਾਸ਼ ਵੱਲ ਵੇਖਿਆ... ਦੋਵੇਂ ਹੱਥ ਸ਼ੁਕਰਾਨੇ ਵਜੋਂ ਜੁੜ ਗਏ। ਅਕਾਲ ਪੁਰਖ! ਮੈਂ ਤੇਰਾ ਦਾਸ, ਤੇਰੀ ਆਗਿਆ ਨਾਲ, ਜਗਤ ਤਮਾਸ਼ਾ ਵੇਖਣ ਸੰਸਾਰ ਤੇ ਆਇਆ ਸੀ। ਕੈਸੀ ਖੇਡ ਖੇਡੀ! ਕਿਹਾ ਤਮਾਸ਼ਾ ਵਿਖਾਇਆ! ਨੌਂ ਸਾਲ ਦੀ ਉਮਰੇ, ਗੁਰੂ ਪਿਤਾ ਦਾ ਕੱਟਿਆ ਹੋਇਆ ਸੀਸ ਵੇਖਿਆ। 12 ਵਰ੍ਹੇ ਦਾ ਹੋਇਆ, ਜਦੋਂ ਭੀਮ ਚੰਦ ਨੇ ਜੰਗ ਦੀ ਧਮਕੀ ਦਿੱਤੀ। ਫਿਰ, ਆਸਾਮ ਦਾ ਰਾਜਾ ਰਤਨ ਰਾਏ ਵੱਲੋਂ, ਪੰਜ ਕਲਾ ਸ਼ਸਤ੍ਰ, ਚੰਦਨ ਦੀ ਅਜਾਇਬ ਚੌਂਕੀ, ਸੁਫ਼ੇਦ ਪਰਸਾਦੀ ਹਾਥੀ ਦੀ ਭੇਟ ਹੋਈਆਂ ਵਸਤੂਆਂ ਤੇ ਭੀਮ ਚੰਦ ਦੀ ਮੈਲੀ ਨਜ਼ਰ ਪਈ। ਜੰਗ ਦਾ ਮੁੱਢ ਬੱਝਿਆ। ਸਿੰਘਾਂ, ਸੂਰਮਿਆਂ ਦਾ ਸੰਗਠਨ! 21 ਸਾਲ ਦੀ ਉਮਰ ਵਿਚ 22 ਪਹਾੜੀ ਰਾਜਿਆਂ ਦੀ ਫ਼ੌਜ ਨਾਲ ਪਹਿਲਾ ਟਾਕਰਾ ਹੋਇਆ। ਇਹ ਭੰਗਾਣੀ ਦੀ ਜੰਗ ਸੀ। ਫਿਰ ਨਦੌਣ ਦੀ ਜੰਗ! ਹੁਸੈਨੀ ਨਾਲ ਜੰਗ! ਖ਼ਾਲਸਾ ਸਿਰਜਨਾ ਹੋਈ। ਫਿਰ ਦੀਨਾ ਬੇਗ, ਪੈਂਦੇ ਖਾਨ, ਕੇਸਰੀ ਚੰਦ, ਘਮੰਡ ਚੰਦ, ਬੱਸੀ ਦੇ ਪਠਾਨ, ਸੈਯਦ ਬੇਗ, ਅਜਾਨ ਖਾਨ, ਫਿਰ, ਅਨੰਦਪੁਰ ਦਾ ਘੇਰਾ! ਦੱਸ ਲੱਖ ਵੈਰੀਆਂ ਦਾ ਇਕੱਠ! ਔਰ ਫਿਰ, ਜੰਗ ਹੀ ਜੰਗ! ਚਮਕੌਰ... ਸਾਹਿਬਜ਼ਾਦਿਆਂ ਦੀ ਸੂਰਮਤਾ ਭਰੀ ਸ਼ਹਾਦਤ! ਇਹ ਸਭ, ਮੇਰੇ ਸਾਹਵੇਂ, ਮੇਰੇ ਨਾਲ ਘਟਿਆ। ਫਿਰ ਮਾਲਵੇ ਪਹੁੰਚਿਆ। ਅਕ੍ਰਿਤਘਨ ਮਹੰਤ ਕ੍ਰਿਪਾਲ ਦਾਸ, ਭਾਈ ਗੁਲਾਬਾ, ਚੌਧਰੀ ਕਪੂਰਾ! ਅਉਖੀ ਘੜੀ ਦੇ ਕਈ ਸੰਗੀ ਸਾਥੀ... ਰਾਇ ਕੱਲਾ! ਦੀਨੇ ਦੇ ਚੌਧਰੀ ਭਾਈ! ਬੀਬੀ ਭਾਗੋ! ਭਾਈ ਮਹਾਂ ਸਿੰਘ...! ਕਈ ਪਰਖੇ, ਪਛਾਤੇ ਬਹਾਦਰ ਸਿੰਘ! ਨੌਂ ਸਾਲ ਦੀ ਉਮਰ ਵਿਚ, ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸੀਸ ਦਾ ਥਾਲ, ਹੱਥ ਵਿਚ ਰੱਖ ਕੇ ਜਿਹੜੀ ਸਹੁੰ, ਸੰਕਲਪ ਲਿਆ, ਅਨ੍ਹਿਆਂ ਦੇ ਖਿਲਾਫ਼ ਜੂਝਣ ਦਾ, ਅੱਜ 33 ਸਾਲ ਲੰਘ ਗਏ ਜੂਝਦਿਆਂ! ਫਿਰ ਨਾਂਦੇੜ ਦੀ ਧਰਤੀ। ਬੰਦਾ ਸਿੰਘ ਬਹਾਦਰ ਨੂੰ ਵਰ ਦੇ ਕੇ ਪੰਜਾਬ ਨੂੰ ਤੋਰਨਾ। ਧੋਖੇਬਾਜ਼ ਪਠਾਨ ਨੇ ਵੱਖੀ ਵਿਚ ਖੰਜਰ ਮਾਰਨਾ। ਉਸੇ ਸਿਲਾ ਤੇ ਬਹਿਠਿਆਂ, ਲੰਘਿਆ ਹੋਇਆ ਲੰਮੇਰਾ ਸਮਾਂ, ਅੱਜ ਅੱਖਾਂ ਸਾਮ੍ਹਣਿਓਂ ਲੰਘ ਗਿਆ। ਸਤਿਗੁਰਾਂ ਨੇ ਇਕ ਦੀਰਘ ਸੁਆਸ ਲਿਆ! ਉਸ ਰਾਤ ਦੇ ਇਸੇ ਲਮਹੇ ਵਿਚ,

ਦਸਮੇਸ਼ ਪਿਤਾ ਨੇ ਨਾਂਦੇੜ ਕੌਤਕ ਦਾ ਨਿਰਣਾ ਲਿਆ। ਕੱਤਕ, ਸੰਮਤ 1765! ਪੰਚਮੀ, ਦਿਨ ਵੀਰਵਾਰ ਦੀ ਸ਼ਾਮ! ਸਤਿਗੁਰਾਂ ਅੱਜ, ਚੰਦਨ ਦੀ ਚਿਖਾ ਬਣਵਾਈ। ਸ਼ਾਮ, ਸੂਰਜ ਅਸਤ ਹੋਇਆ। ਸੰਗਤ ਦੂਰੋਂ ਨੇੜਿਓਂ ਬਹੁਤ ਆਈ ਸੀ। ਸਤਿਗੁਰਾਂ ਐਲਾਨ ਕੀਤਾ – "ਸ੍ਰੀ ਗੁਰ ਪ੍ਰਤਾਪ ਸੂਰਜ" ਵਿਚ, ਭਾਈ ਸੰਤੋਖ ਸਿੰਘ ਜੀ ਲਿਖਦੇ ਹਨ – ਗੁਰੂ ਜੀ ਦਾ ਹੁਕਮ ਹੋਇਆ –

"ਤਨੀ ਕਨਾਤ ਪੌਰ ਜਿਸ ਥਾਨਾ॥ ਤਹਿਂ ਥਿਰ ਹ੍ਵੈ ਕਰਿ ਬਾਕ ਬਖਾਨਾ॥ ਜਾਇ ਚਿਖਾ ਪਰ ਬੈਠੇਂ ਜਬੈਂ॥ ਤੁਰਤ ਪ੍ਰਦਛਿਨਾ ਦੈ ਕਰਿ ਸਭੈਂ" ਬਹੁਤ ਹੁਤਾਸਨ ਕੋ ਜੂਲਤਾਵਹੁ॥ ਨਮੋ ਕਰਤਿ ਹੀ ਵਹਿਰ ਸਿਧਾਵਹੁ॥

ਉਸ ਥਾਂ ਤੇ ਚੰਗੀ ਤਰ੍ਹਾਂ ਸਫਾਈ ਪੋਚਨ ਕਰਵਾ ਕੇ, ਚਹੁੰ ਦਿਸ਼ਾ ਕਨਾਤਾਂ ਲਵਾ ਦਿੱਤੀਆਂ। ਹੁਕਮ ਕੀਤਾ, ਮੇਰੇ ਘੋੜਿਆਂ ਨੂੰ ਜ਼ੀਨਾਂ ਆਦਿਕ ਨਾਲ ਤਿਆਰ ਰੱਖਿਆ ਜਾਵੇ। ਜਦੋਂ ਅਸੀਂ ਚਿਖਾ ਤੇ ਆਸੀਨ ਹੋ ਜਾਈਏ, ਉਦੋਂ ਅਗਨਿ ਲਾਉਂਦਿਆਂ ਹੀ, ਸਾਰੇ ਸਿੱਖ ਸੇਵਕ ਪ੍ਰਦੱਛਣਾ ਦੇ ਕੇ, ਨਮਨ ਕਰ ਕੇ ਤਤਕਾਲ ਬਾਹਰ ਨਿਕਲ ਜਾਣ। ਇਧਰ ਨਾ ਕੋਈ ਰਹੇ, ਨਾ ਵੇਖੇ। ਇਵੇਂ ਹੀ ਹੋਇਆ। ਅਗਨ ਦੀਆਂ ਲਾਟਾਂ ਉਠੀਆਂ। ਸੰਗਤ ਵਿਰਲਾਪ ਕਰਨ ਲੱਗੀ...।

ਦੂਜੇ ਦਿਨ, ਤੜਕੇ ਜੰਗਲ 'ਚੋਂ ਲੰਗਰ ਲਈ ਬਾਲਣ ਲਿਆ ਰਹੇ ਸਿੱਖ ਨੇ, ਸਤਿਗੁਰੂ ਜੀ ਨੂੰ ਆਪਣੇ ਮਨਪਸੰਦ, ਕੁਮੈਤ ਘੋੜੇ ਤੇ ਸਵਾਰ ਹੋਏ, ਬਾਹਰ ਵੱਲ ਜਾਂਦਿਆਂ ਵੇਖ, ਹੈਰਾਨੀ ਭਰਿਆਂ, ਅਰਜ਼ ਕੀਤੀ, "ਸਤਿਗੁਰੂ ਜੀ ਨਾਲ ਕੋਈ ਸੇਵਕ, ਸਿੱਖ ਨਹੀਂ... ਇਕੱਲਿਆਂ, ਕਿੱਧਰ ਨੂੰ ?" (**ਨੋਟ –** ਕਿਤੇ ਇਤਿਹਾਸਕਾਰਾਂ ਨੇ, ਸ਼ਿਕਾਰ ਖੇਡਣ ਲਈ ਜਾਣ ਬਾਬਤ ਭੀ ਲਿਖਿਆ ਹੈ।)

ਉਧਰ, ਤੜਕੇ ਘੋੜਿਆਂ ਦੀ ਸਾਂਭ ਸੰਭਾਲ ਕਰਨ ਵਾਲੇ ਤਬੇਲੇ ਦਾ ਪ੍ਰਬੰਧਕ ਸਿੱਖ, ਇਕ "ਕੁਮੈਤ ਘੋੜਾ" ਗ਼ਾਇਬ ਹੋਣ 'ਤੇ ਘਬਰਾਇਆ ਹੋਇਆ, ਕਈ ਮੋਹਤਬਰ ਸਿੱਖਾਂ ਨਾਲ਼ ਚਰਚਾ ਕਰ ਰਿਹਾ ਸੀ।

ਸਵਾ ਪਹਿਰ ਦਿਨ ਚੜ੍ਹਿਆ ਤਾਂ ਇਕ ਸਾਧ, ਸਤਿਗੁਰੂ ਜੀ ਦੇ ਦਰਸ਼ਨਾਂ ਲਈ ਨਾਂਦੇੜ ਆਉਂਦਿਆਂ, ਗੁਰੂ ਜੀ ਨੂੰ ਉਸੇ ਕੁਮੈਤ ਘੋੜੇ 'ਤੇ ਦੂਰ ਜਾਂਦਿਆਂ ਵੇਖਿਆ। ਉਸ ਭੀ ਆ ਕੇ, ਵਿਯੋਗੀ ਸੰਗਤ ਨੂੰ ਸਾਰਾ ਦ੍ਰਿਸ਼ਟਾਂਤ ਆ ਸੁਣਾਇਆ।

"ਜਨਵਾਰਾ" ਰਿਆਸਤ, ਨਾਂਦੇੜ ਤੋਂ ਤਕਰੀਬਨ ਸਵਾ ਸੌ ਮੀਲ ਚੜ੍ਹਦੇ ਪਾਸੇ 'ਤੇ ਹੈ।(ਇਹ ਥਾਂ, ਨਾਂਦੇੜ ਤੋਂ ਨਾਨਕ ਝੀਰਾ, ਬਿਦਰ ਜਾਂਦਿਆਂ ਰਸਤੇ ਵਿਚ ਹੈ) ਜਨਵਾਰਾ ਦੇ ਰਿਆਸਤਦਾਰ ਸੂਰਮੇ ਦੋ ਭਾਈ, ਰੁਸਤਮ ਰਾਇ ਅਤੇ ਬਾਲਾ ਰਾਇ ਨੂੰ ਮਰੱਠਿਆਂ ਦੀ ਵੱਡੀ ਫੌਜ ਨੇ ਹਮਲਾ ਕਰ ਕੇ, ਕੈਦ ਕਰ ਲਿਆ ਸੀ। ਉਹਨਾਂ ਦੋਹਾਂ ਭਾਈਆਂ ਨੂੰ ਦੂਰ, ਸਤਾਰਾ ਦੇ ਕਿਲ੍ਹੇ ਵਿਚ, ਪੈਰਾਂ ਵਿਚ ਲੋਹੇ ਦੀਆਂ ਬੇੜੀਆਂ ਪਾ ਕੇ, ਸਖ਼ਤ ਪਹਿਰੇ ਵਿਚ ਨਜ਼ਰਬੰਦ ਕੀਤਾ ਹੋਇਆ ਸੀ। ਸੁਭਾਗੀ ਘੜੀ ਸੀ, ਜਦੋਂ ਇਕ ਦਿਨ ਸਵੇਰੇ, ਕਿਲ੍ਹੇ ਦੇ ਪਹਿਰੇਦਾਰਾਂ 'ਚੋਂ ਇਕ, ਕੇਸ ਦਾਅੜੇ ਵਾਲੇ ਸਿੱਖ ਨੂੰ, ਜਪੁਜੀ, ਪਾਠ ਕਰਦਿਆਂ ਵੇਖਿਆ।

ਬਹੁਤ ਸਕੂਨ ਮਿਲਿਆ। ਬਾਣੀ ਦੇ ਬੋਲ ਹਿਰਦੇ ਵਿਚ ਠੰਢ ਪਾ ਰਹੇ ਸਨ।

ਮੇਰੇ ਵੀਰ! ਇਹ ਕਿਸ ਦੀ ਬਾਣੀ ਹੈ ? ਬਹੁਤ ਸੁਖੇਵੀਂ ਲੱਗਦੀ ਹੈ। ਵਰ੍ਹਿਆਂ ਦੇ ਬੰਦ ਜੀਵਨ ਵਿਚ, ਅੱਜ ਮੁੱਦਤਾਂ ਮਗਰੋਂ, ਇਹ ਸ਼ਾਂਤੀ ਨਸੀਬ ਹੋਈ ਹੈ।

ਸਿੱਖ – ਇਹ ਗੁਰੂ ਨਾਨਕ ਦੀ ਬਾਣੀ ਹੈ। ਬਲਦੇ ਹੋਏ ਸੰਸਾਰ ਵਿਚ ਠੰਢ ਵਰਤਾਉਣ ਲਈ, ਪਰਮੇਸ਼ਰ ਦਾ ਅਵਤਾਰ! ਦੁਖੀਆਂ ਦਾ ਦੁਖ ਦੂਰ ਕਰਨ ਲਈ ਅਕਾਲ ਪੁਰਖ ਨੇ, ਮਨੁੱਖ ਰੂਪ ਧਾਰਿਆ। ਬਾਲਾ ਰਾਇ, ਹੋਰ ਵੀ ਉਤਸ਼ਾਹ ਨਾਲ ਭਰਿਆ ਹੋਇਆ ਬੋਲਿਆ, "ਉਹ ਦੀਨ ਦੁਖੀਆਂ ਦਾ ਦਰਦੀ, ਸਾਡਾ ਦੁਖ ਭੀ ਦੂਰ ਕਰ ਦੇਣ... ਤੁਸੀਂ ਅਰਦਾਸ ਕਰ ਸਕਦੇ ਹੋ ?"

"ਹਾਂ ਜੀ, ਜ਼ਰੂਰ" – ਸਿੱਖ ਨੇ ਕਿਹਾ। ਗੁਰੂ ਨਾਨਕ ਪਾਤਸ਼ਾਹ ਦੀ ਗੁਰ-ਗੱਦੀ 'ਤੇ ਇਸ ਵੇਲੇ, ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਨਾਂਦੇੜ ਡੇਰਾ ਲਾਇਆ ਹੈ। ਮੈਂ ਤੁਹਾਡੀ ਮੁਕਤੀ ਲਈ, ਜ਼ਰੂਰ ਗੁਰੂ ਚਰਨਾਂ ਵਿਚ ਅਰਦਾਸ ਕਰਾਂਗਾ।

ਉਹ, ਸਤਿਗੁਰ ਦਾ ਸਿੱਖ, ਦੋਹਾਂ ਭਰਾਵਾਂ ਲਈ, ਬੰਦੀ-ਛੋੜ ਛੇਵੇਂ ਪਾਤਸ਼ਾਹ ਵਾਂਗ, ਸਹਾਇਤਾ ਦੀ ਅਰਦਾਸ ਕੀਤੀ। ਉਸੇ ਦਿਨ, ਰਾਤ, ਦੂਰ ਦੂਰ ਬਲਦੀਆਂ ਮਸ਼ਾਲਾਂ ਦੀ ਮੱਧਮ ਜਿਹੀ ਰੌਸ਼ਨੀ ਵਿਚ, ਕੁਮੈਤ ਘੋੜੇ 'ਤੇ ਸਵਾਰ, ਦਸਮ ਪਾਤਸ਼ਾਹ ਨੂੰ ਸਾਖਿਆਤ ਵੇਖਿਆ। ਸਤਿਗੁਰਾਂ ਨੇ ਘੋੜੇ ਦੀਆਂ ਦੋਹਾਂ ਰਕਾਬਾਂ ਨੂੰ, ਜ਼ੋਰ ਨਾਲ ਫੜਨ ਲਈ ਕਿਹਾ। ਬਾਲਾ ਰਾਇ ਨੇ, ਦੀਨਤਾ ਭਰੀ ਆਵਾਜ਼ ਵਿਚ ਅਰਜ਼ ਕੀਤੀ, ਸਾਡੇ ਪੈਰਾਂ ਵਿਚ ਲੋਹੇ ਦੇ ਸੰਗਲ ਪਏ ਹਨ। ਮੇਰਾ ਛੋਟਾ ਭਾਈ ਭੀ, ਬੇੜੀਆਂ ਸਹਿਤ ਸੁੱਤਾ ਪਿਆ ਹੈ।

ਸਤਿਗੁਰ ਜੀ ਬਚਨ ਕੀਤਾ :-

"ਭ੍ਰਾਤ ਜਗਾਵਹੁ ਸੰਗ ਨ ਹੂਟੈ॥ ਵਾਹਿਗੁਰੂ ਕਹੁ ਬੇਰੀ ਟੂਟੈ॥"

ਦੂਜਾ ਭਾਈ, ਰੁਸਮਤ ਰਾਇ ਭੀ ਉੱਠ ਬੈਠਾ। ਹੁਕਮ ਅਨੁਸਾਰ :-

"ਸੁਨਿ ਪ੍ਰਭੁ ਤੇ ਨਿਜ ਅਨੁਜ ਜਗਾਯੋ॥
ਸੰਗਲ ਟੂਟੇ ਨਾਮ ਧਿਆਯੋ॥"

ਦੋਹਾਂ ਦੀਆਂ ਬੇੜੀਆਂ ਟੁੱਟ ਗਈਆਂ।

"ਉਠਿ ਦੋਨਹੁ ਗੁਰ ਚਰਨੀ ਪਰੇ॥ ਧੰਨ ਗੁਰੂ ਕਿਰਤਾਰਥ ਕਰੇ॥"

ਸਤਿਗੁਰੂ ਜੀ ਬਚਨ ਕੀਤਾ, ਉਹ ਜੋ ਮੇਰੇ ਸਿੱਖ ਹਨ, ਗੁਰੂ ਨੂੰ ਸਵੇਰੇ ਸ਼ਾਮ ਧਿਆਨ ਵਿਚ ਰੱਖਦੇ ਹਨ, ਉਹਨਾਂ ਪਿਆਰਿਆਂ ਨੂੰ, ਮਨੁੱਖ ਤੋਂ ਬਚਾਉਣ ਦੀ ਕਿਆ ਬਾਤ ਹੈ, ਮੈਂ ਜਮਾਂ ਤੋਂ ਭੀ ਹੱਥ ਦੇ ਕੇ ਰੱਖ ਲੈਂਦਾ ਹਾਂ।

"ਪ੍ਰਭੁ ਬੋਲੇ 'ਜੌ ਹੈਂ ਸਿਖ ਮੇਰੇ'॥ ਸਿਮਰਤਿ ਸਤਿਗੁਰ ਸਾਂਝ ਸਵੇਰੇ॥
ਨਰ ਤੇ ਕਹਾਂ ਬਚਾਵਨ ਗਾਥਾ॥ ਜਮ ਤੇ ਰਾਖੌਂ ਦੈ ਕਰਿ ਹਾਥਾ॥"

ਸਤਿਗੁਰਾਂ ਨੇ ਦੂਰ, ਜਿੱਥੇ ਇਸ ਵੇਲੇ "ਮਨਮਾਂਡ ਗੁਰਦੁਆਰਾ" ਹੈ, ਉੱਥੇ ਉਹਨਾਂ ਨੂੰ ਲਾਹਿਆ। ਬਚਨ ਕੀਤਾ, "ਹੁਣ ਅਬਚਲ ਨਗਰ (ਨਾਂਦੇੜ) ਜਾਓ। ਉੱਥੇ ਮੇਰੇ ਸਿੱਖ

ਤੁਹਾਡੀ ਸੁਰੱਖਿਆ, ਸੰਭਾਲ ਕਰਨਗੇ।" ਉਹਨਾਂ ਦੋਹਾਂ ਭਰਾਵਾਂ ਨੇ, ਸਤਿਗੁਰੂ ਜੀ ਦੇ ਨਾਂਦੇੜ ਕੌਤਕ ਤੋਂ ਦੋ ਦਿਨ ਮਗਰੋਂ, ਸਤਿਗੁਰ ਜੀ ਦੁਆਰਾ ਬੰਦੀ ਛੋੜ ਬ੍ਰਿਤਾਂਤ, ਨਾਂਦੇੜ ਵਿਚ, ਗੁਰੂ ਵਿਯੋਗੀ ਸੰਗਤ ਵਿਚ ਸੁਣਾਇਆ।

ਮੇਰੇ ਸਤਿਗੁਰ! ਪੰਜ ਕੱਤਕ ਸੰਮਤ 1765 (ਸੰਨ 1708) ਦੀ ਰਾਤ, ਆਪ ਦੀ ਜੋ ਰਜ਼ਾ ਵਰਤੀ, ਪਤਾ ਨਹੀਂ – ਆਪ ਦਾ ਕਿਹਾ, ਪ੍ਰਯੋਜਨ ਸੀ ?

ਚਮਕੌਰ ਦੀ ਗੜ੍ਹੀ 'ਚੋਂ ਨਿਕਲਦੇ ਹੋ ਤਾਂ, ਤਾੜੀ ਮਾਰ ਹੌਕਾ ਦੇ ਕੇ ਕਹਿੰਦੇ ਹੋ, "ਗੋਬਿੰਦ ਸਿੰਘ, ਹਿੰਦੁਨ ਪੀਰ ਜਾ ਰਿਹੈ... ਜੇ ਫੜ ਸਕਦੇ ਹੋ ਤਾਂ ਫੜ ਲਉ।"

ਸਤਾਰਾ ਦੇ ਕਿਲ੍ਹੇ 'ਚੋਂ, ਬਾਲਾ ਰਾਇ ਰੁਸਤਮ ਰਾਇ ਨੂੰ, ਘੋੜੇ ਦੀ ਰਕਾਬ ਫੜਾ ਕਿਲ੍ਹੇ 'ਚੋਂ ਬਾਹਰ ਜਾਂਦਿਆਂ ਭੀ ਦੋਹਾਂ ਭਰਾਵਾਂ ਨੂੰ ਕਹਿੰਦੇ ਹੋ :–

"ਚੌਂਕੀਦਰਾਨ ਦੇਹੁ ਜਗਾਇ॥ ਘੇਰ ਲੇਹੁ ਅਬਿ ਹਮ ਚਲਿ ਜਾਇਂ॥"

ਹੁਕਮ ਅਨੁਸਾਰ, ਦੋਹਾਂ ਭਰਾਵਾਂ ਨੇ ਬੁਲੰਦ ਆਵਾਜ਼ ਵਿਚ ਚੌਂਕੀਦਾਰਾਂ ਨੂੰ ਆਵਾਜ਼ ਦਿੱਤੀ–ਅਸੀਂ ਜਾ ਰਹੇ ਹਾਂ, ਆਪਣੇ ਸਤਿਗੁਰ ਨਾਲ... ਜੇ ਕੋਈ ਰੋਕ ਸਕਦਾ ਹੈ ਤਾਂ ਰੋਕ ਲਉ।

ਪਰ ਸਤਿਗੁਰੂ ਜੀ ਨਾਂਦੇੜ ਵਿਖੇ, ਜਗ ਤੋਂ ਜਾਣ ਦੀ ਗੱਲ ਕਰਦਿਆਂ, ਉੱਚੀਆਂ ਕਨਾਤਾਂ ਲਵਾਉਂਦੇ ਹੋ। ਚਿਖਾ ਦੀ ਪ੍ਰਦੱਛਣਾ ਕਰ ਕੇ, ਸੰਗਤ ਨੂੰ ਤਤਕਾਲ ਬਾਹਰ ਨਿਕਲ ਜਾਣ ਦਾ ਹੁਕਮ ਦਿੰਦੇ ਹੋ। ਮੁੜ ਕੇ ਪਿੱਛੇ ਵੇਖਣ ਤੋਂ ਭੀ ਵਰਜਦੇ ਹੋ। ਜੰਗ ਅਤੇ ਜਗਤ ਵਿਚ, ਇਹ ਭੇਦ ਕਿਉਂ ਵਰਤਿਆ ? ਜੰਗ ਵਿਚ ਵਰ੍ਹਦੀ ਅੱਗ ਵਿਚ, ਜਾਂ ਸਤਾਰਾ ਕਿਲ੍ਹੇ ਦੀ ਭਿਆਨਕ ਕਿਲ੍ਹੇਬੰਦੀ ਵਿਚ, ਗਰਜਦੇ ਹੋਏ ਜਾਂਦੇ ਹੋ। ਔਰ ਜਗ ਤੋਂ... ਚੁੱਪ ਚੁਪੀਤੇ...। ਇਹ ਪ੍ਰਸੰਗ ਤੁਹਾਡੇ ਗੈਰਤਮੰਦ ਸ਼ਖ਼ਸੀਅਤ ਨਾਲ ਮੇਲ ਨਹੀਂ ਖਾਂਦਾ।

ਸਤਿਗੁਰ! ਤੇਰੀਆਂ ਤੂੰ ਹੀ ਜਾਣੇ!

ਦਸਮ ਸਤਿਗੁਰ ਕਹਿੰਦੇ, ਮੈਨੂੰ ਸਿੱਖ ਦੀ ਪਛਾਣ ਭਲੀ ਲੱਗਦੀ ਹੈ। ਮੈਨੂੰ ਸਿੱਖੀ ਰਹਿਤ ਬਹੁਤ ਪਿਆਰੀ ਹੈ। ਤਾਂ ਬੰਦੇ ਬਹਾਦਰ ਨੂੰ, ਨਾਂਦੇੜ ਤੋਂ ਪੰਜਾਬ ਨੂੰ ਤੋਰਨ ਤੋਂ ਪਹਿਲਾਂ, ਆਪਣੇ ਭੱਥੇ 'ਚੋਂ ਪੰਜ ਤੀਰ ਦਿੱਤੇ... ਤਿੰਨ ਸੂਰਮੇ ਸਿੱਖ, ਬਾਬਾ ਬਿਨੋਦ ਸਿੰਘ, ਉਸ ਦਾ ਜਾਂਬਾਜ਼ ਪੁੱਤਰ ਕਾਹਨ ਸਿੰਘ ਅਤੇ ਭਾਈ ਬਾਜ ਸਿੰਘ! ਇਹਨਾਂ ਦਾਤਾਂ ਦੇ ਨਾਲ ਹੀ ਆਪਣਾ ਆਸ਼ੀਰਵਾਦ ਭਰਿਆ ਹੱਥ, ਬੰਦੇ ਦੇ ਸਿਰ 'ਤੇ ਰੱਖ ਕੇ ਹਿਦਾਇਤਾਂ ਦਿੱਤੀਆਂ – ਜਦੋਂ ਤੱਕ ਮੇਰਾ ਸਿੱਖ, ਸੰਸਾਰ ਦੇ ਭੋਗਾਂ ਤੋਂ ਨਿਆਰਾ ਰਹੇਗਾ, ਸਿੱਖੀ ਰਹਿਤ–ਮਰਿਆਦਾ ਵਿਚ ਰਹੇਗਾ, ਉਦੋਂ ਤੱਕ, ਮੈਂ ਸਿੱਖ ਨੂੰ ਸਾਰੀਆਂ ਸ਼ਕਤੀਆਂ ਅਤੇ ਤੇਜ ਦਿਆਂਗਾ।"

ਬੰਦਿਆ! ਮੈਂ ਬਹੁਤ ਵੱਡੀ ਜ਼ਿੰਮੇਵਾਰੀ ਤੇਰੇ ਸਿਰ ਦੇ ਰਿਹਾਂ। ਪੰਜਾਬ ਤੋਂ, ਸਿੱਖ ਦ੍ਰੋਹੀਆਂ ਦਾ ਨਾਸ, ਸਰਹਿੰਦ ਦੇ ਸੂਬਾ ਵਜ਼ੀਰ ਖਾਂ ਤੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਬਦਲਾ ਚੁਕਾਉਣਾ ਹੈ। ਤੂੰ ਉਸ ਨਾਲ ਜੰਗ ਕਰ ਕੇ, ਆਪ ਉਸ ਦਾ ਸਿਰ ਵੱਢਣਾ

ਹੈ। ਤੁਰਕਾਂ ਦੇ ਗੜ੍ਹ ਤੋੜਨੇ ਹਨ। ਕੰਮ ਬਹੁਤ ਜੋਖਮ ਵਾਲਾ ਹੈ। ਕਿਤੇ ਆਪਣੇ ਮਿਸ਼ਨ ਤੋਂ ਖਿੜਕ ਕੇ ਕਾਮ, ਵਾਸਨਾ, ਵਿਆਹ ਜਾਂ ਬੱਚਿਆਂ ਦੇ ਮੋਹ ਵਿਚ ਪੈ ਗਿਆ ਤਾਂ ਇਹ ਅਦਿੱਖ ਬੰਧਨ, ਤੇਰਾ ਰਾਹ ਰੋਕ ਲੈਣਗੇ।

ਬੰਦੇ ਨੇ, ਸਤਿਗੁਰਾਂ ਦੇ ਵਚਨਾਂ ਨੂੰ ਨਿਭਾਇਆ। ਸਢੌਰਾ, ਸਮਾਣਾ, ਸਰਹਿੰਦ, ਦੁਆਬਾ, ਮਾਲਵਾ, ਰਿਆੜਕੀ ਜਿੱਤਦੇ ਹੋਏ, ਅੱਗੇ ਨੂੰ ਵੱਧਦੇ ਰਹੇ। 12 ਦਸੰਬਰ, 1711 ਈ. ਨੂੰ ਸ੍ਰੀ ਆਨੰਦਪੁਰ ਸਾਹਿਬ, ਹੁਕਮਨਾਮਾ ਸਾਰੇ ਪਾਸੇ ਭੇਜ ਕੇ, ਸਿੱਖ ਸੰਗਤਾਂ ਦਾ ਵੱਡਾ ਇਕੱਠ ਕੀਤਾ। ਇਸ ਇਕੱਠ ਵਿਚ ਨਿਰਣਾ ਹੋਇਆ ਕਿ ਪਹਾੜੀ ਰਾਜਿਆਂ ਨੇ, ਦਸਮੇਸ਼ ਪਿਤਾ ਪ੍ਰਤੀ ਧ੍ਰੋਹ ਕੀਤਾ ਸੀ। ਉਨ੍ਹਾਂ ਨੂੰ ਸੋਧਿਆ ਜਾਏ ਤੇ ਸਜ਼ਾ ਦਿੱਤੀ ਜਾਏ। ਪਹਿਲੇ ਨੰਬਰ 'ਤੇ ਕਹਿਲੂਰ (ਬਿਲਾਸਪੁਰ) ਦਾ ਰਾਜਾ ਅਜਮੇਰ ਚੰਦ 'ਤੇ ਹਮਲਾ ਕੀਤਾ। ਭਾਰੀ ਮਾਰ ਕੁੱਟ ਵੀ ਕੀਤੀ ਅਤੇ ਕਿਲ੍ਹਾ ਸਰ ਕਰ ਲਿਆ। ਮੰਡੀ ਸਹਿਤ ਹੋਰ ਪਹਾੜੀ ਰਾਜੇ, ਬੰਦਾ ਬਹਾਦਰ ਦੀ ਸ਼ਰਨ ਆ ਗਏ। ਉਸੇ ਸਿਲਸਿਲੇ ਵਿਚ, ਅਗਾਂਹ ਵੱਧਦਾ ਹੋਇਆ, "ਬੰਦਾ" ਜਦੋਂ ਚੰਬਾ ਪਹੁੰਚਿਆ ਤਾਂ ਚੰਬੇ ਦੀ ਰਾਜਕੁਮਾਰੀ ਦੀ ਸੁੰਦਰਤਾ 'ਤੇ ਮੋਹਿਤ ਹੋ ਗਿਆ। ਰਾਜੇ ਨੂੰ ਕਿਹਾ, ਸੁਲਹ ਵਿਚ ਰਾਜਕੁਮਾਰੀ ਦਾ ਵਿਆਹ ਮੇਰੇ ਨਾਲ ਕਰ ਦੇ ਜਾਂ ਜੰਗ ਲਈ ਤਿਆਰ ਹੋ ਜਾ। ਰਾਜੇ ਨੇ ਰਾਜਕੁਮਾਰੀ ਨਾਲ ਬੰਦੇ ਦਾ ਰਿਸ਼ਤਾ ਕਰ ਦਿੱਤਾ। ਸਾਲ ਮਗਰੋਂ ਇਕ ਪੁੱਤਰ ਅਜੈ ਸਿੰਘ ਹੋਇਆ। ਬੰਦਾ ਖੁੰਝ ਗਿਆ। ਸਤਿਗੁਰਾਂ ਦੇ ਬਚਨਾਂ ਤੋਂ ਮੁਕਰ ਗਿਆ। ਦੂਰ ਅੰਦੇਸ਼ ਸਤਿਗੁਰ ਜਾਣਦੇ ਸਨ ਕਿ ਭਿਆਨਕ ਜੰਗਾਂ ਹੋਣੀਆਂ ਹਨ। ਕਈ ਥਾਂ ਦੁਸ਼ਮਨਾਂ ਦਾ ਘੇਰਾ ਵੀ ਪੈਣਾ ਹੈ। ਦੌੜਦਾ, ਭੱਜਦਾ, ਮਾਰਦਾ, ਲੜਦਾ ਹੋਇਆ ਸਿੱਖ ਸੈਨਾਪਤੀ, ਘਰ ਵਸਾ ਕੇ ਇਕ ਥਾਂ ਨਹੀਂ ਬੈਠ ਸਕਦਾ। ਉਸ ਵੇਲੇ ਜਨਾਨੀ ਔਰ ਬੱਚੇ ਦਾ ਮੋਹ, ਬੰਦੇ ਦੀ ਮੌਤ ਦਾ ਕਾਰਣ ਬਣੇਗਾ। ਤਾਂ ਹੀ ਸਤਿਗੁਰਾਂ, ਜਤੀ ਰਹਿਣ ਦੀ ਸਿੱਖਿਆ ਦੇ ਕੇ ਤੋਰਿਆ ਸੀ। ਪਰ ਬੰਦਾ, ਉਸੇ ਵਰਜਿਤ ਮੋਹ ਜਾਲ ਵਿਚ ਫੱਸ ਗਿਆ।

ਸੰਨ 1715 ਦਾ ਅਪ੍ਰੈਲ ਮਹੀਨਾ ਸੀ। ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿਚ ਦੁਸ਼ਮਨਾਂ ਦੀ ਵੱਡੀ ਫੌਜ ਨੇ ਘੇਰਾ ਪਾ ਲਿਆ। ਦਾਨਾ ਪਾਣੀ ਮੁੱਕ ਗਿਆ। ਅੰਦਰ ਬਾਬਾ ਬਿਨੌਦ ਸਿੰਘ ਨੇ ਝਾੜਾਂ ਪਾਈਆਂ–

"ਗੁਰ ਕੇ ਬਾਕ ਬਿਖੈ ਨਹਿ ਰਹਯੋ॥ ਤੌਂ ਏਤਿਕ ਸੰਕਟ ਕੋ ਸਹਯੋ॥
ਰਿਸ ਕਰਿ ਬਾਬੇ ਬਹੁਰ ਉਚਾਰੀ॥ ਤੁਵ ਕੁਕਰਮ ਤੇ ਸੰਕਟ ਭਾਰੀ॥"

ਇਥੇ ਦੋਹਾਂ ਸੂਰਮਿਆਂ... ਬੰਦਾ ਬਹਾਦਰ ਅਤੇ ਬਾਬਾ ਬਿਨੌਦ ਸਿੰਘ ਵਿਚ ਭਾਰੀ ਤਕਰਾਰ ਹੋਈ। ਬਾਬਾ ਬਿਨੋਦ ਸਿੰਘ ਨੇ ਕਿਹਾ, "ਸਤਿਗੁਰ ਦਾ ਹੁਕਮ ਮੰਨ ਕੇ ਤੇਰਾ ਸਾਥ ਦਿੱਤਾ ਹੈ... ਨਹੀਂ ਤਾਂ ਇਸੇ ਵੇਲੇ ਤੇਰਾ ਸਿਰ ਲਾਹ ਸੁੱਟਣਾ ਸੀ।" ਬਾਬਾ ਜੀ ਦੇ ਪੁੱਤਰ, ਭਾਈ ਕਾਹਨ ਸਿੰਘ ਨੇ ਦੋਹਾਂ ਨੂੰ ਰੋਕਿਆ। ਫ਼ੈਸਲਾ ਹੋਇਆ ਕਿ, ਦੋਹਾਂ 'ਚੋਂ ਕੋਈ ਇਕ, ਇਹ ਗੜ੍ਹੀ ਛੱਡ ਕੇ ਚਲਾ ਜਾਵੇ। ਬਾਬਾ ਬਿਨੌਦ ਸਿੰਘ ਨੇ, ਘੋੜੇ 'ਤੇ ਜ਼ੀਨ ਪਾਈ ਅਤੇ ਦੁਸ਼ਮਨਾਂ ਦੀ ਭਾਰੀ ਫੌਜ ਦੇ ਘੇਰੇ ਨੂੰ ਵੱਢਦਾ-ਕੱਟਦਾ ਸ੍ਰੀ ਗੋਇੰਦਵਾਲ ਜਾ

ਪੁੱਜਾ। ਬੰਦਾ ਬਹਾਦਰ ਨੂੰ ਉਸੇ ਗੜ੍ਹੀ 'ਚੋਂ ਪੁੱਤਰ ਅਜੈ ਸਿੰਘ ਅਤੇ ਸਿੰਘਾਂ ਸਹਿਤ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਆਇਆ ਗਿਆ। ਤਿੰਨ ਸਾਲ ਦੇ ਪੁੱਤਰ ਅਜੈ ਸਿੰਘ ਦੀ ਛਾਤੀ ਚੀਰ ਕੇ, ਬੰਦਾ ਬਹਾਦਰ ਦੇ ਸਾਹ੍ਮਣੇ, ਕਾਲਜਾ ਕੱਢ ਕੇ ਹੱਥਕੜੀ ਅਤੇ ਬੇੜੀਆਂ ਵਿਚ ਬੱਧੇ ਹੋਏ, ਬੰਦਾ ਬਹਾਦਰ ਦੇ ਮੂੰਹ ਵਿਚ ਤੁੰਨ ਦਿੱਤਾ। ਬੰਦਾ ਉੱਪਰ ਮੁੱਖ ਚੁੱਕ, ਦਸਮੇਸ਼ ਗੁਰੂ ਦਾ ਧਿਆਨ ਕਰਦਾ ਹੈ ਅਤੇ ਕਹਿੰਦਾ ਹੈ-"ਕਿਸੇ ਦੀ ਕਿਆ ਤਾਕਤ ਸੀ, ਮੈਨੂੰ ਮਾਰਦਾ ? ਮੈਥੋਂ ਸਤਿਗੁਰੂ, ਗੋਬਿੰਦ ਸਿੰਘ ਦੀ ਆਗਿਆ ਭੰਗ ਹੋ ਗਈ। ਉਸ ਦੀ ਸਜ਼ਾ ਮੈਨੂੰ ਮਿਲ ਰਹੀ ਹੈ।"

ਪੰਜਾਬ ਨਾਲ, ਸਿੱਖਾਂ ਨਾਲ, ਮੁਗਲਾਂ ਨੇ ਬਹੁਤ ਮਾੜੀ ਕੀਤੀ। ਬਹਾਦਰ ਸ਼ਾਹ ਜ਼ਫ਼ਰ ਦੇ ਚੜ੍ਹਾਈ ਕਰਨ ਤੋਂ ਬਾਦ, ਫਰੁਖ਼ਸੀਅਰ ਗੱਦੀ 'ਤੇ ਬੈਠਾ। ਜ਼ਾਲਮ ਬਾਦਸ਼ਾਹ! ਜ਼ਕਰੀਆ ਖ਼ਾਨ, ਲਾਹੌਰ ਦਾ ਸੂਬਾ ਅਬਦੁਲ ਸਮਦ ਖਾਂ ਦਾ ਪੁੱਤਰ ਸੀ। ਇਸ ਨੇ, ਕਿਸੇ ਚਿੜੀ ਨੂੰ ਨੋਚਦੇ ਕੁੱਤਿਆਂ ਵਾਂਗ, ਸਿੱਖਾਂ ਨਾਲ ਬਦਸਲੂਕ ਕੀਤਾ। "ਇਸ, ਸਿੰਘਾਂ ਦੇ ਸਿਰਾਂ ਦੇ ਮੁੱਲ ਪਾਏ" - ਜਿਹੇ ਲਫ਼ਜ਼, ਪੰਜਾਬੀ ਲੋਕ ਗੀਤਾਂ ਵਿਚ, ਅਜੇ ਵੀ ਉਸ ਦਰਦ ਨੂੰ ਬਿਆਂ ਕਰਦੇ ਹਨ। ਫਿਰ ਆਇਆ ਮੱਸਾ ਰੰਗੜ! ਇਸ ਨੇ ਜ਼ਕਰੀਆ ਖ਼ਾਂ ਦੇ ਜ਼ੁਲਮ ਨੂੰ ਵੀ ਫਿੱਕਿਆਂ ਕਰ ਦਿੱਤਾ। ਬਹੁਤ ਜ਼ੁਲਮ ਢਾਏ। ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਕੀਤੀ। ਅੰਦਰ ਰੰਡੀਆਂ ਨਚਾਈਆਂ, ਤੰਬਾਕੂ ਅਤੇ ਸ਼ਰਾਬਾਂ ਪੀਤੀਆਂ। ਸਤਿਗੁਰ ਦੇ ਪਿਆਰੇ ਸਿੱਖ, ਸੁੱਚਾ ਸਿੰਘ ਅਤੇ ਮਹਿਤਾਬ ਸਿੰਘ ਨੇ ਇਸ ਬੇਅਦਬੀ ਦਾ ਬਦਲਾ, ਮੱਸਾ ਰੰਗੜ ਦਾ ਸਿਰ ਲਾਹ ਕੇ ਲਿਆ।

ਫਿਰ ਆਇਆ, ਮੀਰ ਮਨੂੰ! ਸੂਬਾ ਲਾਹੌਰ! ਇਸ ਬਾਬਤ ਪੰਜਾਬ ਦੇ ਗੀਤਾਂ ਵਿਚ ਸ਼ੁਮਾਰ ਹੋਇਆ -

"ਮਨੂੰ ਅਸਾਂ ਦੀ ਦਾਤਰੀ, ਅਸੀਂ ਮਨੂੰ ਦੇ ਸੋਏ॥
ਜਿਉਂ ਜਿਉਂ ਮਨੂੰ ਵੱਢਦਾ, ਅਸੀਂ ਦੂਨ ਸਵਾਏ ਹੋਏ॥"

ਜਿਵੇਂ ਦਾਤਰੀ ਘਾਹ, ਸੋਏ ਵੱਢਦੀ ਹੈ, ਉਵੇਂ ਮੀਰ ਮਨੂੰ ਨੇ ਸਿੱਖਾਂ ਦਾ ਕਤਲੇਆਮ ਕੀਤਾ।

ਪੰਜਾਬ ਲਈ ਭਿਆਨਕ ਤ੍ਰਾਸਦੀ ਦਾ ਸਮਾਂ ਸੀ। 1799 ਵਿਚ ਲਾਹੌਰ ਕਿਲ੍ਹੇ 'ਤੇ ਜਿਹੜਾ ਖਾਲਸਈ ਝੰਡਾ ਝੁੱਲਿਆ, ਉਹ 1839 ਵਿਚ ਸ਼ੇਰੇ ਪੰਜਾਬ ਦੀ ਮੌਤ ਤੋਂ ਬਾਅਦ ਫਿੱਕਾ ਪੈਂਦਿਆਂ ਪੈਂਦਿਆਂ, ਸਿੱਖ ਰਾਜ ਦੀ ਘਰੇਲੂ ਖਾਨਾਜੰਗੀ ਵਿਚ ਤਬਾਹ ਹੋ ਗਿਆ। ਪੈਸਿਆਂ ਦੇ ਲੋਭੀ ਸਿੱਖ ਸੈਨਾਪਤੀਆਂ ਅਤੇ ਵਜ਼ੀਰਾਂ ਨੇ, ਅੰਗਰੇਜ਼ਾਂ ਨੂੰ ਆਪ ਸੱਦਾ ਦੇ ਕੇ, ਖ਼ਾਲਸਾ ਰਾਜ ਦਾ ਖ਼ਾਤਮਾ ਕਰਵਾ ਦਿੱਤਾ।

ਸਿੱਖ ਰਾਜ ਦੀ ਕੇਸਰੀਆ ਲਿਸ਼ਕ ਦੇ ਪਤਨ ਦਾ, ਇਕ ਅਜੀਬੋ-ਗਰੀਬ ਇਤਿਹਾਸ ਹੈ ਅਤੇ ਸਤਿਗੁਰੂ ਰਾਮ ਸਿੰਘ ਜੀ-ਉਸ ਤਵਾਰੀਖ ਦੇ ਚਸ਼ਮਦੀਦ ਗਵਾਹ ਭੀ ਹਨ ਅਤੇ ਸਰਬੰਸਦਾਨੀ ਦੇ ਸਿਰਜੇ ਹੋਏ, ਸਿੱਖੀ ਮਹਿਲ ਦੇ ਢਹਿ ਢੇਰ ਹੋ ਚੁੱਕੇ ਮਲਵੇ ਤੋਂ, ਇਕ ਵਾਰ ਫਿਰ ਪੂਰਨ ਜਾਹੋ-ਜਲਾਲ ਭਰੇ ਸਿੱਖੀ ਮਹਿਲ ਦੇ ਉਸਰੱਈਏ ਵੀ ਹਨ। ਸਿੱਖ ਰਾਜ

ਦੇ ਚੜ੍ਹਦੇ ਸੂਰਜ ਦੀ ਲਿਸ਼ਕ ਭੀ ਵੇਖੀ, ਅਤੇ ਉਸੇ ਰਾਜ ਨੂੰ ਕਤਰਾ-ਕਤਰਾ ਡੁੱਬਦਿਆਂ ਭੀ ਵੇਖਿਆ। ਇਸ ਦੋਹਰੇ ਦ੍ਰਿਸ਼ ਨੇ, ਸਤਿਗੁਰਾਂ ਦੇ ਚਿੰਤਨ ਤਲ 'ਤੇ ਰੋਗ ਅਤੇ ਦਾਰੂ, ਦੋਹਾਂ ਦੀ ਗਹਿਰੀ ਪੜਚੋਲ ਕਰਵਾਈ।

ਪਹਿਲਾ ਰੋਗ, ਸਿੱਖ ਦਾ ਦਸਮ ਪਾਤਸ਼ਾਹ ਦੁਆਰਾ ਦਿੱਤੀ ਰਹਿਤ ਤੋਂ ਦੂਰ ਹੋ ਜਾਣਾ ਸੀ। ਇਹ ਰਹਿਤ, ਮਾਤਰ ਬਸਤਰ, ਇਸ਼ਨਾਨ ਜਾਂ ਖਾਣ-ਪੀਣ ਦੀ ਸੁੱਚਤਾ ਨਹੀਂ ਸੀ। ਇਹ ਸਿੱਖ ਦੀ ਸੋਚ, ਬਚਨ ਅਤੇ ਕਰਮ ਕਰ ਕੇ, ਸੰਪੂਰਨ ਸੁੱਚਤਾ ਦੀ ਸੇਧ ਦਿੰਦੀ ਸੀ। ਸਿੱਖ ਵਿਚ, ਜੜ੍ਹ ਜਾਂ ਚੇਤਨ, ਮਾਇਆ ਲਈ ਕੋਈ ਥਾਂ ਨਹੀਂ ਸੀ। ਨਾ ਧਨ ਪ੍ਰਤੀ ਲੋਭ, ਨਾ ਇਸਤ੍ਰੀ ਪ੍ਰਤੀ ਵਾਸਨਾ। ਸਿੱਖ ਆਪਣੀ ਪਛਾਣ ਭੁੱਲ ਗਿਆ, ਤਾਂ ਇਹ ਦੋਵੇਂ ਬਲਾਵਾਂ ਗੱਲ ਪੈ ਗਈਆਂ। ਅੰਜਾਮ, ਇਹ ਹੋਇਆ ਕਿ ਸਿੱਖ ਅਧੀਨ ਹੋ ਗਿਆ। ਅਧੀਨਤਾ ਭਾਵੇਂ ਮੁਗਲਾਂ ਦੀ ਹੋਵੇ ਜਾਂ ਅੰਗਰੇਜ਼ਾਂ ਦੀ,... ਯਥਾਰਥ ਵਿਚ ਇਹ ਮਨ ਦੀ ਹੀ ਅਧੀਨਤਾ ਸੀ। ਸਿੱਖ ਤਾਂ ਸਤਿਗੁਰਾਂ ਆਜ਼ਾਦ ਬਣਾਇਆ ਸੀ। ਸਵੈ ਅਵਲੰਬੀ! ਆਤਮ ਨਿਰਭਰ! ਦਰੱਖ਼ਤਾਂ ਦੀਆਂ ਡਾਲਾਂ ਅਤੇ ਘੋੜਿਆਂ ਦੀਆਂ ਕਾਠੀਆਂ ਨੂੰ ਬਸੇਰਾ ਬਣਾ ਕੇ ਵੀ, ਸਿੱਖ ਪੂਰੀ ਤਰ੍ਹਾਂ ਆਜ਼ਾਦ ਰਹਿੰਦਾ ਸੀ... ਚੜ੍ਹਦੀ ਕਲਾ ਵਿਚ! ਇਹਨਾਂ ਦੀ ਸੋਚ ਦੀ ਸੁੱਚਤਾ ਅਤੇ ਖ਼ੁੱਦਾਰੀ ਵੇਖ ਕੇ ਹੀ, ਅਬਦੁਲ ਸ਼ਾਹ ਅਬਦਾਲੀ ਨੇ ਮੂੰਹ ਵਾਪਸੀ ਵੱਲ ਫੇਰ ਲਿਆ ਸੀ।

ਤਾਂ ਸਤਿਗੁਰੂ ਰਾਮ ਸਿੰਘ ਜੀ ਦਾ ਪਹਿਲਾ ਸੰਦੇਸ਼ ਸਿੱਖਾਂ ਲਈ-

"ਸਿੰਘਹਿ ਓਜ ਸਿੰਘ ਤੇ ਜਿਆਦਾ॥
ਚਲਹਿ ਜੋ ਦਸਮ ਗੁਰੂ ਮਰਿਆਦਾ॥"

ਸੰਨ 1860 ਵਿਚ, ਭਾਈ ਰਾਏ ਸਿੰਘ ਨੂੰ, ਸ੍ਰੀ ਭੈਣੀ ਸਾਹਿਬ ਤੋਂ ਨਾਂਦੇੜ ਭੇਜਿਆ। ਇਕ ਮਹੀਨੇ ਤੋਂ ਵੱਧ ਸਮਾਂ ਉੱਥੇ ਰਹਿ ਕੇ, ਦਸਮੇਸ਼ ਪਿਤਾ ਦੀਆਂ ਸਾਰੀਆਂ ਰਹਿਤ ਮਰਿਆਦਾਵਾਂ, ਰੀਤਾਂ, ਰਵਾਇਤਾਂ, ਲੰਗਰ ਬਣਾਉਣ ਅਤੇ ਵਰਤਾਉਣ ਤੋਂ ਲੈ ਕੇ, ਕੀਰਤਨ ਅਤੇ ਗੁਰਬਾਣੀ ਪਾਠ ਦੀਆਂ ਭਲੀ-ਭਾਂਤ ਮਰਿਆਦਾਵਾਂ, ਲਿਖਤ ਰੂਪ ਵਿਚ ਮੰਗਵਾਈਆਂ। ਉਹੋ ਸੱਚ-ਸੁੱਚ, ਤੜਕੇ ਦੇ ਸਣੇ ਕੇਸੀ ਇਸ਼ਨਾਨ ਤੋਂ ਲੈ ਕੇ, ਕਿਰਤ, ਵਿਵਹਾਰ ਅਤੇ ਰਾਤ ਬਿਰਾਜਣ ਤੱਕ ਦੇ ਗੁਰਬਾਣੀ ਪਾਠ ਅਤੇ ਸਦਾਚਾਰੀ ਮਰਿਆਦਾਵਾਂ ਨੂੰ, ਆਪਣਿਆਂ ਸਿੱਖਾਂ ਵਿਚ ਸਥਾਪਿਤ ਕੀਤਾ। ਸੰਨ 1845 ਤੋਂ ਸੰਨ 1857 ਤੱਕ, 12 ਵਰ੍ਹਿਆਂ ਦਾ ਤਪ। 1857 ਤੋਂ 1863 ਤੱਕ ਸਤਿ ਆਚਾਰ ਵਾਲੇ, ਸਿੱਖੀ ਰਹਿਤ ਵਾਲੇ, ਸੰਤ ਖ਼ਾਲਸਾ ਦੇ ਪੁਨਰਗਠਨ ਦਾ ਸਮਾਂ। ਇਸੇ ਸਮੇਂ ਵਿਚ, ਮਾਈਆਂ ਨੂੰ ਅੰਮ੍ਰਿਤ ਛਕਾ ਕੇ, ਮਰਦਾਂ ਦੀ ਬਰਾਬਰੀ ਦਾ ਅਧਿਕਾਰ ਦੇਣਾ, ਦਾਨ ਦਾਜ ਰਹਿਤ, ਆਨੰਦ ਮਰਿਆਦਾ ਦਾ ਆਰੰਭ ਕਰਨਾ, ਵਿਧਵਾ ਵਿਵਾਹ ਅਤੇ ਚੋਰੀ, ਯਾਰੀ, ਮਾਸ, ਸ਼ਰਾਬ, ਤੰਬਾਕੂ, ਹਰ ਤਰ੍ਹਾਂ ਦੇ ਨਸ਼ਿਆਂ ਅਤੇ ਬਾਲ ਵਿਵਾਹ ਦੀ ਵਰਜਨਾ ਕੀਤੀ। ਕੂਕੇ ਜਾਂ ਨਾਮਧਾਰੀ ਦੇ ਰੂਪ ਵਿਚ, ਇਕ ਵਾਰ ਫਿਰ ਸੱਚੇ ਸੁੱਚੇ, ਸਿੱਖ ਸਮਾਜ ਦੀ ਸਿਰਜਨਾ ਤੋਂ ਮਗਰੋਂ ਆਰੰਭ ਹੋਈ ਸਵੈਤੰਤਰਤਾ ਦੀ ਮੰਗ!

ਇਹ ਕਾਲ ਖੰਡ, ਸਿੱਖੀ ਸਿਰਜਣ ਦਾ ਕਾਲ ਖੰਡ ਸੀ। ਅੰਦਰ ਸਿੱਖੀ ਸਥਾਪਤ ਹੋ ਗਈ ਤਾਂ ਸਿੱਖ, ਮੌਤ ਵੀ ਆਪਣੀ ਪਸੰਦ ਦੀ... ਆਪਣੇ ਤਰੀਕੇ ਦੀ ਚੁਣਦਾ। ਪਹਿਲੀ ਵਾਰ ਦੁਨੀਆਂ ਨੇ ਵੇਖਿਆ, ਹਿੰਦੁਸਤਾਨ ਵਿਚ ਸਿੱਖ ਮਰਜੀਉੜੇ, ਦਰੱਖ਼ਤਾਂ ਦੀਆਂ ਡਾਲਾਂ ਨਾਲ, ਰੇਸ਼ਮ ਦੇ ਰੱਸੇ ਗਲ਼ ਪਾ ਕੇ ਫਾਹਿਆਂ 'ਤੇ ਝੂਟਦੇ। ਤੋਪਾਂ ਸਾਹਵੇਂ, ਖਿੜ-ਖਿੜ ਹੱਸਦੇ, ਅੰਗਰੇਜ਼ ਡਿਪਟੀ ਕਮਿਸ਼ਨਰ, ਕੱਵਨ ਨੂੰ ਵੰਗਾਰਦੇ ਹੋਏ-

ਓਏ ਬਿੱਲਿਆ! ਤੁਸੀਂ ਡਰੌਂਦੇ ਹੋ, ਆਤਿਸ਼ੇ ਦੋਜਖ਼ ਨਾਲ ਜਿਨ੍ਹਾਂ ਸਿੱਖਾਂ ਨੂੰ... ਉਹ ਅੱਗ ਨੂੰ ਪੀ ਜਾਂਦੇ ਹਨ, ਪਾਣੀ ਵਾਂਗ!

ਸੱਤ ਤੋਪਾਂ ਗੱਡੀਆਂ! ਸੱਤ ਸਿੱਖ, ਸਾਹਵੇਂ ਜਾ ਖਲੋਏ। ਢੋਲਕੀ ਛੈਣਿਆਂ ਦੇ ਨਾਲ ਗੁਰਬਾਣੀ ਦਾ ਕੀਰਤਨ ਕਰਦੇ ਹੋਏ, ਆਪਣੇ ਗੁਰੂ ਦਾ ਦਿੱਤਾ ਹੋਇਆ ਨਾਮ ਜਪਦੇ ਹੋਏ ਸਿੱਖ! ਇਸ਼ਾਰਾ ਹੁੰਦਾ, ਤੋਪਚੀ ਪਲੀਤੇ ਨੂੰ ਅੱਗ ਲਾਉਂਦਾ... ਤੋਪਾਂ ਗਰਜ ਉੱਠਦੀਆਂ ਅਤੇ ਸੱਤ ਸਰੀਰਾਂ ਦੇ ਚਿੱਥੜੇ ਹਵਾ ਵਿਚ ਖਿਲਰ ਜਾਂਦੇ। ਉਹ ਭੀ ਕਹਿਣ, ਦੇਖਣ ਨੂੰ ਤਾਂ ਸ਼ਾਇਦ ਸਿੱਖ ਹੀ ਸਨ, ਜਿਨ੍ਹਾਂ ਨੇ ਹਕੂਮਤ ਨੂੰ ਤੋਪਾਂ ਅਤੇ ਫੌਜ ਦਿੱਤੀ, ਆਪਣੇ ਹੀ ਭਾਈਆਂ ਨੂੰ ਉਡੌਣ ਲਈ! ਇਕ ਇਹ ਭੀ ਸਿੱਖ ਹਨ, ਸਤਿਗੁਰ ਦੇ ਸਦਾਚਾਰੀ ਸਿੱਖ! ਅੰਗਰੇਜ਼ਾਂ ਬੜਾ ਜ਼ੋਰ ਲਾਇਆ, ਕੁਝ ਸਿੱਖ ਟੁੱਟ ਜਾਣ। ਇਕ ਵਾਰ ਕਹਿ ਦਿਓ, ਮੈਂ ਗੁਰੂ ਦਾ ਸਿੱਖ ਨਹੀਂ... ਔਰ ਤੁਹਾਡੀ ਰਿਹਾਈ ਦਾ ਹੁਕਮ ਕਰ ਦਿੰਦੇ ਹਾਂ। ਪਰ ਗੁਰੂ ਦੇ ਪਿਆਰੇ ਸਿੱਖ, ਸ਼ੇਰ ਵਾਂਗ ਦਹਾੜ ਮਾਰ ਮਾਰ ਤੋਪਾਂ ਅੱਗੇ ਆਉਂਦੇ... ਤੋਪਚੀ ਨੂੰ ਕਹਿੰਦੇ, "ਜਲਦੀ ਪਲੀਤਾ ਲਾ ਦੇ ਤੋਪਚੀਆ, ਮੇਰਾ ਸਾਥ ਪਿਆ ਛੁੱਟਦੈ।"

ਇਹ ਕਾਲ ਖੰਡ, ਸਿੱਖੀ ਸਿਦਕ ਨੂੰ ਪੜ੍ਹਨ, ਸਮਝਣ ਲਈ ਸਦੀਆਂ ਤੱਕ ਘੋਖਿਆ ਜਾਏਗਾ। ਪਹਾੜ ਜਿੱਡੇ ਹੌਂਸਲੇ, ਸਾਹਸ ਅਤੇ ਸਿਦਕ ਵਾਲੇ ਸਿੱਖ! ਉਹ ਸਮਾਂ ਜਦੋਂ ਸਿੱਖ, ਮਾਤਰ ਸਿੱਖ ਸੀ... ਸਰਬੰਸ ਦਾਨੀ ਦਸਮੇਸ਼ ਗੁਰੂ ਦੀ ਰਹਿਤ ਵਾਲਾ ਸਿੱਖ।

ਇਕ ਸੱਚਾ ਸੁੱਚਾ ਸਿੱਖ! ਉਸ ਦੀ ਅੰਤਰਆਤਮਾ ਕਹਿੰਦੀ ਹੈ, "ਮੈਂ ਵੇਖ ਰਹੀ ਹਾਂ, ਪਿਛਲੇ ਡੇਢ ਸੌ ਸਾਲਾਂ ਦਾ ਘੱਲੂਘਾਰਾ! ਕਦੇ ਮੁਗਲ ਮਾਰਦੇ ਰਹੇ, ਲੁਟੇਰੇ ਲੁੱਟਦੇ-ਮਾਰਦੇ ਰਹੇ, ਫਿਰ ਅੰਗਰੇਜ਼ੀ ਰਾਜ ਦੀ ਦਹਿਸ਼ਤ! ਜਿਹੜਾ ਸਿਰ ਚੁੱਕਦਾ, ਉਸ ਨੂੰ ਮਾਰ ਦਿੰਦੇ। ਮੈਂ ਦੁਖੀ ਤਾਂ ਇਸ ਕਰ ਕੇ ਹੋਈ, ਕਿ ਸਿੱਖ ਦੇ ਅੰਦਰੋਂ ਸਿੱਖੀ ਮਰ ਗਈ। ਹੁਣ ਆਪਣੀ ਮੌਤ ਮਰਦਾ ਹੋਇਆ, ਸਿੱਖ ਭੇਖ ਧਾਰੀ! ਦਸਮ ਪਾਤਸ਼ਾਹ ਕਹਿੰਦੇ, ਭਾਈ ਮਨੀ ਸਿੰਘ ਨੂੰ, "ਇਕ ਸਮਾਂ ਆਵੇਗਾ, ਸਿੱਖ ਮੈਥੋਂ ਵੀ ਮੁੱਨਕਰ ਹੋ ਜਾਣਗੇ। ਮੇਰੀ ਕਥਨੀ, ਕਰਨੀ ਤੇ ਭੀ ਸ਼ੰਕਾ ਕਰਨਗੇ।"

ਤਾਂ ਗੁਰੂ ਰਾਮ ਸਿੰਘ ਜੀ ਕਹਿੰਦੇ, ਦਸਮੇਸ਼ ਪਿਤਾ ਦੇ ਦਿੱਤੇ ਰੂਪ ਵਿਚ, ਸੂਰਜ ਦਾ ਤੇਜ ਹੈ... ਸ਼ੇਰ ਦੀ ਸ਼ਕਤੀ ਹੈ।

ਸਿੱਖੀ ਵਿਚ, ਪਿਛਲੇ ਦੀਰਘ ਕਾਲ ਤੋਂ ਪੈ ਗਏ ਸੋਕੇ ਤੋਂ ਬਾਦ, ਇਕ ਵਾਰ ਫਿਰ, ਸਿੱਖ ਪੰਥ ਦੀ ਹਰਿਆਵਲ ਨੂੰ ਵੇਖ ਕੇ, ਕੋਈ ਸਿੱਖੀ ਰੂਹ ਵਾਲਾ, ਉਮਾਹ ਵਿਚ ਆ ਜਾਂਦਾ... ਬਾਰ ਬਾਰ ਸਿਜਦੇ ਵਜੋਂ ਝੁਕ ਜਾਂਦਾ।

ਬਾਬਾ ਸ਼ਾਮ ਸਿੰਘ ਅੱਡਣਸ਼ਾਹੀ। ਭਾਈ ਘਨੱਈਆ ਜੀ ਦੇ ਵੰਸ਼ਜ। ਗੁਜਰਾਂ ਵਾਲਾ ਜ਼ਿਲ੍ਹਾ ਦੇ ਪਿੰਡ ਸੋਦਰਾ ਦੇ ਵਸਨੀਕ! ਸੰਨ 1803 ਦਾ ਜਨਮ ਸੀ। ਰਾਗ ਵਿਦਿਆ ਦੇ ਮਾਹਿਰ! ਗੁਰਬਾਣੀ ਦੇ ਕੀਰਤਨੀਏ। ਸ੍ਰੀ ਦਰਬਾਰ ਸਾਹਿਬ, ਸਵੇਰੇ ਦੀ ਪਹਿਲੀ ਚੌਂਕੀ ਲਗੌਂਦੇ। 2 ਵਜੇ ਤੜਕੇ, ਜਦੋਂ ਸ੍ਰੀ ਦਰਬਾਰ ਸਿੰਘ ਦੇ ਕਪਾਟ ਖੁੱਲ੍ਹਦੇ, ਤਾਂ ਡਿਓਢੀ ਤੋਂ ਬਾਹਰ ਬੈਠ, ਗਾਇਨ ਕਰਦੇ, ਭਗਤ ਕਬੀਰ ਜੀ ਦਾ, ਬਿਲਾਵਲ ਰਾਗ ਵਿਚ ਸ਼ਬਦ –

"ਦਰਮਾਦੇ ਠਾਢੇ ਦਰਬਾਰਿ॥
ਤੁਝ ਬਿਨੁ ਸੁਰਤਿ ਕਰੈ ਕੋ ਮੇਰੀ, ਦਰਸਨ ਦੀਜੈ ਖੋਲ੍ਹਿ ਕਿਵਾਰ॥"

(ਪੰਨਾ 856)

ਬਾਬਾ ਸ਼ਾਮ ਸਿੰਘ ਜੀ, ਅੰਮ੍ਰਿਤਸਰ ਕਟੜਾ ਹਰੀ ਸਿੰਘ ਵਿਚ ਰਹਿੰਦੇ। ਸਤਿਗੁਰ ਰਾਮ ਸਿੰਘ ਜੀ, ਜਦੋਂ ਮਾਝੇ ਦਾ ਦੌਰਾ ਹੁੰਦਾ ਜਾਂ ਪੱਛਮੀ ਪੰਜਾਬ ਜਾਣਾ ਹੁੰਦਾ, ਗੁਰੂ ਕੀ ਨਗਰੀ, ਅੰਮ੍ਰਿਤਸਰ ਜ਼ਰੂਰ ਜਾਂਦੇ। ਸਤਿਗੁਰਾਂ ਦੀ ਰਹਿਤ ਮਰਿਆਦਾ, ਗੁਰਮਤਿ ਸਿੱਖਿਆ ਦੇ, ਬਹੁਤੇ ਲੋਕ ਪ੍ਰਭਾਵਤ ਸਨ। ਬਾਬਾ ਸ਼ਾਮ ਸਿੰਘ, ਉਨ੍ਹਾਂ ਸਿਦਕੀ ਸਿੱਖਾਂ 'ਚੋਂ ਹੈ ਸਨ। 3 ਜੂਨ ਸੰਨ 1863, ਖੋਟੇ ਪਿੰਡ ਵਿਚ, ਤੀਜੇ ਪਾਤਸ਼ਾਹ ਦੇ ਆਨੰਦ ਸਾਹਿਬ ਅਤੇ ਚੌਥੇ ਪਾਤਸ਼ਾਹ ਜੀ ਦੀ ਉਚਾਰਨ ਕੀਤੀ ਹੋਈ ਲਾਵਾਂ ਤੋਂ, ਪਹਿਲੀ ਵਾਰ ਆਨੰਦ ਕਾਰਜ ਕੀਤੇ। ਪੰਡਿਤਾਂ, ਬ੍ਰਾਹਮਣਾਂ ਨੂੰ ਆਪਣੀ ਰੋਜ਼ੀ ਹੱਥੋਂ ਜਾਂਦੀ ਦਿੱਸੀ। ਉਹਨਾਂ "ਬਾਘਾ" ਪੁਲਿਸ ਚੌਂਕੀ ਸਤਿਗੁਰਾਂ ਦੇ ਖਿਲਾਫ਼, ਧਾਰਮਿਕ ਰਹੁ-ਰੀਤਾਂ ਨੂੰ ਤੋੜਨ ਦੇ ਖਿਲਾਫ਼ ਕੇਸ ਦਰਜ ਕਰਵਾਇਆ। ਸਤਿਗੁਰ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਥਾਨਿਓਂ ਥਾਣੇ, ਸ੍ਰੀ ਭੈਣੀ ਸਾਹਿਬ ਲਿਆ ਕੇ ਨਜ਼ਰਬੰਦ ਕਰ ਦਿੱਤਾ। ਉਸ ਵੇਲੇ, ਬਾਬਾ ਸ਼ਾਮ ਸਿੰਘ, ਸ੍ਰੀ ਅੰਮ੍ਰਿਤਸਰ ਸਰੋਵਰ ਵਿੱਚ ਇਸ਼ਨਾਨ ਕਰਦੇ, ਤੜਕੇ ਇਕ ਵਜੇ ਦਾ ਨਿਯਮ ਸੀ। ਉਸ ਵੇਲੇ, ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ, ਦਸਮ ਗੁਰੂ ਦੇ ਚਰਨਾਂ ਵਿੱਚ ਅਰਦਾਸ ਕਰਦੇ, ਹੇ ਪਾਤਸ਼ਾਹ! ਤੁਹਾਡੀ ਦਿੱਤੀ ਹੋਈ ਸਿੱਖੀ ਕਦਰਾਂ-ਕੀਮਤਾਂ ਨੂੰ ਮੁੜ ਸਥਾਪਤ ਕਰਨ ਵਾਲਾ, ਸਿੱਖੀ ਦਾ ਸੱਚਾ ਜਾਨਸ਼ੀਨ, ਪਵਿੱਤਰ ਆਤਮਾ ਵਾਲੇ, ਆਪਣੇ ਪਿਆਰੇ ਦੀ ਰੱਖਿਆ ਕਰੀਂ। ਮੁੱਦਤ ਬਾਦ ਸਿੱਖੀ-ਹਰਿਆਈ ਹੈ।

ਸ੍ਰੀਮਾਨ ਗਿਆਨੀ ਕਰਤਾਰ ਸਿੰਘ, ਹੈੱਡ ਗ੍ਰੰਥੀ (ਸਾਬਕਾ) ਸ੍ਰੀ ਦਰਬਾਰ ਸਿੰਘ – ਆਪ ਲਿਖਦੇ ਹਨ –

"ਚਾਰਾ ਸੀ ਨ ਕੋਈ ਤਦੋਂ ਦਿਸਦਾ ਕਰਤਾਰ ਸਿੰਘ
ਡਾਵਾਂਡੋਲ ਹੋਏ ਰਿਹਾ ਬੇੜਾ ਬੇਸਹਾਰਾ ਸੀ।
ਕਲਾ ਵਰਤਾਈ, ਮਹਾਰਾਜ ਨੇ ਜਗਾਈ ਜੋਤਿ,
ਭੈਣੀ ਪਿੰਡ ਬੀਚ ਭਇਓ ਭਾਨ ਉਜਿਆਰਾ ਸੀ॥"

ਲਮੇਰੇ ਹਨੇਰੇ ਤੋਂ ਬਾਦ, ਸਿੱਖੀ ਸੂਰਜ ਉਦੈ ਹੋਇਆ।

ਭਾਈ ਕਾਨ੍ਹ ਸਿੰਘ ਨਾਭਾ, ਕਰਤਾ 'ਮਹਾਨ-ਕੋਸ਼' ਲਿਖਦੇ ਹਨ-

"ਸਿੱਖੀ ਬਾਗ਼ ਤੇ ਖ਼ਿਜ਼ਾਂ ਪਸਰ ਗਈ। ਗੁਰੂ, ਗੁਰੂ ਕਰਦਿਆਂ ਸਮਾਂ ਲੰਘਿਆ।

ਹੁਣ, ਮੇਰੇ ਸਤਿਗੁਰ, ਤੇਰੇ ਸੱਚੇ ਸੁੱਚੇ ਵਿਰਸੇ ਨੂੰ, ਵਰਤਾ ਕੇ ਬਸੰਤੀ ਬਹਾਰ ਸਥਾਪਤ ਕਰ ਦੇਣ ਵਾਲਾ, ਤੇਰਾ ਵਾਰਿਸ, ਨਸੀਬ ਹੋਇਆ ਹੈ...।"

"ਸਿੱਖੀ ਬਾਗ ਖਜ਼ਾਂ ਜਦ ਗ੍ਰਸਿਆ, ਭਯੋ ਪਤ ਬਿਨ ਸਾਯਾ॥
ਰੂਪ ਬਸੰਤ ਦਾ ਧਾਰ ਕੇ ਬਾਬਾ, ਦਿਨ ਬਸੰਤ ਦੇ ਆਇਆ॥"

ਜਗਦੀ ਜੋਤ! ਗੁਰੂ ਰਾਮ ਸਿੰਘ!

ਪਰਮਾਤਮਾ ਜਿਸ 'ਤੇ ਤੁੱਠੇ, ਪ੍ਰਮੇਸ਼ਰ ਦਾ ਵਰੁ ਜਿਸ ਦੇ ਉੱਪਰ ਵਸੇ, ਉਹ ਧਰਮ ਦਾ ਵਾਰਿਸ ਹੁੰਦੈ। ਉਹ, ਸਤਿਗੁਰ ਹੁੰਦੈ। ਸਤਿ ਪੁਰਖ ਦਾ ਸੰਦੇਸ਼, ਜਗ ਵਿਚ ਵਰਤਾਉਣ ਵਾਲਾ। ਗੁਰੂ ਨਾਨਕ, ਵਾਰਿਸ ਹੋਏ ਨਿਰੰਕਾਰ ਦੇ। ਸਤਿ ਦੇ ਵਾਰਿਸਾਂ ਦੀ ਜੋਤਿ, ਗੁਰੂ ਦਰ ਗੁਰੂ ਰੂਪਾਂਤਰਤ ਹੁੰਦੀ ਰਹੀ।

ਇਹ ਵਾਰਿਸ ਦੀਆਂ ਕਹਾਣੀਆਂ ਹਨ...

ਜੁਗਾਂ ਪਰਯੰਤ, ਗਾਈਆਂ ਜਾਣਗੀਆਂ...।

# ਦੂਜਾ ਰਬਾਬੀ ਮਰਦਾਨਾ

ਰਾਇ ਭੋਇੰ ਦੀ ਤਲਵੰਡੀ ਤੋਂ ਬਾਹਰ, ਜੰਗਲ ਪਸਰਿਆ ਸੀ। ਇਕ ਸੱਜਰਾ ਜਵਾਨ, ਜੰਗਲ ਨੂੰ ਤੁਰੀ ਜਾ ਰਿਹਾ ਸੀ। ਚੇਹਰੇ ਤੋਂ ਭਾਸਦਾ ਸੀ, ਕਿਸੇ ਗਹਿਰੇ ਚਿੰਤਨ ਵਿਚ ਹੈ। ਅੱਖਾਂ ਵਿੱਚ ਸੌ-ਸੌ ਸਵਾਲ ਉੱਠ ਰਹੇ ਸਨ। ਇਹ, ਗੁਰੂ ਨਾਨਕ ਹੈ ਸਨ। ਦੂਰ ਕਿਤੇ, ਜੰਗਲ 'ਚੋਂ ਕੋਈ ਸਧਿਆ ਹੋਇਆ ਸੁਰ ਕੰਨਾਂ ਵਿੱਚ ਪਿਆ। ਉਹ! ਕਿੰਨਾ ਸੁਰੀਲਾ ਗੀਤ, ਕੋਈ ਗਾ ਰਿਹੈ! ਕਿੰਨਾ ਦਰਦ ਹੈ, ਇਸ ਗੀਤ ਦੇ ਬੋਲਾਂ ਵਿਚ! ਜ਼ਮਾਨੇ ਦਾ ਦੁਖ ਨਿਚੁੜ ਰਿਹੈ। ਗੀਤਾਂ ਵਿਚ, ਰੱਬੀ ਮੇਹਰ ਦੀ ਬਰਖਾ ਵੀ ਮੰਗ ਰਿਹੈ। ਇਹ ਕੌਣ ਹੈ?- ਅੱਗੇ ਜਾਇ ਮਿਲੇ। ਕੋਈ ਜਵਾਨ, ਜਹਾਨ ਦੇ ਦੁਖਾਂ ਨੂੰ ਲਫ਼ਜ਼ਾਂ ਵਿਚ ਪਿਰੋ ਕੇ, ਗਾ ਰਿਹਾ ਸੀ।

ਗੁਰੂ ਨਾਨਕ ਪੁੱਛਿਆ, ਜਵਾਨ ਤੂੰ ਕੌਣ ਹੈਂ ?

ਜੀ ਮੈਂ, ਤਲਵੰਡੀ ਦਾ ਮਰਜਾਨਾ ਹਾਂ-ਜਵਾਨ ਨੇ ਸਨਿਮਰ ਕਿਹਾ।

"ਬਹੁਤ ਖਿਚ ਹੈ, ਤੇਰੇ ਬੋਲਾਂ ਵਿਚ! ਸੁਰ, ਤਾਲ ਦੀ ਸਮਝ ਵੀ ਹੈ।"- ਸਤਿਗੁਰਾਂ ਕਿਹਾ।

ਜੀ ਅਸੀਂ ਮਿਰਾਸੀ ਹੁੰਦੇ ਹਾਂ। ਘਰ ਘਰ ਗਾ ਕੇ, ਰੋਟੀ ਦਾ ਗੁਜ਼ਾਰਾ ਹੁੰਦਾ ਹੈ।

ਸਤਿਗੁਰਾਂ ਕਿਹਾ, ਹੁਣੇ ਗੀਤਾਂ ਰਾਹੀਂ ਰੱਬ ਦੀ ਸਿਫ਼ਤ ਕਰ ਰਿਹਾ ਸੀ। ਜਿਹੜਾ ਪਰਮੇਸ਼ਰ ਲਈ ਗਾਵੇ, ਉਸ ਨੂੰ ਤਾਂ ਪਰਮੇਸ਼ਰ ਕਿਸੇ ਚੀਜ਼ ਦੀ ਭੁੱਖ ਰਹਿਣ ਨਹੀਂ ਦਿੰਦਾ।

ਗੱਲਾਂ ਕਰਦਿਆਂ, ਗੁਰੂ ਨਾਨਕ, ਉਸ ਗਵੱਈਏ ਦੇ ਨਾਲ, ਉਸ ਦੇ ਘਰ ਪਹੁੰਚ ਗਏ। ਮਾਤਾ ਲੱਖੋ ਬੀਬੀ ਅਤੇ ਪਿਤਾ ਭਾਈ ਬਦਰੂ ਮਿਲੇ। ਗੱਲਾਂ ਬਾਤਾਂ ਵਿਚ, ਮਾਤਾ ਨੇ ਦੱਸਿਆ ਕਿ ਸਾਡੀ ਔਲਾਦ, ਕੋਈ ਬਚਦੀ ਨਹੀਂ ਸੀ। ਜਨਮ ਤੋਂ ਥੋੜ੍ਹੇ ਸਮੇਂ ਉਪਰਾਂਤ, ਵਾਰੋ-ਵਾਰੀ ਸਾਰੇ ਬੱਚੇ ਮਰ ਗਏ। ਇਹ ਬੱਚਾ ਜੰਮਿਆ ਤਾਂ ਜੀਉਣ ਦੀ ਆਸ ਨਹੀਂ ਸੀ। ਤਾਂ ਨਾਂ ਰੱਖਿਆ, "ਮਰਜਾਨਾ!" ਭਾਵ ਇਸ ਨੇ ਵੀ ਮਰ ਜਾਣੈ। ਸਤਿਗੁਰਾਂ ਕਿਹਾ, ਇਹ ਹੁਣ ਸਾਡੇ ਨਾਲ ਰਹੇਗਾ। ਹੁਣ ਇਹੁ ਮਰਦਾ ਨਹੀਂ। ਪੂਰੀ ਉਮਰ ਭੋਗ ਕੇ ਸੰਸਾਰ ਤੋਂ ਰੁਖ਼ਸਤ ਹੋਵੇਗਾ। ਇਸ ਦਾ ਸੁਰ ਬਹੁਤ ਵਧੀਆ ਹੈ। ਇਸ ਨੂੰ ਤਾਰ ਵਜਾਉਣ ਦੀ ਸਿੱਖਿਆ ਵੀ ਦਿੰਦੇ ਹਾਂ। ਇਸ ਦਾ ਨਾਂ ਅੱਜ ਤੋਂ ਹੋਇਆ- "ਰਬਾਬੀ ਮਰਦਾਨਾ।" ਇਹ ਹੁਣ ਮਰਦਾ ਨਾ... ਮਰੇਗਾ ਨਹੀਂ। ਰਬਾਬੀ ਸ਼ਬਦ ਦਾ ਅਰਥ, ਪ੍ਰਿੰਸੀਪਲ ਗੰਗਾ ਸਿੰਘ ਹੁਰੀਂ ਕਰਦੇ ਹਨ, ਰੱਬੀ ਆਬੀ... ਰੱਬ ਦਾ ਅੰਮ੍ਰਿਤ!

ਪਾਤਸ਼ਾਹ ਕਹਿੰਦੇ ਹਨ, "ਇਸ ਦੀ ਰਬਾਬ 'ਚੋਂ ਨਿਕਲੇ, ਇਲਾਹੀ ਸੰਗੀਤ ਤੇ ਸਾਰੀ ਕਾਇਨਾਤ ਝੂਮੇਗੀ।"

ਬਸ, ਉਸ ਦਿਨ ਤੋਂ, ਨਾਨਕ ਨਿਰੰਕਾਰ ਅਤੇ ਤਾਰਾਂ ਤੋਂ ਰੱਬੀ ਤਰਾਨੇ ਕੱਢਣ

ਵਾਲਾ, ਭਾਈ ਮਰਦਾਨਾ ਜੀ ਦੀ ਨਿਵੇਕਲੀ ਜੁਗਲਬੰਦੀ ਜਗ 'ਤੇ ਪ੍ਰਗਟ ਹੋਈ।

ਤਾਂ ਭਾਈ ਗੁਰਦਾਸ ਜੀ, ਵਾਰਾਂ ਵਿਚ ਕਹਿੰਦੇ ਹਨ–

"ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ॥
ਦਿਤੀ ਬਾਂਗਿ ਨਿਵਾਜਿ ਕਰਿ ਸੁੰਨਿ ਸਮਾਨਿ ਹੋਆ ਜਹਾਨਾ॥"

ਵੇਂਈ ਨਦੀ ਦੀ ਘਟਨਾ ਤੋਂ ਬਾਦ, ਗੁਰੂ ਨਾਨਕ ਪਾਤਸ਼ਾਹ ਦਾ ਦਿਲ ਘਰ ਵਿਚ ਨਹੀਂ ਸੀ ਲਗਦਾ। ਮੋਦੀਖਾਨੇ ਦੀ ਨੌਕਰੀ ਵੀ ਛੱਡ ਦਿੱਤੀ। ਜ਼ਮਾਨੇ ਭਰ ਦਾ ਦਰਦ, ਕੰਨਾਂ ਵਿਚ ਆਰਤ ਬਣ ਕੇ ਗੂੰਜਦਾ। ਦੁੱਖ, ਮਾਯੂਸੀ ਅਤੇ ਨਫ਼ਰਤ ਦੀ ਅੱਗ ਵਿਚ ਜਲਦੀ ਹੋਈ ਧਰਤ ਨਜ਼ਰ ਆਉਂਦੀ। ਸੁਲਤਾਨਪੁਰ ਲੋਧੀ ਤੋਂ ਬਾਹਰ ਇਕ ਛੱਪਰ ਕੰਢੇ ਬੈਠ ਗਏ। ਘਰ ਨਹੀਂ ਪਰਤੇ। ਕੁਝ ਖਾਦੇ ਪੀਂਦੇ ਵੀ ਨਹੀਂ। ਕਿਸੇ ਨਾਲ ਬੋਲਦੇ ਵੀ ਨਹੀਂ। ਬੇਬੇ ਨਾਨਕੀ ਜੀ ਅਤੇ ਭਾਈਆ ਜੈ ਰਾਮ ਜੀ ਵੀ ਥੱਕ ਹਾਰ ਕੇ ਮਹਿਤਾ ਕਾਲੂ ਜੀ ਨੂੰ, ਤਲਵੰਡੀ ਖ਼ਬਰ ਕੀਤੀ। ਮਹਿਤਾ ਕਾਲੂ ਜੀ ਨੇ, ਮਰਦਾਨਾ ਜੀ ਨੂੰ ਸਮਝਾ ਕੇ, ਗੁਰੂ ਨਾਨਕ ਨੂੰ ਘਰ ਮੋੜ ਲਿਆਉਣ ਲਈ ਭੇਜਿਆ।

ਭਾਈ ਮਰਦਾਨਾ ਜੀ, ਉਸ ਥਾਂ ਪੁੱਜੇ।

ਭਾਈ ਬਾਲਾ ਜੀ, ਸ੍ਰੀ ਗੁਰੂ ਅੰਗਦ ਦੇਵ ਪਾਤਸ਼ਾਹ ਨੂੰ, ਸਾਰਾ ਬਿਰਤਾਂਤ ਸੁਣੌਂਦੇ ਹਨ, ਜਨਮ ਸਾਖੀ ਵਿੱਚ –

"ਮਰਦਾਨਾ ਆਇ ਨਾਨਕ ਨੂੰ ਮਿਲਿਆ, ਆਖਿਓਸੁ, ਨਾਨਕ ਜੀ ਇਹ ਕਿਆ ਕੀਤੋ ? ਚੰਗੇ ਭਲੇ ਛਡ ਕੇ ਅੰਗੋਛਾ ਬੰਧਿਓ। ਤਾਂ ਨਾਨਕ ਬੋਲਯਾ, ਮਰਦਾਨਾ ਤੈਨੂੰ ਤਾਰ ਦਾ ਗੁਣ ਦਿਤਾ ਸੀ, ਸੋ ਅੱਜ ਅਸੀ ਤੁਧ ਨੂੰ ਉਡੀਕਦੇ ਸੇ।"

ਮਰਦਾਨੇ ਨੇ ਕਿਹਾ, ਕਹੁ ਜੀ, ਮੈਨੂੰ ਆਖੋ। ਗੁਰੂ ਨਾਨਕ ਆਖਿਆ, ਅਸਾਡੇ ਨਾਲ ਚੱਲ। ਤਾਂ ਮਰਦਾਨੇ ਆਖਯਾ, ਕਿਧਰ ਜੀ। ਨਾਨਕ ਜੀ ਆਖਯਾ, ਜਿਧਰ ਕਰਤਾਰ ਲੈ ਜਾਵੇ। ਮਰਦਾਨੇ ਕਿਹਾ, ਮੈਨੂੰ ਤਾਂ ਮਹਿਤਾ ਕਾਲੂ ਖ਼ਬਰ ਨੂੰ ਭੇਜਯਾ ਸੀ। ਅਮਾਂ ਬੀਬੀ ਉਡੀਕਵਾਨ, ਦੇਖਦੇ ਹੋਸਨ। ਤੁਸੀਂ ਆਖਦੇ ਹੋ, ਅਸਾਡੇ ਨਾਲ ਚਲ...!

ਮੈਂ ਕਿਆ ਕਰਾਂ ? ਨਾਨਕ ਜੀ ਆਖਯਾ, ਸੁਣਿ ਮਰਦਾਨਿਆ, ਅਸਾਂ ਨਾਲ, ਨੰਗ ਭੁੱਖ ਹਈ... ਸੁਖ ਭੋਗ ਮੰਗੇਂ ਤਾਂ ਤਲਵੰਡੀ ਵਾਪਸ ਜਾਹ।

ਮਰਦਾਨਾ ਕਹਿੰਦੈ – ਮੇਰੇ ਲਈ ਹੁਣ ਜਾਣਾ ਔਖਾ ਹੋਇਆ।

ਗੁਰੂ ਨਾਨਕ ਕਿਹਾ, ਮਰਦਾਨਿਆ, ਤਾਰ ਵਜਾਇ। ਅਸਾਂ ਤੈਨੂੰ ਤਾਰ ਦਾ ਗੁਣ ਦਿਤਾ ਸੀ।

ਬਸ ਇਹੋ ਖਿਨ ਸੀ, ਮਰਦਾਨਾ, ਗੁਰੂ ਨਾਨਕ ਦਾ ਹੋਇ ਗਿਆ। ਗੁਰੂ ਨਾਨਕ ਦਾ ਪਹਿਲਾ ਸਿੱਖ, ਜਿਹੜਾ ਮੇਹਤਾ ਕਾਲੂ ਦਾ ਭੇਜਿਆ ਹੋਇਆ ਆਇਆ ਸੀ, ਗੁਰੂ ਨਾਨਕ ਨੂੰ ਸਮਝਾ ਬੁਝਾ ਕੇ ਘਰ ਲਿਆਉਣ ਲਈ। ਪਰ ਮਰਦਾਨਾ ਫੇਰ ਵਾਪਸ ਘਰ ਨਹੀਂ ਗਿਆ। ਵਿਆਹਿਆ ਸੀ, ਦੋ ਪੁੱਤਰ, ਇਕ ਧੀ ਵੀ ਹੋ ਚੁੱਕੀ ਸੀ। ਘਰ ਵਾਲੀ, ਮਾਤਾ–ਪਿਤਾ, ਸਭ ਛੱਡ ਕੇ, ਗੁਰੂ ਨਾਨਕ ਨਾਲ ਤੁਰ ਪਿਆ। ਬੇਬੇ ਨਾਨਕੀ ਕੋਲੋਂ ਪੈਸੇ

ਲੈ ਕੇ ਰਬਾਬ ਲਈ, ਗੁਰੂ ਬਾਬੇ ਦੇ ਹੁਕਮ ਅਨੁਸਾਰ, ਰਾਵੀ ਅਤੇ ਝਨਾਅ, ਦੋ ਨਦੀਆਂ ਦੇ ਵਿਚਾਲੇ ਜੰਗਲ ਦੇ ਵਿਚ ਵੱਸੇ ਹੋਏ ਪਿੰਡ, ਅਕਬਰਪੁਰ, ਭਾਈ ਫਿਰੰਦੇ ਕੋਲੋਂ, ਇਕ ਅਲੌਕਿਕ ਜਿਹੀ ਰੱਬੀ ਅੰਮ੍ਰਿਤ ਵਰਸੌਣ ਵਾਲੀ ਰਬਾਬ ਲੈ ਕੇ ਆਇਆ ਅਤੇ ਪਹਿਲੀ ਉਦਾਸੀ ਲਈ ਚਾਲੇ ਪਾ ਦਿੱਤੇ। ਜਵਾਨੀ ਦੇ 21 ਸਾਲ, ਸਤਿਗੁਰਾਂ ਦੇ ਨਾਲ ਨਾਲ ਰਹੇ। ਜਦੋਂ ਗੁਰੂ ਨਾਨਕ ਪਰਤ ਕੇ ਆਏ ਤਾਂ ਮਰਦਾਨਾ ਵੀ ਆਇਆ। ਦੋ ਚਾਰ ਦਿਹਾੜੇ ਰਹਿ ਕੇ, ਫਿਰ ਤੁਰੇ, ਤਾਂ ਭਾਈ ਮਰਦਾਨਾ ਵੀ ਤੁਰ ਪਿਆ। ਕਮਾਲ ਦੀ ਜੋੜੀ, ਕਮਾਲ ਦਾ ਸਾਥ!

"ਇਕ ਬਾਬਾ ਅਕਾਲ ਰੂਪ, ਦੂਜਾ ਰਬਾਬੀ ਮਰਦਾਨਾ॥"

ਗੁਰੂ ਨਾਨਕ ਪਾਤਸ਼ਾਹ ਤਾਂ ਅਕਾਲ ਦਾ ਰੂਪ ਹਨ ਅਤੇ ਮਰਦਾਨਾ, ਉਸੇ ਅਕਾਲ ਦਾ ਅੰਮ੍ਰਿਤ ਹੈ। ਇਹ ਕਥਾ ਅੰਮ੍ਰਿਤ, ਗੁਰੂ ਬਾਬੇ ਦੇ ਨਾਲ ਵਰਤੇ ਪ੍ਰਸੰਗ ਅੰਮ੍ਰਿਤ! ਇਹਨਾਂ ਸਾਰੀਆਂ ਘਟਨਾਵਾਂ, ਪ੍ਰਸੰਗਾਂ ਦਾ ਕਾਰਕ, ਭਾਈ ਮਰਦਾਨਾ ਜੀ ਹੀ ਹਨ।

ਮਰਦਾਨੇ ਦੀ ਭੁੱਖ, ਮਰਦਾਨੇ ਦੀ ਜਗਿਆਸਾ, ਮਰਦਾਨੇ ਵੱਲੋਂ ਪੁੱਛੇ ਗਏ ਪ੍ਰਸ਼ਨ, ਇਤਿਹਾਸਕ ਗ੍ਰੰਥ ਬਣ, ਅੰਮ੍ਰਿਤ ਵਰਤਾ ਰਹੇ ਹਨ।

ਬੰਗਾਲ, ਢਾਕਾ ਦੀ ਧਰਤੀ। ਇਕ ਸਮਾਂ ਐਸਾ, ਤਿੰਨ ਦਿਨ ਖਾਣ ਨੂੰ ਕੁਝ ਨਾ ਮਿਲਿਆ। ਮਰਦਾਨਾ ਭੁੱਖ ਨਾਲ ਬੇਹਾਲ ਹੋਇਆ ਆਖਦਾ ਹੈ–"ਬਾਬਾ ਤੂੰ ਤਾਂ ਪਤਾ ਨਹੀਂ ਕਾਸ ਦਾ ਬਨਿਆ ਹੈਂ, ਪਉਣਹਾਰੀ। ਮੈਥੋਂ ਹੁਣ ਨਹੀਂ ਸਹਿਆ ਜਾਂਦਾ। ਇਹ ਫੜ ਆਪਣੀ ਰਬਾਬ! ਗੁਰੂ ਬਾਬੇ ਨੇ ਬੜਾ ਸਮਝਾਇਆ, ਮਰਦਾਨਿਆਂ ਭਰੋਸਾ ਸਿਦਕ ਰੱਖੀ ਦੈ, ਪਰਮੇਸ਼ਰ ਤੇ। ਅੱਗੋਂ ਸ਼ਹਿਰੋਂ ਛੱਕਣ ਨੂੰ ਮਿਲ ਜਾਏਗਾ। ਔਰ ਸੁਣ ਮਰਦਾਨਾ, ਇਹ ਇਲਾਕਾ ਖ਼ਤਰਨਾਕ ਹੈ... ਤੂੰ ਨਾਲ ਹੀ ਰਹਿ। ਪਰ ਮਰਦਾਨਾ ਨਾ ਮੰਨਿਆ... ਤੁਰ ਗਿਆ। ਪਿਛਾਂ ਪਰਤ ਗਿਆ। ਉਸ ਦਿਨ, ਗੁਰੂ ਨਾਨਕ ਉਥੇ ਹੀ, ਜੰਗਲ ਵਿਚ ਬੈਠੇ ਰਹੇ। ਭਾਈ ਬਾਲਾ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਨੂੰ, ਉਹ ਪ੍ਰਸੰਗ ਸੁਣੌਂਦੇ ਹਨ। "ਜਾਂ ਦੁਇ ਪਹਿਰ ਗੁਜ਼ਰੇ ਤਾਂ ਗੁਰੂ ਨਾਨਕ ਜੀ ਬੋਲਿਆ, ਭਾਈ ਮਰਦਾਨੇ ਨੂੰ ਰਾਖਸ਼ ਨੇ ਪਕੜਿਆ ਹੈ ਅਤੇ ਕੜਾਹੇ ਵਿਚ ਤਲਦਾ ਹੈ ਤਾਂ ਮੈਂ ਗੁਰੂ ਨਾਨਕ ਜੀ ਪਾਸ ਕਿਹਾ, "ਤਲੀਵਨ ਦੇਹੋ... ਆਖੇ ਲਗਦਾ ਨਾਹੀ।"

ਤਾਂ ਗੁਰੂ ਨਾਨਕ ਉਠ ਖੜਾ ਹੂਆ, ਆਖਣ ਲਗਾ, ਭਾਈ ਬਾਲਾ, ਮਰਦਾਨਾ ਅਸਾਡੇ ਬਹੁਤ ਕੰਮ ਦਾ ਹੈ। ਭਾਈ ਬਾਲਾ ਜੀ ਕਹਿੰਦੇ ਹਨ–

ਗੁਰੂ ਨਾਨਕ ਨੇ ਮੇਰਾ ਹੱਥ ਪਕੜਿਆ। ਹਿਕ ਪਲਕ ਤਾਂ ਬਹੁਤ ਹੁੰਦੀ ਹੈ, ਜਾਪੇ ਨਹੀਂ ਕਿ ਇਥੇ ਆਹੇ ਕਿ ਉਥੇ ਆਹੇ। ਬਾਲਾ, ਇਹ ਕੜਾਹਾ ਜੋ ਤਪਦਾ ਹਈ ਸੋ ਮਰਦਾਨੇ ਵਾਸਤੇ, ਜੋ ਰਾਖਸ਼ ਮਰਦਾਨੇ ਨੂੰ ਤਲ ਕਰ ਖਾਵੈ। ਜਿਉਂ ਮਰਦਾਨਾ ਖੜ੍ਹਾ ਆਹਾ, ਤਿਉਂ ਰਾਖਸ਼ ਪਕੜ ਮਰਦਾਨੇ ਨੂੰ ਕੜਾਹੇ ਵਿਚ ਗੁੱਸੇ ਨਾਲ ਘੱਤਿਆ। ਅੱਗੋਂ ਕੜਾਹਾ ਅਜੇਹਾ ਠੰਢਾ ਹੋ ਗਿਆ, ਜੇਹਾ ਪੋਹ ਮਾਘ ਦਾ ਕੱਕਰ ਠੰਢਾ ਜਲ ਹੁੰਦਾ ਹੈ। ਰਾਖਸ਼ ਹੈਰਾਨ ਰਹਿ ਗਿਆ। ਥੱਲੋਂ ਅੱਗ ਬੁੱਝ ਗਈ। ਸਾਮ੍ਹਣੇ ਗੁਰੂ ਨਾਨਕ ਸਾਵਧਾਨ

ਦਿਖਾਈ ਦਿੱਤੇ ਤਾਂ ਰਾਖਸ਼ ਬੋਲਿਆ, ਸੱਚ ਆਖ ਤੂੰ ਕੌਣ ਹੈਂ? ਤਾਂ ਗੁਰੂ ਨਾਨਕ ਹੱਸ ਕਰ ਬੋਲਿਆ, ਜੋ ਕੌਡਾ ਰਾਖਸ਼ ਇਸ ਤਾਂਈਂ ਖਾਇ... ਕਿਉਂ ਨਹੀਂ ਖਾਂਦਾ... ਕਿਉਂ ਰਖਿਆ ਹਈ। ਤਾਂ ਕੌਡਾ, ਗੁਰੂ ਨਾਨਕ ਜੀ ਦੇ ਪੈਰਾਂ 'ਤੇ ਢਹਿ ਪਿਆ। ਆਖੇ ਜੀ ਮੈਂ ਵੱਡੇ ਪਾਪ ਕੀਤੇ ਹੈਨ... ਮੈਨੂੰ ਬਖ਼ਸ਼ੀਏ। ਗੁਰੂ ਨਾਨਕ ਕਿਹਾ, "ਕੌਡਾ ਤੁਸਾਡੇ ਵਾਸਤੇ ਹਜ਼ਾਰਾਂ ਕੋਹਾਂ ਤੋਂ ਆਏ ਹਾਂ।" ਮਰਦਾਨਾ ਸ਼ਰਮਿੰਦਾ ਜਿਹਾ, ਸਿਰ ਥੱਲੇ ਸੁੱਟ ਖਲੋਤਾ ਸੀ। ਸਤਿਗੁਰਾਂ ਕਿਹਾ, ਮਰਦਾਨਿਆ ਆਓ ਤਾਂ ਮਰਦਾਨੇ ਆਖਯਾ, ਜੀ ਮੈਂ ਸਭੋ ਕੁਝ ਖਾਧਾ ਹੈ, ਪਰ ਤੂੰ ਮੈਨੂੰ ਆਪਣੀ ਖੁਸ਼ੀ ਕਰ। ਮੈਂ ਤੇਰਾ ਕਿਹਾ ਨਹੀਂ ਮੰਨਿਆ।"

ਕੌਡਾ ਭੱਜ ਕੇ ਜੰਗਲੋਂ ਫ਼ਲ ਜਿਤਨੇ ਹੋ ਸਕੇ ਲੈ ਆਇਆ। ਭਾਈ ਬਾਲਾ ਜੀ ਕਹਿੰਦੇ, ਮੈਨੂੰ ਹੁਕਮ ਹੋਇਆ, ਤਿੰਨ ਹਿੱਸੇ ਕੀਤੇ। ਛੱਕ ਕੇ, ਕੌਡੇ ਦਾ ਸੁਧਾਰ ਕਰ ਖੁਸ਼ੀਆਂ ਦੇ ਕੇ ਅੱਗੇ ਤੁਰ ਪਏ।

ਧਿਆਨ ਨਾਲ ਵੇਖੀਏ, ਤਾਂ ਗੁਰੂ ਨਾਨਕ, ਜਿਸ ਦਾ ਸੁਧਾਰ ਕਰਨਾ ਚਾਹੁੰਦੇ ਸਨ, ਮਰਦਾਨੇ ਨੂੰ ਉਦੋਂ ਹੀ ਭੁੱਖ, ਪਿਆਸ ਲੱਗਦੀ। ਬਗਦਾਦ, ਬਲਖ ਬੁਖਾਰਾ ਹੁੰਦਿਆਂ, ਦੱਰਾ ਖ਼ੈਬਰ ਲੰਘ ਕੇ, ਪਿਸ਼ਾਵਰ ਤੋਂ ਅੱਗੇ, ਹਸਨ ਅਬਦਾਲ ਆ ਪਹੁੰਚੇ। ਇਕ ਪਹਾੜੀ ਦੇ ਥੱਲੇ ਛੋਟਾ ਜਿਹਾ ਨਗਰ, ਹਸਨ ਅਬਦਾਲ! ਪਹਾੜੀ ਦੇ ਉੱਪਰੋਂ ਪਾਣੀ ਦਾ ਸੋਮਾ ਵਗਦਾ ਸੀ। ਇਹੋ ਪਾਣੀ ਨਗਰ ਵਾਲੇ ਪੀਣ ਲਈ ਵਰਤਦੇ ਸਨ। ਉੱਪਰ ਪਹਾੜੀ 'ਤੇ ਹੰਕਾਰੀ, ਵਲੀ ਕੰਧਾਰੀ ਦਾ ਕਬਜਾ ਸੀ। ਆਪਣੀ ਮਰਜ਼ੀ ਨਾਲ ਪਾਣੀ ਵੱਗਣ ਦਿੰਦਾ, ਨਾਰਾਜ਼ ਹੁੰਦਾ ਤਾਂ ਪੱਥਰ ਦੀ ਸਿਲਾ ਰੱਖ ਕੇ, ਚਸ਼ਮੇ ਦਾ ਮੂੰਹ ਬੰਦ ਕਰ ਦਿੰਦਾ। ਪਾਣੀ ਹੱਥੋਂ ਲੋਗ ਤਰਸ ਜਾਂਦੇ। ਵਲੀ ਜੀ ਦਾ ਹੰਕਾਰ ਤੋੜਨਾ ਜ਼ਰੂਰੀ ਸੀ। ਗੁਰੂ ਨਾਨਕ ਦੀ ਰਜ਼ਾ ਹੋਈ ਤਾਂ ਮਰਦਾਨੇ ਨੂੰ ਪਿਆਸ ਲਾ ਦਿੱਤੀ। ਵਲੀ ਕੰਧਾਰੀ ਨੇ ਸਿਲਾ ਰੱਖ ਪਾਣੀ ਦਾ ਸ੍ਰੋਤ ਬੰਦ ਕਰ ਦਿਤਾ। ਗੁਰੂ ਨਾਨਕ ਨੇ ਥੱਲੇ ਹੀ, ਇਕ ਪੱਥਰ, ਮਿੱਟੀ ਹਟਾਈ ਤਾਂ ਨਿਰਮਲ ਜਲ ਦਾ ਨਵਾਂ ਚਸ਼ਮਾ ਵੱਗ ਪਿਆ। ਸਾਰੇ ਨਗਰ ਵਿਚ ਰੌਲ਼ਾ ਪੈ ਗਿਆ, ਇਕ ਖੁਦਾ ਦਾ ਰੂਪ ਆਇਆ ਹੈ... ਬਹਿਸ਼ਤ 'ਚੋਂ ਪਾਣੀ ਦੀ ਨਹਿਰ ਨਾਲ ਲਿਆਇਆ ਹੈ।

ਵਲੀ ਕੰਧਾਰੀ ਦਾ ਹੰਕਾਰ ਤੋੜਿਆ, ਖੁਦਾ ਦੇ ਸੇਵਾਦਾਰ ਨੂੰ, ਖੁਦਾ ਤੋਂ ਡਰ ਕੇ ਰਹਿਣਾ ਚਾਹੀਦਾ ਹੈ। ਸੋਰਠ ਰਾਗ ਵਿਚ ਸ਼ਬਦ ਉਚਾਰਣ ਕੀਤਾ–

"ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ
ਸੋ ਅੰਮ੍ਰਿਤੁ ਗੁਰ ਪਾਹੀ ਜੀਉ॥"
ਛੋਡਹੁ ਵੇਸੁ ਭੇਖ ਚਤੁਰਾਈ, ਦੁਬਿਧਾ ਇਹੁ ਫਲੁ ਨਾਹੀ ਜੀਉ॥"

(ਪੰਨਾ 598)

ਭਾਈ ਮਰਦਾਨੇ ਦੀ ਪਿਆਸ ਨੇ "ਪੰਜਾ ਸਾਹਿਬ" ਜਗ 'ਤੇ ਪ੍ਰਗਟ ਕਰ ਦਿੱਤਾ।

"ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ..."

ਉਦਾਸੀ ਕਰਦੇ ਹੋਏ ਬਿਦਰ (ਕਰਨਾਟਕ) ਪਹੁੰਚੇ। ਖੁਸ਼ਕ ਜਿਹੀ ਪਹਾੜੀ ਹੇਠ

ਬੈਠੇ। ਮਰਦਾਨੇ ਨੂੰ ਫਿਰ ਪਾਣੀ ਦੀ ਲੋੜ ਲੱਗੀ। ਆਲੇ ਦੁਆਲੇ ਦੇ ਲੋਗ ਪਾਣੀ ਬਾਝੋਂ ਤਰਸਦੇ ਹੋਏ ਮਿਲੇ। ਗੁਰੂ ਬਾਬੇ ਦੀ ਖੜਾਂਉਂ ਦੀ ਛੋਹ ਨਾਲ, ਪਵਿੱਤਰ ਜਲ ਪ੍ਰਗਟ ਹੋਇਆ। ਇਹੋ-ਇਤਿਹਾਸਕ ਥਾਂ ਨਾਨਕ ਝੀਰਾ ਹੈ। ਫਿਰ ਤੁਰਦੇ ਹੋਏ, ਨਗਰ ਤੋਂ ਬਾਹਰ ਇਕ ਦਰੱਖ਼ਤ ਹੇਠ ਬੈਠ ਗਏ। ਹਾਜੀਆਂ ਦਾ ਇਕ ਟੋਲਾ, ਹਜ ਕਰਨ ਲਈ ਮੱਕੇ ਜਾਂਦਾ ਦਿਸਿਆ। ਮਰਦਾਨੇ ਨੇ, ਗੁਰੂ ਨਾਨਕ ਅੱਗੇ, ਇਕ ਵਾਰ ਹਜ ਕਰਵੌਣ ਦੀ ਬੇਨਤੀ ਕੀਤੀ। ਚੰਗੀ ਗੱਲ ਹੈ, ਸਤਿਗੁਰਾਂ ਕਿਹਾ, ਮੈਨੂੰ ਵੀ ਉੱਥੇ ਕਈ ਪੀਰਾਂ, ਫ਼ਕੀਰਾਂ, ਮੁੱਲਿਆਂ ਨਾਲ ਮਿਲਣਾ ਹੈ। ਆ ਤੁਰ ਚਲੀਏ। ਕਾਫਲੇ ਦੇ ਨਾਲ ਤੁਰ ਪਏ। ਹਾਜੀਆਂ ਨੇ ਪੁੱਛਿਆ, ਤੁਸੀਂ ਹਿੰਦੂ ਹੋ ਜਾਂ ਮੁਸਲਮਾਨ ?

ਸਤਿਗੁਰਾਂ ਕਿਹਾ, ਅਸੀਂ ਇਕ ਖੁਦਾਇ ਦੇ ਬੰਦੇ ਹਾਂ। ਉਹਨਾਂ ਕਿਹਾ, ਸਮੁੰਦਰ ਵਿਚ, ਦਵਾਰਕਾ ਤੋਂ ਅੱਗੇ, ਇਕ ਥਾਂ ਤੁਰਕਿਸਤਾਨ ਆਉਂਦਾ ਹੈ। ਉਥੇ ਹਿੰਦੂਆਂ ਨੂੰ ਮਾਰ ਦਿੰਦੇ ਹਨ। ਜਿਹੜੇ ਮੁਸਲਮਾਨ ਹਾਜੀਆਂ ਦੇ ਨਾਲ ਉਹ ਹਿੰਦੂ ਗਏ ਹੋਣ, ਉਹਨਾਂ ਦੀ ਭੀ ਬਹੁਤ ਫਜੀਹਤ ਕਰਦੇ ਹਨ। ਅਸਾਂ ਤੁਹਾਨੂੰ ਨਾਲ ਨਹੀਂ ਲੈ ਕੇ ਜਾਣਾ। ਗੁਰੂ ਨਾਨਕ ਉਥੇ ਹੀ ਦਰੱਖ਼ਤ ਹੇਠ, ਮਰਦਾਨੇ ਨਾਲ ਬਹਿ ਗਏ। ਮਰਦਾਨਿਆਂ, ਅੱਜ ਕੋਈ ਰੱਬੀ ਤਾਰ ਛੇੜ! ਨੇਤਰ ਬੰਦ ਕਰ ਲੈ। ਗੁਰੂ ਨਾਨਕ ਨੇ ਸ਼ਬਦ ਦਿੱਤਾ। ਇਕ ਪਹਿਰ ਨਿਕਲ ਗਿਆ। ਅੱਜ ਗੁਰੂ ਬਾਬੇ ਨੇ, ਮਰਦਾਨੇ ਦੀ ਖੁਸ਼ੀ ਲਈ, ਸ਼ਬਦ ਦੀ ਸਵਾਰੀ ਕਰ ਲਈ।

ਹੱਥ ਲਾਇਆ, ਮਰਦਾਨਿਆਂ ਵੇਖ ਤਾਂ ਭਲਾ, ਕਿਤੇ ਮੱਕੇ ਤਾਂ ਨਹੀਂ ਪਹੁੰਚ ਗਏ!

ਮਰਦਾਨੇ ਛੇਤੀ ਨਾਲ ਅੱਖਾਂ ਖੋਲ੍ਹੀਆਂ। ਵੇਖਿਆ, ਮੱਕੇ ਦੀਆਂ ਉੱਚੀਆਂ ਮੀਨਾਰਾਂ ਅਤੇ ਗੁੰਬਦ ਵਿਖਾਈ ਦੇ ਰਹੇ ਸਨ। ਮਰਦਾਨਾ ਬਹੁਤ ਖੁਸ਼ ਹੋਇਆ, ਗੁਰੂ ਜੀ, ਇਹ ਤਾਂ ਅਸੀਂ ਮੱਕੇ ਪਹੁੰਚ ਗਏ।

ਭਾਈ ਮਰਦਾਨਾ, ਗੁਰੂ ਨਾਨਕ, ਅਕਾਲ ਰੂਪ ਦਾ ਆਬੇ ਹਯਾਤ! ਰੱਬ ਦਾ ਅੰਮ੍ਰਿਤ! ਕਦੇ ਗੁਰੂ ਬਾਬੇ ਪ੍ਰਸੰਨ ਹੋਏ ਆਖਿਆ, ਮਰਦਾਨਿਆਂ ਅੱਜ ਕੋਈ ਰੱਬੀ ਤਰਾਨਾਂ ਕੱਢ, ਰਬਾਬ 'ਚੋਂ। ਕਿਰਪਾ ਮੇਹਰ ਬਾਬੇ ਦੀ ਹੁੰਦੀ, ਰਬਾਬ 'ਚੋਂ ਨਿਕਲਦੇ ਸੁਰ ਅਤੇ ਸਤਿਗੁਰਾਂ ਦੇ ਸ਼ਬਦ ਦੀ ਜੁਗਲਬੰਦੀ ਹੁੰਦੀ ਤਾਂ ਜੰਗਲ ਦੇ ਰੁੱਖਾਂ ਦੇ ਪੱਤਿਆਂ 'ਚੋਂ ਅੰਮ੍ਰਿਤ ਚੋਣ ਲੱਗ ਪੈਂਦਾ।

ਭਾਈ ਬਾਲਾ ਜੀ, ਸਾਖੀ ਸੁਣੌਂਦੇ ਹਨ, ਸ੍ਰੀ ਗੁਰੂ ਅੰਗਦ ਦੇਵ ਜੀ ਤਾਂਈਂ। ਕਹਿੰਦੇ, "ਸ੍ਰੀ ਗੁਰੂ ਨਾਨਕ ਜੀ ਕਿਸੇ ਬਸਤੀ ਵਿਚ ਵੜਨ ਨਹੀਂ। ਕਿਥਾਊਂ ਜੰਗਲ, ਕਿਥਾਊਂ ਦਰਿਆ, ਕਿਤੇ ਟਿਕਣ ਨਾਹੀਂ। ਜੇ ਮਰਦਾਨੇ ਨੂੰ ਭੁੱਖ ਲਗੇ ਤਾਂ ਚੁਪ ਕਰ ਰਹੇ।"

ਇਕ ਦਿਨ, ਸ੍ਰੀ ਗੁਰੂ ਨਾਨਕ ਜੀ ਅਤੇ ਭਾਈ ਮਰਦਾਨਾ ਜੀ ਤੁਰੇ ਜਾਂਦੇ ਸੀ। ਸੁਮੇਰ ਪਰਬਤ ਤੋਂ, ਸਿੱਧਾਂ ਨੂੰ ਰਾਹੇ ਪਾ ਕੇ ਪਰਤ ਰਹੇ ਸੀ। ਮਰਦਾਨੇ ਗੱਲ ਛੇੜੀ, ਗੁਰੂ ਜੀ, ਕਈ ਦੇਸ਼ ਭ੍ਰਮਣ ਕਰ ਲਏ। ਪੰਡਿਤ, ਪੁਰੋਹਤਾਂ, ਮੁੱਲਾਂ, ਮੌਲਵੀ, ਹਾਜੀ, ਪੀਰ, ਬੰਦਗੀ ਵਾਲੇ ਵੀ ਕੁਰਾਹੇ ਪੈ ਜਾਂਦੇ ਹਨ... ਇਹ ਤੇਰੀਆਂ ਤੂੰ ਹੀ ਜਾਣ।

ਗੁਰੂ ਨਾਨਕ ਨੇ ਕਿਹਾ, ਮਰਦਾਨਿਆਂ, ਇਹ ਜਰਾਂਦ, ਸ਼ਕਤੀਆਂ ਨੂੰ ਜਰਨ ਦੀ ਸ਼ਕਤੀ, ਕੋਈ ਵਿਰਲਾ ਰੱਖ ਸਕਦੈ। ਬਹੁਤ ਅਉਖਾ ਹੈ, ਸ਼ਕਤੀ ਨੂੰ ਜਰਨਾ। ਸੰਸਾਰੀ ਨੂੰ ਧਨ ਦਾ ਹੰਕਾਰ, ਪ੍ਰਭੁਤਾ ਦਾ ਹੰਕਾਰ। ਇਹ ਤਾਂ ਨਜ਼ਰ ਆਉਂਦਾ ਹੈ। ਪਰ ਤਪ ਦਾ, ਯੋਗ ਦਾ, ਸਿੱਧੀਆਂ ਦਾ ਹੰਕਾਰ ਹੋਰ ਮਾੜਾ ਹੈ। ਇਹਨਾਂ ਕੋਲ, ਧਨ ਦੌਲਤ, ਮਹਿਲ ਤਾਂ ਨਹੀਂ ਦਿਸਦੇ, ਪਰ ਹੰਕਾਰ ਵੱਧ ਹੁੰਦਾ ਹੈ। ਪਰਮੇਸ਼ਰ ਜਰਾਂਦ ਦੇਵੇ ਤਾਂ ਕੋਈ ਜਰੇ।

ਮਰਦਾਨਾ ਜੀ ਨੇ, ਅੰਤਮ ਸਵਾਸਾਂ ਤਾਂਈ ਗੁਰੂ ਬਾਬੇ ਨਾਲ ਸਾਥ ਨਿਭਾਇਆ। ਗੁਰੂ ਨਾਨਕ ਦੇ ਮੁਖਾਰਬਿੰਦ 'ਚੋਂ ਧਰਮ ਦੀਆਂ ਕਈ ਗੁੰਝਲਾਂ ਦੀਆਂ ਪਰਤਾਂ ਖੁਲ੍ਹਵਾਈਆਂ.... ਕੁਦਰਤ ਦੀ ਗਰਭ ਵਿਚ, ਛਿਪੇ ਹੋਏ ਕਈ ਰਹੱਸ ਖੁਲ੍ਹਵਾਏ।

ਅਕਾਲ ਰੂਪ ਅਤੇ ਅਕਾਲ ਅੰਮ੍ਰਿਤ! ਨਿਵੇਕਲੀ ਜੁਗਲਬੰਦੀ!

ਸਾਲ ਸੰਨ 1534! ਹਲਕੀ ਹਲਕੀ ਠੰਢ ਸ਼ੁਰੂ ਹੋ ਚੁੱਕੀ ਸੀ। ਮੁਲਤਾਨ ਤੋਂ ਮੁੜਦਿਆਂ, ਏਮਨਾਬਾਦ ਆਏ। ਮਰਦਾਨੇ ਅਰਜ਼ ਕੀਤੀ, ਸਤਿਗੁਰੂ ਜੀ, ਬੜਾ ਚਿਰ ਹੋਇ ਗਿਆ... ਹੁਣ ਘਰ ਨੂੰ ਚੱਲੀਏ। ਸਤਿਗੁਰਾਂ ਕਿਹਾ, ਹਾਂ ਮਰਦਾਨਿਆਂ, ਜਾ ਘਰ ਨੂੰ। ਮਰਦਾਨੇ ਕਿਹਾ, ਪਹਿਲਾਂ ਤੁਸੀਂ ਜਾਓ, ਫਿਰ ਮੈਂ ਜਾਵਾਂ। ਭਾਈ ਸੰਤੋਖ ਸਿੰਘ ਜੀ, ਸ੍ਰੀ ਗੁਰਪ੍ਰਤਾਪ ਸੂਰਜ ਵਿਚ ਲਿਖਦੇ, "ਸਤਿਗੁਰ ਬੋਲੇ ਸਹਜ ਸੁਭਾਇ। ਤੂੰ ਹਮਤੇ ਪਹਿਲੇ ਹੀ ਜਾਇ॥" ਸੁਣ ਕੇ ਮਰਦਾਨਾ ਜੀ ਨੇ, ਗੱਲ ਦੀ ਰਮਜ਼ ਸਮਝ ਲਈ। ਹੱਥ ਜੋੜ ਬੇਨਤੀ ਕੀਤੀ, ਸਤਿਗੁਰ ਜੀ! ਹੁਣ ਮੇਰੀ ਕਿਤਨੀ ਉਮਰ ਰਹਿ ਗਈ ਹੈ।

"ਪੰਜ ਦਿਨ ਹੋਰ", ਸਤਿਗੁਰ ਜੀ ਬੋਲੇ।

ਮਰਦਾਨੇ ਹੱਥ ਜੋੜੀ ਰੱਖੇ, ਬੇਨਤੀ ਕੀਤੀ, ਸਾਰਾ ਜੀਵਨ ਤੇਰੇ ਨਾਲ ਲੰਘਾਇਆ। ਹੁਣ ਇਕ ਕਿਰਪਾ ਕਰੋ, ਹੋਰ ਕੋਈ ਮੰਗ ਨਹੀਂ... ਜਦੋਂ ਮੇਰਾ ਸਵਾਸ ਨਿਕਲੇ, ਮੇਰੇ ਯਾਰਾ! ਤੂੰ ਮੇਰੇ ਸਾਮ੍ਹਣੇ ਰਹੇਂ।

"ਸੁਣ ਬੋਲੇ ਬੇਦੀ ਕੁਲ ਦੀਪਾ॥ ਹਮ ਤਬ ਤੁਮ੍ਰੇਂ ਰਹੈਂ ਸਮੀਪਾਂ॥"

ਬੇਦੀ ਕੁਲ ਦੇ ਦੀਪਕ, ਸਤਿਗੁਰ ਨਾਨਕ, ਵਚਨ ਦਿੱਤਾ, ਹਾਂ ਮਰਦਾਨਿਆਂ, ਮੈਂ ਉਸ ਵੇਲੇ ਤੇਰੇ ਕੋਲ ਹੀ ਹੋਵਾਂਗਾ।

ਆ ਚੱਲੀਏ, ਖੁਰਮੇ ਸ਼ਹਿਰ ਤੇਰਾ ਅੰਨ ਪਾਣੀ ਛੱਕਣਾ ਰਹਿੰਦਾ ਹੈ। ਦੋਵੇਂ ਖੁਰਮੇ ਸ਼ਹਿਰ ਪੰਜਵੇਂ ਦਿਨ ਪਹੁੰਚੇ। ਲੰਗਰ ਪਾਣੀ ਛੱਕ ਕੇ, ਹੌਲੀ-ਹੌਲੀ ਨਗਰ ਤੋਂ ਬਾਹਰ ਆ ਗਏ। ਇਕ ਦਰੱਖ਼ਤ ਹੇਠ ਬੈਠ ਗਏ। ਮਰਦਾਨਾ, ਨੇੜੇ ਆਉਂਦੀ ਹੋਈ ਮੌਤ ਨੂੰ ਮਹਿਸੂਸ ਕਰ ਰਿਹਾ ਸੀ। ਸਤਿਗੁਰਾਂ ਦੇ ਪੱਟਾਂ 'ਤੇ ਸਿਰ ਰੱਖ ਦਿੱਤਾ। ਪੂਰੇ ਹੱਕ ਅਤੇ ਲਾਡ ਨਾਲ ਰੁਖ਼ਸਤ ਹੋਣਾ ਚਾਹੁੰਦਾ ਸੀ। ਸਤਿਗੁਰ ਜੀ ਵੀ, ਉਸ ਦੇ ਸਿਰ 'ਤੇ ਹੱਥ ਫੇਰਨ ਲੱਗ ਪਏ।

ਸਤਿਗੁਰ ਜੀ! ਹੁਣ ਕਿੰਨੇ ਸਵਾਸ ਹੋਰ ਹਨ ?

ਨੌ ਸਵਾਸ, ਮਰਦਾਨਿਆਂ ਹੋਰ ਹਨ।

ਇਕ, ਦੋ, ਤਿੰਨ, ਚਾਰ... ਨੌ ਗਿਣਦਿਆਂ, ਤਨ ਨੂੰ ਛੱਡ ਕੇ ਪ੍ਰਾਣ ਉਡਾਰੀ ਮਾਰ ਗਏ।

ਧੰਨ! ਗੁਰੂ ਨਾਨਕ ਦਾ ਪਹਿਲਾ ਸਿੱਖ। ਸਾਰੀ ਜ਼ਿੰਦਗੀ ਨਾਲ ਹੀ ਰਿਹਾ। ਨਾਨਕ ਨੂੰ ਨਿਰੰਕਾਰ ਜਾਣਿਆ। ਪਤਾ ਸੀ, ਹੋਰ ਜੀਵਨ ਮੰਗ ਲਵਾਂ, ਨਾਂਹ ਨਹੀਂ ਕਰਨਗੇ। ਬਸ ਇਕੋ ਮੰਗ, ਦੇਹ ਤੋਂ ਪ੍ਰਾਣ ਜੁਦਾ ਹੋਣ, ਤਾਂ ਤੁਸੀਂ ਮੇਰੇ ਸਾਮ੍ਹਣੇ ਰਹੋ। ਮੇਰਾ ਸਤਿਗੁਰ... ਮੇਰਾ ਮੁਰਸ਼ਦ ਮੇਰੇ ਕੋਲ ਰਹੇ...

"ਮੁਰਸ਼ਦ ਦਾ ਦੀਦਾਰ ਹੈ ਬਾਹੂ
ਲੱਖ ਕਰੋੜਾਂ ਹੱਜਾਂ ਹੂ॥"

ਤਾਂ ਭਾਈ ਗੁਰਦਾਸ ਜੀ ਕਹਿੰਦੇ ਹਨ–

"ਇਕ ਬਾਬਾ ਅਕਾਲ ਰੂਪ... ਦੂਜਾ ਰਬਾਬੀ ਮਰਦਾਨਾ...।"

# ਯਕ ਅਰਜ ਗੁਫਤਮ ਪੇਸਿ ਤੋ

ਸੰਨ 1300 ਈ. ਤੋਂ ਸੰਨ 1800 ਈ. ਤਕ ਇਤਿਹਾਸ ਦਾ ਮੱਧਕਾਲ ਮੰਨਿਆ ਗਿਆ ਹੈ। ਮੁਗਲਾਂ ਦਾ ਰਾਜ ਕਾਲ! ਅਤਿਆਚਾਰ, ਧਰਮਾਂਤਰਣ ਅਤੇ ਇਸਲਾਮੀ ਕਰਨ ਦਾ ਸੰਕਟ ਭਰਿਆ ਕਾਲ! ਉਸ ਵੇਲੇ ਹਿੰਦੁਸਤਾਨ ਵਿਚ, ਮੁੱਖ ਤਿੰਨ ਧਰਮ ਵੀਚਾਰ ਧਾਰਾਵਾਂ ਚੱਲ ਰਹੀਆਂ ਸਨ – ਹਿੰਦੂ ਜਾਂ ਸਨਾਤਨ ਧਰਮ, ਜੈਨ ਧਰਮ ਅਤੇ ਬੌਧ ਧਰਮ। ਹਿੰਦੂ ਮਤ, ਬਹੁਦੇਵ ਵਾਦ ਵਿਚ ਵੰਡਿਆ ਹੋਇਆ, ਭਰਮ-ਭੇਦ ਦੇ ਦਵੰਦ ਵਿਚ ਰਿੜ ਰਿਹਾ ਸੀ। ਜੈਨ ਧਰਮ ਅਤੇ ਬੋਧ ਧਰਮ, ਅਨਿਸ਼ਵਰਵਾਦੀ ਧਰਮ ਸਨ। ਕਰਮ ਸੁਧਾਰ ਦੀ ਗੱਲ ਤਾਂ ਕਰਦੇ ਸਨ, ਪਰੰਤੂ ਪਰਮਾਤਮਾ ਦੀ ਹੋਂਦ ਤੋਂ ਮੁਨੱਕਰ ਸਨ ਤਾਂ ਇਹ ਸਮਾਂ, ਗੁਲਾਮੀ ਦਾ ਤਉਕ ਗੱਲ ਪਾਏ ਹੋਏ ਹਿੰਦੁਸਤਾਨ ਲਈ, ਧੁੰਧ ਭਰਿਆ ਸਮਾਂ ਸੀ। ਧਰਮ, ਸਮਾਜ, ਅਰਥ ਅਤੇ ਸਿਆਸਤ, ਹਰ ਖਿੱਤੇ ਵਿਚ ਧੂਲ ਔਰ ਧੁੰਧ ਭਰਿਆ ਹਨੇਰਾ। ਭਾਈ ਗੁਰਦਾਸ ਜੀ ਕਹਿੰਦੇ ਹਨ, ਇਹ ਸੰਕਟ ਭਰਿਆ ਸਮਾਂ, ਗੁਰੂ ਨਾਨਕ ਅਵਤਾਰ ਦਾ ਸਮਾਂ ਬਣਿਆ-

> "ਸਤਿਗੁਰ ਨਾਨਕ ਪ੍ਰਗਟਿਆ॥
> ਮਿਟੀ ਧੁੰਧ ਜਗ ਚਾਨਣ ਹੋਆ॥"

ਗੁਰੂ ਨਾਨਕ ਨੂੰ ਮੈਂ ਧਰਮ ਅਵਤਾਰ ਮੰਨਦਾਂ। ਧਰਮ... ਜਿਸ ਨੂੰ ਧਾਰਨ ਕੀਤੈ, ਉਸ ਪ੍ਰਤੀ ਸਚਿਆਰ ਹੋਣ ਵਾਲਾ। ਦੇਹ ਧਾਰੀ ਸਤਿਗੁਰ! ਨਿਰਾਕਾਰ ਬ੍ਰਹਮ ਤਾਂ ਸਦਾ ਤੋਂ ਹੈ, ਉਦੋਂ ਵੀ ਹੈ ਸੀ। ਪਰ ਕੀ ਨਿਰਾਕਾਰ ਪ੍ਰਮਾਤਮਾ, ਲੋਧੀ, ਬਾਬਰ ਜਾਂ ਅਨੇਕਾਂ ਪੀਰਾਂ, ਮੌਲਵੀਆਂ, ਪੰਡਿਤਾਂ, ਪੁਜਾਰੀਆਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਵੰਗਾਰ ਸਕਦਾ ਸੀ। ਪ੍ਰਮਾਤਮਾ, ਸੁਖੀ, ਸ਼ਾਂਤ ਸੰਸਾਰ ਚਾਹੁੰਦੈ। ਪਰ ਕਿਸੇ ਨੂੰ ਸਮਝਾਉਣ ਸਵਾਰਨ ਲਈ, ਆਕਾਰ ਧਾਰਨਾ ਜ਼ਰੂਰੀ ਹੈ। ਇਹ ਆਕਾਰ, ਇਸ ਦੇਹਧਾਰੀ ਜੋਤਿ ਨੂੰ ਹੀ ਮੈਂ, "ਧਰਮ ਅਵਤਾਰ" ਕਹਿੰਦਾਂ। ਦੇਹ ਪ੍ਰਤੀ ਭੀ ਜਾਗ੍ਰਿਤ ਅਤੇ ਅੰਦਰ ਸਤਿ ਨੂੰ ਧਾਰਿਆ, ਜੋਤ ਨੂੰ ਧਾਰਿਆ, ਉਸ ਪ੍ਰਤੀ ਭੀ ਸਦਾ ਸੁਚੇਤ। ਦੋਹਾਂ ਤਲਾਂ 'ਤੇ ਕਰਤੱਵ ਨਿਰਵਾਹ ਕਰਨ ਵਾਲੇ ਧਰਮ ਅਵਤਾਰ, "ਸ੍ਰੀ ਗੁਰੂ ਨਾਨਕ!"

ਬਾਬਾ ਨਾਨਕ! ਜੰਮਦਿਆਂ, ਜਗ ਦੇ ਦੁਖਾਂ, ਕਲੇਸ਼ਾਂ, ਚਿੰਤਾਵਾਂ ਆਪਣੀ ਝੋਲੀ ਪਾ ਲਈਆਂ ਅਤੇ ਸੰਘਰਸ਼ ਸ਼ੁਰੂ ਹੋ ਗਿਆ। ਪਾਂਧਾ, ਸਿੱਖਿਆ ਦੇਣ ਵਾਲਾ, ਸੰਸਾਰੀ ਸਿੱਖਿਆ! ਮੌਲਵੀ ਆਇਆ, ਅੱਖਰ ਗਿਆਨ ਦੇਣ ਲਈ। ਗੁਰੂ ਨਾਨਕ ਨੇ ਹਰ ਅੱਖਰ ਦਾ ਅਰਥ, ਨਿਰੰਕਾਰ ਕਰ ਵਿਖਾਇਆ। ਜਨੇਊ ਧਾਰਨ ਲਈ ਆਏ ਪੰਡਿਤ ਜੀ ਨੂੰ, ਸੱਚੇ ਜਨੇਊ ਦੀ ਦੱਸ ਪਾਈ। ਦਇਆ, ਸੰਤੋਖ, ਸਤਿ ਅਤੇ ਸਦਾਚਾਰ ਭਰਿਆ ਜੀਵਨ, ਰੱਬੀ ਜਨੇਊ ਧਾਰਨ ਕਰਦੈ। ਘਰ ਵਿਚ ਪਿਤਾ ਕਾਲੂ ਮੇਹਤਾ ਦੀਆਂ ਆਸਾਂ ਪੂਰੀਆਂ

ਕਰਨ ਵਾਲਾ ਕਮਾਊ ਪੁੱਤਰ ਨਹੀਂ ਬਣ ਸਕੇ ਤਾਂ ਘਰ ਵਿਚ ਵੀ ਦਿਲ ਨਹੀਂ ਲੱਗਦਾ। ਬਾਹਰ ਸਾਰੀ ਦੁਨੀਆਂ ਵਿਚ ਅੱਗ ਲੱਗੀ ਹੋਈ ਦਿਸ ਰਹੀ ਸੀ।

"ਬਾਬਾ ਦੇਖੇ ਧਿਆਨ ਧਰ, ਜਲਤੀ ਸਭ ਪ੍ਰਿਥਵੀ ਦਿਸ ਆਈ॥"

ਕਹਿੰਦੇ ਹਨ, ਹਨੂੰਮਾਨ ਜਦੋਂ ਸਮੁੰਦਰ ਲੰਘ ਕੇ ਲੰਕਾ ਉੱਡਦੇ ਜਾ ਰਹੇ ਸਨ ਤਾਂ ਰਸਤੇ ਵਿਚ ਰਾਖਸ਼ੀ "ਸੁਰਸਾ" ਮੂੰਹ ਖੋਲ੍ਹ, ਹਨੂੰਮਾਨ ਨੂੰ ਖਾਣ ਲਈ ਆ ਗਈ। ਹਨੂੰਮਾਨ ਨੇ ਆਪਣਾ ਸਰੀਰ ਵੱਡਾ ਕਰਨਾ ਸ਼ੁਰੂ ਕਰ ਦਿੱਤਾ। ਕਹਿੰਦੇ ਹਨ, ਹਨੂੰਮਾਨ ਜੀ ਜਿੰਨ੍ਹਾਂ ਵੱਡਾ ਸਰੀਰ ਕਰਦੇ, ਸੁਰਸਾ ਓਦੂੰ ਵੱਡਾ ਮੂੰਹ ਖੋਲ੍ਹ ਲੈਂਦੀ। ਗੁਰੂ ਨਾਨਕ, ਅਜੇ ਬਾਲ ਰੂਪ ਵਿਚ, ਕਿਸ਼ੋਰ ਅਵਸਥਾ ਵਿਚ ਹੈ ਸਨ, ਸੰਸਾਰ ਹੀ ਸੁਰਸਾ ਵਾਂਗ ਮੂੰਹ ਖੋਲ੍ਹੀ ਬੈਠਾ ਸੀ। ਇਹ ਜਗ ਦਿਆਂ, ਦੁਖਾਂ, ਸਮੱਸਿਆਵਾਂ ਦੀ ਸੁਰਸਾ ਸੀ।

ਤਾਂ ਗੁਰੂ ਨਾਨਕ ਪਾਤਸ਼ਾਹ, ਪ੍ਰਮਾਤਮਾ ਅੱਗੇ, ਇਕ ਅਰਜ਼ ਪੇਸ਼ ਕਰਦੇ ਹਨ–

"ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥
ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ॥" (ਪੰਨ–721)

ਸਾਰਾ ਸੰਸਾਰ ਐਬਾਂ ਭਰਿਆ ਹੈ। ਮਿੱਟੀ, ਅਗਨੀ, ਪਾਣੀ ਅਤੇ ਹਵਾ ਦੀ ਦੁਰਵਰਤੋਂ ਹੋਈ ਤਾਂ ਮਿੱਟੀ ਦੀ ਦੇਹ ਵਿਚ ਕਾਮ ਪ੍ਰਬਲ ਹੋ ਗਿਆ। ਅਗਨ ਨੇ ਕ੍ਰੋਧ ਭਰ ਦਿੱਤਾ। ਪਾਣੀ ਨੇ ਲਹੂ ਦੇ ਨਾਲ ਰਲ਼ ਕੇ ਸਾਰੇ ਅੰਗਾਂ ਵਿਚ ਲੋਭ ਭਰ ਦਿੱਤਾ, ਹਵਾ ਦੂਸ਼ਤ ਕੀਤੀ ਤਾਂ ਮੋਹ ਨੇ ਜਕੜ ਲਿਆ। ਐਬਾਂ ਨਾਲ ਭਰ ਗਿਆ। ਹੇ ਨਿਰੰਕਾਰ, ਇਕ ਤੂੰ ਬੇਐਬ ਹੈਂ। ਕਬੀਰ, ਤੇਰੇ ਜਿਹਾ ਕੋਈ ਵੱਡਾ, ਵਡਿਆਈ ਯੋਗ ਨਹੀਂ। ਕਰੀਮ, ਤੇਰੇ ਵਰਗਾ ਕੋਈ ਰਹਿਮ ਦਿਲ ਨਹੀਂ, ਕੋਈ ਤੇਰੇ ਜਿਹਾ ਦਇਆਲ ਨਹੀਂ। "ਯਕ ਅਰਜ ਗੁਫਤਮ ਪੇਸਿ ਤੋ – ਤੇਰੇ ਦਰ ਤੇ ਇਕ ਅਰਜ਼ ਪੇਸ਼ ਕਰਦਾਂ। ਸੰਸਾਰ ਸੁਖੀ ਵਸੇ, ਸ਼ਾਂਤ ਵਸੇ, .... ਸਰਬੱਤ ਦਾ ਭਲਾ ਹੋਵੇ।"

ਸੰਨ 1916 ਵਿਚ ਪ੍ਰੋ. ਪੂਰਨ ਸਿੰਘ ਨੇ ਲਿਖਿਆ ਸੀ: ਸੰਸਾਰ ਵਿਚ, ਗੁਰੂ ਨਾਨਕ ਇਕੱਲਾ, ਜਿਹੜਾ ਸਾਰਿਆਂ ਦੀ ਗੱਲ ਕਰਦੈ... ਧਰਮ ਤੱਤਾਂ ਦੀ ਗੱਲ ਕਰਦੈ। ਕਿਸੇ ਮਤਿ ਦਾ ਖੰਡਨ ਨਹੀਂ ਕਰਦਾ। ਗੁਰੂ ਨਾਨਕ ਦੇ ਨਾਲ, ਪ੍ਰਭੂ ਯੀਸੂ ਵੀ ਹੈ, ਮੁਹੰਮਦ ਸਾਹਿਬ ਵੀ ਹਨ–

"ਉੱਠ ਸਖੀ ਚਲ ਵੇਖਣ ਚਲੀਏ, ਹੋਰ ਰੰਗੀਲਾ ਆਇਆ ਈ॥
ਯੀਸੂ ਨਾਲ ਮੁਹੰਮਦ ਆਏ, ਨਾਨਕ ਧੰਨ ਅਲਾਇਆ ਈ॥"

ਗੁਰੂ ਨਾਨਕ ਧਰਮ ਦਰਸ਼ਨ ਦਾ, ਗੁਰੂ ਨਾਨਕ ਫ਼ਲਸਫ਼ੇ ਦਾ ਵਿਲੱਖਣ ਪੱਖ ਹੈ ਕਿ ਗੁਰੂ, ਸਿੱਖ ਰੂਪ ਵਿਚ ਵੱਗੀ ਧਰਮ ਸਰਿਤਾ ਵਿਚ, ਨਿਰਮਲਤਾ 'ਤੇ ਜ਼ੋਰ ਦਿੱਤਾ ਗਿਆ। ਮਨੁੱਖੀ ਜੀਵਨ ਤਾਂ ਵਗਦੇ ਹੋਏ ਝਰਨੇ ਦਾ ਪ੍ਰਵਾਹ ਹੈ। ਇਸ ਵਿਚ ਸੇਵਾ ਸਿਮਰਨ ਦੀ ਸੁਗੰਧ ਹੈ। ਸਰਬੱਤ ਦੇ ਭਲੇ ਲਈ, ਦਇਆ, ਸਤਿ, ਸੰਤੋਖ ਦਾ ਸੰਗੀਤ ਹਰ ਵਖਤ ਹਵਾਵਾਂ ਵਿਚ ਤਰੱਨੁਮ ਬਿਖੇਰਦਾ ਸੁਣਾਈ ਦਿੰਦੈ। ਸਤਿਗੁਰਾਂ ਨੇ ਦਇਆ, ਸਤਿ, ਸੰਤੋਖ ਨੂੰ ਧਰਮ ਦਾ ਆਧਾਰ ਘੋਸ਼ਿਤ ਕੀਤਾ। ਕੁਲ ਦਾ ਪੁਰੋਹਤ ਜਨੇਊ ਪਾਉਣ ਲੱਗਾ

ਤਾਂ, "ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ" ਕਹਿ ਕੇ, ਧਰਮ ਦੀ ਵਿਆਖਿਆ ਕੀਤੀ। ਇਹ ਸੂਤਰ, ਬਹੁਤ ਗਹਿਰੇ ਮਨੋਵਿਗਿਆਨਕ ਪਰਤਾਂ ਦਾ ਇਲਾਜ ਕਰਦਾ ਦਿਸਦੈ। ਸਤਿਗੁਰੂ ਜੀ, ਲੋਕ ਅਤੇ ਪਰਲੋਕ, ਅਰਥਾਤ ਇਹ ਜੀਵਨ ਅਤੇ ਇਸ ਜੀਵਨ ਵਿਚ ਕੀਤੇ ਹੋਏ ਕਰਮਾਂ 'ਤੇ ਆਧਾਰਤ ਅਗਲੇ ਜੀਵਨ ਨੂੰ ਵੀ ਸੁਖੀ, ਸ਼ਾਂਤ ਕਰਨ ਦਾ ਮੰਤਰ ਦਿੰਦੇ ਹਨ। ਸੰਸਾਰ ਦੇ ਸਾਰੇ ਦੁਖਾਂ ਦੇ ਮੁੱਖ ਦੋ ਹੀ ਕਾਰਣ ਹੁੰਦੇ ਹਨ – ਹਿੰਸਾ ਅਤੇ ਲੋਭ। ਇਹਨਾਂ ਦੋਹਾਂ 'ਚੋਂ ਪਹਿਲਾ ਨੰਬਰ ਲੋਭ ਦਾ ਹੈ। ਬਾਕੀ ਦੇ ਰਹਿੰਦੇ ਵਿਕਾਰ, ਕਾਮ, ਕ੍ਰੋਧ, ਮੋਹ, ਹੰਕਾਰ, ਇਹ ਸਾਰੇ ਦੁਰਗੁਣ, ਇਕ ਲੋਭ ਦੇ ਬਾਈ ਪ੍ਰੋਡਕਟ ਹਨ। ਲੋਭ ਤੋਂ ਜੰਮਣ ਵਾਲੇ ਵਿਕਾਰ। ਕਹਿੰਦੇ ਹਨ, ਜ਼ਮਾਨੇ ਦੀਆਂ ਸਾਰੀਆਂ ਜੰਗਾਂ – ਜਰ, ਜੋਰੂ, ਜਮੀਨ; ਤਿੰਨਾਂ ਕਰਕੇ ਹੀ ਹੋਈਆਂ। ਜਰ ਦਾ ਅਰਥ ਹੈ – ਧਨ। ਜੋਰੂ ਔਰਤ ਅਤੇ ਜ਼ਮੀਨ। ਤਾਂ ਇਹ ਤਿੰਨੇ ਇਕ ਲੋਭ ਤੋਂ ਜੰਮਦੇ ਹਨ। ਧਨ ਦਾ ਲੋਭ, ਸੁੰਦਰ ਨਾਰੀ ਨੂੰ ਵੇਖਿਆ ਤਾਂ ਪ੍ਰਾਪਤ ਕਰਨ ਦਾ ਲੋਭ ਉੱਠ ਖਲੋਤਾ। ਕਾਮ ਤਾਂ ਬਾਦ ਵਿਚ ਫਲੀਭੂਤ ਹੋਵੇਗਾ। ਜ਼ਮੀਨ, ਦੂਜੇ ਰਾਜ ਨੂੰ ਹੜੱਪ ਲੈਣ ਦੀ ਖਵਾਹਿਸ਼ ਲੋਭ ਤੋਂ ਪੈਦਾ ਹੋਈ। ਭਗਵਾਨ ਸ੍ਰੀ ਕ੍ਰਿਸ਼ਨ ਦਾ ਸਾਰਾ ਜੀਵਨ, ਜੰਗਾਂ ਵੇਖਦਿਆਂ, ਸੁਣਦਿਆਂ ਹੀ ਬਿਤੀਤ ਹੋਇਆ। ਤਾਂ ਜੰਗਾਂ ਦੇ ਕਾਰਣ ਦਾ ਵਿਸ਼ਲੇਸ਼ਣ, ਉਨ੍ਹਾਂ ਬਹੁਤ ਕੀਤਾ ਹੋਵੇਗਾ। ਕਹਿੰਦੇ ਹਨ– ਪਹਿਲਾਂ ਕਿਸੇ ਸ਼ੈਅ ਜਾਂ ਸੁੰਦਰ ਨਾਰੀ, ਕੁੱਝ ਵੀ ਜੋ ਚੰਗਾ ਲੱਗੇ, ਉਸ ਨਾਲ ਅੰਦਰ ਗਹਿਰੇ ਵਿਚ "ਸੰਗ" ਉਤਪੰਨ ਹੋ ਜਾਂਦਾ ਹੈ। ਇਹ ਸੰਗ ਹੀ ਲੋਭ ਹੁੰਦੈ। ਉਸ ਪ੍ਰਤੀ ਆਕਰਸ਼ਨ ਪੈਦਾ ਹੋਇਆ ਤਾਂ ਲੋਭ ਤੋਂ ਕਾਮਨਾ ਦਾ ਗਣਿਤ, ਜਿਸ ਨੂੰ ਕਾਮ ਵੀ ਕਹਿੰਦੇ ਹਾਂ, ਉਹ ਆਰੰਭ ਹੁੰਦੈ। ਜੇ ਇਹ ਜ਼ਮੀਨ, ਔਰਤ ਜਾਂ ਇਮਾਰਤ ਮਿਲ ਜਾਏ ਤਾਂ ਇਸ ਦੀ ਵਰਤੋਂ ਦੀ ਇੱਛਾ ਹੀ ਕਾਮ ਹੈ। ਜੇ ਇਹ ਲੋਭ ਨਾ ਪੂਰਾ ਹੋਇਆ, ਮਨ ਭਾਉਂਦੀ ਚੀਜ਼ ਨਾ ਮਿਲੀ, ਕਾਮਨਾ ਸੰਤੁਸ਼ਟ ਨਹੀਂ ਹੋਈ, ਤਾਂ ਕ੍ਰੋਧ ਪੈਦਾ ਹੁੰਦੈਂ। ਕ੍ਰੋਧ ਤੋਂ ਬੁੱਧੀ ਦੀ ਸੋਚਣ ਦੀ ਸ਼ਕਤੀ ਨਸ਼ਟ ਹੋ ਜਾਂਦੀ ਹੈ ਤਾਂ ਜੰਗ ਅਤੇ ਫਿਰ ਮਹਾਂ ਵਿਨਾਸ਼ ਵਾਪਰ ਜਾਂਦੈ।

> "ਸੰਗਾਤ ਸੰਜਯਤੇ ਕਾਮ:, ਕਾਮਾਤ ਕ੍ਰੋਧ ਅਭਿਜਾਯਤੇ।
> ਕ੍ਰੋਧਾਤ ਭਵਤਿ ਸੰਮੋਹ:, ਸੰਮੋਹਾਤ ਸਮ੍ਰਿਤੀਵਿਭ੍ਰਮ:
> ਸਮ੍ਰਿਤੀ ਭ੍ਰੰਸਾਤ ਬੁੱਧੀ ਨਾਸ਼ੋ, ਬੁੱਧੀ ਨਾਸ਼ਾਤ ਪ੍ਰਨਸਯਤੀ॥"

(ਗੀਤਾ 20:63)

ਇਕ ਲੋਭ ਦੁਖਾਂ ਦਾ ਮੂਲ ਹੈ। ਇਹੋ ਇਕ ਦਿਨ, ਸ੍ਰਿਸ਼ਟੀ ਨਾਸ਼ ਦਾ ਨਮਿਤ ਬਣਦਾ ਹੈ।

ਤਾਂ ਗੁਰੂ ਨਾਨਕ ਪਾਤਸ਼ਾਹ, ਲੋਭ ਦੇ ਵਿਪਰੀਤ, ਸੰਤੋਖ ਦੀ ਗੱਲ ਕਰਦੇ ਹਨ। ਹਿੰਸਾ ਦੇ ਉਲਟ ਦਇਆ ਦੀ ਗੱਲ ਕਰਦੇ ਹਨ। ਦੁਖਾਂ ਨੂੰ ਦੂਰ ਕਰਨ ਲਈ ਸੁਖ ਦਾ ਖਿਨ ਲੋੜੀਂਦਾ ਹੈ... ਅਤੇ ਸੱਚਾ ਸੁੱਖ ਸੰਤੋਖ ਵਿਚ ਹੈ। ਕ੍ਰੋਧ ਤੋਂ ਉਪਜੀ ਘਿਰਨਾ, ਨਫ਼ਰਤ, ਇਹਨਾਂ ਦੀ ਦਵਾ, ਦਇਆ ਹੈ। ਦਇਆ ਹੈ ਤਾਂ ਖ਼ਿਮਾ ਹੈ।

ਗੁਰੂ ਨਾਨਕ 18 ਵਰ੍ਹਿਆਂ ਦੇ ਹੋਏ। ਅੱਖਾਂ ਅੱਗੇ ਸੰਸਾਰ ਦੇ ਦੁਖ ਭੌਂਦੇ ਹਨ। ਸੌਣ ਨਹੀਂ ਦਿੰਦੇ। ਭੁੱਖ, ਪਿਆਸ ਨਹੀਂ ਲੱਗਦੀ। ਘਰ ਦੇ ਮਾਤਾ ਪਿਤਾ, ਕੁਝ ਕੰਮ ਕਰਨ ਦਾ ਦਬਾਅ ਪਾਉਂਦੇ। ਖੇਤੀ ਪੱਤੀ ਸੰਭਾਲਣ ਲਈ, ਸਮਾਜ ਵਿਚ ਸ਼ੋਭਾ ਵਧੌਣ ਲਈ ਜ਼ੋਰ ਦਿੰਦੇ। ਇਸੇ ਦੁਬਿਧਾ ਵਿਚ, ਗੁਰੂ ਨਾਨਕ ਮੌਨ ਹੋ ਗਏ। ਨਾ ਕਿਸੇ ਨਾਲ ਬੋਲਦੇ, ਨਾ ਕੁਝ ਖਾਂਦੇ, ਨਾ ਕੁਝ ਪੀਂਦੇ। ਚਿੰਤਤ ਹੋ ਕੇ, ਮਾਤਾ ਤ੍ਰਿਪਤਾ ਨੂੰ ਨਾਲ ਲੈ ਕੇ, ਪਿਤਾ ਮੇਹਤਾ ਕਾਲੂ ਜੀ, ਕਮਰੇ ਵਿਚ ਆਏ। ਭਾਈ ਬਾਲਾ ਜੀ ਜਨਮ ਸਾਖੀ, ਗੁਰੂ ਅੰਗਦ ਦੇਵ ਜੀ ਨੂੰ ਸੁਣੌਂਦੇ ਹਨ–

"ਸੁਣ ਬੇਟਾ ਅਸਾਡੀ ਖੇਤੀ ਬਾਹਰ ਪੱਕੀ ਖੜੀ ਹੈ ਅਰ ਜੇ ਤੂੰ ਵਿਚ ਜਾਇ ਕਰ ਖੜਾ ਹੋਵੇਂ ਤਾਂ ਖੇਤੀ ਕਿਉਂ ਉੱਜੜੇ ਅਤੇ ਸਭ ਕੋਈ ਸ਼ਰੀਕ ਅਤੇ ਦੇਖਣ ਵਾਲੇ ਆਖਣ ਜੋ ਵਾਹ ਵਾਹ, ਭਾਈ ਕਾਲੂ ਦਾ ਪੁਤ੍ਰ ਭਲਾ ਹੋਇਆ ਹੈ।"

ਗੁਰੂ ਨਾਨਕ ਬੋਲੇ, ਪਿਤਾ ਜੀ! ਇਸ ਸੰਸਾਰ ਦੀ ਧਰਤੀ 'ਤੇ ਹੋ ਰਹੀ ਖੇਤੀ ਤੋਂ ਨਿਵੇਕਲੀ ਇਕ ਖੇਤੀ ਵਾਹੀ ਹੈ। ਹੱਲ ਵਾਹਿਆ ਹੈ ਅਤੇ ਸਾਡੀ ਜਿਮੀਂ ਵੱਤਰ ਆਈ ਹੈ। ਪਿਤਾ ਜੀ, ਅਸੀਂ ਉਸ ਵਿਲੱਖਣ ਖੇਤੀ ਦੀ ਸੰਭਾਲ ਪੂਰੀ ਪੂਰੀ ਕਰਦੇ ਹਾਂ।

ਪਿਤਾ ਕਾਲੂ ਨੇ ਕਿਹਾ, "ਕਿਹੜੀ ਵੱਖਰੀ ਖੇਤੀ ਵਾਹੀ ਹੈ ? ਅਸਾਂ ਤਾਂ ਕਦੇ ਦੇਖੀ ਨਾਹੀਂ।"

ਤਾਂ ਗੁਰੂ ਨਾਨਕ ਪਾਤਸ਼ਾਹ ਨੇ ਸੋਰਠਿ ਰਾਗ ਵਿਚ ਸ਼ਬਦ ਉਚਾਰਣ ਕੀਤਾ–

"ਮਨ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥
ਨਾਮ ਬੀਜੁ, ਸੰਤੋਖ ਸੁਹਾਗਾ, ਰਖੁ ਗਰੀਬੀ ਵੇਸੁ ॥" (ਪੰ. 595)

"ਪਿਤਾ ਜੀ, ਇਹ ਸਰੀਰ, ਇਕ ਖੇਤ ਹੈ। ਰੱਬੀ ਮੇਹਰ ਨਾਲ, ਕੁਦਰਤ ਵਲੋਂ ਸਿਰਜਿਆ ਇਕ ਖੇਤ।"

ਇਕ ਕਮਾਲ ਦੀ ਸਮਾਨਤਾ ਹੈ। ਹਜ਼ਾਰਾਂ ਸਾਲ ਪਹਿਲਾਂ, ਸ੍ਰੀ ਕ੍ਰਿਸ਼ਨ ਵੀ ਅਰਜਨ ਨੂੰ ਕਹਿੰਦੇ ਹਨ,

"ਇਦੰ ਸ਼ਰੀਰੰ ਕੌਂਤੇਯ, ਛੇਤਰਮ ਇਤੀ ਅਭਿਦੀਯਤੇ"– (ਗੀਤਾ 13:1)

ਐ ਕੁੰਤੀ ਦੇ ਪੁੱਤਰ ਅਰਜਨ! ਇਹ ਸਰੀਰ ਇਕ ਖੇਤਰ ਹੈ... ਖੇਤ ਹੈ।" ਇਸ ਵਿਚ ਅੰਨ ਪੈਦਾ ਵੀ ਕੀਤਾ ਜਾ ਸਕਦਾ ਹੈ ਅਤੇ ਜੰਗ ਵੀ ਲੜੀ ਜਾ ਸਕਦੀ ਹੈ।

ਗੁਰੂ ਨਾਨਕ ਪਾਤਸ਼ਾਹ ਵੀ ਕਹਿੰਦੇ ਹਨ–ਇਹ ਤਨ ਖੇਤ ਹੈ। ਮਨ ਕਿਸਾਨ ਹੈ। ਕਿਸਾਨ ਅੰਦਰ ਦੀ ਸਚਿਆਈ ਨਾਲ ਹਲ ਚਲਾਇ, ਪਾਣੀ ਦੇਵੇ। ਨਾਮ ਦਾ ਬੀਂ ਪਾਵੇ ਅਤੇ ਸੰਤੋਖ ਦਾ ਸੁਹਾਗਾ ਫੇਰੇ। ਸਿੱਧੇ, ਸਰਲ, ਮੇਹਨਤਕਸ਼ ਕਿਸਾਨ ਵਾਂਗ ਜੀਵਨ ਦੀ ਖੇਤੀ। ਇਹ ਖੇਤੀ ਅਤੇ ਇਸ ਤੋਂ ਉਪਜੀ ਫਸਲ, ਦੋਹਾਂ ਲੋਕਾਂ ਵਿਚ ਚਉਣੀ ਸੁਖਦਾਈ ਹੈ–

"ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ ॥"

ਤਾਂ ਗੁਰੂ ਨਾਨਕ, ਇਥੇ ਵੀ ਸੰਤੋਖ ਨੂੰ ਸੁਖੀ ਸੰਸਾਰ ਦਾ ਮੁਖੀਆ ਘੋਸ਼ਤ ਕਰਦੇ ਹਨ।

ਤਾਂ ਗੁਰੂ ਨਾਨਕ ਜਗ ਦੇ ਸਾਂਝੇ ਦੁਖਾਂ ਨੂੰ ਵੇਖਦੇ ਹਨ ਅਤੇ ਉਪਚਾਰ ਵੀ ਸਾਂਝਾ ਦੱਸਦੇ ਹਨ। ਇਸ ਇਲਾਜ ਵਿਚ ਜਾਤਾਂ, ਵਰਨਾਂ ਜਾਂ ਮੁਲਕਾਂ ਦੀਆਂ ਸਰਹੱਦਾਂ ਮਾਇਨੇ ਨਹੀਂ ਰੱਖਦੀਆਂ।

ਸੰਨ 1490 ਵਿਚ, ਵੇਂਈ ਨਦੀ ਵਿਚ ਇਕ "ਦਵੀਜ" ਪ੍ਰਗਟ ਹੋਇਆ। ਦਵੀਜ ਦਾ ਅਰਥ ਹੈ, "ਦਿੱਵ ਜਨਮ"। ਇਹ ਜਨਮ ਅੰਦਰਲੀ ਜੋਤਿ ਦਾ ਹੁੰਦਾ ਹੈ। ਮਾਫ਼ ਕਰਨਾ, ਪ੍ਰਾਚੀਨ ਧਰਮ ਸ਼ਾਸਤਰਾਂ ਵਿਚ ਆਏ ਦਵੀਜ ਸ਼ਬਦ ਅਰਥ, ਇਹੋ ਸੀ, ਦਿੱਵ ਜੋਤ ਦਾ ਜਨਮ।

ਮਹਾਂਭਾਰਤ ਦੇ ਸ਼ਾਂਤੀ ਪਰਵ ਵਿਚ, ਸ੍ਰੀ ਭਗਵਾਨ ਕ੍ਰਿਸ਼ਨ ਕਹਿੰਦੇ ਹਨ–

"ਸ਼ਰੀਰਮੇਵ ਜਾਯਤੇ, ਮਾਤਾ ਪਿਤਾ ਚ ਅਰਜੁਨਃ।
ਆਚਾਰਯੋ ਵਿਸਟਃ ਯਃ ਯਾਤੀ, ਸ ਦਿੱਵਯਃ ਸ ਅਜਰ ਅਮਰਾ।"

ਮਾਤਾ ਪਿਤਾ ਦੇ ਮਿਲਨ ਨਾਲ ਇਕ ਜਨਮ ਹੁੰਦੈ। ਗੁਰੂ ਔਰ ਸਿੱਖ ਦੇ ਸੁਮੇਲ ਨਾਲ "ਦਵੀਜ" ਦਿੱਵ ਜੋਤ ਦਾ ਜਨਮ ਹੁੰਦੈ। ਇਹ ਦੂਜਾ ਜਨਮ ਹੈ। ਸੰਸਕ੍ਰਿਤ ਰਚਿਤ, ਧਰਮ ਗ੍ਰੰਥਾਂ ਦਾ ਅਰਥ ਕਰਨ ਲਈ, ਇਕ ਮਾਤਰ ਅਧਿਕਾਰ ਪ੍ਰਾਪਤ ਪੰਡਤਾਂ ਨੇ ਦਵਿਜ ਦਾ ਅਰਥ ਕੀਤਾ, "ਬ੍ਰਾਹਮਣ"। ਅੰਦਰ ਜੋਤ ਨਾਲ ਪ੍ਰੀਚੈ ਨਹੀਂ ਹੋਇਆ, ਗੁਣ, ਗਿਆਨ ਤੋਂ ਭਾਵੇਂ ਹੀਨ ਹੋਵੇ, ਪਰ ਬ੍ਰਾਹਮਣ ਘਰ ਜੰਮਿਆ ਤਾਂ "ਦਵਿਜ" ਹੈ। ਯਥਾਰਥ ਵਿਚ, ਗੁਰੂ ਨਾਨਕ ਦਵਿਜ ਹੈ, ਭਗਵਾਨ ਬੁੱਧ, ਮਹਾਂਵੀਰ ਸੁਆਮੀ, ਦਵਿਜ ਹਨ... ਜਿਨ੍ਹਾਂ ਦੇ ਅੰਦਰ ਰੂਹ ਪ੍ਰਗਟ ਹੋਈ। ਤਾਂ ਮੈਂ ਕਹਿੰਦਾ, 1490 ਈ. ਵਿਚ ਵੇਂਈ ਨਦੀ ਕੰਢੇ ਇਕ "ਦਵਿਜ" ਪ੍ਰਗਟ ਹੋਇਆ। ਅੰਦਰ ਟੁੱਬੀ ਲਾਈ ਤਾਂ ਸਿੱਧਿਆਂ ਪ੍ਰਮੇਸ਼ਰ ਦੀ ਦਰਗਾਹ ਵਿਚ ਪਹੁੰਚ ਗਏ। ਤਿੰਨ ਦਿਨ ਲੰਘ ਗਏ, ਬਾਹਰ ਨਾ ਆਏ। ਸਨਾਤਨ ਸੋਚ ਅਨੁਸਾਰ, ਮ੍ਰਿਤੂ ਤੋਂ ਤਿੰਨ ਦਿਨਾਂ ਬਾਦ ਪ੍ਰਾਣੀ ਦੀ ਮੁਕੰਮਲ ਮੌਤ ਹੁੰਦੀ ਏ। ਤਿੰਨ ਦਿਨ ਬਤੀਤ ਹੋ ਗਏ। ਸਾਰਿਆਂ ਮੰਨ ਲਿਆ, "ਨਾਨਕ ਮਰ ਗਏ"। ਪਰ ਚੌਥੇ ਦਿਨ, ਵੇਈਂ ਕੰਢੇ ਪ੍ਰਗਟ ਹੋ ਗਏ। ਭਾਈ ਗੁਰਦਾਸ ਕਹਿੰਦੇ ਹਨ, ਉਹ ਤਿੰਨ ਦਿਨ, ਨਾਨਕ ਅਤੇ ਨਿਰੰਕਾਰ ਮੱਧ ਸੰਵਾਦ ਦੇ ਦਿਨ ਹੈ ਸਨ;–

"ਬਾਬਾ ਪੈਧਾ ਸਚ ਖੰਡ, ਨਉਨਿਧਿ ਨਾਮ ਗਰੀਬੀ ਪਾਈ॥
ਬਾਬਾ ਦੇਖੇ ਧਿਆਨ ਧਰ ਜਲਤੀ ਸਭ ਪ੍ਰਿਥਵੀ ਦਿਸ ਆਈ॥"

ਸਚਖੰਡ ਤੋਂ, ਗੁਰੂ ਨਾਨਕ ਦੋ ਚੀਜ਼ਾਂ ਲੈ ਕੇ ਆਏ,

"ਨਉਨਿਧਿ ਨਾਮ, ਗਰੀਬੀ ਪਾਈ"॥

ਇਹ, ਉਹ ਗਰੀਬੀ ਹੈ ਜਿਹੜੀ ਬਾਦਸ਼ਾਹਾਂ ਨੂੰ ਬਾਦਸ਼ਾਹੀ ਬਖਸ਼ ਦਿੰਦੀ ਹੈ... ਜੇ ਨਜ਼ਰ ਵਿੰਗੀ ਕਰ ਲਵੇਂ ਤਾਂ,

"ਨਦਰਿ ਉਪਠੀ ਜੇ ਕਰੇ, ਸੁਲਤਾਨਾ ਘਾਹੁ ਕਰਾਇਦਾ॥
ਦਰਿ ਮੰਗਨਿ ਭਿਖ ਨ ਪਾਇਦਾ॥" (ਪੰ–472)

ਤਲਵੰਡੀ ਦਾ ਨਵਾਬ ਰਾਏ ਬੁਲਾਰ ਆਖਦੈ, "ਓ ਕਾਲੂ! ਇਸ ਨਾਨਕ ਤਾਂਈ

ਮਨੁੱਖ ਕਰ ਕੇ ਨਾ ਜਾਣੀ। ਇਹ "ਖੁਦਾ ਦਾ ਨੂਰ" ਤੇਰੇ ਘਰ ਆਇਆ ਹੈ। ਇਸ ਦੇ ਹੱਥਾਂ 'ਚੋਂ, ਮੈਂ ਦੁਨੀਆਂ ਦੀ ਦੌਲਤ ਵਗਦੀ ਵੇਖੀ ਹੈ। ਇਸ ਦੀ ਰਹਿਮਤ ਨਾਲ, ਖੇਤਾਂ ਵਿਚ ਅੰਨ ਹੈ, ਨਦੀਆਂ ਵਿਚ ਪਾਣੀ ਹੈ। ਇਸ ਕਰ ਕੇ ਮੇਰੀ ਤਲਵੰਡੀ ਸੁਖੀ ਵਸਦੀ ਹੈ।"

ਗੁਰੂ ਨਾਨਕ, ਆਦਿ ਹਨ... ਆਰੰਭ। ਨਦੀ ਦਾ ਉਦਗਮ ਬਹੁਤ ਔਖਾ ਹੁੰਦੈ। ਪੱਥਰਾਂ ਪਹਾੜਾਂ ਦਾ ਹਿੱਕ ਪਾੜ ਕੇ ਪ੍ਰਗਟ ਹੋਣਾ ਪੈਂਦੈ। ਪ੍ਰੀਵਾਰ ਦੀ ਪ੍ਰੰਪਰਾ, ਸਮਾਜ ਦੀਆਂ ਰੂੜ੍ਹੀਵਾਦੀ ਵਿਚਾਰਧਾਰਾਵਾਂ, ਪੱਥਰ ਦੇ ਪਹਾੜ ਹੁੰਦੇ ਹਨ। ਇਹਨਾਂ ਸਾਰਿਆਂ 'ਚੋਂ ਨਿੱਤਰ ਕੇ ਬਾਹਰ ਆਉਣਾ, ਇਹ ਪੁਰਸ਼ਾਰਥ, ਗੁਰੂ ਨਾਨਕ ਜਾਣਦੇ ਹਨ।

"ਸਭ ਕੈ ਮਧਿ ਸਗਲ ਤੇ ਉਦਾਸ॥"

ਕਿਸੇ ਨਾਲ ਮੋਹ ਨਹੀਂ, ਕਿਸੇ ਨਾਲ ਵੈਰ ਨਹੀਂ। ਸਭ ਦਾ ਹਿੱਤ ਕਰਨ ਵਾਲਾ, ਗੁਰੂ ਨਾਨਕ।

ਭਾਈ ਮੂਲਾ, ਸਿਆਲਕੋਟ ਦਾ ਰਹਿਣ ਵਾਲਾ। ਪੁਰਾਣੀ ਪਛਾਣ ਵਾਲਾ। ਇਕ ਵਾਰ ਜਗਤ ਫੇਰੀ ਤੇ ਨਿਕਲੇ, ਤਾਂ ਮਿਲੇ ਸਨ। ਚੰਗਾ ਲੱਗਾ, ਭਾਈ ਮੂਲਾ। ਕਹਿੰਦੇ ਹਨ, ਇਤਿਹਾਸ ਰਚਣ ਵਾਲਿਆਂ ਦਾ ਆਪਣਾ, ਆਗ੍ਰਹਿ, ਆਪਣੀ ਕੁਝ ਰਾਖਵੀਂ ਸੋਚ ਹੁੰਦੀ ਹੈ, ਜਿਹੜੀ ਪ੍ਰਸੰਗ ਦਾ ਚਿਤਰਨ ਕਰਦੀ ਹੈ। ਕਹਿੰਦੇ ਹਨ, ਦੂਜੀ ਵਾਰ, ਪਾਤਸ਼ਾਹ, ਸਿਆਲਕੋਟ ਗਏ ਤਾਂ ਭਵਿੱਖ ਵੇਖ ਲਿਆ, ਭਾਈ ਮੂਲੇ ਦਾ। ਪਿਛਲੇ ਕਰਮਾਂ ਦਾ ਬਦਲਾ ਲੈਣ ਲਈ ਇਕ ਜ਼ਹਿਰੀਲਾ ਸੱਪ, ਗੋਹੇ ਦੀਆਂ ਪਾਥੀਆਂ ਦੇ ਢੇਰ ਵਿੱਚ ਛੁਪਿਆ, ਮੂਲੇ ਨੂੰ ਮਾਰਨ ਲਈ ਉਡੀਕ ਕਰ ਰਿਹਾ ਸੀ। ਉਸ ਦਾ ਕਰਮ ਅਤੇ ਕਾਲ (ਸਮਾਂ) ਇਹੋ ਸੀ। ਕਹਿੰਦੇ ਹਨ, ਗੁਰੂ ਨਾਨਕ ਨੇ, ਘਰ ਦੇ ਬਾਹਰੋਂ ਆਵਾਜ਼ ਲਗਾਈ, "ਭਾਈ ਮੂਲਾ... ਓ ਭਾਈ ਮੂਲਾ!" ਕਿਹਾ ਜਾਂਦੈ, ਮੂਲਾ ਸਤਿਗੁਰਾਂ ਨਾਲ ਜਾਣਾ ਨਹੀਂ ਸੀ ਚਾਹੁੰਦਾ। ਜਾਂ ਉਸ ਦੀ ਘਰ ਵਾਲੀ ਨਹੀਂ ਜਾਣ ਦੇਣਾ ਚਾਹੁੰਦੀ ਸੀ। ਅੰਦਰੋਂ ਹੀ ਘਰ ਵਾਲੀ ਨੇ ਜਵਾਬ ਦਿੱਤਾ, "ਮੂਲਾ ਹੈ ਨਹੀਂ।" ਸਤਿਗੁਰਾਂ ਦੇ ਮੁਖਾਰਬਿੰਦ 'ਚੋਂ ਨਿਕਲਿਆ, ਜੇ ਨਹੀਂ ਹੈ, ਤਾਂ ਹੁਣ ਨਹੀਂ ਹੈ। ਉਹੋ ਖਿਨ, ਮੂਲਾ ਛੁਪਣ ਲਈ ਗੋਹੇ ਦੀਆਂ ਪਾਥੀਆਂ ਵਿਚ ਵੜ੍ਹ ਕੇ ਛੁੱਪ ਗਿਆ, ਕਿਤੇ ਸਤਿਗੁਰ ਅੰਦਰ ਹੀ ਨਾ ਆ ਜਾਣ। ਸੱਪ ਨੇ ਡੱਸਿਆ, ਮੂਲੇ ਦੀ ਮੌਤ ਹੋ ਗਈ। ਐਸਾ ਪੂਰਵ ਰਚਿਤ ਪ੍ਰਸੰਗ ਹੈ। ਪਰ ਮੇਰਾ ਮੰਨਣਾ ਹੈ, ਗੁਰੂ ਨਾਨਕ ਸਭ ਦਾ ਮੀਤ ਹੈ ਸੀ : ਸਤਿਗੁਰੁ ਸਭਨਾ ਦਾ ਭਲਾ ਮਨਾਇਦਾ॥

ਸਤਿਗੁਰਾਂ ਮੂਲੇ ਦਾ ਸਮਾਂ ਵੇਖ ਲਿਆ ਸੀ ਤਾਂ ਹੀ ਉਸ ਦੇ ਘਰ ਆਏ, ਬਾਹਰ ਕਿਤੇ ਆ ਜਾਏ, ਉਸ ਦੀ ਮੌਤ ਦਾ ਸਮਾਂ ਅੱਗੇ ਪਿੱਛੇ ਹੋ ਜਾਏ।" ਮੈਂ ਕਹਿੰਦਾਂ–

"ਗੁਰੂ ਜੀ ਪਹੁੰਚੇ ਸਖਾ ਸਮੀਪਾ॥ ਦੀਨ ਦਇਆਲ ਬੇਦੀ ਕੁਲ ਦੀਪਾ॥
ਸਤਿਗੁਰ ਪੇਖਿਉ ਕਾਲ ਅਗਾਰੀ॥ ਮੰਦਭਾਗਾ ਮੂਲਾ ਅਤਿ ਭਾਰੀ॥
ਸਰਪ ਕਾਲ ਬਣ ਤੋਹਿ ਗ੍ਰਸਿ ਆਯੋ॥ ਮੂਲਾ ਭੇਦ ਨ ਰੰਚਕ ਪਾਇਓ॥
ਦਵਾਰ ਜਾਏ ਕੀਨ੍ਹ ਹਕਾਰਨ॥ ਚਾਹਤ ਹੈਂ, ਤਿਹ ਕਾਲ ਕੋ ਟਾਰਨ॥

ਗੇਹਨ ਕਹਯੋ ਮੂਲਾ ਨਿਕਸਯੋ ਹੈ॥ ਬਿਆਲ ਕਾਲ ਬਣ ਤਬੈ ਡਸਯੋ ਹੈ॥"

ਮੇਰਾ ਮੰਨਣਾ ਹੈ, ਸਤਿਗੁਰ ਮੂਲੇ ਨੂੰ ਬਚਾਉਣ ਲਈ 'ਵਾਜ ਮਾਰ, ਬਾਹਰ ਬੁਲਾਇਆ। ਅੰਦਰ ਸੱਪ ਉਡੀਕ ਵਿਚ ਸੀ। ਘਰ ਵਾਲੀ ਨੇ ਬਹਾਨਾ ਕੀਤਾ, ਗੁਰਾਂ ਨਾਲ ਝੂਠ ਬੋਲਿਆ, ਮੂਲਾ ਪਾਥੀਆਂ ਵਿਚ ਵੜਿਆ ਔਰ ਸੱਪ ਨੇ ਡੱਸ ਲਿਆ। ਮੰਦ ਭਾਗਾ ਮੂਲਾ ਰਮਜ਼ ਨਾ ਸਮਝ ਸਕਿਆ।

ਗੁਰੂ ਨਾਨਕ ਤਾਂ ਸਰਬੱਤ ਦਾ ਭਲਾ ਮੰਗਦੇ ਹਨ। ਰੱਬ ਦੀ ਦਰਗਾਹ ਵਿਚ ਵੀ ਪਹੁੰਚ ਕੇ, ਲੋਕ ਕਲਿਆਣ ਦਾ ਅਰਦਾਸੀਆ, ਸ੍ਰੀ ਗੁਰੂ ਨਾਨਕ ਮੰਗਦੇ ਹਨ-

"ਯਕ ਅਰਜ ਗੁਫਤਮ ਪੇਸਿ ਤੋ, ਦਰ ਗੋਸ ਕੁਨ ਕਰਤਾਰ॥"

# ਇਨਸਾਨੀਅਤ ਅਤੇ ਇਲਮ

ਪ੍ਰਮੇਸ਼ਰ ਨੇ ਮਨੁੱਖ ਬਣਾਇਆ। ਮਨੁੱਖ ਨੇ ਆਪਣੀ ਸੂਝ-ਬੂਝ ਨਾਲ ਇਲਮ ਪ੍ਰਾਪਤ ਕੀਤਾ। ਇਹਨਾਂ ਦੋਹਾਂ ਦੇ ਸੁਮੇਲ ਨਾਲ ਮਨੁੱਖ ਨੇ, ਵਿਕਾਸ ਦੇ ਕਈ ਦੁਆਰ ਲੱਭੇ। ਸੁਖ ਅਤੇ ਸੁਰੱਖਿਆ ਦੇ ਅਨੇਕਾਂ ਸਾਧਨ ਇਜਾਦ ਹੋਏ। ਇਨਸਾਨੀਅਤ ਅਤੇ ਇਲਮ ਦਾ ਸਾਥ ਬਹੁਤ ਪੁਰਾਣਾ ਹੈ। ਮਨੁੱਖੀ ਜਗਤ ਦੇ ਸਾਮੂਹਿਕ ਵਿਕਾਸ ਕਰਦਿਆਂ, ਕਾਲਖੰਡ ਦਾ ਇਕ ਬਿੰਦੂ ਆਇਆ, ਜਦੋਂ ਇਨਸਾਨ ਦੇ ਅੰਦਰ ਨਿੱਜੀ ਵਿਕਾਸ ਦਾ ਸੁਆਰਥ ਭਾਵ ਜਾਗ੍ਰਿਤ ਹੋਇਆ। ਇਹ ਇਲਮ ਦੀ ਆਕਾਂਖਾ ਸੀ। ਆਪਣੇ ਨਿੱਜ ਦੇ ਹਿੱਤ ਨੂੰ ਪਹਿਲ ਦਿੱਤੀ, ਸਮਾਜ ਹਿੱਤ ਦੀ ਉਪੇਖਿਆ ਕੀਤੀ। ਇਸ ਸਿਲਸਿਲੇ ਨੇ ਮਨੁੱਖ ਨੂੰ ਹੋਰ ਅਮੀਰ, ਹੋਰ ਖੁਸ਼ਹਾਲ, ਹੋਰ ਸੁਰੱਖਿਅਤ ਕਰਨ ਦੇ ਸਾਧਨ ਤਾਂ ਵਿਕਸਤ ਕਰ ਲਏ, ਪਰ ਇਨਸਾਨੀਅਤ ਦੂਰ ਹੁੰਦੀ ਗਈ। ਧਰਮ, ਸਭਿਆਚਾਰ, ਰਿਸ਼ਤੇ ਨਾਤੇ, ਇਹ ਸਾਰੇ ਇਨਸਾਨੀ ਵਿਰਸੇ ਤੋਂ ਪ੍ਰਾਪਤ ਰਤਨ ਗੁਆਚਦੇ ਗਏ। ਮਨੁੱਖ ਦਾ ਇਕ ਵਰਗ, ਜੋ ਵਿਕਾਸ ਦੇ ਸਾਧਨਾਂ ਦੀ ਵਰਤੋਂ ਲਈ ਸਮਰੱਥ ਸੀ, ਉਹ ਮਨੁੱਖੀ ਸੰਸਾਰ ਦਾ ਇਕ ਪ੍ਰਤੀਸ਼ਤ (1%) ਵਾਲਾ ਮਨੁੱਖ, "ਕੁਲੀਨ ਵਰਗ" ਬਣ ਗਿਆ। ਰਹਿੰਦੇ ਹੋਏ, 39% ਗੁਜ਼ਾਰੇ ਜੋਗ ਤੇ ਬਾਕੀ ਤਕਰੀਬਨ 60% ਲੋਕ, ਰੋਟੀ ਤੋਂ ਮੁਹਤਾਜ ਹੁੰਦੇ ਗਏ। ਮਨੁੱਖ 'ਚੋਂ ਇਨਸਾਨੀਅਤ ਨਿਕਲ ਗਈ, ਤਾਂ ਮਨੁੱਖ ਹੀ ਮਨੁੱਖ ਦੇ ਵਿਰੋਧ ਵਿਚ ਉੱਠ ਖਲੋਤਾ। ਵਿਕਾਸ ਦੇ ਸਾਧਨ, ਲੱਭਣ ਵਾਲੀ ਇਲਮ, ਹੁਣ ਬੰਬ, ਮਿਸਾਈਲਾਂ ਤੇ ਹੋਰ ਅੱਗੇ ਰਸਾਇਣਕ ਅਤੇ ਜੈਵਿਕ ਹਥਿਆਰਾਂ ਨੂੰ ਬਣਾਉਣ ਲੱਗ ਪਈ। ਅੱਜ ਸੰਸਾਰ, ਵਿਕਾਸ ਦੇ ਜਿਸ ਮੁਕਾਮ 'ਤੇ ਪੁੱਜ ਗਿਆ ਹੈ, ਉਸ ਤੋਂ ਅੱਗੇ ਵਿਨਾਸ਼ ਦਾ ਅਗਨ-ਸਮੁੰਦਰ, ਉਡੀਕ ਵਿਚ ਹੈ। ਕਰੋਨਾ ਦੀਆਂ ਦੋ ਲਹਿਰਾਂ ਅਸਾਂ ਵੇਖੀਆਂ, ਤੀਜੀ ਦੀ ਚੇਤਾਵਨੀ ਰੋਜ਼ ਦਿੱਤੀ ਜਾ ਰਹੀ ਹੈ। ਦੋ ਲਹਿਰਾਂ ਵਿਚ ਹੀ, ਕਈ ਬੱਚੇ ਅਨਾਥ ਹੋ ਗਏ, ਕਈ ਘਰ ਉੱਜੜ ਗਏ। ਕਿਹਾ ਜਾਂਦੈ, ਕਿਸੇ ਵਾਇਰਸ ਦੇ ਜੀਂਸ ਵਿਚ ਛੇੜ-ਛਾੜ ਕਰ ਕੇ, ਆਪਣੀ ਮਨਮਰਜ਼ੀ ਦਾ "ਵਾਇਰਸ ਵੀਪਨ" (ਜੈਵਿਕ ਹਥਿਆਰ) ਬਣਾ ਕੇ, ਵਿਰੋਧੀ ਮੁਲਕਾਂ ਨੂੰ ਤਬਾਹ ਕਰ ਕੇ, ਆਪਣੀ ਸ਼ਕਤੀ ਸਥਾਪਿਤ ਕਰਨ ਦਾ ਪ੍ਰਯੋਜਨ ਹੈ। ਜਾਂ ਗਲਤ ਖਾਨ-ਪਾਨ ਕਰਦਿਆਂ, ਵਾਇਰਸ ਗ੍ਰਸਤ, ਕਿਸੇ ਜੀਅ ਤੋਂ ਬਾਹਰ ਆਇਆ ਔਰ ਸੰਸਾਰ ਨੂੰ ਤਬਾਹ ਕਰਨ ਲੱਗਾ। ਸੱਚ ਕੀ ਹੈ, ਇਹ ਤਾਂ ਪ੍ਰਮਾਤਮਾ ਜਾਣੇ, ਪਰ ਇਕ ਗੱਲ ਤਾਂ ਸਪੱਸ਼ਟ ਹੈ, ਇਲਮ 'ਚੋਂ ਇਨਸਾਨੀਅਤ ਵੱਖ ਹੋ ਗਈ ਤਾਂ ਉਸ ਦਵੰਦ 'ਚੋਂ ਅੱਲਾਦੀਨ ਦੇ ਚਿਰਾਗ ਵਾਂਗ ਕਈ ਆਦਮਖ਼ੋਰ ਜੀਂਸ, ਜਨਮ ਲੈਣ ਲਈ ਗਰਭ ਵਿਚ ਉਡੀਕ ਰਹੇ ਹਨ।

ਹਾਲਾਂਕਿ, ਕਈ ਇਨਸਾਨੀਅਤ ਅਤੇ ਇਲਮ ਦੋਹਾਂ ਦੇ ਧਾਰਣੀ, ਸਮਾਜ ਚਿੰਤਕਾਂ

ਨੇ, ਇਹਨਾਂ ਦੋਹਾਂ ਦੀ ਸਾਂਝੀ ਵਸੋਂ ਲਈ ਜਤਨ ਕੀਤੇ ਹਨ, ਪਰ ਉਹ ਵੱਧਦੇ ਹੋਏ ਜ਼ਹਿਰ ਨੂੰ ਰੋਕਣ ਲਈ ਨਾਕਾਫ਼ੀ ਹਨ।

ਮਨੁੱਖੀ ਅਧਿਕਾਰਾਂ ਅਤੇ ਬਾਲ ਸੁਰੱਖਿਆ ਲਈ ਚਿੰਤਨਸ਼ੀਲ, ਸ਼ਾਂਤੀ ਦਾ ਨੋਬਲ ਅਵਾਰਡ ਪ੍ਰਾਪਤ, ਸ੍ਰੀ ਕੈਲਾਸ਼ ਸਤਿਆਰਥੀ ਨੇ 1995 ਵਿਚ ਕਿਹਾ ਸੀ, "ਜਿਹੜਾ ਕਾਨੂੰਨ ਜਾਂ ਸਮਾਜ ਦੀ ਵਿਵਸਥਾ, ਮਨੁੱਖੀ ਅਧਿਕਾਰਾਂ ਅਤੇ ਬੱਚਿਆਂ ਦੇ ਸ਼ੋਸ਼ਨ ਦੇ ਵਿਰੁੱਧ, ਸੁਰੱਖਿਆ ਦੀ ਗਾਰੰਟੀ ਨਹੀਂ ਦਿੰਦਾ, ਮੈਂ ਉਸ ਕਾਨੂੰਨ ਨੂੰ ਸਵੀਕਾਰ ਕਰਨੋਂ ਨਾਂਹ ਕਰਦਾਂ।"

ਵਪਾਰਕ ਵਿਸਥਾਰਵਾਦ ਹੋਵੇ ਜਾਂ ਸਿਆਸੀ ਪ੍ਰਭੁੱਤਾਵਾਦ ਹੋਵੇ, ਦੋਵੇਂ ਸਪਰਧਾ ਅਤੇ ਹੋੜ ਦੀ ਰੱਸਾਕੱਸੀ ਵਿਚ ਖੁੱਲ੍ਹ ਕੇ ਹਿੰਸਾ ਦੀ ਵਰਤੋਂ ਕਰਦੇ ਹਨ। ਆਪਣੇ ਮੁਲਕ ਦੀਆਂ ਸਮੱਸਿਆਵਾਂ ਤੋਂ ਧਿਆਨ ਪ੍ਰੀਵਰਤਤ ਕਰਨ ਲਈ, ਮੁਲਕ ਦੇ ਸਿਆਸਤਦਾਨ, ਹੁਕਮਰਾਨ, ਪੜੋਸੀ ਮੁਲਕ ਨਾਲ ਜੰਗ ਦੀ ਗੱਲ ਕਰਦੇ ਹਨ। ਕੈਲਾਸ਼ ਸਤਿਆਰਥੀ ਕਹਿੰਦੇ ਹਨ, ਮਾਤਰ 8 ਸਾਲ ਦੀ ਉਮਰ ਵਿਚ ਚੀਨ-ਭਾਰਤ ਜੰਗ ਦੀਆਂ ਭੈਅ ਜਨਕ ਖ਼ਬਰਾਂ ਸੁਣੀਆਂ। ਫਿਰ 1965 ਅਤੇ 1971 ਦੀ ਭਾਰਤ-ਪਾਕਿਸਤਾਨ ਜੰਗ ਵੇਖੀ। ਇਸ ਤਰ੍ਹਾਂ ਦੀਆਂ ਜੰਗਾਂ, ਹੁਕਮਰਾਨਾਂ ਦੇ ਹੁਕਮ ਨਾਲ ਹੁੰਦੀਆਂ ਹਨ। ਬੱਚਿਆਂ ਦੀ ਇਸ ਵਿਚ ਕੋਈ ਭੂਮਿਕਾ ਨਹੀਂ ਹੁੰਦੀ, ਪਰ ਸਭ ਤੋਂ ਵੱਧ ਨੁਕਸਾਨ ਇਹਨਾਂ ਬੱਚਿਆਂ ਦਾ ਹੁੰਦਾ ਹੈ। ਅਨਾਥ ਅਤੇ ਬੇਘਰ ਹੋਏ ਬੱਚੇ, ਇਹ ਸਵਾਲ ਆਪਣੇ ਦੇਸ਼ ਦੇ ਸ਼ਾਸਕਾਂ ਤੋਂ ਪੁੱਛਦੇ ਹਨ, ਸਾਡਾ ਕੀ ਕਸੂਰ ਸੀ ? ਸੰਨ 1998 ਵਿਚ ਦੁਨੀਆਂ ਭਰ ਦੇ 59 ਨੋਬਲ ਪੁਰਸਕਾਰ ਪ੍ਰਾਪਤ, ਵਿਦਵਾਨਾਂ, ਬੁੱਧੀਜੀਵੀਆਂ ਦੇ ਹਸਤਾਖ਼ਰ ਨਾਲ, ਇਕ ਬੇਨਤੀ ਪੱਤਰ, ਭਾਰਤ ਅਤੇ ਪਾਕਿਸਤਾਨ ਦੀਆਂ ਦੋਹਾਂ ਸਰਕਾਰਾਂ ਨੂੰ ਭੇਜਿਆ, "ਦੋਹਾਂ ਮੁਲਕਾਂ ਵਿਚਕਾਰ ਦੋ ਭਿਆਨਕ ਜੰਗਾਂ ਹੋ ਚੁੱਕੀਆਂ ਹਨ... ਦੋਹਾਂ ਦੀਆਂ ਸਰਹੱਦਾਂ ਤਨਾਅ ਗ੍ਰੱਸਤ ਹਨ। ਜੰਗ ਵਿਚ, ਦੋਹਾਂ ਧਿਰਾਂ ਦੇ ਮਨੁੱਖ ਹੀ ਮਰਨਗੇ... ਬੇਦੋਸ਼ੇ ਮਨੁੱਖ! ਹੁਣ ਜੰਗ ਰੋਕ ਲਵੋ।"

ਮਨੁੱਖ ਦਾ ਮੰਦਭਾਗਾ ਪੱਖ ਹੈ ਕਿ ਉਹ ਬਾਹਰ ਸੰਸਾਰ ਵਿਚ, ਬਹੁਤ ਕੁਝ ਵੇਖਦੈ। ਪਦਾਰਥ ਦਾ ਉਤਪਾਦਨ ਕਰਨ ਵਾਲੇ ਮੁਲਕ, ਦੁਨੀਆਂ ਦੇ ਬਾਜ਼ਾਰ ਵੇਖਦੇ ਹਨ, ਖਪਤ ਲਈ ਆਬਾਦੀ ਅਤੇ ਉਨ੍ਹਾਂ ਮੁਲਕਾਂ ਦੀ ਖਰੀਦ ਸ਼ਕਤੀ ਵੇਖਦੇ ਹਨ, ਸੋਨੇ ਚਾਂਦੀ ਦੀਆਂ ਖਾਨਾਂ ਦਿਸਦੀਆਂ ਹਨ, ਤੇਲ ਦੇ ਭੰਡਾਰ ਦਿਸਦੇ ਹਨ ਔਰ ਉਹਨਾਂ ਨੂੰ ਅਧੀਨ ਕਰਨ ਲਈ, ਯੋਜਨਾਵਾਂ ਬਣਾਉਂਦੇ ਹਨ। ਇਲਮ, ਇਨਸਾਨ 'ਚੋਂ ਜੰਮੀ, ਪਰ ਇਨਸਾਨੀਅਤ ਤੋਂ ਬਾਹਰ ਨਿਕਲ ਗਈ।

ਬਾਹਰ ਦੇ ਗ੍ਰਹਿ, ਉਪਗ੍ਰਹਿ, ਬਾਬਤ ਬਹੁਤ ਕੁਝ ਵੇਖ, ਸਮਝ ਲਿਐ, ਪਰ ਆਪਣੇ ਆਪ ਨੂੰ ਕਦੇ ਵੇਖਣ ਦੀ ਵਿਹਲ ਹੀ ਨਾ ਮਿਲੀ। ਮੈਂ ਕੌਣ ਹਾਂ ? ਮੇਰੇ ਅੰਦਰਲਾ ਸੰਸਾਰ ਕਿਵੇਂ ਦਾ ਹੈ? ਧਰਮ ਸ਼ਾਸਤਰ ਅਨੁਸਾਰ, ਸਤਿਗੁਰ ਤਾਂ ਕਹਿੰਦੇ ਹਨ, ਸਾਰੀ ਸ੍ਰਿਸ਼ਟੀ ਦਾ ਸਿਰਜਨਹਾਰ, ਅੰਦਰ ਹੀ ਕਿਤੇ ਛੁਪ ਬੈਠਾ ਹੈ। ਕਦੇ ਸੋਚ ਹੀ ਨਾ ਗਈ ਇਸ ਪਾਸੇ...।

ਇਲਮ ਨੇ, ਸੂਰਜ, ਚੰਦ, ਮੰਗਲ, ਬਾਬਤ ਬਹੁਤ ਕੁਝ ਦੱਸ ਦਿੱਤਾ, ਆਪਣੀ ਬਾਬਤ ਕੁਝ ਵੀ ਨਾ ਆਖਿਆ। ਇਹ ਵੇਖਣ ਵਾਲੇ, ਆਪਣੇ ਅੰਦਰ ਝਾਤ ਦਾ ਚਾਅ ਰੱਖਣ ਵਾਲੇ ਹੀ ਇਨਸਾਨ ਹਨ।

ਭਾਈ ਨੰਦ ਲਾਲ ਜੀ, "ਜ਼ਿੰਦਗੀਨਾਮਾ" ਵਿਚ ਕਹਿੰਦੇ ਹਨ, ਮੈਂ, ਜੀਵਨ ਦੇ ਵਗਦੇ ਦਰਿਆ ਨੂੰ ਵੇਖਿਆ ਹੈ। ਆਪਣੀ ਮੌਜ ਵਿਚ ਵਗਦੇ ਹੋਏ ਦਰਿਆ 'ਚੋਂ ਉੱਠੀ, ਕਿਸੇ ਲਹਿਰ ਤਰੰਗ ਦਾ ਇਕ ਕਿਣਕਾ, "ਉਹ ਮੈਂ ਹਾਂ।" ਲਹਿਰ ਤਰੰਗ ਤੋਂ ਇਕ ਖਿਨ ਲਈ ਵੱਖ ਇਕ ਬੂੰਦ, ਜੀਵਨ ਦੇ ਸੋਹਣੇ ਵਗਦੇ ਦਰਿਆ ਨੂੰ ਵੇਖਣ ਲਈ... ਬਸ ਇਤਨੀ ਹੀ ਮੇਰੀ ਕਹਾਣੀ ਹੈ।

"ਹਮਚੂ ਮੌਜ ਅਜ਼ ਦਰਿਆ ਰੂ ਨਮੂਦ॥
ਮੌਜ ਗਸ਼ਤ ਵਾ ਕਰਦ, ਦਰਿਆ ਰਾ ਸਜੂਦ॥"

ਦਸ ਹਜ਼ਾਰ ਸਾਲ ਤੋਂ ਪਹਿਲਾਂ, ਧਰਮ ਨਹੀਂ ਸੀ, ਕਿਉਂਕਿ ਇਹ ਇਲਮ ਨਹੀਂ ਸੀ। ਜ਼ਰੂਰਤ ਮਹਿਸੂਸ ਹੋਈ ਤਾਂ ਇਲਮ ਨੇ, "ਧਰਮ" ਦੀ ਇਜਾਦ ਕੀਤੀ। ਜੇ. ਕ੍ਰਿਸ਼ਨਾਮੂਰਤੀ ਕਹਿੰਦੈ, ਧਰਮ ਇਕ ਸਿੱਖਿਆ ਹੈ। ਆਤਮ ਦ੍ਰਿਸ਼ਟੀ ਦਾ ਵਿਕਾਸ, ਧਰਮ ਸਿੱਖਿਆ ਦਾ ਵਿਸ਼ਾ ਹੈ। ਸਵੱਛਤਾ, ਸੁੱਚਤਾ, ਰਹਿਤ ਮਰਿਆਦਾਵਾਂ, ਇਹ ਸਭ ਕੁਝ ਅੰਤਰ ਗਿਆਨ ਦਾ ਅਧਿਕਾਰੀ ਹੋਣ ਦੀਆਂ, ਪ੍ਰਵੇਸ਼ ਤੋਂ ਪੂਰਵ ਦੀਆਂ ਵਿਵਸਥਾਵਾਂ ਹਨ। ਧਰਮ ਖ਼ੁਦ ਨੂੰ ਵੇਖਣ ਦੀ ਕਲਾ ਹੈ।

ਬੇਲਜਿਅਮ ਦਾ ਮਸ਼ਹੂਰ ਅਰਥ ਸ਼ਾਸਤਰੀ, "ਜਯਾਂ ਦ੍ਰੇਜ", ਆਪਣੇ ਇਲਮ ਨੂੰ ਦੁਨੀਆਂ ਨੂੰ ਸੁਖੀ ਅਤੇ ਆਤਮ ਨਿਰਭਰ ਬਣਾਉਣ ਲਈ ਬਹੁਤ ਜਤਨਸ਼ੀਲ ਰਿਹੈ। ਕਈ ਮੁਲਕਾਂ ਦਾ ਦੌਰਾ ਕੀਤਾ। ਭਾਰਤ ਵੀ ਆਏ। "ਦਿੱਲੀ ਸਕੂਲ ਔੱਫ ਇਕੋਨੌਮਿਕਸ" ਵਿਚ ਅਰਥ ਸ਼ਾਸਤਰ ਦੀ ਸਿੱਖਿਆ ਦਿੰਦੇ। ਕਹਿੰਦੇ, ਉਹੀ ਸਫਲ ਅਰਥ ਸ਼ਾਸਤਰ ਹੈ, ਜਿਹੜਾ ਆਮ ਆਦਮੀ ਨੂੰ ਸੁਖੀ ਕਰ ਦੇਵੇ। ਉਨ੍ਹਾਂ ਦਿਨਾਂ ਵਿਚ, ਅਰਥ ਸ਼ਾਸਤਰ ਦਾ ਨੋਬਲ ਪੁਰਸਕਾਰ ਪ੍ਰਾਪਤ, ਸੰਸਾਰ ਪ੍ਰਸਿੱਧ ਅਰਥ ਸ਼ਾਸਤਰੀ ਬੰਗਾਲ ਦੇ "ਅਮਰਤਸੇਨ" ਨਾਲ ਮਿਲੇ। ਉਹਨਾਂ ਦਾ ਲਿਖਿਆ ਹੋਇਆ ਲੇਖ ਪੜ੍ਹਿਆ—"ਸੰਨ 1942 ਵਿਚ, ਬੰਗਾਲ, ਉੜੀਸਾ, ਬਿਹਾਰ, ਸਾਰੇ ਪੂਰਵੀ ਭਾਰਤ ਵਿਚ ਭਿਆਨਕ ਅਕਾਲ ਪਿਆ। ਹਰ ਦਿਨ, ਪਿੰਡ 'ਚੋਂ ਭੁੱਖ ਨਾਲ ਕੋਈ ਨਾ ਕੋਈ ਮਰ ਜਾਂਦਾ। ਸਾਡਾ ਪਰਿਵਾਰ ਜ਼ਿਮੀਂਦਾਰ ਖੁਸ਼ਹਾਲ ਪਰਿਵਾਰ ਸੀ। ਅਨਾਜ ਦੇ ਭੰਡਾਰ ਭਰੇ ਸਨ। ਮਾਤਰ ਨੌਂ ਸਾਲ ਦੀ ਬਾਲ ਉਮਰ ਵਿਚ, ਮੈਂ ਪੁੱਛਦਾ, ਸਾਡੇ ਘਰ ਕੋਈ ਕਿਉਂ ਨਹੀਂ ਮਰਦਾ? ਉਹ ਪ੍ਰਸ਼ਨ ਅੰਦਰੇ ਰਹਿ ਗਿਆ। ਇਹ ਆਰਥਿਕ ਅਸਮਾਨਤਾ, ਦੇਸ਼ ਦੀ ਬਦਹਾਲੀ ਦਾ ਕਾਰਣ, ਮੈਂ ਅੱਜ ਸਮਝਦਾ ਹਾਂ। ਤਾਂ ਜਯਾਦ੍ਰੇਜ ਅਤੇ ਅਮਰਤਸੇਨ ਦੋਹਾਂ ਮਿਲ ਕੇ, ਅਰਥ ਸ਼ਾਸਤਰ ਦੀ ਨਵੀਂ ਥਿਊਰੀ ਦਿੱਤੀ। "ਉਤਪਾਦਨ ਅਤੇ ਮੁਨਾਫ਼ੇ ਵਿਚ, ਆਮ ਆਦਮੀ ਦੀ ਹਿੱਸੇਦਾਰੀ ਕਿਸੇ ਮੁਲਕ ਦੀ ਸਫਲ ਅਰਥ ਨੀਤੀ ਪ੍ਰਮਾਣਤ ਹੋਵੇਗੀ।" ਇਨਸਾਨੀਅਤ ਅਤੇ ਇਲਮ, ਇਕੱਠੇ ਹੋ ਜਾਣ ਤਾਂ ਸੰਸਾਰ ਦਾ ਤੰਤਰ ਤਬਦੀਲ ਕਰ ਸਕਦੇ ਹਨ।

ਤਕਰੀਬਨ 16 ਸੌ ਸਾਲ ਪਹਿਲਾਂ, ਕਵੀ ਕਾਲੀਦਾਸ, ਧਨਪਤੀ ਕੁਬੇਰ ਦੇ ਦਰਬਾਰ ਵਿਚ ਨੌਂਕਰੀ ਕਰਦੇ ਸਨ। ਵਿਆਹ ਕਰਵਾ ਕੇ ਵਾਪਸ ਨੌਂਕਰੀ ’ਤੇ ਆਏ। ਫਿਰ ਛੁੱਟੀ ਨਾ ਮਿਲੀ। ਪਤਨੀ-ਪ੍ਰੇਮੀ ਕਾਲੀਦਾਸ ਉੱਡਦੇ ਬੱਦਲਾਂ ਹੱਥ, ਪ੍ਰੇਮ-ਸੰਦੇਸ਼, ਪਤਨੀ ਤੱਕ ਭੇਜਦੇ ਹਨ। ਕਾਲੀ ਦਾਸ ਦਾ ਵਿਖਿਆਤ ਮਹਾਂਕਾਵਿ ਗ੍ਰੰਥ “ਮੇਘਦੂਤਮ” ਵਿਚ, ਇਹੋ ਵਿਯੋਗੀ ਸੰਦੇਸ਼ ਭਰੇ ਹੋਏ ਹਨ। 16 ਸੌ ਸਾਲ ਪਹਿਲਾਂ, ਆਕਾਸ਼ ਵਿਚ ਉੱਡਦੇ ਬੱਦਲਾਂ ਦੇ ਮਾਧਿਅਮ ਨਾਲ, ਬੱਦਲਾਂ ਨੂੰ ਵਾਹਕ ਬਣਾ ਕੇ, ਪ੍ਰੇਮ ਸੰਦੇਸ਼ ਭੇਜਣ ਦੀ ਇਸ ਇਲਮ ਨੇ ਹੀ – ਸ਼ਾਇਦ ਅੱਗੇ ਚੱਲ ਕੇ “ਸੈਟੇਲਾਈਟ ਤਕਨੀਕ” ਦਾ ਇਜਾਦ ਕੀਤਾ।

ਅਸਾਂ, ਅੱਗੋਂ ਆਉਣ ਵਾਲੀ ਪੀੜ੍ਹੀ ਨਾਲ ਇਨਸਾਫ਼ ਨਹੀਂ ਕੀਤਾ। ਸਾਨੂੰ 60-70 ਸਾਲ ਪਹਿਲਾਂ, ਹਵਾ, ਪਾਣੀ, ਖ਼ੁਰਾਕ, ਜਿਵੇਂ ਦੀ ਸ਼ੁੱਧ ਮਿਲੀ ਸੀ, ਅਸਾਂ ਉਹ ਦੂਸ਼ਤ ਕਰ ਦਿੱਤੀ। ਧਰਤੀ ਵਿਚ, ਪੈਦਾਵਾਰ ਵਧਾਉਣ ਦੇ ਲੋਭ ਵਿਚ ਇਤਨੇ ਕੈਮੀਕਲ ਪਾ ਦਿੱਤੇ ਕਿ ਅੱਜ ਸਾਰੀ ਉਪਜ ਦੀ ਤਾਸੀਰ ਹੀ ਬਦਲ ਗਈ। ਉਪਰੋਂ ਕੀਟਨਾਸ਼ਕ ਦਵਾਈਆਂ! ਹਵਾ, ਪਾਣੀ, ਸਾਰੇ ਸਾਡੇ ਵਿਰੁੱਧ ਹੋ ਗਏ ਜਾਪਦੇ ਹਨ। ਅੱਗੋਂ ਜਨਮ ਲੈਣ ਵਾਲਿਆਂ ਬੱਚਿਆਂ ਨਾਲ, ਬਹੁਤ ਨਾ-ਇਨਸਾਫ਼ੀ ਹੋ ਗਈ ਹੈ।

ਸਵੀਡਨ ਦੀ ਮਾਤਰ 16 ਵਰ੍ਹੇ ਦੀ “ਗ੍ਰੇਟਾ ਥਨਬਰਗ” ਨੇ ਪਰਿਆਵਰਨ ਵਿਨਾਸ਼ ਦੇ ਖਿਲਾਫ਼ ਮੁਹਿੰਮ ਤੋਰੀ। ਕਈ ਮੁਲਕਾਂ ਵਿਚ, ਗ੍ਰੇਟਾ ਥਨਬਰਗ ਦੇ ਸੱਦੇ ’ਤੇ ਮੁਜ਼ਾਹਰੇ ਹੋਏ। 20 ਸਤੰਬਰ, 2019 ਨੂੰ 50 ਲੱਖ ਤੋਂ ਵੱਧ, ਦੁਨੀਆਂ ਦੇ ਵਿਦਿਆਰਥੀ, ਸ਼ੁੱਧ ਹਵਾ, ਪਾਣੀ ਅਤੇ ਖ਼ੁਰਾਕ ਦੀ ਮੰਗ ਲੈ ਕੇ, ਰੋਸ ਮੁਜ਼ਾਹਿਰੇ ਵਜੋਂ ਸੜਕ ’ਤੇ ਉਤਰ ਆਏ। ਸੰਸਾਰ ਦੇ ਭਲੇ ਲਈ, ਪਰਿਆਵਰਨ ਸੰਤੁਲਨ ਦੇ ਮੰਤਵ ਨਾਲ, ਇਲਮ-ਚੇਤਨਾ ਦਾ ਇਹ-ਬਿੰਬ ਸੀ।

ਇਲਮ ਤਾਂ ਅੱਗ ਹੈ। ਸਹੀ ਵਰਤੋਂ ਕੀਤੀ ਜਾਏ ਤਾਂ ਘਰ ਦੇ ਚੁੱਲ੍ਹੇ, ਕਾਰਖਾਨੇ ਜਿਹੇ ਵਿਕਾਸਵਾਦੀ ਪ੍ਰੋਜੇਕਟ ਚਲਦੇ ਹਨ। ਦੁਰਵਰਤੋਂ ਹੋਈ ਤਾਂ ਇਹ ਅੱਗ ਮਹਾਂਵਿਨਾਸ਼ ਕਰ ਸਕਦੀ ਹੈ। ਤਾਂ, ਇਲਮ ਨੂੰ ਇਨਸਾਨੀਅਤ ਤੋਂ ਨਾ ਨਿਖੇੜੋ। ਤਥਾਕਥਿਤ ਇਲਮਦਾਨਾਂ ਨੇ ਦੂਜਿਆਂ ਨੂੰ ਭੈਅਗ੍ਰਸਤ ਕਰ ਕੇ, ਸੰਸਾਰ ’ਤੇ ਪ੍ਰਭੁੱਤਾ ਸਥਾਪਿਤ ਕਰਨ ਲਈ, ਇਲਮ ਦੀ ਦੁਰਵਰਤੋਂ ਕੀਤੀ। ਨਤੀਜੇ ਵਜੋਂ, ਅੱਜ ਸਾਰਾ ਸੰਸਾਰ ਬਾਰੂਦ ਦੇ ਢੇਰ ’ਤੇ ਬੈਠਾ ਦਿਸ ਰਿਹੈ।

ਰਾਜਿਆਂ, ਬਾਦਸ਼ਾਹਾਂ ਦੀ ਪ੍ਰਾਚੀਨ ਪਰੰਪਰਾ ਵਿਚ ਕੁਝ, ਧਰਮੀ, ਪ੍ਰਜਾ ਪਾਲਕ ਅਤੇ ਨਿਆਂ ਆਧਾਰਤ ਸ਼ਾਸਨ ਕਰਤਾ ਬਾਦਸ਼ਾਹ ਮੰਨੇ ਗਏ ਹਨ। ਉਨ੍ਹਾਂ ਦਾ ਨਾਂ ਅੱਜ ਵੀ ਬਹੁਤ ਸ਼ਰਧਾ ਅਤੇ ਸਨਮਾਨ ਨਾਲ ਲਿਆ ਜਾਂਦਾ ਹੈ।

“ਹਰੀਨਾਰਾਇਣ ਉਪਦੇਸ਼” ਵਿਚ ਇਕ ਪ੍ਰਸੰਗ ਹੈ ਸੀ। ਰਾਜਾ ਵਿਕ੍ਰਮਾਦਿੱਤ ਬਹੁਤ ਹੀ ਨਿਆਂ ਪਸੰਦ ਅਤੇ ਲੋਕ ਪਾਲਕ ਰਾਜਾ ਸੀ। ਉਸ ਦੇ ਮਹਿਲ ਦੀ ਬਾਹਰਲੀ ਡਿਓਢੀ ’ਤੇ ਇਕ ਜ਼ੰਜੀਰ ਲੱਗੀ ਸੀ। ਇਹ ਜ਼ੰਜੀਰ ਖਿੱਚਿਆਂ, ਰਾਜੇ ਦੇ ਨਿਜੀ ਕੋਸ਼ਠ ਅਤੇ ਰਾਜ ਦਰਬਾਰ, ਦੋਹਾਂ ਥਾਵਾਂ ’ਤੇ ਘੰਟਾ ਖੜਕਣ ਲੱਗਦਾ ਸੀ। ਇਕ ਦਿਨ, ਇਕ ਕੁੱਤੇ ਨੇ ਆ ਜ਼ੰਜੀਰ ਖਿੱਚੀ। ਉਸੇ ਵੇਲੇ ਦਰਬਾਰੀ ਮੁਲਾਜ਼ਮ, ਕੁੱਤੇ ਨੂੰ, ਸਨਮਾਨ ਨਾਲ

ਅੰਦਰ ਦਰਬਾਰ ਵਿਚ ਜਾ ਪੇਸ਼ ਕੀਤਾ। ਕੁੱਤੇ ਤੋਂ ਉਸ ਦੀ ਫਰਿਆਦ ਪੁੱਛੀ ਗਈ। ਕੁੱਤੇ ਕਿਹਾ, ਮੈਂ ਇਕ ਚੌਰਾਹੇ 'ਤੇ ਇਕ ਪਾਸੇ ਸੁੱਤਾ ਹੋਇਆ, ਆਰਾਮ ਕਰ ਰਿਹਾ ਸਾਂ। ਮੰਦਰ ਦੇ ਪੰਡਿਤ ਜੀ, ਹੱਥ ਵਿਚ ਛੜੀ ਲੈ ਕੇ ਸੈਰ ਨੂੰ ਨਿਕਲੇ ਸਨ। ਮੈਂ ਰਸਤੇ ਤੋਂ ਪਿੱਛੇ, ਆਰਾਮ ਕਰ ਰਿਹਾ ਸਾਂ। ਪੰਡਿਤ ਜੀ ਨੇ ਛੜੀ ਨਾਲ ਮੈਨੂੰ ਮਾਰ ਕੇ ਉਠਾ ਦਿੱਤਾ। ਮੈਨੂੰ ਬੇਦੋਸ਼ੇ ਨੂੰ ਪੰਡਿਤ ਜੀ ਨੇ ਮਾਰ ਕੇ ਉਠਾ ਦਿੱਤਾ। ਸ਼ਾਹੀ ਮਾਰਗਾਂ ਜਾਂ ਚੌਰਾਹਿਆਂ ਦੇ ਕਿਨਾਰੇ ਦੇ ਥਾਂ, ਰਾਹਗੀਰਾਂ ਦੇ ਆਰਾਮ ਕਰਨ ਜੋਗ, ਸਾਂਝੇ ਥਾਂ ਹੁੰਦੇ ਹਨ। ਉਹ ਕਿਸੇ ਦੀ ਨਿਜੀ ਜਾਇਦਾਦ ਨਹੀਂ ਹੁੰਦੀ। ਲਿਹਾਜ਼ਾ ਮੇਰੇ 'ਤੇ ਨਾਜਾਇਜ਼ ਹਿੰਸਾ ਕਰਨ ਦਾ ਅਤੇ ਮੇਰੇ ਮੌਲਿਕ ਅਧਿਕਾਰ ਖੋਹਣ ਦੇ ਦੋਸ਼ੀ, ਪੰਡਿਤ ਜੀ ਨੂੰ ਸਜ਼ਾ ਮਿਲੇ। ਰਾਜਾ ਵਿਕ੍ਰਮਾਦਿੱਤ ਨੇ ਫੁਰਮਾਇਆ, "ਦੋਸ਼ੀ ਨੂੰ ਬਰਾਬਰ ਸਜ਼ਾ ਮਿਲੇਗੀ। ਪਰ ਪਹਿਲਾਂ ਇਹ ਦਸੋ, ਤੁਹਾਨੂੰ ਮਾਨਸ ਬੋਲ ਅਤੇ ਸੋਝੀ ਕਿਥੋਂ ਮਿਲੀ। ਤਾਂ ਕੁੱਤੇ ਨੇ, ਰਾਜ ਦਰਬਾਰ ਵਿਚ ਦੱਸਿਆ, "ਪਿਛਲੇ ਜਨਮ ਮੈਂ ਮੰਦਰ ਦਾ ਮੁੱਖ ਪੁਜਾਰੀ ਸਾਂ। ਪੂਰੀ ਸ਼ਰਧਾ ਅਤੇ ਨਿਸ਼ਕਾਮ ਭਾਵ ਨਾਲ ਮੰਦਰ ਦੀ ਸਾਰੀ ਜ਼ਿੰਮੇਂਵਾਰੀ, ਵਿਸ਼ਵਨਾਥ ਬਾਬਾ ਦਾ ਇਸ਼ਨਾਨ, ਬਸਤਰ, ਪੂਜਾ, ਆਰਤੀ, ਸਾਰੀਆਂ ਸੇਵਾਵਾਂ, ਸਮਰਪਣ ਭਾਵ ਨਾਲ ਨਿਭਾਉਂਦਾ ਸਾਂ। ਇਕ ਦਿਨ, ਆਰਤੀ ਲਈ, ਦੀਵੇ ਵਿਚ ਘਿਉ ਪਾਇਆ। ਹੱਥਾਂ ਦੀ ਉਂਗਲਾਂ ਵਿਚ ਘਿਉ ਲੱਗਾ ਰਹਿ ਗਿਆ। ਘਰ ਜਾ ਕੇ ਪ੍ਰਸ਼ਾਦਾ ਛਕਿਆ ਤਾਂ ਉਂਗਲਾਂ 'ਤੇ ਰਹਿ ਗਿਆ, ਮੰਦਰ ਦਾ ਘਿਉ ਵੀ ਲੰਗਰ ਨਾਲ ਮੇਰੇ ਅੰਦਰ ਚਲਾ ਗਿਆ। ਉਸ ਇਕ ਭੁੱਲ ਕਰ ਕੇ ਮੈਨੂੰ ਕੁੱਤੇ ਦਾ ਜਨਮ ਮਿਲਿਆ। ਪਰ, ਪੂਰੀ ਸ਼ਰਧਾ ਅਤੇ ਨਿਸ਼ਠਾ ਪੂਰਨ ਸੇਵਾ ਕਰ ਕੇ ਮੇਰੀ ਚੇਤਨਾ, ਸਿਮ੍ਰਿਤੀ ਅਤੇ ਮਾਨਸ ਬੋਲੀ ਦੀ ਸਮਰੱਥਾ, ਮੇਰੇ ਨਾਲ ਰਹੀ। ਰਾਜੇ ਨੇ ਉਸ ਦੋਸ਼ੀ ਪੰਡਿਤ ਨੂੰ ਉਚਿਤ ਸਜ਼ਾ ਅਤੇ ਕੁੱਤੇ ਨੂੰ ਮੁਆਵਜ਼ੇ ਬਤੌਰ, ਇਕ ਸਾਲ ਲੰਗਰ ਛਕਾਉਣ ਦਾ ਡੰਡ ਲਾਇਆ। ਇਕ ਭੁੱਲ ਤੋਂ ਪੁਜਾਰੀ, ਕੁੱਤੇ ਦੇ ਜਨਮ ਆਇਆ।

ਅੱਜ ਅਸੀਂ ਕਿੱਥੇ ਖੜ੍ਹੇ ਹਾਂ ? ਇਲਮ ਦੇ ਸਿਰ 'ਤੇ ਮੰਦਰਾਂ, ਗੁਰਦੁਆਰਿਆਂ ਦੇ ਸੇਵਾਦਾਰ ਬਣਦੇ ਹਾਂ। ਪ੍ਰਧਾਨ, ਸਕੱਤਰ ਅਤੇ ਖਜ਼ਾਨਚੀ ਬਣਦੇ ਹਾਂ। ਇਨਸਾਨੀਅਤ ਸਾਥ ਛੱਡ ਗਈ। ਅੰਦਾਜ਼ਾ ਲਾਈਏ, ਸਾਡਾ ਕੀ ਹਾਲ ਹੋਵੇਗਾ। ਇਲਮ ਹੈ, ਯੋਗਤਾ ਹੈ, ਪਰ ਇਨਸਾਨੀਅਤ ਨਹੀਂ, ਤਾਂ ਬਸ ਭੁੱਲਾਂ ਹੀ ਭੁੱਲਾਂ ਹੋਣਗੀਆਂ। ਸਾਜ਼ਿਸ਼ਪੂਰਨ ਗੁਨਾਹਾਂ ਦੀ ਲੰਬੀ ਲਿਸਟ, ਸਾਡੇ ਮੱਥੇ 'ਤੇ ਚਿਪਕਾ ਕੇ, ਪ੍ਰਭੂ ਦਰਬਾਰ ਵਿਚ ਪੇਸ਼ ਕੀਤਾ ਜਾਵੇਗਾ।

ਇਸ ਵਿਚ ਕੋਈ ਸ਼ੱਕ ਨਹੀਂ, ਇਲਮ ਤਾਂ ਬਹੁਤ ਅੱਗੇ ਨਿਕਲ ਗਈ। ਮਨੁੱਖਤਾ, ਇਨਸਾਨੀਅਤ ਕਿਤੇ ਬਹੁਤ ਪਿੱਛੇ ਰਹਿ ਗਈ। ਕੁਦਰਤ ਹਰ ਰੋਜ਼, ਖ਼ਤਰੇ ਦੀ ਘੰਟੀ ਵਜਾ ਰਹੀ ਹੈ। ਅਸੀਂ ਸੁਨਣਾ ਨਹੀਂ ਚਾਹੁੰਦੇ।

ਇਜ਼ਰਾਈਲ ਦਾ, ਸੰਸਾਰ ਪ੍ਰਸਿੱਧ ਮਨੋਵਿਗਿਆਨੀ, "ਯੁਵਾ ਨੋਬਲ ਹਰਾਰੀ" ਦਾ ਲੇਖ, ਚਰਚਾ ਦਾ ਵਿਸ਼ੈ ਬਣ ਗਿਆ। ਕਹਿੰਦੈ, ਅੱਜ ਸੂਚਨਾ ਤਕਨੀਕ ਅੱਗੇ ਵੱਧ ਗਈ ਹੈ। ਅਸੀਂ ਪਿੱਛੇ ਰਹਿ ਗਏ ਹਾਂ। ਸਾਡਾ ਕੰਪਿਊਟਰ, ਸਾਡੇ ਬੈਂਕ ਖਾਤੇ, ਬੈਲੇਂਸ, ਸਾਡੀ ਪ੍ਰੋਪਰਟੀਆਂ, ਸਾਡੇ ਕੇਸ ਮੁਕੱਦਮਿਆਂ ਦਾ ਵੇਰਵਾ, ਸਭ ਕੁਝ ਕੰਪਿਊਟਰ ਜਾਣਦੈ। ਸਾਨੂੰ ਵੀ ਓਨਾ ਨਹੀਂ ਪਤਾ। ਤਾਂ ਦੁਨੀਆਂ ਦੇ ਲੋਕੋ, ਖ਼ਤਰਾ ਬਹੁਤ ਵੱਡਾ ਹੈ, ਇਕ ਦਿਨ,

ਇਹ ਕੰਪਿਊਟਰ, ਤੁਹਾਨੂੰ "ਹੈਕ" ਕਰ ਲਏਗਾ। ਤੁਸੀਂ ਇਸ ਦੀ "ਰਜ਼ਾ" ਦੇ ਗੁਲਾਮ ਹੋ ਜਾਉਗੇ।

ਮਿਤੀ 24 ਜੂਨ 2021 ਨੂੰ ਦੁਨੀਆਂ ਦੀਆਂ ਮਸ਼ਹੂਰ ਅਖ਼ਬਾਰਾਂ ਵਿਚ, ਅਮੇਰਿਕਾ ਦੇ ਬਹੁਤ ਵੱਡੇ ਪੱਤਰਕਾਰ ਅਤੇ ਗੰਭੀਰ ਜੀਵਨੀਕਾਰ, "ਵਾਲਟਰ ਇਸਾਕਸਨ" ਦੁਆਰਾ ਅਮੇਰਿਕਾ ਦੀ ਵਿਗਿਆਨੀ, "ਜੇਨੀਫ਼ਰ ਡਾਡਨਾ" ਦੀ ਜੀਵਨੀ ਅਤੇ ਸ਼ੋਧ ਬਾਬਤ ਲਿਖਿਆ ਹੋਇਆ, ਇਕ ਵੱਡਾ ਲੇਖ ਪ੍ਰਕਾਸ਼ਤ ਹੋਇਆ ਹੈ। ਅਮੇਰੀਕਨ ਵਿਗਿਆਨੀ, "ਜੇਨੀਫਰ ਡਾਡਨਾ" ਨੂੰ ਜੀਨ ਐਡੀਟੀਂਗ ਪੱਧਤੀ ਦੇ ਰਿਸਰਚ ਸੰਬੰਧੀ ਕਈ ਐਵਾਰਡ ਮਿਲ ਚੁੱਕੇ ਹਨ। ਉਹ ਕਹਿੰਦੀ ਹੈ, "ਧਰਤੀ ਤੇ ਜੀਵ ਵਿਕਾਸ ਵਿਚ ਪ੍ਰਕ੍ਰਿਤੀ ਨੂੰ ਅਰਬਾਂ ਸਾਲ ਲੱਗੇ। ਗਰਭ ਅਵਸਥਾ ਦੌਂਰਾਨ, ਜੀਂਸ ਐਡੀਟੀਂਗ ਕਰ ਕੇ, ਮਨਮਰਜ਼ੀ ਅਨੁਸਾਰ ਬੱਚਾ ਪ੍ਰਾਪਤ ਕਰ ਸਕਦੇ ਹਾਂ। ਇਸ ਤਕਨੀਕ ਨਾਲ ਮਾਤ ਗਰਭ ਵਿਚ ਹੇਰ ਫੇਰ ਕਰ ਕੇ, ਏਡਸ, ਕੈਂਸਰ ਜਿਹੇ ਰੋਗਾਂ ਦੇ ਖਿਲਾਫ਼, ਜਨਮ ਤੋਂ ਹੀ ਪ੍ਰਤੀਰੋਧ ਛਮਤਾ ਵਿਕਸਿਤ ਕੀਤੀ ਜਾ ਸਕਦੀ ਹੈ। ਜਾਂ, ਖਿਡਾਰੀ, ਸੰਗੀਤਕਾਰ, ਧਾਰਮਿਕ ਵਿਚਾਰਾਂ ਵਾਲਾ ਬੱਚਾ, ਆਪਣੀ ਮਰਜ਼ੀ ਨਾਲ ਪੈਦਾ ਕਰ ਸਕਦੇ ਹਾਂ। ਕੁਦਰਤ ਵੱਲੋਂ ਹਰ ਜੀਅ, ਜੰਤੂ, ਇਕ ਵਿਸ਼ੇਸ਼ ਕੋਡ ਦੇ ਨਾਲ ਜਨਮ ਲੈਂਦੈ। ਉਹ ਕੋਡ ਦੇ ਸੁਭਾਅ ਅਨੁਸਾਰ ਹੀ, ਸੰਤ ਜਾਂ ਦੁਸ਼ਟ ਬਣਦਾ ਹੈ। ਉਸ ਕੋਡ ਨੂੰ ਤੋੜ ਕੇ, ਆਪਣੀ ਮਰਜ਼ੀ ਦਾ ਚਿਪ ਕੋਡ ਭਰ ਕੇ ਸੁਭਾਵ ਬਦਲਿਆ ਜਾ ਸਕਦੈ। ਇਹ ਤਕਨੀਕ "ਜੀਨੋਮ ਐਡੀਟਿੰਗ" ਕਹੀ ਜਾਂਦੀ ਹੈ। ਇਹ ਮਹਿਲਾ ਵਿਗਿਆਨੀ ਦੁਨੀਆਂ ਵਿਚ "ਦੀ ਕੋਡ ਬ੍ਰੇਕਰ" ਕੁਦਰਤ ਦਾ ਕੋਡ ਤੋੜਨ ਵਾਲੀ ਦੇ ਰੂਪ ਵਿਚ ਮਸ਼ਹੂਰ ਹੈ।

ਅੱਜ ਇਸੇ "ਜੀਨੋਮ ਐਡੀਟਿੰਗ" ਨਾਲ, ਦੁਨੀਆਂ ਦੇ ਕਈ ਮੁਲਕ, ਰੋਗ ਦੇ ਵਾਇਰਸ 'ਤੇ ਪ੍ਰਯੋਗ ਕਰ ਰਹੇ ਹਨ। ਉਹਨਾਂ ਰੋਗ ਕੀਟਾਣੂਆਂ ਦੇ ਜੀਂਸ ਜਾਂ ਸੈੱਲ ਨਾਲ ਛੇੜ-ਛਾੜ ਕਰ ਕੇ, ਮਨਮਰਜ਼ੀ ਮੁਤਾਬਕ, ਭਿਆਨਕ ਮਾਰੂ ਜੈਵਿਕ ਹਥਿਆਰ ਰੂਪ ਵਿਚ ਵਰਤ ਕੇ, ਦੁਨੀਆਂ 'ਤੇ ਕਾਬਜ਼ ਹੋਣ ਦੇ ਸੁਪਨੇ ਵੇਖ ਰਹੇ ਹਨ।

ਇਹ ਸਭ ਕੁਝ ਭਿਆਨਕ ਸੱਤ, ਸਾਡੇ ਸਾਮ੍ਹਣੇ ਆ ਰਹੇ ਹਨ। ਇਹਨਾਂ ਸਾਰੀਆਂ ਤ੍ਰਾਸਦੀਆਂ ਅਤੇ ਦੁਰਦਸ਼ਾਵਾਂ ਦਾ ਕਾਰਨ ਇਕੋ ਨਜ਼ਰ ਆਉਂਦਾ ਹੈ, ਇਨਸਾਨੀਅਤ ਔਰ ਇਲਮ ਵਿਚ ਤਲਾਕ ਹੋ ਗਿਆ ਹੈ...।

# ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸੁ

ਸਾਰੇ ਵੇਸ ਬਾਹਰ ਦੇ ਹਨ। ਬਾਲਕ ਹੈ, ਜਵਾਨ ਹੈ, ਬਿਰਧ ਹੈ। ਗਰੀਬ, ਅਮੀਰ, ਰੂਪ, ਕੁਰੂਪ, ਰਾਜਾ, ਪਰਜਾ, ਸਾਰੇ ਵੇਸ-ਭੇਖ ਬਾਹਰ ਦੇ ਹਨ। ਇਹ ਵੇਸ-ਭੇਖ ਹੀ ਦਵੈਸ਼-ਕਲੇਸ਼ ਦੀ ਜੜ੍ਹ ਹਨ। ਧਰਤੀ, ਆਕਾਸ਼ ਦਾ ਸਾਰਾ ਜਲ-ਕਣ ਇਕ ਹੈ। ਆਕਾਰ ਤਬਦੀਲ ਹੋ ਗਿਆ। ਕੋਈ ਨਦੀ ਹੈ, ਕੋਈ ਝੀਲ, ਸਰੋਵਰ, ਤਾਲ ਜਾਂ ਨਿਮਾਣੀ ਛੱਪਰੀ। ਵੇਸ ਭਿੰਨ ਹੋ ਗਏ... ਇਹ ਭਿੰਨਤਾ ਹੀ, ਦਵੈਤ ਬਣ ਕੇ ਹਰ ਪ੍ਰਾਣੀ ਦੇ ਨਾਲ ਖਲੋ ਗਈ। ਇਹ ਮੈਂ ਹਾਂ... ਇਹ ਮੇਰਾ ਭਾਈ। ਇਹ ਮੇਰੀ ਸੰਪਤੀ, ਇਹ ਭਾਈ ਦੀ। ਇਹ ਜਾਇਦਾਦ ਮੇਰੇ ਨਾਂ ’ਤੇ, ਇਹ ਮੇਰੀ ਘਰ ਵਾਲੀ ਦੇ ਨਾਂ। ਸਾਰਿਆਂ ਵਿਚ ਵੇਸ ਨੇ ਭੇਦ ਕਰ ਦਿੱਤਾ। ਈਰਖਾ, ਸਪਰਧਾ ਦੀ ਅੱਗ ਵੱਗ ਪਈ—

ਝੀਲ, ਸਰੋਵਰ, ਤਾਲ ਔਰ ਨਦੀਆਂ। ਸਭ ਵਿਚ ਅੱਗ ਦੀਆਂ ਧਾਰਾਂ ਵੱਗੀਆਂ। ਇਕੋ ਸ੍ਰੋਤ-ਇਕੋ ਹੀ ਰੂਪ, ਫੇਰ ਕਿਉਂ ਵੈਰੀ ਵਾਂਗ ਇਵ ਸੋਚੇ।

ਇਕ ਦੂਜੇ ਦੇ ਦੁਸ਼ਮਨ ਹੋ ਗਏ, ਸਾਰੇ ਡਾਂਗਾਂ ਫੜ ਖਲੋਤੇ॥

ਮਨੁੱਖ, ਹੈ ਤਾਂ ਪ੍ਰਕ੍ਰਿਤੀ! ਕੁਦਰਤ ਨੇ ਮਿੱਟੀ ਤੋਂ, ਉਤਭੁਜ ਤੋਂ ਪੁਤਲਾ ਬਣਾਇਆ।

—ਮਾਇਆ (ਕੁਦਰਤ) ਦੀ ਖੇਡ

“ਪੰਚ ਪੂਤ ਜਣੇ ਇਕ ਮਾਇ॥ ਉਤਭੁਜ ਖੇਲੁ ਕਰਿ ਜਗਤ ਵਿਆਇ।”

—ਗੌਂਡ ਮਹਲਾ 5 (ਪੰ. 865)

ਸਾਰੇ ਪ੍ਰਾਣੀ ਜਗਤ ਵਿਚ, ਇਕ ਪ੍ਰਾਣ! ਸਾਰੇ ਕੁਟੰਬੀ ਹੋਏ। ਪਸ਼ੂ-ਪੰਖੀ, ਮਨੁੱਖ, ਯੱਛ, ਕਿੰਨਰ, ਸੁਰ, ਅਸੁਰ, ਸਾਰੇ ਸਹੋਦਰ ਹਨ। ਇਕ ਉਦਰ, ਇਕ ਗਰਭ ਮਾਂ ਦਾ... “ਧਰਤੀ ਮਾਂ”। ਵਿਚ ਮਾਇਆ ਵਰਤ ਗਈ।

ਏਸ ਨੇ ਵਖੇੜਾ ਪਾ ਦਿੱਤਾ। ਹਰ ਮੁਲਕ ਦੀ ਸਰਹੱਦ ਤੇ ਤਨਾਅ ਹੈ, ਹਰ ਘਰ ਵਿਚ ਮਹਾਂਭਾਰਤ ਦੀ ਭੂਮਿਕਾ ਬਣ ਰਹੀ ਹੈ।

ਸ੍ਰੀ ਗੋਇੰਦਵਾਲ ਸਾਹਿਬ, ਕੁਝ ਸਾਧੂਆਂ ਦਾ ਟੋਲਾ ਆਇਆ। ਆਪਣੇ ਆਪ ਨੂੰ ਦਰਵੇਸ਼ ਕਹਿੰਦੇ। ਘਰ-ਘਰ ਅਨਾਜ, ਬਸਤਰ ਮੰਗਦੇ। ਤੀਜੇ ਪਾਤਸ਼ਾਹ ਦੇ ਦਰ ’ਤੇ ਆਏ, ਮੰਗ ਦੇ ਦੋਹੇ ਪੜ੍ਹੇ। ਪਾਤਸ਼ਾਹ ਨੇ ਸ਼ਬਦ ਉਚਾਰਨ ਕੀਤਾ—

“ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸੁ॥
ਜੇ ਘਰਿ ਘਰਿ ਹੰਢੈ ਮੰਗਦਾ, ਧਿਗੁ ਜੀਵਣੁ ਧਿਗੁ ਵੇਸੁ॥” (ਪੰ. 550)

ਪਹਿਲਾ ਦਰਵੇਸੀ, ਨਿਰੰਕਾਰ ਹੈ। ਦਰਵੇਸ਼ ਦਾ ਅਰਥ ਹੈ, ਸਤਿਗੁਰ ਦੇ ਦਰ ’ਤੇ, ਨਿਰੰਕਾਰ ਦੇ ਦਰ ’ਤੇ ਵੇਸ, ਆਪਣਾ ਵਜੂਦ, ਆਪਣੀ ਪਛਾਣ ਤਿਆਗ ਦਿੱਤੀ। ਵਜੂਦ ਤੋਂ ਰਹਿਤ, ਬਿਦੇਹ ਹੋ ਜਾਣਾ। ਦਰਵੇਸ... ਵੇਸ ਤੋਂ ਰਹਿਤ।

ਤਾਂ, ਪਾਤਸ਼ਾਹ ਕਹਿੰਦੇ ਹਨ—

"ਦਰਵੇਸੀ ਕੋ ਜਾਣਸੀ, ਵਿਰਲਾ ਕੋ ਦਰਵੇਸੁ॥"

ਅਕਾਲ ਪੁਰਖ ਨੂੰ, ਦਰਵੇਸ਼ੀ ਨੂੰ, ਕੋਈ ਵਿਰਲਾ ਦਰਵੇਸ਼ ਹੀ ਜਾਣੇਗਾ। ਵੇਸ, ਭੇਖ ਵਾਲੇ, ਸੰਸਾਰਕ ਸੰਪਦਾ, ਸ੍ਰਮਿੱਧੀ ਦੇ ਸੁਆਮੀ, ਉਸ ਦਾ ਭੇਦ ਨਹੀਂ ਪਾ ਸਕਦੇ।

ਭਗਤ ਫਰੀਦ ਜੀ ਨੇ, ਸੰਸਾਰਕ ਬਸਤਰ, ਅਲੰਕਾਰ ਤਿਆਗ ਕੇ ਦਰਵੇਸ਼ੀ ਬਾਣਾ... ਕਾਲੇ ਕੱਪੜੇ ਪਾ ਲਏ। ਉਸ ਵਕਤ ਜਾਂ ਅੱਜ ਵੀ ਦਰਵੇਸ਼ਾਂ ਦੀ ਜਮਾਤ ਦਾ ਪਹਿਰਾਵਾ, ਕਾਲੇ ਕੱਪੜੇ ਹਨ। ਜਮਾਤ ਵਿਚ ਬੱਚੇ ਦਾ ਪ੍ਰਵੇਸ਼ ਤਾਂ ਹੋ ਗਿਆ। ਪਰ ਸਿੱਖਿਆ ਲਈ ਸਮਰਪਿਤ ਵਿਦਿਆਰਥੀ, ਗਿਆਨ ਦੀ ਅਪੂਰਨਤਾ 'ਤੇ, ਅਧੂਰੀ ਸਮਝ 'ਤੇ ਸ਼ਰਮਿੰਦਾ ਹੁੰਦੈ। ਭਗਤ ਫਰੀਦ ਜੀ, ਉਸ ਵਿਦਿਆਰਥੀ ਵਾਂਗ ਸੰਵੇਦਨਸ਼ੀਲ ਹਨ। ਕਹਿੰਦੇ ਹਨ—

"ਫਰੀਦਾ ਕਾਲੇ ਮੈਡੇ ਕਪੜੇ, ਕਾਲਾ ਮੈਡਾ ਵੇਸੁ॥
ਗੁਨਹੀ ਭਰਿਆ ਮੈ ਫਿਰਾ, ਲੋਕੁ ਕਹੈ ਦਰਵੇਸੁ॥" (ਪੰ. 1381)

ਅੱਗ ਦਾ ਦਰਿਆ ਹੈ, ਮਰ ਕੇ ਲੰਘਣਾ ਪੈਂਦੈ।

"ਕਬੀਰ ਮਾਰਗ ਸੰਕਰਾ, ਯਾਂ ਮਹਿ ਗਜ ਨ ਲੰਘਾਏ॥
ਕੋਈ ਮਰ ਕੇ ਪੰਧ ਮੁਕਾਏ... ਹਵਾ ਬਣ ਲੰਘ ਜਾਏ॥"

ਹਾਥੀ ਨਹੀਂ, ਹਵਾ ਬਣ ਕੇ ਲੰਘਣ ਜੋਗ ਭੀੜਾ ਮਾਰਗ।

ਪੰਜਵੇਂ ਪਾਤਸ਼ਾਹ, ਇਸ ਦੁਰਗਮ ਥਾਂ 'ਚੋਂ ਲੰਘਣ ਲਈ ਸੰਦੇਸ਼ ਦਿੰਦੇ ਹਨ—

"ਆਪ ਛੋਡਿ ਬੇਨਤੀ ਕਰਹੁ॥
ਸਾਧ ਸੰਗਿ ਅਗਨਿ ਸਾਗਰੁ ਤਰਹੁ॥" (ਸੁਖਮਨੀ)

ਆਪਣਾ ਵੇਸ਼ ਛੱਡ ਦੇ, ਵਜੂਦ ਛੱਡ ਦੇ, ਹਵਾ ਬਣ ਕੇ ਲੰਘ ਜਾ। ਕਹਿੰਦੇ ਹਨ ਇਕ ਅੱਲ੍ਹੜ ਨਦੀ, ਪਹਾੜਾਂ ਤੋਂ ਉੱਤਰੀ, ਨੱਚਦੀ, ਟੱਪਦੀ, ਸੁੰਦਰ ਬਨ, ਬਾਗਾਂ ਅਤੇ ਮੈਦਾਨੀ ਇਲਾਕਿਆਂ 'ਚੋਂ ਹੁੰਦੀ, ਰੇਗਿਸਤਾਨ ਵਿਚ ਪ੍ਰਵਿਸ਼ਟ ਹੋਈ, ਤਾਂ ਤਪਦੀ ਰੇਤ ਦਾ ਤਾਅ ਨਾ ਸਹਿ ਸਕੀ। ਥੱਲੇ ਤਪਦੀ ਰੇਤ, ਉੱਤੋਂ ਅੱਗ ਵਰਸੌਂਦਾ ਸੂਰਜ। ਬਾਲ੍ੜੀ ਸਰਿਤਾ, ਰੋਣ ਲੱਗ ਪਈ। ਤਿਲ-ਤਿਲ ਮਰਨ ਲੱਗੀ, ਸੁੱਕਣ ਲੱਗੀ। ਘਬਰਾਹਟ ਦੇ ਉਸ ਖਿਨ, ਹਵਾ ਨੂੰ ਤਰਸ ਆ ਗਿਆ। ਨਦੀ ਦੇ ਕੰਨ ਵਿਚ ਕਿਹਾ, ਬੱਲੀਏ, ਕਿਉਂ ਰੋਂਦੀ ਏਂ। ਅਗਲਾ ਪੈਂਡਾ ਮਰ ਕੇ ਹੀ ਲੰਘਣਾ ਪੈਂਦੈ। ਕੰਨ ਵਿਚ, ਰਾਜ਼..., ਇਕ ਰਹੱਸ ਖੋਲ੍ਹਿਆ, ਤੂੰ ਕਿਉਂ ਰੋਂਦੀ ਏਂ। ਤੇਰੇ ਪ੍ਰਾਣ ਵਿਚ ਪਰਮੇਸ਼ਰ ਹੈ। ਤੂੰ ਕਦੇ ਮਰ ਨਹੀਂ ਸਕਦੀ। ਬਸ ਰੂਪਾਂਤਰਿਤ ਹੋ ਜਾ। ਭੇਖ, ਵੇਸ, ਆਕਾਰ, ਹੁਣ ਤਿਆਗ ਦੇ। ਤਪਸ਼ ਵਿਚ ਭਾਪ ਬਣ ਜਾ।... ਬੱਦਲ ਬਣ ਮੇਰੇ ਮੋਢੇ ਬਹਿ ਜਾ। ਮੈਂ ਤੈਨੂੰ ਆਕਾਸ਼ ਦੀ ਸੈਰ ਕਰਵਾਵਾਂਗੀ। ਜਿੱਥੇ ਤੇਰਾ ਜੀਅ ਕਰੇ, ਮੁੜ ਬੂੰਦ ਬਣ ਬਰਖ ਜਾਈਂ। ਕਦੇ ਬਰਫ਼, ਕਦੇ ਪਾਣੀ, ਕਦੇ ਬੱਦਲ। ਵੇਸ਼ ਦਾ ਹੰਕਾਰ ਨਾ ਕਰੀਂ। ਸਮੇਂ ਨਾਲ ਵੇਸ ਧਰੀਂ ਅਤੇ ਸਮੇਂ ਨਾਲ ਵੇਸ ਤਿਆਗ ਦਰਵੇਸ਼ ਬਣ ਜਾਈਂ।... ਇਹੋ ਰੱਬ ਦੀ ਰਜ਼ਾ ਮੰਨ।

ਕਬੀਰ ਜੀ ਕਹਿੰਦੇ ਹਨ, ਇਹ ਜੀਵਨ ਬਹੁਤ ਗੁੰਝਲਦਾਰ ਹੈ। ਬਖੇੜਿਆਂ ਭਰਿਆ

ਜੀਵਨ! ਔਰ ਇਹ ਝੰਝਟ, ਪਰੇਸ਼ਾਨੀ, ਜੰਮਦਿਆਂ ਗੱਲ ਪੈ ਗਈ। ਮੇਰਾ ਵਜੂਦ ਬਣਿਆ, ਨਾਲ ਹੀ ਮਨ, ਬੁੱਧੀ, ਇੰਦ੍ਰੀਆਂ ਔਰ ਇਹਨਾਂ ਸਾਰਿਆਂ ਦੀਆਂ ਫ਼ਰਮਾਇਸ਼ਾਂ ਜੁੜ ਗਈਆਂ। ਹੁਣ ਕਿਵੇਂ ਛੁੱਟੀਐ ?

"ਦੇਹ ਧਰੇ ਇਨ ਮਾਹਿ ਬਾਸ ਕਹੁ ਕੈਸੇ ਛੂਟੈਂ॥
ਸ਼ਿਵ ਭਏ ਤਉ ਊਬਰੈ, ਜੀਵਨ ਤੈਂ ਲੂਟੈਂ॥"

ਦੇਹ ਧਾਰਿਆ। ਇੰਦ੍ਰੀਆਂ ਇਸ ਦੇ ਵਜ਼ੀਰ, ਇੰਦ੍ਰੀਆਂ ਹੀ ਸੈਨਾਪਤੀ!

ਕਿਵੇਂ ਇਹਨਾਂ ਦੇ ਉਪਦ੍ਰਵ ਤੋਂ ਬਾਹਰ ਆਈਏ ?

ਕਹਿੰਦੇ, "ਸ਼ਿਵ ਭਏ ਤਉ ਊਬਰੈ..."

ਸ਼ਿਵ ਦਾ ਅਰਥ ਹੈ ਮੌਤ। ਲਾਸ਼ ਹੋ ਜਾਣਾ। ਵਜੂਦ ਗਵਾ ਕੇ ਅਲਖ, ਅਦਿੱਖ ਹੋ ਜਾਣਾ। ਤਾਂ ਹੀ, ਨਿਰੰਕਾਰ ਦਾ ਨਾਂ "ਸ਼ਿਵ" ਭਇਆ। ਦਸਮ ਪਾਤਸ਼ਾਹ ਕਹਿੰਦੇ ਹਨ, ਸ਼ਿਵ ਦਾ ਅਰਥ, ਸਤੀ ਦਾ ਪਤੀ ਜਾਂ ਪਾਰਬਤੀ ਦਾ ਪਤੀ-ਮਹਾਂਦੇਵ ਨਹੀਂ, ਲੋਗ ਜਿਸ ਨੂੰ ਸ਼ਿਵ ਜੀ ਕਹਿੰਦੇ ਹਨ-

"ਮਹਾਦੇਵ ਕਉ ਕਹਤ ਸਦਾ ਸਿਵ॥
ਨਿਰੰਕਾਰ ਕਾ ਚੀਨਤ ਨਹਿ ਭਿਵ॥" (ਚੌਪਈ)

ਮਹਾਂਦੇਵ ਨੂੰ ਲੋਗ ਸ਼ਿਵ ਜੀ ਕਹਿੰਦੇ ਹਨ, ਪਰ ਆਕਾਰ ਤੋਂ ਹੀਨ, ਨਿਰੰਕਾਰ ਦਾ ਸੰਕਲਪ, ਪੂਰਾ ਨਹੀਂ ਹੁੰਦਾ। ਸ਼ਿਵ ਹੋ ਜਾ... ਵਜੂਦ ਦੀ ਲਾਸ਼ ਤਿਆਗ ਦੇ ਔਰ ਹਵਾ ਬਣ ਪਾਰ ਲੰਘ ਜਾ। ਆਕਾਰ ਤੋਂ ਰਹਿਤ, ਸ਼ਿਵ!

ਸਾਰਾ ਝਗੜਾ ਵੱਖਵਾਦ ਦਾ ਹੈ ਅਤੇ ਇਹ ਵੱਖਵਾਦ ਵਜੂਦ ਦਾ ਹੈ। ਇਹ ਦਵੈਤ, ਇਹ ਆਪਣੇ ਪਰਾਏ ਦਾ ਭਰਮ, ਮਨੁੱਖ ਨੂੰ ਧੀਰਜਹੀਨ ਕਰ ਰਿਹਾ ਹੈ। ਸਹਿਨਸ਼ੀਲਤਾ ਕਿਤੇ ਗੁੰਮ ਹੋ ਗਈ। ਮੇਰੇ ਵਜੂਦ 'ਤੇ ਸੱਟ ਨਾ ਮਾਰੇ। ਮੇਰੇ ਮਾਨ ਸਨਮਾਨ 'ਤੇ ਕੋਈ ਉਂਗਲ ਨਾ ਚੁੱਕੇ। ਭਗਤ ਫਰੀਦ ਜੀ, ਇਹਨਾਂ ਸਾਰੀਆਂ ਅਵਸਥਾਵਾਂ 'ਚੋਂ ਲੰਘੇ ਹਨ। ਪਹਿਲਾਂ ਇਕ ਕਟੋਰੀ ਸ਼ੱਕਰ ਦੇ ਲੋਭ ਵਿਚ ਨਮਾਜ਼ ਪੜ੍ਹਦੇ ਰਹੇ... ਫੇਰ ਪਿਆਰੇ ਦੇ ਦਰਸ਼ਨ ਲਈ 'ਕਾਂਵਾਂ' ਅੱਗੇ ਹੱਥ ਜੋੜਦੇ ਰਹੇ-

"ਅੱਖ ਲੈ ਜਾ ਕੱਢ ਕੇ,
ਦੀਦਾਰ ਕਰਾ ਦੇ ਰੱਜ ਕੇ।"

ਫਿਰ ਇਹਨਾਂ ਸਾਰੀਆਂ ਕਲਪਨਾਵਾਂ 'ਚੋਂ ਬਾਹਰ ਨਿਕਲ ਗਏ। ਕਹਿੰਦੇ ਹਨ-

"ਫਰੀਦਾ ਸਾਹਿਬ ਦੀ ਕਰਿ ਚਾਕਰੀ, ਦਿਲ ਦੀ ਲਾਹਿ ਭਰਾਂਦਿ॥
ਦਰਵੇਸਾਂ ਨੋ ਲੋੜੀਐ, ਰੁਖਾਂ ਦੀ ਜੀਰਾਂਦਿ॥" (ਪੰ. 1381)

ਪ੍ਰਮਾਤਮਾ ਅਦਿੱਖ ਹੈ, ਆਤਮਾ ਵੀ ਅਦਿੱਖ ਹੈ। ਦੋ ਸੁੰਨ ਦਾ ਸਮਾਗਮ... ਦੋ ਹਵਾਵਾਂ ਦਾ ਮੇਲਾ! ਆਕਾਰ ਦਾ, ਵਜੂਦ ਦਾ ਰੂਪ ਰੰਗ, ਹੈਸੀਅਤ ਦਾ ਹੰਕਾਰ ਮਰੇ ਤਾਂ ਭਰਾਂਦ ਮਰਦੀ ਹੈ, ਭਿੰਨਤਾ, ਵੱਖਵਾਦ ਮਰਦਾ ਹੈ। ਰੁੱਖਾਂ ਵਾਂਗ ਜਿਗਰਾ, ਸਹਿਨਸ਼ੀਲਤਾ ਸਿਰਜਤ ਹੁੰਦੀ ਹੈ। ਇਹ ਦਰਵੇਸ਼ਾਂ ਦਾ ਮੁਕਾਮ ਹੁੰਦੈ।

ਭਗਤ ਕਬੀਰ ਜੀ ਕਹਿੰਦੇ ਹਨ, ਮੇਰੀ ਪਛਾਣ ਮਿਟ ਗਈ। ਮੈਂ ਬ੍ਰਾਹਮਣੀ ਦਾ ਜਾਇਆ ਹਾਂ ਕਿ ਜੁਲਾਹੀ ਦਾ, ਇਹ ਗੱਲ ਹੁਣ ਬੇਮਾਨੀ ਹੋ ਗਈ। ਮੈਂ ਵਜੂਦ ਤੋਂ, ਦੇਹ ਦੀ ਪਛਾਣ ਤੋਂ ਬਾਹਰ ਹੋ ਗਿਆਂ। ਹਵਾ ਦਾ ਝੋਂਕਾ ਬਣ, ਉਥੇ ਮੜ੍ਹੀ ਜਾ ਬਣਾਈ; ਜਿੱਥੇ ਗੰਗਾ ਅਤੇ ਜਮੁਨਾ ਦਾ ਪ੍ਰਵਾਹ ਹੈ। ਜਿੱਥੇ, ਬ੍ਰਹਮਾ ਨਾ ਵਿਸ਼ਨੂੰ ਕੋਈ ਦਿਸੈ, ਮਹਾਂਦੇਵ ਨੇ ਤਾਰੀਆਂ ਲਾ ਲਈਆਂ। ਜਿੱਥੇ ਕੋਈ ਵੇਸ਼ ਨਹੀਂ, ਭੇਖ ਨਹੀਂ– ਰੂਪ ਨਹੀਂ... ਸਹਜ ਹੈ... ਸੁੰਨ ਹੈ।

"ਕਬੀਰ ਗੰਗ ਜਮੁਨ ਕੇ ਅੰਤਰੇ, ਸਹਜ ਸੁੰਨ ਕੇ ਘਾਟ॥
ਤਹਾ ਕਬੀਰੈ ਮਟੁ ਕੀਆ, ਖੋਜਤ ਮੁਨਿ ਜਨ ਬਾਟ॥" (ਪੰ. 1372)

ਮੈਂ ਉਥੇ ਪਹੁੰਚ ਗਿਆਂ, ਜਿੱਥੇ ਪੁੱਜਣ ਦਾ ਰਾਹ ਲੱਭਦਿਆਂ, ਮੁਨੀ ਜਨ, ਕਈ ਜਨਮ ਬਿਤੀਤ ਕਰ ਦੇਂਦੇ ਹਨ। ਇਹ ਦਰਵੇਸ਼ਾਂ ਦਾ ਥਾਨ ਹੈ...। ਵੇਸ ਤੋਂ ਹੀਣ ਹੋਇਆਂ ਦਾ ਥਾਂ।

ਅਭਿਮੰਨਯੂ ਦੇ ਪੁੱਤਰ, ਰਾਜਾ ਪਰੀਛਿਤ ਨੂੰ, ਸ੍ਰਿੰਗੀ ਰਿਸ਼ੀ ਨੇ ਸਰਾਪ ਦੇ ਦਿੱਤਾ, "ਅੱਠ ਦਿਨਾਂ ਦੇ ਅੰਦਰ ਤੱਛਕ (ਨਾਗ) ਦੇ ਹੱਥੋਂ ਤੇਰੀ ਮੌਤ ਹੋਵੇਗੀ। ਰਾਜਾ ਪਰੀਛਿਤ, ਸੁਕਦੇਵ ਜੀ ਦੀ ਸ਼ਰਣ ਗਏ। ਸੁਕਦੇਵ ਜੀ ਨੇ ਜੀਵਨ ਦਾ ਰਹੱਸ ਦੱਸਿਆ – ਪਰੀਛਿਤ ! ਇਸ ਦੇਹ ਦੇ ਜੀਵਨ ਤੋਂ ਅੱਗੇ, ਅਨੰਤ ਜੀਵਨ ਤੈਨੂੰ ਉਡੀਕ ਰਿਹੈ। ਇਹ ਦੇਹ ਦੇ ਮਾਰਿਆਂ, ਜੀਵਨ ਨਹੀਂ ਮਰਦਾ। ਇਕ ਮੌਤ ਤੋਂ ਅੱਗੇ, ਇਕ ਨਵਾਂ ਜੀਵਨ ਆਰੰਭ ਹੁੰਦੈ। ਰਾਤ ਦੇ ਅੰਤ ਤੋਂ ਅੱਗੇ... ਇਕ ਨਵੀਂ ਪ੍ਰਭਾਤ ! ਤੂੰ ਇਸ ਰੂਪ ਦਾ, ਵਜੂਦ ਦਾ ਮੋਹ ਤਿਆਗ ਦੇ। ਮਹਾਨ ਰਿਸ਼ੀ ਦਾ ਵਚਨ ਪੂਰਾ ਹੋ ਜਾਣ ਦੇ। ਮੌਤ ਤੋਂ ਬਾਅਦ, ਤੇਰੇ ਨਵੇਂ ਜੀਵਨ ਦੀ ਅਨੰਤਤਾ, ਤੈਨੂੰ ਗੋਦ ਵਿਚ ਚੁੱਕ ਲਵੇਗੀ। ਵੇਸ ਦਾ ਤਿਆਗ ਕਰ, ਦਰਵੇਸ਼ ਹੋ ਜਾ।... ਉਹ ਦਰਵੇਸ਼ੀ... ਉਹ ਪਰਮ ਆਤਮਾ... ਉਹ ਅਨੰਤ-ਬ੍ਰਹਮ... ਤੇਰਾ ਅਨੰਤ ਜੀਵਨ ! ਤਾਂ ਮੇਰੇ ਪਾਤਸ਼ਾਹ ਕਹਿੰਦੇ ਹਨ—

"ਦਰਵੇਸੀ ਕੋ ਜਾਣਸੀ, ਵਿਰਲਾ ਕੋ ਦਰਵੇਸੁ॥"

# ਐਸਾ ਦੀਵਾ ਬਾਲੇ ਕੋਇ

ਗਹਿਰੀ ਰਾਤ, ਘੁੱਪ ਹਨੇਰਾ, ਅਨਜਾਣ, ਤਿਲਕਨ ਭਰਿਆ ਰਸਤਾ। ਹਾਇ ਵੇ ਡਾਢਿਆ ਰੱਬਾ! ਰੌਸ਼ਨੀ ਦੇ! ਪ੍ਰਕਾਸ਼ ਦੀ ਮੰਗ ਬਹੁਤ ਪੁਰਾਣੀ ਹੈ; ਸ਼ਾਇਦ ਮਨੁੱਖ ਦੇ ਵਿਕਾਸ ਦੇ ਨਾਲ ਨਾਲ ਹੀ, ਇਹ ਮੰਗ ਭੀ ਚਲਦੀ ਰਹੀ।

ਵੇਦਾਂਤ ਕਹਿੰਦੈ, "ਤਮਸੋ ਮਾ ਜੋਤਿਰਗਮਯ।"

ਹੇ ਪ੍ਰਭੂ, ਮੈਨੂੰ ਹਨੇਰੇ 'ਚੋਂ ਕੱਢ ਕੇ ਪ੍ਰਕਾਸ਼ ਵੱਲ ਤੋਰ ਦੇ। ਚੌਥੇ ਪਾਤਸ਼ਾਹ, ਅਜੇ ਗੁਰੂ-ਗੱਦੀ 'ਤੇ ਬਿਰਾਜਮਾਨ ਨਹੀਂ ਸਨ ਹੋਏ। ਭਾਈ ਜੇਠਾ ਜੀ! ਬੀਬੀ ਭਾਨੀ ਨਾਲ ਵਿਆਹ ਹੋਇਆ। ਸਮੇਂ ਦੀ ਰੀਤ ਸੀ, ਪਹਿਲੀ ਵਾਰ ਧੀ-ਜਵਾਈ ਘਰ ਆਉਂਦੇ ਸੀ ਤਾਂ ਯਥਾਸ਼ਕਤ ਉਨ੍ਹਾਂ ਦੀ ਮੰਗ, ਸਹੁਰੇ ਵਾਲੇ ਪੂਰੀ ਕਰਦੇ ਸਨ। ਭਾਈ ਜੇਠਾ ਜੀ, ਬੀਬੀ ਭਾਨੀ ਦੇ ਨਾਲ, ਸ੍ਰੀ ਗੋਇੰਦਵਾਲ, ਪਿਤਾ ਗੁਰੂ ਤੀਜੇ ਪਾਤਸ਼ਾਹ ਦੀ ਦਹਿਲੀਜ਼ 'ਤੇ ਪਹੁੰਚੇ। ਰੀਤ ਅਨੁਸਾਰ, ਤੀਜੇ ਪਾਤਸ਼ਾਹ ਨੇ, ਮਨ ਭਾਉਂਦੀ ਸ਼ੈਅ ਮੰਗਣ ਲਈ ਕਿਹਾ। ਭਾਈ ਜੇਠਾ ਜੀ ਨੇ, ਹੰਝੂ ਭਰੇ ਨੇਤਰਾਂ ਨਾਲ ਹੱਥ ਜੋੜ ਬੇਨਤੀ ਕੀਤੀ—

"ਮੇਰੇ ਮੀਤ, ਗੁਰਦੇਵ, ਮੋਕਉ ਰਾਮ ਨਾਮੁ ਪਰਗਾਸਿ॥" (ਪੰ. 10)

ਮੇਰੇ ਮੀਤ, ਗੁਰੂ ਪਿਤਾ, ਜੇ ਕੁਝ ਦੇਣਾ ਹੈ ਤਾਂ ਮੇਰੀ ਝੋਲੀ ਵਿਚ, ਰਾਮ ਨਾਮ ਦੀ ਰੌਸ਼ਨੀ ਪਾ ਦੇ।

"ਸੁਰਤੇ ਅਲ ਫਾਤਿਹਾ" ਕਹਿੰਦੇ ਹਨ, ਜਿਹੜੀ ਮੱਕੇ ਵਿਚ ਮੁਹੰਮਦ ਸਾਹਿਬ ਨੂੰ ਨਾਜ਼ਿਲ ਹੋਈ।

ਆਯਤ ਹੈ :-"ਅੱਲਹਮ ਦੁੱਲੇਲਾਹ,
ਅਲ ਸਿਰਾਤ ਵ ਅਲ ਮੁਸਤਕੀਨ।"
ਯਾ ਅੱਲਾਹ! ਤੂੰ ਸਾਰੇ ਆਲਮ ਦਾ ਦੂਲਹਾ, ਨਾਇਕ ਹੈਂ।
ਹਨੇਰੀ ਰਾਤ ਹੈ, ਮੈਂ ਵੇਖ ਨਹੀਂ ਸਕਦਾ... ਮੈਨੂੰ ਰੌਸ਼ਨੀ ਦੇ।
ਰੌਸ਼ਨੀ ਦੀ ਮੰਗ ਬਹੁਤ ਪੁਰਾਣੀ ਹੈ, ਜਨਮਾਂ-ਜਨਮਾਂ ਤੋਂ।

ਬਾਹਰ ਦਾ ਹਨੇਰਾ, ਇਕ ਦੀਵਾ, ਆਪਣੀ ਸਮਰੱਥਾ ਦੇ ਦਾਇਰੇ ਨੂੰ ਪ੍ਰਕਾਸ਼ਤ ਕਰ ਦਿੰਦੈ। ਇਹ ਪ੍ਰਕਾਸ਼ ਬਾਹਰ ਦਾ ਹੈ। ਬਿਜਲੀ ਦੇ ਬੱਲਬ ਜਾਂ ਹੋਰ ਕੋਈ ਉਪਕਰਨ, ਹਨੇਰੇ ਨੂੰ, ਰੌਸ਼ਨ ਕਰਨ ਦੀ ਯੋਗਤਾ ਰੱਖਦਾ ਹੈ। ਸੂਰਜ, ਚੰਦ, ਇਹ ਸਾਰੇ ਬਾਹਰ ਦਾ ਹਨੇਰਾ ਕੱਟ ਸਕਦੇ ਹਨ। ਅੰਦਰ ਹਨੇਰਾ, ਸਨਾਤਨ ਹੈ। ਆਮ ਤੌਰ 'ਤੇ ਹਿੰਦੂ ਮੱਤ ਨੂੰ ਸਨਾਤਨ ਕਿਹਾ ਜਾਂਦੈ। ਸਨਾਤਨ ਦਾ ਅਰਥ ਪ੍ਰਾਚੀਨ, ਆਦਿ ਕਾਲੀਨ ਧਰਮ! ਮੈਂ ਹਨੇਰੇ ਨੂੰ ਸਨਾਤਨ ਕਹਿ ਰਿਹਾਂ। ਧਰਮਾਂ ਦਾ ਅਭਿਯੁਦੈ, ਧਰਮ ਸੰਪਰਦਾਵਾਂ ਤਾਂ ਸਿਰਜਨ ਤੋਂ ਬਹੁਤ ਮਗਰੋਂ, ਸਭਿਅਤਾ ਵਿਕਸਤ ਹੋ ਜਾਣ ਤੋਂ ਬਾਦ, ਹੋਂਦ ਵਿਚ ਆਈਆਂ। ਇਹ

ਅੰਦਰ ਦਾ ਹਨੇਰਾ, ਸਭ ਤੋਂ ਪ੍ਰਾਚੀਨ ਹੈ, ਸਭ ਤੋਂ ਪੁਰਾਣਾ, ਸਭ ਤੋਂ ਸਨਾਤਨ।

ਪਵਿੱਤਰ ਗੁਰਬਾਣੀ ਵਿਚ, ਭਗਤ ਫਰੀਦ ਜੀ, ਇਸੇ ਅੰਦਰੂਨੀ ਹਨੇਰੇ ਦੀ ਦੱਸ ਪਾਉਂਦੇ ਹਨ—

"ਬਾਹਰਿ ਦਿਸੈ ਚਾਨਣਾ, ਦਿਲਿ ਅੰਧਿਆਰੀ ਰਾਤਿ॥"

ਹਿਰਦਾ ਘੁੱਪ ਹਨੇਰੇ ਵਿਚ! ਉਥੇ ਕਿਵੇਂ, ਪ੍ਰਕਾਸ਼ ਪਹੁੰਚੇ ?

ਤਾਂ, ਗੁਰੂ ਨਾਨਕ ਪਾਤਸ਼ਾਹ, ਇਸ ਰਹੱਸਮਈ ਸਮੱਸਿਆ ਨੂੰ ਖੋਲ੍ਹਦੇ ਹਨ, ਰਾਮਕਲੀ ਰਾਗ ਵਿਚ :

"ਐਸਾ ਦੀਵਾ ਬਾਲੇ ਕੋਇ॥ ਨਾਨਕ ਸੋ ਪਾਰੰਗਤ ਹੋਇ॥" (ਪੰ. 878)

ਕਰਮ ਦਾ ਵੀ ਪ੍ਰਕਾਸ਼ ਹੁੰਦੈ। ਦਇਆ, ਖਿਮਾਂ, ਦਾਨ, ਦੂਰ ਦੂਰ ਤੱਕ ਪ੍ਰਕਾਸ਼ਤ ਹੁੰਦੇ ਹਨ, ਤੱਪ, ਜੱਪ, ਯੋਗ ਵੀ - ਪ੍ਰਕਾਸ਼ਮਾਨ ਹੁੰਦੇ ਹਨ। ਪਰ ਇਤਿਹਾਸ ਗਵਾਹ ਹੈ, ਉਹਨਾਂ ਕਾਰਜਾਂ ਕਰ ਕੇ ਅੰਦਰ ਪ੍ਰਕਾਸ਼ ਨਾ ਪਹੁੰਚ ਸਕਿਆ, ਜੀਵਨ ਵਿਚ, ਕਈ ਖਿਨ ਆਏ, ਜਦੋਂ ਪੈਰ ਤਿਲਕ ਗਏ।

ਪਰਾਸ਼ਰ ਰਿਸ਼ੀ, ਸ਼ਕਤੀ ਰਿਸ਼ੀ ਦੇ ਪੁੱਤਰ ਅਤੇ ਮਹਾਂਰਿਸ਼ੀ ਵਸ਼ਿਸ਼ਠ ਜੀ ਦੇ ਪੋਤਰੇ ਸਨ। ਇਨ੍ਹਾਂ ਦੇ ਤਪੋਬਲ ਦੀ ਧੁੰਮ ਤਿੰਨੇ ਲੋਕਾਂ ਵਿੱਚ ਸੀ। ਇਕ ਵਾਰ ਭ੍ਰਮਣ ਕਰਦਿਆਂ ਜੰਗਲ ਵਿਚ, ਇਕ ਨਦੀ ਤੇ ਬੇੜੀ ਚਲਾਂਦੀ ਰੂਪਵਤੀ ਕੰਨਿਆ, ਸਤਿਅਵਤੀ ਨੂੰ ਵੇਖਿਆ। ਸਾਰਾ ਤੱਪ ਸਿਮਰਨ ਭੁੱਲ ਗਏ। ਪੈਰ ਥਿੜਕ ਗਏ। ਆਪਣੇ ਤਪੋਬਲ ਨਾਲ ਦਿਨੇ ਹੀ, ਬੱਦਲਾਂ ਦਾ ਪਰਦਾ ਕਰ ਕੇ ਭੋਗ ਕੀਤਾ। ਪੁੱਤਰ, ਵਿਆਸ ਜੰਮਿਆ। ਅਠਾਰਾਂ ਪੁਰਾਣ ਅਤੇ ਮਹਾਂਭਾਰਤ ਲਿਖਣ ਵਾਲੇ ਪ੍ਰਕਾਂਡ ਵਿਦਵਾਨ, ਗੁਰੂ ਪੂਰਨਮਾ ਤੇ ਪੂਜੇ ਜਾਣ ਵਾਲੇ ਵਿਆਸ ਜੀ, ਕੁੰਆਰੀ ਕੰਨਿਆ ਦੇ ਪੁੱਤਰ, ਪਰਾਸ਼ਰ ਰਿਸ਼ੀ ਦੇ ਜਾਏ। ਬਾਹਰ ਤਪ ਦੀ ਰੌਸ਼ਨੀ, ਅੰਦਰ ਦੇ ਹਨੇਰੇ ਤੋਂ ਹਾਰ ਗਈ।

ਤਾਂ, ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ :

"ਐਸਾ ਦੀਵਾ ਬਾਲੇ ਕੋਇ..."

ਸ੍ਰੀ ਗੁਰੂ ਨਾਨਕ ਪਾਤਸ਼ਾਹ, ਉਦਾਸੀ 'ਤੇ ਸਨ। ਟੁਰਦੇ-ਟੁਰਦੇ, ਬਿਹਾਰ ਦੇ "ਬੌਧ ਗਿਆ" ਪਹੁੰਚੇ। ਇਥੇ ਹੀ ਭਗਵਾਨ ਬੁੱਧ ਨੂੰ ਗਿਆਨ ਪ੍ਰਾਪਤ ਹੋਇਆ। ਇਥੇ "ਗਿਆ" ਵਿਚ, ਪੂਰਵਜਾਂ ਪਿੱਤਰਾਂ ਨਮਿੱਤ, ਸ਼ਰਾਧ ਕਰਮ ਦਾ ਮਸ਼ਹੂਰ ਮੰਦਰ ਹੈ। ਦੂਰੋਂ ਦੂਰੋਂ ਲੋਗ, ਘਰ ਦੇ ਪੂਰਵਜਾਂ-ਪਿੱਤਰਾਂ ਨਮਿਤ ਸ਼ਰਾਧ ਕਰਵੌਂਦੇ ਹਨ, ਪਿੰਡ ਦਾਨ ਕਰਵੌਂਦੇ ਹਨ। ਥਾਲ ਵਿਚ ਧੂਪ, ਦੀਪ, ਨੈਵੇਦਯ ਰੱਖ ਕੇ ਪੂਜਾ ਅਤੇ ਪਿੰਡਦਾਨ ਕਰਦੇ ਹਨ। ਗੁਰੂ ਨਾਨਕ ਪਾਤਸ਼ਾਹ, ਸਾਰੇ ਕਰਮਕਾਂਡ ਨੂੰ ਵੇਖਦੇ ਰਹੇ। ਉਨ੍ਹਾਂ ਪੰਡਿਤਾਂ ਨੇ, ਗੁਰੂ ਨਾਨਕ ਪਾਤਸ਼ਾਹ ਨੂੰ ਵੀ ਦੀਵਾ ਬਾਲਣ ਲਈ ਕਹਿਆ। ਪਾਤਸ਼ਾਹ ਨੇ, ਆਸਾ ਰਾਗ ਵਿਚ ਸ਼ਬਦ ਉਚਾਰਣ ਕੀਤਾ-

"ਦੀਵਾ ਮੇਰਾ ਏਕੁ ਨਾਮੁ, ਦੁਖੁ ਵਿਚਿ ਪਾਇਆ ਤੇਲੁ॥
ਉਨਿ ਚਾਨਣਿ ਓਹੁ ਸੋਖਿਆ, ਚੂਕਾ ਜਮ ਸਿਉ ਮੇਲੁ॥" (ਪੰ. 1005)

ਤੁਸੀਂ ਪੰਡਿਤ ਜੀ ਦੀਵਾ ਬਾਲਦੇ ਹੋ, ਤੇਲ ਪਾਉਂਦੇ ਹੋ। ਇਹ ਬਾਹਰ ਦਾ ਦੀਵਾ ਹੈ। ਇਕ ਦੀਵਾ ਮੇਰੇ ਅੰਦਰ ਵੀ ਅਹਿਰਨਿਸਿ ਬੱਲ ਰਿਹੈ। ਸੰਸਾਰ ਦੇ ਦੁਖ, ਮੈਂ ਉਸ ਦੀਵੇ ਵਿਚ, ਤੇਲ ਦੀ ਥਾਂ ਪਾਏ ਹਨ। ਇਹ ਅੰਤਰ-ਦੀਪ ਦੀ ਰੌਸ਼ਨੀ ਵਿਚ, ਜਮਦੂਤ ਦੂਰ ਭੱਜ ਗਏ ਹਨ।

ਮਨ ਦੇ ਮੰਦਰ ਵਿਚ, ਪ੍ਰਵੇਸ਼ ਤੋਂ ਪਹਿਲਾਂ, ਆਤਮ ਦੀਪ ਦਾ ਜਲਣਾ ਜ਼ਰੂਰੀ ਹੈ। ਬਾਹਰ ਦੇ ਦੀਵੇ, ਬਹੁਤ ਆਰਜ਼ੀ ਹਨ। ਇਹ ਦੀਰਘਜੀਵੀ ਨਹੀਂ ਹੁੰਦੇ। ਹਵਾ ਦਾ ਇਕ ਝੋਂਕਾਂ ਜਾਂ ਬਰਖਾ ਦੀਆਂ ਚਾਰ ਬੂੰਦਾਂ, ਇਸ ਨੂੰ ਬੁਝਾ ਜਾਂਦੀਆਂ ਹਨ। ਨਿਹਾਇਤ, ਸ਼ਕਤੀਹੀਨ। ਤਾਂ ਆਦਿ ਸ਼ੰਕਰ ਨੇ, ਆਪਣੇ ਅਨੁਯਾਈਆਂ ਨੂੰ ਕਿਹਾ ਸੀ-"ਆਤਮ ਦੀਪੋ ਭਵ"। ਆਪ ਦੀਵਾ ਬਣੋ। ਧਰਮ ਸ਼ਾਸਤਰਾਂ, ਪੁਸਤਕਾਂ ਤੋਂ ਲਈ ਰੌਸ਼ਨੀ, ਬਹੁਤਾ ਚਿਰ ਨਹੀਂ ਟਿਕਦੀ। ਇਕ ਦੀਵਾ ਅੰਦਰ ਬਾਲੋ... ਆਪ ਦੀਵਾ ਬਣੋ, ਆਤਮ ਦੀਪੋ ਭਵ! ਇਹ ਆਤਮ-ਦੀਪ, ਰੱਬੀ ਸ਼ਕਤੀ ਨਾਲ ਬਲਦੈ। ਆਜੀਵਨ, ਅਹਿਰਨਿਸ, ਨਿਸਦਿਨ, ਬੱਲਦਾ ਰਹਿੰਦੈਂ।

ਰਘੁਕੁਲ ਦੇ ਵੰਸ਼ਜ, ਰਾਜਾ ਦੰਡਕ ਬੜੇ ਪਰਾਕ੍ਰਮੀ ਅਤੇ ਸੂਝਵਾਨ ਰਾਜਾ ਸਨ। ਪਰ, ਇਕ ਵਾਰ ਰਿਸ਼ੀ ਪੁਤਰੀ ਤੇ ਨਜ਼ਰ ਮੈਲੀ ਹੋ ਗਈ; ਸ਼ੀਲਹਰਣ ਕਰ ਲਿਆ। ਰਿਸ਼ੀ ਦੀ ਕ੍ਰੋਧ ਦ੍ਰਿਸ਼ਟੀ ਨਾਲ ਭਸਮ ਹੋ ਗਏ। ਪਰ, ਪੂਰੀ ਤਰ੍ਹਾਂ ਸ਼ਰਾਪ ਮੁਕਤ ਨਹੀਂ ਹੋਏ। ਜਦੋਂ, ਤਾੜਕਾਸੁਰ ਰਾਖਸ਼ ਨੂੰ ਮਾਰਨ ਲਈ, ਸ੍ਰੀ ਰਾਮ ਅਤੇ ਲੱਛਮਣ, ਵਿਸ਼ਵਾਮਿਤਰ ਜੀ ਨਾਲ ਦੰਡਕਾਰਣਿਅ ਵਿਚ ਜਾਂਦੇ ਹਨ ਤਾਂ ਮੁਨੀ ਕਹਿੰਦੇ ਹਨ, ਪਹਿਲਾਂ ਪੂਜਾ ਕਰ ਕੇ ਆਪਣੇ ਪੂਰਵਜ ਰਾਜਾ ਦੰਡਕ ਨੂੰ ਦੋਸ਼ ਮੁਕਤ ਕਰੋ, ਮੁਕਤੀ ਦਿਓ। ਇਸ ਕੁਲ ਕਲੰਕ ਨੂੰ ਮਿਟੌਣ ਤੋਂ ਬਾਦ ਹੀ ਤਾੜਕਾਸੁਰ ਮਰੇਗਾ।

ਬਾਹਰ ਦਾ ਗਿਆਨ-ਧਿਆਨ, ਜੱਪ-ਤੱਪ, ਦੀਵੇ ਵਾਂਗ ਬਲਦੇ ਹਨ। ਪਰ ਇਕ ਖਿਨ ਦੀ ਪ੍ਰੀਖਿਆ ਆਉਂਦੀ ਹੈ, ਔਰ ਗਿਆਨ-ਧਿਆਨ ਦਾ ਦੀਵਾ ਬੁੱਝ ਜਾਂਦਾ ਹੈ।

ਤਾਂ ਗੁਰੂ ਨਾਨਕ ਪਾਤਸ਼ਾਹ, ਕਹਿੰਦੇ ਹਨ-

"ਐਸਾ ਦੀਵਾ ਬਾਲੇ ਕੋਇ॥ ਨਾਨਕ ਸੋ ਪਾਰੰਗਤ ਹੋਇ॥" (ਪੰ. 878)

ਉਹ ਪਾਰੰਗਤ ਹੋਏ ਗਿਆ, ਪਾਸ ਹੋਏ ਗਿਆ, ਸਿੱਧ ਹੋਏ ਗਿਆ, ਜਿਸ ਦਾ ਅੰਤਰ ਦੀਪ ਜੱਲ ਗਿਆ।

ਪੰਜਵੇਂ ਪਾਤਸ਼ਾਹ, ਇਸ ਵਿਸ਼ੇ ਨੂੰ ਹੋਰ ਖੋਲ੍ਹਦੇ ਹਨ-

"ਰਿਧਿ ਨ ਬੁਧਿ ਨ ਸਿਧਿ ਪ੍ਰਗਾਸੁ॥
ਬਿਖੈ ਬਿਆਧਿ ਕੇ ਗਾਂਵ ਮਹਿ ਬਾਸ॥" (ਪੰ. 894)

ਹਿੰਸਕ, ਦਇਆਹੀਨ, ਸ਼ਿਕਾਰੀਆਂ ਦੇ ਪਿੰਡ ਵਿਚ ਰਹਿੰਦੇ ਹਾਂ। ਇਹਨਾਂ ਸ਼ਿਕਾਰੀਆਂ ਅੱਗੇ, ਰਿਧਿ, ਸਿਧਿ, ਬੁੱਧੀ, ਕੁਝ ਕੰਮ ਨਹੀਂ ਆਉਂਦਾ। ਸਰੀਰ 'ਚੋਂ ਪਿੰਡ ਤੋਂ, ਵਿਕਾਰਾਂ ਵਾਲੇ, ਕਾਮ, ਕ੍ਰੋਧ ਆਦਿਕ ਸ਼ਿਕਾਰੀ ਸਾਮ੍ਹਣੇ ਆ ਜਾਣ ਤਾਂ ਸਾਰਾ ਗਿਆਨ ਧਿਆਨ, ਧਰਿਆ ਰਹਿ ਜਾਂਦਾ ਹੈ।

ਤਾਂ ਗੁਰੂ ਨਾਨਕ, ਮੇਰੇ ਸਤਿਗੁਰ ਕਹਿੰਦੇ ਹਨ-

"ਅੰਤਰਿ ਭਾਹਿ ਤਿਸੈ ਤੂ ਰਖੁ॥
ਅਹਿਨਿਸ ਦੀਵਾ ਬਲੈ ਅਥਕੁ॥"

ਅੰਤਰ ਭਾਵ, ਆਤਮ ਪ੍ਰਗਾਸ ਦਾ ਹੋਵੇ। ਇਹ ਅੰਤਰਦੀਪ, ਇਹ ਪ੍ਰਕਾਸ਼ ਪੁੰਜ, ਇੰਦ੍ਰੀਆਂ, ਵਿਕਾਰਾਂ ਦੀਆਂ ਚਾਲਾਂ, ਸਾਜ਼ਿਸ਼ਾਂ ਨੂੰ ਜ਼ਾਹਿਰ ਕਰ ਦੇਂਦਾ ਹੈ। ਬਾਹਰ ਦਾ ਦੀਵਾ, ਅੰਦਰ ਨਹੀਂ ਵਿਖਾ ਸਕਦਾ। ਪਰ ਅੰਦਰ ਦਾ ਦੀਵਾ, ਤਿੰਨੇ ਲੋਕ ਉਜਾਗਰ ਕਰ ਦਿੰਦੈ। ਪੂਰਾ ਸਤਿਗੁਰ, ਜਗਦਾ ਦੀਵਾ ਹੁੰਦੈ।

ਸ੍. ਇੰਦਰ ਸਿੰਘ ਮੁਲਤਾਨੀ, ਸਤਿਗੁਰੂ ਰਾਮ ਸਿੰਘ ਜੀ ਦੇ ਸਾਥੀ ਸਨ। ਫੌਜ ਵਿਚ ਅਸਿਸਟੇਂਟ ਵਾਰੰਟ ਆਫ਼ੀਸਰ। ਗੁਰੂ ਦੇ ਜੀਵਨ ਚਰਿੱਤਰ ਨੂੰ ਬਹੁਤ ਨੇੜੇ ਰਹਿ ਕੇ ਵੇਖਿਆ ਸੀ। ਫੌਜੀਆਂ ਵਿਚ, "ਮਸਤਾਨਾ" ਕਹਿ ਕੇ ਸ਼ਰਧਾ ਨਾਲ ਸੰਬੋਧਤ ਹੋਣ ਵਾਲੇ ਸਤਿਗੁਰ ਦੇ ਅੰਦਰ, ਜਾਗ੍ਰਿਤ ਜੋਤਿ ਨੂੰ ਕਈ ਵਾਰ ਮਹਿਸੂਸ ਕੀਤਾ ਸੀ। 1872 ਵਿਚ, ਪਰਦੇਸ ਗਮਨ ਤੋਂ ਬਾਦ, ਇਕ ਕਿਤਾਬ, ਉਸ ਰੱਬੀ ਰੂਹ ਬਾਬਤ ਲਿਖਣੀ ਆਰੰਭ ਕੀਤੀ। ਸੰਨ 1880 ਵਿਚ ਪ੍ਰਕਾਸ਼ਤ ਹੋਈ। ਪੁਸਤਕ ਦਾ ਨਾਂ ਸੀ—"ਜਗਦਾ ਦੀਵਾ"।

ਤਾਂ, ਪੂਰੇ ਗੁਰੂ ਦਾ ਸਿਰ 'ਤੇ ਹੱਥ, ਸੰਸਾਰਕ ਹਨੇਰੀਆਂ, ਝੱਖੜਾਂ ਵਿਚ ਦੀਵਾ ਬਲਦਾ ਰਹਿੰਦੈ।

ਸੰਤ ਭਗਤ ਸਿੰਘ ਦਾਤੇਵਾਲੀਏ ਦੇ ਸਿਰ 'ਤੇ, ਗੁਰੂ ਰਾਮ ਸਿੰਘ ਨੇ ਹੱਥ ਰੱਖਿਆ, ਲਟ-ਲਟ ਜੋਤ ਜੱਗ ਪਈ। ਕਈ ਪ੍ਰੀਖਿਆਵਾਂ ਆਈਆਂ, ਸਮੇਂ ਨੇ ਕਈ ਪਰਚੇ ਪਾਏ, ਪਰ ਜੋ ਮੇਰੇ ਸਤਿਗੁਰ ਕਹਿੰਦੇ ਹਨ—"ਅਹਿਨਿਸ ਦੀਵਾ ਬਲੈ ਅਥੱਕ", ਸੰਤਾਂ ਦੀ ਅੰਤਰ ਜੋਤਿ ਫਿਰ ਕਦੇ ਨਾ ਬੁੱਝੀ। ਸੰਤ, ਬੜੇ ਸੋਹਣੇ, ਸੁਨੱਖੇ, ਗੋਰੇ ਰੰਗ ਦੇ ਭਰਪੂਰ-ਜਵਾਨ ਹੈ ਸਨ। ਤਗੜੇ ਛੇ ਫੁੱਟੇ ਜਵਾਨ। ਸਤਿਗੁਰੂ ਰਾਮ ਸਿੰਘ ਦੇ ਸਿੱਖ ਹੋਣ ਦਾ ਗੌਰਵ! ਖਲੋ ਕੇ ਦੀਵਾਨ ਲਾਉਂਦੇ ਤਾਂ ਚੇਹਰੇ 'ਤੇ ਸੱਜਰੇ ਚੜ੍ਹੇ ਸੂਰਜ ਦੀ ਲਾਲੀ ਆ ਜਾਂਦੀ। ਇਕ ਵਾਰ, ਇਕ ਪਿੰਡ ਵਿਚ ਦੀਵਾਨ ਲਾਇਆ। ਰਾਤ ਡੇਰੇ ਵਿਚ, ਇਕੱਲੇ ਬਿਰਾਜ ਰਹੇ ਸਨ। ਇਕ ਸੋਹਣੀ ਜਵਾਨ ਔਰਤ, ਚਾਦਰ ਦੀ ਬੁੱਕਲ ਮਾਰ ਡੇਰੇ ਵਿਚ ਆ ਗਈ। ਹੱਥ ਵਿਚ, ਸੋਨੇ ਦੇ ਗਹਿਣੇ ਅਤੇ ਨਗਦ ਮਾਇਆ ਦੀ ਪੋਟਲੀ ਸੀ। ਸੰਤਾਂ ਅੱਗੇ ਲਿਲਕੀਆਂ ਲੈਣ ਲੱਗੀ। ਸੰਤ ਜੀ, ਮੈਂ ਵਿਧਵਾ ਹਾਂ। ਸੁਣਿਐ, ਤੁਹਾਡੀ ਘਰ ਵਾਲੀ ਵੀ ਚੜ੍ਹਾਈ ਕਰ ਗਈ ਹੈ। ਅਸੀਂ ਦੋਵੇਂ ਇਕੱਲੇ ਰਹਿ ਗਏ ਹਾਂ। ਮੇਰੇ ਕੋਲ ਬਹੁਤ ਜ਼ਮੀਨਾਂ, ਪੈਲੀਆਂ ਅਤੇ ਮਾਇਆ ਹੈ। ਦੂਰੋਂ, ਨੇੜਿਉਂ ਕੋਈ ਹਿੱਸੇਦਾਰ ਨਹੀਂ। ਚਰਣਾਂ 'ਤੇ ਡਿੱਗ ਪਈ। ਸੰਤ ਜੀ! ਮੈਨੂੰ ਪਰਵਾਨ ਕਰ ਲਉ। ਦੋਹਾਂ ਦੀ ਜ਼ਿੰਦਗੀ ਮੌਜ ਨਾਲ ਲੰਘ ਜਾਏਗੀ। ਸੰਤ ਅੱਖਾਂ ਨੀਵੀਆਂ ਕਰ ਲਈਆਂ।

"ਭੈਣ, ਮੇਰੇ ਅੰਦਰ, ਸਤਿਗੁਰ ਇਕ ਦੀਵਾ ਬਾਲਿਆ ਹੈ... ਆਤਮ ਜੋਤਿ! ਉਸ ਦੀ ਲੋਅ ਵਿਚ, ਉਸ ਦੀ ਸ਼ੀਤਲ ਛਾਂ ਹੇਠਾਂ, ਕਾਮ, ਕ੍ਰੋਧ ਦੀ ਅੱਗ ਬੁੱਝ ਗਈ ਹੈ। ਮੈਂ,

ਗੁਰੂ ਦੇ ਦੱਸੇ ਹੋਏ, ਆਤਮ ਮਾਰਗ ਦਾ ਪਾਂਧੀ ਹਾਂ। ਜਨਮਾਂ-ਜਨਮਾਂ ਦਾ ਪੰਧ, ਇਸ ਜਨਮ ਮੁੱਕ ਜਾਣੈ। ਤੂੰ ਮੇਰੀ ਛੋਟੀ ਭੈਣ ਹੋਈ। ਜਦੋਂ ਯਾਦ ਕਰੇਂਗੀ, ਵੀਰ ਬਣ ਕੇ ਆਵਾਂਗਾ। ਮੈਨੂੰ ਖਿਮਾ ਕਰ ਦੇ, ਮੇਰੀ ਭੈਣ!

"ਐਸਾ ਦੀਵਾ ਬਾਲੇ ਕੋਇ... ਨਾਨਕ ਸੋ ਪਾਰੰਗਤਾ ਹੋਇ॥"

ਉਹ ਸੰਸਾਰ ਤੋਂ ਪਾਰ ਲੰਘ ਗਏ, ਜੋਗੀ ਹੁੰਦੇ ਹਨ।

ਨਾਰਦ ਜੀ ਨੇ ਬਹੁਤ ਤਪ ਕੀਤਾ। ਦੇਵਰਿਸ਼ੀ ਕਹਿਲਾਂਦੇ ਸਨ। ਹੰਕਾਰ ਹੋ ਗਿਆ। ਭਗਵਾਨ ਵਿਸ਼ਨੂੰ ਨੂੰ ਅਹੰਕਾਰ ਨਾਲ ਭਰੇ ਹੋਏ, ਪ੍ਰਸੰਗ ਸੁਣਾਇਆ। ਮੈਨੂੰ ਤਪ ਕਰਦੇ ਹੋਏ ਨੂੰ, ਤਪ ਭੰਗ ਕਰਨ ਲਈ, ਕਾਮਦੇਵ ਨੇ ਰਤੀ ਸਹਿਤ ਬਹੁਤ ਕੋਸ਼ਿਸ਼ ਕੀਤੀ, ਪਰ ਹਾਰ ਗਏ। ਮੇਰਾ ਤਪ ਨਾ ਖੰਡਤ ਕਰ ਸਕੇ। ਭਗਵਾਨ, ਸ੍ਰੀ ਹਰੀ ਨੇ ਵੇਖਿਆ, ਭਗਤ ਨੂੰ ਹੰਕਾਰ ਹੋ ਗਿਐ। ਰੋਗ ਲੱਗ ਗਿਐ... ਸਮਾਂ ਰਹਿੰਦਿਆਂ ਉਪਚਾਰ ਜ਼ਰੂਰੀ ਹੈ। ਕੌਤਕ ਰਚਿਆ। ਇਕ ਰਾਜ ਵਿਚ, ਵਿਸ਼ਵ ਮੋਹਨੀ ਸਵਯੰਬਰ ਦਾ ਆਯੋਜਨ ਸੀ। ਰਾਜਕੁਮਾਰੀ ਵਾਕਈ, ਵਿਸ਼ਵ ਮੋਹਨੀ, ਵਿਸ਼ਵ ਨੂੰ ਆਪਣੀ ਸੁੰਦਰਤਾ ਨਾਲ, ਮੋਹ ਲੈਣ ਵਾਲੀ ਸੀ। ਨਾਰਦ ਜੀ ਨੇ, ਸ੍ਰੀ ਹਰੀ ਅੱਗੇ ਬੇਨਤੀ ਕੀਤੀ, ਮੈਨੂੰ ਧਰਤੀ, ਸਵਰਗ ਦਾ ਸਭ ਤੋਂ ਸੋਹਣਾ ਸੁਨੱਖ ਬਣਾ ਦਿਓ ਤਾਂ ਜੋ ਇਹ ਸੁੰਦਰੀ ਮੇਰੇ ਗੱਲ ਹੀ ਮਾਲਾ ਪਾਵੇ। ਭਗਵਾਨ ਵਿਸ਼ਨੂੰ ਕਿਹਾ, ਨਾਰਦ ਤੂੰ ਮੇਰਾ ਬਹੁਤ ਪਿਆਰਾ ਹੈਂ। ਜਿਸ ਵਿਚ ਤੇਰਾ "ਹਿਤ" ਹੋਵੇਗਾ, ਮੈਂ ਉਹੋ ਕਰਾਂਗਾ। ਤਪ ਦੇ ਹੰਕਾਰ ਦੇ ਟੁੱਟ ਜਾਣ ਵਿਚ ਹੀ, ਨਾਰਦ ਜੀ ਦਾ ਹਿੱਤ ਸੀ। ਨਾਰਦ ਸਮਝ ਨਾ ਸਕਿਆ, ਰਮਜ਼ ਨੂੰ। ਸ੍ਰੀ ਹਰੀ ਨੇ, ਨਾਰਦ ਤੇ ਬਾਂਦਰ ਦਾ ਮੂੰਹ ਲਾ ਦਿੱਤਾ। ਸਵਯੰਬਰ ਵਿਚ, ਦੇਵਰਿਸ਼ੀ ਬਾਰ-ਬਾਰ ਮੂੰਹ ਅੱਗੇ ਕਰੇ, ਸੁੰਦਰੀ ਮੂੰਹ ਬਿਚਕਾ ਕੇ ਅੱਗੇ ਲੰਘ ਜਾਵੇ। ਨਾਲ ਹੀ, ਸ਼ਿਵ ਜੀ ਦੇ ਗਣ ਬੈਠੇ ਸਨ। ਉਹਨਾਂ ਹੱਸ ਕੇ, ਨਾਰਦ ਨੂੰ ਦਰਪਨ ਵਿਖਾਇਆ। ਵੇਖ ਕੇ, ਭਗਵਾਨ ਵਿਸ਼ਨੂੰ ਪ੍ਰਤੀ ਘਿਰਨਾ ਅਤੇ ਕ੍ਰੋਧ ਨਾਲ ਭਰ ਗਿਆ। ਜਾ ਕੇ ਬਹੁਤ ਮਾੜਾ ਚੰਗਾ ਬੋਲਿਆ।

ਸ਼ਾਂਤ ਚਿੱਤ, ਸ੍ਰੀਪਤੀ ਸੁਣਦੇ ਰਹੇ। ਜਦੋਂ ਨਾਰਦ ਥੱਕ ਗਿਆ, ਫੇਰ ਭਗਵਾਨ ਵਿਸ਼ਨੂੰ ਨੇ ਕਿਹਾ, ਦੇਵਰਿਸ਼ੀ ਹੋ ਜਾਣਾ, ਤੱਪ, ਯੱਗ, ਕਠਿਨ ਯੋਗ ਦੀ ਜੋਤਿ, ਬਹੁਤ ਕਮਜ਼ੋਰ ਹੁੰਦੀ ਹੈ। ਕਾਮ, ਕ੍ਰੋਧ ਆਦਿਕ ਦਾ ਝੌਂਕਾ ਬੁਝਾ ਜਾਂਦਾ ਹੈ। ਅੰਤਰ ਦਾ ਦੀਵਾ, ਆਤਮ-ਪ੍ਰਕਾਸ਼ ਅਡੋਲ, ਅਵਿਚਲ ਰਹਿੰਦਾ ਹੈ।

ਐਸਾ ਦੀਵਾ ਬਾਲੇ ਕੋਇ....

# ਕਰਮ ਕਰਤ ਹੋਵੈ ਨਿਹਕਰਮ

ਸਾਰਾ ਸੰਸਾਰ ਕਰਮ ਕਰ ਰਿਹੈ। ਬਾਲਕ ਪੜ੍ਹਾਈ ਕਰ ਰਿਹੈ, ਸਿਖਿਅਕ ਸਿਖਿਆ ਦੇ ਰਿਹੈ। ਵਾਪਾਰੀ, ਕਿਸਾਨ, ਉਦਯੋਗਪਤੀ, ਮਜ਼ਦੂਰ, ਸਾਰੇ ਕਰਮ ਕਰ ਰਹੇ ਹਨ। ਕਰਮ ਉਹਨਾਂ ਦੀ ਜ਼ਰੂਰਤ ਹੈ, ਉਹਨਾਂ ਦੀ ਜੀਵਿਕਾ ਹੈ। ਕਰਮ ਦੇ ਪਿਛੇ ਇਕ ਆਸ ਹੈ, ਪ੍ਰਾਪਤੀ ਦੀ, ਸਫ਼ਲਤਾ ਦੀ। ਕਰਮ ਕਰਨ ਵਾਲੇ ਦੀ ਕੋਈ ਯੋਜਨਾ ਹੈ, ਕੋਈ ਪ੍ਰਯੋਜਨ ਹੈ। ਇਥੋਂ ਕਰਮ ਕਰ ਕੇ, ਸਫ਼ਲਤਾ ਪ੍ਰਾਪਤ ਕਰ ਕੇ, ਭਵਿੱਖ ਦਾ ਕੋਈ ਸੁਪਨਾ ਸਾਕਾਰ ਹੋਵੇਗਾ। ਤਾਂ ਇਕ ਕਰਤਾ ਭਾਵ ਜੁੜਿਆ ਹੈ, ਕਰਮ ਨਾਲ਼। ਕਰਤਾ ਦੀ ਸਫ਼ਲਤਾ, ਉਸ ਦਾ ਹੰਕਾਰ ਬਣ ਜਾਂਦਾ ਹੈ, ਜਿਹੜਾ ਦੇਰ-ਸਵੇਰ ਵਿਨਾਸ਼ ਦਾ ਰਾਹ, ਆਪ ਹੀ ਖੋਲ੍ਹ ਲੈਂਦਾ ਹੈ। ਬਹੁਤ ਗਹਿਰਾ ਮਨੋਵਿਗਿਆਨ ਹੈ। ਮਨੋਦਸ਼ਾ ਦਾ ਇਹ ਵਿਗਿਆਨ, ਸੰਸਾਰ ਵਿੱਚ ਵੀ ਅਤੇ ਸਾਧੂ, ਤਪੀਏ, ਦਾਨੀ, ਸਾਰਿਆਂ ਵਿੱਚ, ਸਮਾਨ ਰੂਪ ਨਾਲ਼ ਮਾਨਸੂਨ ਵਾਂਗ ਸਕ੍ਰਿਯ ਹੁੰਦੈ, ਔਰ ਵਿਕਸਤ ਹੋ ਕੇ ਸਾਰੇ ਪਿੰਡ, ਦੇਸ਼ ਨੂੰ ਆਪਣੀ ਬੁੱਕਲ ਵਿਚ ਲੈ ਲੈਂਦੈ। ਪ੍ਰਮੇਸ਼ਰ ਨੂੰ, ਸਤਿਗੁਰੂ ਨੂੰ, ਇਹ ਸਵੀਕਾਰ ਨਹੀਂ। ਕਰਤਾ ਭਾਵ ਦਾ ਹੰਕਾਰ, ਨਾ ਸਿਰਫ਼ ਉਸ "ਕਰਤਾ" ਨੂੰ ਨਸ਼ਟ ਕਰਦੈ, ਬਲਕਿ ਮਨੁੱਖੀ ਸਮਾਜ ਨੂੰ ਵੀ, ਰਾਵਣ, ਕੰਸ, ਹਰਨਾਕਸ਼ ਜਾਂ ਧਨਪਤੀ ਕੁਬੇਰ ਜਿਹਿਆਂ ਕਰ ਕੇ, ਸਮਾਜਿਕ ਅਤੇ ਆਰਥਿਕ ਅਸੰਤੁਲਨ ਪੈਦਾ ਕਰਦਾ ਹੈ, ਅਤੇ ਮਨੁੱਖ ਮਾਤਰ ਨੂੰ, ਉਸ ਹੰਕਾਰੀ ਤੋਂ ਪੈਦਾ ਕੀਤੀ ਗਈ ਤ੍ਰਾਸਦੀ ਦਾ ਦੁਖ ਸੰਤਾਪ ਵੀ ਝੱਲਣਾ ਪੈਂਦਾ ਹੈ।

ਕਰਮ ਤਾਂ ਕਰਨਾ ਹੈ, ਪਰ ਕਰਤਾ ਦਾ ਭਾਵ ਨਾ ਹੋਵੇ! ਇਕ ਮੌਲਿਕ, ਕਰਮ ਸਿਧਾਂਤ, ਪੰਜਵੇਂ ਪਾਤਸ਼ਾਹ, ਜਗਤ ਨੂੰ ਦਿੰਦੇ ਹਨ-

"ਕਰਮ ਕਰਤ ਹੋਵੈ ਨਿਹਕਰਮ॥
ਤਿਸੁ ਬੈਸਨੋ ਕਾ ਨਿਰਮਲ ਧਰਮ॥" (ਸੁਖਮਨੀ)

ਇਸ ਬਾਣੀ ਦਾ ਅਰਥ ਕੋਈ ਮਨੁੱਖ ਨਹੀਂ ਸਮਝਾ ਸਕਦਾ। ਮੈਂ ਬੋਲ ਰਿਹਾਂ, ਮੈਂ ਲਿਖ ਰਿਹਾਂ, ਮੈਂ ਅਰਥ ਕਰ ਰਿਹਾਂ, ਦਾ ਕਰਤਾ ਭਾਵ ਉੱਠ ਖਲੋਵੇਗਾ ਅਤੇ ਅਰਥ ਦਾ ਅਨਰਥ ਹੋ ਜਾਏਗਾ।

ਇਕ ਨਦੀ ਪ੍ਰਵਾਹਤ ਹੋ ਰਹੀ ਹੈ। ਜਲ, ਵੱਗ ਰਿਹੈ। ਮਨੁੱਖ, ਪਸ਼ੂ, ਪੰਖੀ, ਬਨਸਪਤੀ, ਸਾਰੇ ਜਲ ਛੱਕ ਰਹੇ ਹਨ, ਤ੍ਰਿਪਤ ਹੋ ਰਹੇ ਹਨ। ਨਦੀ ਕੋਲ ਕੋਈ ਕਰਤਾ ਭਾਵ ਨਹੀਂ। ਉਸ ਨੂੰ ਦਾਨ, ਪੁੰਨ ਦਾ ਅਹਿਸਾਸ ਨਹੀਂ। ਉਹ ਤਾਂ ਬਸ ਵੱਗ ਰਹੀ ਹੈ, ਰੱਬੀ ਰਜ਼ਾ ਅੰਦਰ! ਪਿੱਛੋਂ ਪਾਣੀ ਦਾ ਪ੍ਰਵਾਹ ਆਈ ਜਾ ਰਿਹੈ, ਧੱਕਾ ਦੇ ਰਿਹੈ, ਅੱਗੇ ਰੁੜਨ ਲਈ ਸੁਤੇ-ਸਿੱਧ ਹਾਲਾਤ ਬਣ ਰਹੇ ਹਨ। ਔਰ ਨਦੀ, ਵੱਗੀ ਜਾ ਰਹੀ ਹੈ। ਪਿੱਛੇ-ਪਿੱਛੇ ਆਉਂਦਾ ਪਾਣੀ, ਉਸ ਪਿਛੇ ਵਰਖਾ ਦਾ ਜ਼ੋਰ, ਪਹਾੜ ਹੈ, ਪਹਾੜ ਤੇ ਬਰਫ਼ ਪੰਘਰ ਕੇ

ਪਾਣੀ ਬਣ ਆ ਰਿਹਾ ਹੈ।... ਵੱਗਣ ਦਾ ਇਕ ਨਿਰੰਤਰ ਸਿਲਸਿਲਾ। ਇਹ ਕੁਦਰਤ ਹੈ ਅਤੇ ਕੁਦਰਤ ਵਿਚ ਕਾਦਰ (ਰੱਬ) ਬਿਰਾਜਮਾਨ ਹੈ – ਸ੍ਰੀ ਗੁਰੂ ਨਾਨਕ ਪਾਤਸ਼ਾਹ, ਇਸ ਖੇਡ ਨੂੰ ਖੋਲ੍ਹਦੇ ਹਨ –

"ਬਲਿਹਾਰੀ ਕੁਦਰਤਿ ਵਸਿਆ॥
ਤੇਰਾ ਅੰਤੁ ਨ ਜਾਈ ਲਖਿਆ॥" (ਆਸਾ ਦੀ ਵਾਰ)

ਸਾਰੀ ਕੁਦਰਤ ਵਿਚ, ਸਾਰੀ ਕਾਇਨਾਤ ਵਿਚ, ਪ੍ਰਮੇਸ਼ਰ ਆਪ, ਪ੍ਰਵੇਸ਼ ਕਰ ਗਿਐ। ਸਾਡਾ ਤੁਹਾਡਾ ਜਿਸਮ ਵੀ ਕੁਦਰਤ ਹੈ ਔਰ ਇਸ ਜਿਸਮ ਅੰਦਰ ਜਿਹੜੀ ਜਾਨ ਹੈ, ਉਹ ਪ੍ਰਮੇਸ਼ਰ ਹੈ। ਤਾਂ ਇਹ ਬੋਧ, ਕਿ ਕੋਈ ਹੈ, ਜਿਹੜਾ ਨਿਜ਼ਾਮੇ ਹਸਤੀ ਹੈ। ਸਾਰੇ ਆਲਮ ਵਿਚ, ਜਿਹੜਾ ਨਿਰਾਲਮ ਬਣ ਕੇ ਬਿਰਾਜਮਾਨ ਹੈ। ਉਹ ਖੇਡ ਕਰ ਰਿਹੈ। ਉਹ ਇਕੋ ਕਰਤਾ। ਸਾਰਾ ਜਗ, ਜਗ ਦੇ ਸਾਰੇ ਪ੍ਰਾਣੀ, ਉਸ ਦੇ ਇਸ਼ਾਰੇ 'ਤੇ ਚੱਲਣ ਵਾਲੇ ਜੰਤਰ, ਮਸ਼ੀਨ ਦੇ ਪੁਰਜ਼ੇ ! ਜੰਤ ਹਨ।

"ਏਨਾਂ ਜੰਤਾ ਕੈ ਵਸਿ ਕਿਛੁ ਨਾਹੀ,
ਤੁਧੁ ਵੇਕੀ ਜਗਤ ਉਪਾਇਆ॥" (ਆਸਾ ਮਹਲਾ 1, ਪੰ. 469)

ਜੈਸੀ ਮਤਿ, ਉਹ ਦੇ ਰਿਹੈ, ਸਰੀਰ ਦੇ ਅੰਗ ਕਾਰਜ ਕਰ ਰਹੇ ਹਨ, ਜੰਤਰ ਵਾਂਗ, ਮਸ਼ੀਨ ਵਾਂਗ – ਪੰਜਵੇਂ ਪਾਤਸ਼ਾਹ ਕਹਿੰਦੇ ਹਨ–

"ਪਾਰਬ੍ਰਹਮ ਕਰਤਾ ਅਬਿਨਾਸ॥" (ਸੁਖਮਨੀ)

ਪਾਰਬ੍ਰਹਮ, ਇਕੋ ਕਰਤਾ ! ਸਾਰਾ ਜਗਤ, ਉਸ ਦੇ ਇਸ਼ਾਰੇ 'ਤੇ ਚੱਲਣ ਵਾਲੀਆਂ ਕਠਪੁਤਲੀਆਂ !

ਅਸੀਂ ਸੋਚ ਰਹੇ ਹਾਂ, ਬੋਲ ਰਹੇ ਹਾਂ, ਕਰਮ ਕਰ ਰਹੇ ਹਾਂ। ਮਨਸਾ, ਵਾਚਾ, ਕਰਮਨਾ। ਮਨ ਤੋਂ ਸੋਚ ਉੱਠੀ, ਮੂੰਹ ਤੋਂ ਬੋਲੇ, ਹੱਥਾਂ ਪੈਰਾਂ, ਨੇਤਰਾਂ, ਕਰਮ ਕੀਤੇ, ਇਕ ਪ੍ਰਵਾਹ ਦਾ ਸਿਲਸਿਲਾ। ਤਿੰਨੇ ਤਲ 'ਤੇ, ਜਗ ਦਾ ਭਲਾ ਜਾਂ ਬੁਰਾ ਕਰ ਰਹੇ ਹਾਂ। ਤਾਂ ਕਰਤਾ ਭਾਵ ਵਿਚ ਰਹਿ ਕੇ ਲਿਖਿਐ, ਬੋਲਿਐ, ਕਰਮ ਕੀਤੇ, ਸਾਰੇ ਮੇਰੀ ਸੋਚ ਦੇ ਅਨੁਸਾਰ ਹੋਣਗੇ। ਵੱਖ-ਵੱਖ ਸੰਪਰਦਾਵਾਂ ਵੱਲੋਂ ਸਿਰਜੇ ਧਰਮ ਗ੍ਰੰਥਾਂ ਵਿਚ ਵਿਰੋਧਾਭਾਸ ਜਾਂ ਵਿਸ਼ੇ ਵਸਤੂ ਦਾ ਭੇਦ, ਕਰਤਾ ਦੀ ਸੋਚ ਦਾ ਪ੍ਰਭਾਅ ਹੀ ਹੁੰਦੈ।

ਰਾਮਾਇਣ, ਬਾਲਮੀਕਿ ਅਤੇ ਗੋਸਵਾਮੀ ਤੁਲਸੀਦਾਸ ਤੋਂ ਬਹੁਤ ਵੱਖਰੀ, ਮਹਾਂਰਿਸ਼ੀ ਕੰਬੰਨ ਦੀ ਰਾਮਾਇਣ ਹੈ। ਤਾਮਿਲ ਸੰਤ ਨੇ ਉਸ ਵਿਚ ਰਾਵਣ ਨੂੰ, ਬਹੁਤ ਸਨਮਾਨਜਨਕ ਰੂਪ ਵਿਚ ਸਥਾਪਿਤ ਕਰਨ ਦਾ ਪ੍ਰਯਾਸ ਕੀਤਾ ਹੈ। ਮਹਾਂਰਿਸ਼ੀ ਕੰਬੰਨ ਦੀ ਨਿਜੀ ਸੋਚ ਅਨੁਸਾਰ ਗ੍ਰੰਥ ਨੇ ਰੂਪ ਧਾਰਿਆ। ਜੈਨ ਧਰਮ ਅਵਲੰਬੀ, "ਜਿਨਸੇਨ" ਨੇ ਮਹਾਂਭਾਰਤ ਕਥਾ ਲਿਖੀ ਹੈ। ਗ੍ਰੰਥ ਦਾ ਨਾਂ ਹੈ, "ਹਰੀਵੰਸ਼"। ਇਸ ਵਿਚ ਕੌਰਵ ਪਾਂਡਵ ਯੁੱਧ ਤੋਂ ਵੱਧ, ਭਗਵਾਨ ਸ੍ਰੀਕ੍ਰਿਸ਼ਨ, ਜਰਾਸੰਧ ਯੁੱਧ ਦਾ ਵਰਨਣ ਹੈ।

ਮਹਾਂਭਾਰਤ ਵਿਚ, ਬਨਵਾਸ ਦੇ 12 ਵਰ੍ਹਿਆਂ ਤੋਂ ਬਾਦ, ਇਕ ਸਾਲ ਦੇ ਅਗਿਆਤਵਾਸ ਸਮੇਂ, ਕ੍ਰੀਚਕ ਨੇ ਦ੍ਰੋਪਦੀ ਨਾਲ ਬਦਸਲੂਕੀ ਕੀਤੀ। ਭੀਮ ਨੇ ਉਸ ਨੂੰ

ਮਾਰ ਦਿੱਤਾ। ਪਰ "ਹਰੀਵੰਸ਼" ਵਿਚ ਰਚਨਾਕਾਰ ਲਿਖਦੈ, ਭੀਮ ਨੇ ਦੰਡ ਦਿੱਤਾ, ਪਰ ਕ੍ਰੀਚਕ ਨੂੰ ਮਾਰਿਆ ਨਹੀਂ। ਉਹ ਕ੍ਰੀਚਕ, ਮਗਰੋਂ ਜੈਨ ਸਾਧੂ ਬਣ, ਧਰਮ ਪ੍ਰਚਾਰ ਕਰਦਾ, ਆਪਣੀ ਆਯੂ ਭੋਗ ਕੇ ਮਰਿਆ। ਫਿਰ ਲਿਖਦੈ, ਮਹਾਂਭਾਰਤ ਵਿਜੈ ਪ੍ਰਾਪਤ ਕਰ ਕੇ ਪਾਂਡਵ, ਦੱਖਣ ਆਏ। "ਮਦੁਰਈ" ਸ਼ਹਿਰ ਵਸਾਇਆ ਅਤੇ ਜੈਨ ਸਾਧੂ ਬਣ ਗਏ। ਰਚਨਾਕਾਰ ਦਾ ਕਰਤਾ ਭਾਵ ਉਸ ਦੀ ਰਚਨਾ ਵਿਚ, ਚਿੱਤਰਕਾਰ ਦਾ ਕਰਤਾ ਭਾਵ, ਉਸ ਦੀ ਕ੍ਰਿਤੀ ਵਿਚ ਸੁਭਾਵਕ ਪ੍ਰਵੇਸ਼ ਕਰ ਜਾਂਦਾ ਹੈ। ਇਹ, ਵੱਖ ਵਿਚਾਰਧਾਰਾ, ਕਈ ਵਾਰ ਸਮਾਜ ਵਿਚ ਕਲੇਸ਼ ਦਾ ਸਬੱਬ ਵੀ ਬਣ ਜਾਂਦੇ ਹਨ।

ਤਾਂ ਪੰਜਵੇਂ ਪਾਤਸ਼ਾਹ, ਕਲਿ, ਕਲੇਸ਼ ਤੋਂ ਮੁਕਤ ਮਨੁੱਖੀ ਜੀਵਨ ਦਾ ਮੰਤ੍ਰ ਦਿੰਦੇ ਹਨ-

"ਕਰਮ ਕਰਤ ਹੋਵੈ ਨਿਹਕਰਮ...॥"

ਕਰਮ ਦੇ ਕਈ ਵਰਗ ਹਨ। ਸ਼ੁਭ ਕਰਮ, ਕੁਕਰਮ ਜਾਂ ਅਕਰਮ ਹੋਣਾ। ਅਕਰਮ, ਕੁਝ ਵੀ ਨਾ ਕਰਨਾ। ਇਹ ਅਵਸਥਾ, ਜਾਂ ਤਾਂ ਸਰੀਰ ਤੋਂ, ਦਿਮਾਗ ਤੋਂ ਅਪੰਗਤਾ ਦੀ ਸੂਚਕ ਹੈ ਜਾਂ ਸਮਾਜ ਤਿਆਗ ਕੇ ਪਹਾੜਾਂ, ਜੰਗਲ ਦੀਆਂ ਗੁਫਾਵਾਂ ਵਿਚ ਜਾ ਬੈਠੇ ਸਾਧੂਆਂ, ਨਾਥਾਂ, ਜੋਗੀਆਂ ਦੀ ਮਨੋਦਸ਼ਾ ਹੁੰਦੀ ਹੈ। ਇਹ ਸਮਾਜ ਦੇ ਕਿਸੇ ਕੰਮ ਲਈ ਉਪਯੋਗੀ ਨਹੀਂ ਹੁੰਦੇ।

ਇਹਨਾਂ ਤੋਂ ਉੱਪਰ ਆਕਾਸ਼ ਵਿਚ, ਇਕ ਕਰਮ ਹੋ ਰਿਹੈ। ਪਾਣੀ ਭਾਪ ਬਣ ਰਿਹੈ, ਭਾਪ ਬੱਦਲ ਬਣ ਰਹੇ ਹਨ, ਬੱਦਲ ਬਰਖਾ ਬਣ ਰਿਹੈ, ਬਰਖਾ ਹੀ ਬੂੰਦ ਬਰਫ ਬਣ, ਪਰਬਤ ਸ਼ਿਖਰ ਨੂੰ ਢੱਕ ਰਹੀ ਹੈ। ਉਹ ਬਰਫ ਪੰਘਰ ਰਹੀ ਹੈ, ਪਾਣੀ ਬਣ ਨਿਵਾਣ ਨੂੰ ਵਗ ਤੁਰਿਐ। ਕਰਮ ਦੀ ਇਕ ਸ਼੍ਰਿੰਖਲਾ... ਪਰ ਪੂਰੀ ਤਰ੍ਹਾਂ, ਨਿਹਕਰਮ ਅਵਸਥਾ। ਇਹਨਾਂ 'ਚੋਂ ਕਿਤੇ ਕਰਤਾ-ਭਾਵ ਨਹੀਂ। ਹਵਾ ਵੱਗ ਰਹੀ ਹੈ। ਜਗਤ ਵਿਚ ਪ੍ਰਾਣ ਵੰਡ ਰਹੀ ਹੈ। ਰੋਜ਼ ਸੂਰਜ ਉਗਦੈ, ਸਾਰੀ ਸ੍ਰਿਸ਼ਟੀ ਵਿਚ ਊਰਜਾ ਵੰਡਦੈ। ਕਿਤੇ ਕਰਤਾ ਭਾਵ ਨਹੀਂ। ਕਿਸੇ ਨੂੰ ਕਰਤਾ ਦਾ ਅਹਿਸਾਸ ਹੋ ਜਾਏ ਮਨੁੱਖ ਵਰਗਾ ਤਾਂ ਸ਼ਾਇਦ ਇਹ ਸਾਰੇ ਮੁੱਲ ਮੰਗ ਲੈਣ ਔਰ ਜਗ 'ਤੇ ਜੀਉਣਾ ਮੁਸ਼ਕਿਲ ਹੋ ਜਾਏ।

ਕਰਤਾ ਭਾਵ ਹੈ, ਤਾਂ ਪੁਨਰਜਨਮ ਹੈ। ਕਰਮ ਭੋਗ ਹੀ ਵਿਵਸਥਾ ਹੈ। ਇਹ ਜਗਤ, ਕਰਤਾ ਭਾਵ ਦਾ ਹੀ ਕਰਮ ਭੋਗ ਹੈ। ਪਿਛਲੇ ਜਨਮਾਂ ਵਿਚ ਕਰਤਾ ਬੋਧ ਵਿਚ ਕਿਸੇ ਨੂੰ ਭਾਜੀ ਪਾਈ, ਉਸ ਮੋੜੀ ਨਹੀਂ। ਕਿਸੇ ਦਾ ਭਲਾ ਕੀਤਾ, ਮੇਰੀ ਵਾਰੀ ਆਈ ਤਾਂ ਉਸ ਮੂੰਹ ਫੇਰ ਲਿਆ। ਬੱਚੇ ਬੜੀ ਰੀਝ ਪਿਆਰ ਨਾਲ ਪਾਲੇ, ਬੁਢਾਪੇ ਵਿਚ ਬੇਸਹਾਰਾ ਛੱਡ ਗਏ। ਕਿਸੇ ਨੂੰ ਮਾਇਆ ਦਿੱਤੀ, ਉਸ ਮੋੜੀ ਨਹੀਂ। ਕਿਸੇ ਧੋਖਾ ਕੀਤਾ, ਬਦਨੀਯਤੀ ਨਾਲ ਮੇਰਾ ਹੱਕ ਖੋਹ ਲਿਆ। ਉਹ ਸਾਰੀਆਂ ਘਟਨਾਵਾਂ, ਅੰਦਰ ਕੈਦ ਹੋ ਗਈਆਂ। ਇਸ ਜਨਮ ਉਹ ਸਾਰੇ ਪਾਤਰ, ਜਿਨ੍ਹਾਂ ਨਾਲ ਚੰਗਾ ਸਲੂਕ ਕੀਤਾ ਸੀ, ਉਹ ਸੁਖ ਦੇ ਰਹੇ ਹਨ। ਸਾਡੀ ਸੇਵਾ ਸੰਭਾਲ ਕਰ ਕੇ, ਆਪਣਾ ਪਿਛਲਾ ਕਰਜ਼ਾ ਲਾਹ ਰਹੇ ਹਨ। ਕਈ ਸਾਡੇ ਹੀ ਬਣ ਕੇ, ਸਾਡਾ ਲਹੂ ਨਿਚੋੜ ਰਹੇ ਹਨ। ਪੰਜਵੇਂ ਪਾਤਸ਼ਾਹ, ਇਸ ਰਹੱਸ ਨੂੰ ਖੋਲ੍ਹਦੇ ਹਨ-

"ਕਿਰਤ ਸੰਜੋਗੀ ਭਏ ਇਕਤ੍ਰਾ, ਕਰਤੇ ਭੋਗ ਬਿਲਾਸਾ ਹੇ॥" (ਪੰ. 780)

ਕਿਰਤ ਦਾ ਅਰਥ ਹੈ, ਸੰਸਕ੍ਰਿਤ ਦਾ "ਕ੍ਰਿਤ", ਕੀਤੇ ਹੋਏ ਕਰਮ। ਕਰਮਾਂ ਦੇ ਸੰਜੋਗ ਰੂਪ, ਇਹ ਸਾਰੇ ਕੱਠੇ ਹੋ ਗਏ ਹਨ। ਕੋਈ ਭੋਗ ਬਿਲਾਸ ਕਰ ਰਹੇ ਹਨ, ਸੁਖ ਦੇ ਰਹੇ ਹਨ, ਕਈ ਦੁਖ ਦੇ ਰਹੇ ਹਨ। ਕਰਤਾ ਭਾਵ ਵਿਚ ਰਹਿ ਕੇ, ਕੀਤੇ ਕਰਮ ਬਦਲਾ ਚੁਕਾ ਰਹੇ ਹਨ।

ਇਕ ਕਸਾਈ, ਰੋਜ਼ ਬਕਰਿਆਂ ਨੂੰ ਵੱਢਦਾ ਸੀ। ਇਕ ਦਿਨ ਇਕ ਬਕਰੇ ਨੂੰ ਥੜ੍ਹੇ 'ਤੇ ਸਿਰ ਰੱਖਣ ਲੱਗਾ ਤਾਂ ਉਹ ਖਿੜਖਿੜਾ ਕੇ ਹੱਸ ਪਿਆ। ਕਸਾਈ ਹੈਰਾਨ ਹੋ ਗਿਆ। ਕਿਸੇ ਸਾਧੂਆਂ ਦੇ ਆਸ਼ਰਮ ਕੋਲ਼ ਚਰਦਿਆਂ, ਵਿੱਚਰਦਿਆਂ, ਸਤਿਸੰਗ ਕੰਨ ਰਾਹੀਂ ਹਿਰਦੇ ਵਿਚ ਉਤਰਦਾ ਰਿਹਾ। ਮਨੁੱਖ ਵਾਂਗ ਬੋਲਣ, ਸੁਣਨ ਦੀ ਯੋਗਤਾ ਆ ਗਈ ਸੀ। ਪਿਛਲੇ ਜਨਮ ਦੀ ਸੋਝੀ ਆ ਗਈ।

ਬਕਰਾ ਕਹਿੰਦੈ, ਮਿਤਰਾ! ਕਈ ਜਨਮ ਲੰਘ ਗਏ, ਇਸੇ ਤਰ੍ਹਾਂ, ਕਰਮਾਂ ਦਾ ਬਦਲਾ ਚੁਕੌਂਦਿਆਂ। ਕਈ ਵਾਰ, ਮੈਂ ਕਸਾਈ ਬਨਿਆ, ਤੂੰ ਬਕਰਾ। ਕਈ ਵਾਰ ਤੂੰ ਕਸਾਈ, ਤੇ ਮੈਂ ਬਕਰਾ ਬਣ ਤੇਰੇ ਹੱਥੋਂ ਵੱਢਿਆ ਜਾਂਦਾ ਰਿਹਾਂ। ਇਹ ਸਿਲਸਿਲਾ ਪਤਾ ਨਹੀਂ ਕਦੋਂ ਮੁੱਕੇਗਾ? ਕਹਿੰਦੇ ਹਨ, ਕਸਾਈ ਨੂੰ ਕਰਮ ਦਾ ਮਰਮ ਸਮਝ ਆ ਗਿਆ। ਸਾਰੇ ਬੱਕਰੇ ਮੁਕਤ ਕਰ ਦਿੱਤੇ। ਨਿਹਕਰਮ ਹੋਣ ਦੀ ਰਾਹ ਟੁਰ ਪਿਆ। ਸਧਨਾ ਕਸਾਈ ਸੀ। ਮਾਸ ਵੇਚਦਾ ਸੀ, ਪਰ ਕਹਿੰਦੇ ਹਨ; ਪੂਰੀ ਤਰ੍ਹਾਂ, ਨਿਹਕਰਮ ਹੋ ਕੇ। ਠਾਕੁਰ ਦਾ ਸ਼ਰਧਾਲੂ ਸੀ। ਵੱਟਿਆਂ ਦੀ ਥਾਂ, ਤਰਾਜੂ ਦੇ ਪਲੜੇ 'ਤੇ ਠਾਕੁਰ ਦੀ ਮੂਰਤੀ ਰੱਖੀ ਹੁੰਦੀ। ਹੱਥ ਯੰਤਰ ਵਾਂਗ ਚੱਲਦੇ ਹੁੰਦੇ ਆਪ ਨਿਹਕਰਮ ਹੋਏ, ਭਗਤੀ ਵਿਚ ਹੀ ਡੁੱਬੇ ਹੁੰਦੇ। ਭਗਤ ਹੋਏ, ਪਵਿੱਤਰ ਗੁਰਬਾਣੀ ਵਿਚ ਇਹਨਾਂ ਦੀ ਬਾਣੀ ਦਰਜ ਹੋਈ।

'ਨਿਹਕਰਮ' ਇਕ ਅਵਸਥਾ ਹੈ। ਸੰਸਾਰ ਤੋਂ ਵਿਰਕਤ, ਸੰਸਾਰ ਦਾ ਤਿਆਗ ਨਹੀਂ। ਘਰ ਪ੍ਰੀਵਾਰ ਵਿਚ ਰਹਿੰਦਿਆਂ, ਅੰਦਰ ਮੌਨ ਘਿਰ ਆਉਂਦੈ। ਸਾਰਾ ਰੌਲਾ ਕਰਤਾ ਭਾਵ ਦਾ ਹੈ। ਕੁਝ ਦੇ ਰਹੇ ਹਾਂ, ਕੁਝ ਲੈ ਰਹੇ ਹਾਂ। ਕੋਈ ਖਰੀਦ ਰਿਹੈ, ਕੋਈ ਵੇਚ ਰਿਹੈ। ਬਾਜ਼ਾਰ ਦਾ ਸ਼ੋਰ ਹੈ। ਇਸ ਤੋਂ ਉੱਪਰ... ਭਗਤ ਬੇਣੀ ਜੀ ਕਹਿੰਦੇ ਹਨ- ਦਸਵੇਂ ਦਵਾਰ ਦੇ ਕੋਲ-ਕੋਲ, ਘਟਨਾ ਘੱਟਦੀ ਹੈ-

"ਊਪਰਿ ਹਾਟੁ ਹਾਟ ਪਰਿ ਆਲਾ, ਆਲੇ ਭੀਤਰ ਥਾਤੀ॥" (ਪੰ. 974)

ਕਰਤਾ ਦੀ ਧਰਤ ਛੱਡ ਕੇ ਉਪਰ ਉੱਠੀਦੈ, ਤਾਂ ਪਹਿਲਾ ਸ਼ੋਰ ਸਾਡੇ ਨਾਲ ਰਹਿੰਦੈ। ਕਰਮ ਪ੍ਰਤੀ ਕਰਤਾ ਭਾਵ ਤਾਂ ਛੁਟਿਆ, ਪਰ ਅਜੇ ਉਹਨਾਂ ਦਾ ਲਿਆ, ਦਿੱਤਾ ਭੁੱਲਦਾ ਨਹੀਂ। ਹਾਟ ਦਾ ਅਰਥ ਹੈ, ਬਾਜ਼ਾਰ। ਵਿਚਾਰਾਂ ਦਾ ਬਾਜ਼ਾਰ ਅਜੇ ਜ਼ਿਹਨ ਵਿਚ ਲੱਗਾ ਹੋਇਆ ਹੈ। ਇਸ ਹਾਟ ਤੋਂ ਉੱਪਰ, ਬਾਜ਼ਾਰ ਦਾ ਸ਼ੋਰ, ਥੱਮ ਜਾਂਦੈ। ਇਥੇ "ਨਿਹਕਰਮ" ਘਟਦੈ। ਇਕ ਪਰਮ ਪੁਰਖ ਦੀ ਘਾਟੀ ਵਿਚ ਵਿਆਪਤ ਮੌਨ!

ਇਹ ਨਿਹਕਰਮ ਦੀ ਸਮਝ ਬਹੁਤ ਅਉਖੀ ਹੈ, ਬਹੁਤ ਗੁੰਝਲਦਾਰ! ਇਹ ਸਿਖ਼ਰ ਦੀ ਗੱਲ ਹੈ। ਪਹਾੜ ਦੀ ਜੜ੍ਹ ਵਿਚ ਬੈਠੇ ਹੋਇਆਂ ਲਈ; ਇਹ ਸਿਖ਼ਰ 'ਤੇ ਚੜ੍ਹਨਾ ਅਸੰਭਵ ਜਿਹਾ ਲਗਦੈ। ਝੂਠੀਆਂ ਬਾਤਾਂ ਲੱਗਦੀਆਂ ਹਨ।

ਪ੍ਰਸਿੱਧ ਦਾਰਸ਼ਨਿਕ, ਲਾਓਤਸੇ ਦੀ–"ਤਾਓ ਟੀਚਿੰਗ" (Tau Teaching), ਫ਼ਿਲਾਸਫੀ ਦੀ ਉਚੇਰੀ ਸਿੱਖਿਆ ਦਾ ਵਿਸ਼ਾ ਹੈ। ਕਹਿੰਦੈ, "ਜਦੋਂ ਮੌਨ ਸਥਾਪਿਤ ਹੁੰਦੈ, ਤਾਂ ਸਮਝ ਦਾ ਤਲ ਪ੍ਰਾਪਤ ਹੁੰਦੈ। ਪਹਿਲਾਂ ਤੋਂ ਹੀ, ਆਪਣੇ ਵਿਚਾਰਾਂ, ਮਾਨਤਾਵਾਂ ਨਾਲ, ਆਪਣੇ ਆਗ੍ਰਹਿ ਨਾਲ ਭਰੀ ਜਮਾਤ ਵਿਚ ਜ਼ੋਰ ਹੁੰਦੈ... ਬੱਚਿਆਂ ਦੇ ਵਿਦਿਆਲੈ ਵਰਗਾ ਸ਼ੋਰ। ਉੱਪਰ ਜਿਵੇਂ ਜਿਵੇਂ ਅਗਿਆਤ ਦੀ ਸਮਝ ਵਿਕਸਤ ਹੁੰਦੀ ਹੈ, ਉਵੇਂ ਉਵੇਂ ਮੌਨ ਦੀ ਛਾਂ ਪਸਰਦੀ ਜਾਂਦੀ ਹੈ। ਪੂਰਨ ਸਮਝ ਅਰਥਾਤ, ਪੂਰਨ ਮੌਨ।

ਤਾਂ ਪੰਜਵੇਂ ਪਾਤਸ਼ਾਹ ਕਹਿੰਦੇ ਹਨ–

"ਤਿਸੁ ਬੈਸਨੋ ਕਾ ਨਿਰਮਲ ਧਰਮ॥"

ਬੈਸਨੋ ਧਰਮ ਦੇ ਪਾਂਧੀ ਦਾ ਇਕ ਬਿੰਬ ਹੈ। ਇਸ ਰਾਹ, ਕਈ ਯਾਤਰੀ ਟੁਰੇ ਜਾ ਰਹੇ ਹਨ। ਜਿਹੜਾ 'ਨਿਹਕਰਮ' ਨੂੰ ਪ੍ਰਾਪਤ ਹੋ ਗਿਆ, ਉਹ ਨਿਰਮਲ ਮੰਦਰ ਵਿਚ ਪ੍ਰਵੇਸ਼ ਕਰ ਗਿਆ।

# ਸੋਈ ਚੰਦੁ ਚੜਹਿ ਸੇ ਤਾਰੇ

ਕਰੋੜਾਂ ਸਾਲ ਹੋ ਗਏ, ਧਰਤੀ ਨੂੰ। ਉਹੋ ਚੰਦ, ਉਹੀ ਤਾਰੇ, ਉਹੀ ਸੂਰਜ! ਹਵਾ ਚੱਲ ਰਹੀ ਹੈ, ਬਰਖਾ ਹੁੰਦੀ ਹੈ। ਇਨ੍ਹਾਂ ਦੇ ਗੁਣ ਸੁਭਾਅ ਉਹੀ ਨੇ। ਉਹੀ ਸਮੇਂ ਦੀ ਚਾਲ, ਉਵੇਂ ਨਿਰੰਤਰਤਾ! ਕਿਤੇ ਕੁਝ ਬਦਲਾਅ ਨਹੀਂ ਹੈ। ਸੂਰਜ ਆਪਣੇ ਨਿਯਮਿਤ ਸਮੇਂ 'ਤੇ ਉਦੈ ਹੁੰਦੈ, ਮਿੱਥੇ ਹੋਏ ਸਮੇਂ 'ਤੇ ਅਸਤ ਹੁੰਦੈ। ਚੰਦ ਦਾ ਰੂਪ, ਰੰਗ, ਗਤੀ ਅਤੇ ਸ਼ੀਤਲ ਗੁਣ ਵਿਚ ਕੋਈ ਤਬਦੀਲੀ ਨਹੀਂ। ਜਿਹੜੇ ਰੁੱਤ ਪ੍ਰੀਵਰਤਨ ਹੁੰਦੇ ਹਨ, ਦਿਨ ਛੋਟੇ ਵੱਡੇ, ਸੂਰਜ ਦੀ ਤਪਸ਼ ਵੱਧਦੀ ਘੱਟਦੀ ਹੈ, ਉਸ ਦਾ ਕਾਰਨ ਧਰਤੀ ਦੀ ਦਸ਼ਾ ਅਤੇ ਦਿਸ਼ਾ ਪ੍ਰੀਵਰਤਨ ਹੈ। ਸੂਰਜ ਆਪਣੇ ਥਾਂ 'ਤੇ ਸਥਿਰ ਹੈ। ਧਰਤੀ ਅਤੇ ਚੰਦ ਗਤੀਸ਼ੀਲ ਹਨ। ਧਰਤੀ, ਸੂਰਜ ਦੀ ਪਰਕਰਮਾ ਕਰ ਰਹੀ ਹੈ। ਚੰਦ, ਧਰਤੀ ਦੀ ਪਰਕਰਮਾ ਕਰ ਰਿਹੈ। ਉਸ ਪਰਕਰਮਾ ਦੇ ਕ੍ਰਮ ਵਿਚ ਧਰਤੀ ਦਾ ਰੁੱਖ ਤਬਦੀਲ ਹੁੰਦਾ ਰਹਿੰਦਾ ਹੈ। ਸੂਰਜ ਦੇ ਸਾਮ੍ਹਣੇ ਆਏ ਧਰਤ-ਖੰਡ 'ਤੇ ਤਪਸ਼ ਵੱਧ ਅਤੇ ਪਿਛਲੇ ਹਿੱਸੇ ਵਿਚ ਸੂਰਜ ਦਾ ਪ੍ਰਕਾਸ਼ ਨਾ ਪਹੁੰਚਣ ਕਰ ਕੇ, ਰਾਤ ਅਤੇ ਸਰਦ ਰੁੱਤ ਆਉਂਦੀ ਹੈ। ਅੱਜ ਕਲ੍ਹ ਗਲੋਬਲ ਵਾਰਮਿੰਗ ਦੀ ਚਰਚਾ ਅਤੇ ਚਿੰਤਾ, ਦੁਨੀਆਂ ਦੇ ਵਿਗਿਆਨੀ ਅਤੇ ਬੁੱਧੀਜੀਵੀ ਵਰਗ ਵਿਚ ਹੋ ਰਹੀ ਹੈ। ਧਰਤੀ ਦਾ ਤਾਪਮਾਨ, ਹੌਲੀ-ਹੌਲੀ ਵੱਧਦਾ ਜਾ ਰਿਹੈ। ਉੱਚੇ ਪਹਾੜਾਂ 'ਤੇ ਗਲੇਸ਼ੀਅਰ ਬਰਫ, ਤੇਜ਼ੀ ਨਾਲ ਪਾਣੀ ਬਣ ਕੇ, ਨਦੀਆਂ ਰਾਹੀਂ ਸਮੁੰਦਰਾਂ ਵਿੱਚ ਮਿਲ ਰਹੀ ਹੈ। ਸਮੁੰਦਰਾਂ ਦਾ ਜਲ ਸਤਰ ਹੌਲੀ-ਹੌਲੀ ਵੱਧ ਰਿਹੈ। ਦੁਨੀਆਂ ਦੀਆਂ ਵਿਗਿਆਨੀ ਸੰਸਥਾਵਾਂ ਨੇ, ਜੇ ਇਹੋ ਹਾਲਾਤ ਰਹੇ ਤਾਂ ਸੰਨ 2050 ਤੱਕ, ਜਾਕਰਤਾ, ਮੁੰਬਈ, ਕੋਲਕਾਤਾ ਅਤੇ ਹਾਂਗਕੌਂਗ ਜਿਹੇ, ਸਮੁੰਦਰਾਂ ਕਿਨਾਰੇ ਵਸਦੇ ਸ਼ਹਿਰਾਂ ਦੇ, ਸਮੁੰਦਰ ਵਿਚ ਸਮਾ ਜਾਣ ਦੀ ਚੇਤਾਵਨੀ ਦਿੱਤੀ ਹੈ। ਧਰਤੀ 'ਤੇ ਰਾਤ ਦਿਨ ਉਸਾਰੀ ਕੀਤੀ ਜਾ ਰਹੀ ਹੈ। ਜੰਗਲਾਂ, ਪਹਾੜਾਂ ਨੂੰ ਕੱਟ ਵੱਢ ਕੇ ਸ਼ਹਿਰ ਬਣ ਰਹੇ ਹਨ। ਵੱਡੇ-ਵੱਡੇ ਕਾਰਖਾਨੇ, ਮੋਟਰਾਂ-ਕਾਰਾਂ, ਯੁਰੈਨਿਯਮ ਦੇ ਪ੍ਰਯੋਗ ਨਾਲ ਚੱਲ ਰਹੇ ਬਿਜਲੀ ਉਤਪਾਦਨ ਕੇਂਦਰ! ਇਹਨਾਂ 'ਚੋਂ ਰਾਤ ਦਿਨ ਤਾਪ ਦਾ ਉਤਸਰਜਨ ਹੋ ਰਿਹੈ। ਹਵਾ, ਸਾਹ ਲੈਣ ਜੋਗ ਸ਼ੁੱਧ ਨਹੀਂ ਰਹਿ ਗਈ। ਘਰਾਂ ਦੀ ਗੰਦਗੀ, ਸੀਵਰੇਜ, ਕਾਰਖਾਨਿਆਂ ਦਾ ਰਸਾਇਣ ਰੱਲਿਆ ਹੋਇਆ ਜ਼ਹਿਰ ਭਰਿਆ ਪਾਣੀ ਨਦੀਆਂ ਵਿੱਚ ਮਿਲ ਰਿਹੈ। ਖੇਤਾਂ ਵਿਚ ਖਾਦਾਂ ਦੇ ਨਾਂ 'ਤੇ ਜ਼ਹਿਰੀਲੇ ਕੇਮੀਕਲ ਯੁਕਤ ਯੂਰੀਆ, ਪੇਸਟੀਸਾਈਡ ਅਤੇ ਕੀੜੇ ਮੱਛਰ ਮਾਰਨ ਵਾਲੀਆਂ ਸਪ੍ਰੇ ਅਤੇ ਜ਼ਹਿਰੀਲੀਆਂ ਦਵਾਈਆਂ ਨੇ, ਧਰਤੀ ਤੋਂ ਉਪਜ ਰਹੇ ਅੰਨ ਵਿੱਚ ਵੀ ਜ਼ਹਿਰ ਮਿਲਾ ਦਿੱਤਾ। ਪਾਣੀ ਦੂਸ਼ਿਤ, ਹਵਾ ਜ਼ਹਿਰ ਭਰੀ। ਇਹਨਾਂ ਕਰ ਕੇ ਅੰਨ੍ਹ, ਪਾਣੀ, ਹਵਾ ਵਿਚ ਜ਼ਹਿਰ ਦੇ ਸਤਰ ਤੱਕ ਪ੍ਰਦੂਸ਼ਨ ਵੱਧ ਚੁੱਕਿਆ ਹੈ। ਆਕਾਸ਼ ਵਿਚ ਜਾ ਕੇ ਇਹੋ ਪ੍ਰਦੂਸ਼ਨ ਓਜੋਨ ਦੀ ਪਰਤ ਨੂੰ ਪਾੜ ਰਹੀ ਹੈ।

ਸੂਰਜ ਦੀਆਂ ਕਿਰਣਾਂ ਵਿਚ ਵਿਆਪਤ ਅਲਟ੍ਰਾ ਵਾਇਲਟ ਕਿਰਣਾਂ, ਸਿੱਧੀਆਂ ਧਰਤੀ ’ਤੇ ਪੈ ਰਹੀਆਂ ਹਨ। ਇਹ ਪਰਾਬੈਂਗਨੀ ਕਿਰਣਾਂ ਧਰਤੀ ਦੇ ਜਨ, ਜੀਵ ਅਤੇ ਬਨਸਪਤੀ ਲਈ ਬਹੁਤ ਹਾਨੀਕਾਰਕ ਹਨ। ਧਰਤੀ ਅਤੇ ਧਰਤੀ ਤੋਂ ਉੱਪਰ 10 ਕਿਲੋਮੀਟਰ ਤੋਂ ਲੈ ਕੇ 50 ਕਿ.ਮੀ. ਤੱਕ, ਧਰਤੀ ਦਾ ਪਰਿਆਵਰਨ ਅਸੰਤੁਲਨ, ਇਸ ਵਾਯੂਮੰਡਲੀ ਉਪਦ੍ਰਵ ਦਾ ਕਾਰਣ ਹੈ ਅਤੇ ਸਿੱਧੇ ਤੌਰ ’ਤੇ ਮਨੁੱਖ ਹੀ ਇਹਨਾਂ ਲਈ ਜ਼ਿੰਮੇਵਾਰ ਹੈ। ਹਵਾ, ਪਾਣੀ, ਜੰਗਲ, ਪਹਾੜ—ਇਹ ਸਾਰੇ ਕੁਦਰਤ ਦੀਆਂ ਬੇਸ਼ਕੀਮਤੀ ਦਾਤਾਂ ਮਨੁੱਖ ਨੂੰ ਮਿਲੀਆਂ ਹਨ। ਪਰ ਮਨੁੱਖ ਦੀ ਆਕਾਂਖਾ ਨੇ, ਵੱਡਿਆਂ ਹੋਣ ਅਤੇ ਧਨ ਕਮਾਉਣ ਦੀ ਚਾਹਤ ਨੇ, ਮਨੁੱਖ ਮਾਤਰ ਨੂੰ ਵਿਨਾਸ਼ ਦੇ ਕਿਨਾਰੇ ਲਿਆ ਖੜ੍ਹਿਆਂ ਕਰ ਦਿੱਤਾ ਹੈ।

ਤਾਂ ਗੁਰੂ ਨਾਨਕ ਪਾਤਸ਼ਾਹ, ਕੁਦਰਤ ਵੱਲੋਂ ਪ੍ਰਾਪਤ, ਇਹਨਾਂ ਨਾਯਾਬ ਤੋਹਫ਼ਿਆਂ ਦੀ ਦੁਰਦਸ਼ਾ ਪ੍ਰਤੀ, ਸਮਾਜਿਕ ਪੱਧਰ ’ਤੇ ਚਿੰਤਨਸ਼ੀਲ ਸੰਵਾਦ ਦਾ ਵਿਸ਼ਾ ਰੱਖਦੇ ਹਨ–

“ਸੋਈ ਚੰਦੁ ਚੜਹਿ ਸੇ ਤਾਰੇ, ਸੋਈ ਦਿਨੀਅਰੁ ਤਪਤ ਰਹੈ॥
ਸਾ ਧਰਤੀ ਸੋ ਪਉਣੁ ਝੁਲਾਰੇ, ਜੁਗ ਜੀਅ ਖੇਲੇ ਥਾਵ ਕੈਸੇ॥”

(ਰਾਮਕਲੀ ਮਹਲਾ 1, ਪੰ. 902)

ਜੁਗਾਂ ਤੋਂ ਧਰਤੀ ਦੀ ਮਿੱਟੀ ਤੋਂ ਪੋਸ਼ਨ ਪ੍ਰਾਪਤ ਕੀਤਾ, ਸੂਰਜ ਤੋਂ ਊਰਜਾ ਅਤੇ ਚੰਦ ਤਾਰਿਆਂ ਤੋਂ ਸੀਤਲਤਾ ਅਤੇ ਸੁੰਦਰਤਾ ਦੇ ਲੋਕ ਗੀਤਾਂ ਨੂੰ ਗਾਇਆ, ਹੰਢਾਇਆ। ਵਿਗਸਤ ਹੁੰਦਾ ਹੋਇਆ ਮਨੁੱਖ, ਅੱਜ ਅਕਿਰਤਘਨ ਹੋਇ ਗਿਆ। ਮਨੁੱਖ ਨੇ ਇਹਨਾਂ ਸਾਰਿਆਂ ਨਾਲ ਧ੍ਰੋਹ ਕਮਾਇਆ। ਕਹਿਣ ਵੇਖਣ ਨੂੰ ਮਨੁੱਖ, ਬਹੁਤ ਵਿਕਸਤ ਪ੍ਰਾਣੀ ਹੈ। ਦੂਰ ਦੂਰ ਦੇ ਮੰਗਲ, ਸ਼ੁਕਰ ਗ੍ਰਹਿ ਤੱਕ ਨੇੜੇ ਨੇੜੇ ਜਿਹੇ ਹੋ ਗਏ ਲੱਗਦੇ ਹਨ। ਪਰ ਮਨੁੱਖ, ਮਨੁੱਖ ਤੋਂ ਦੂਰ ਦੂਰ ਹੁੰਦਾ ਜਾ ਰਿਹੈ। ਕੋਈ ਰਿਸ਼ਤਾ ਭਰੋਸੇਮੰਦ ਨਹੀਂ ਰਹਿ ਗਿਆ ਦਿੱਸਦਾ। ਸਾਰੇ ਰਿਸ਼ਤੇ ਲੋਭ ਅਤੇ ਸ਼ੰਕਾ ਦੇ ਘੇਰੇ ਵਿਚ ਕੈਦ ਹੋ ਗਏ ਹਨ।

ਤਥਾਕਥਿਤ ਧਰਮ ਗੁਰੂ ਕਹਿਲੌਣ ਵਾਲੇ, ਇਸ ਆਰੀਆ ਵਰਤ ਵਿਚ ਪੰਜ ਹਜ਼ਾਰ ਸਾਲ ਪਹਿਲਾਂ, ਹਸਤਿਨਾਪੁਰ ਦੇ ਦਰਬਾਰ ਵਿਚ, ਸਮੇਂ ਦੇ ਸਭ ਤੋਂ ਵੱਡੇ ਦਾਨਿਸ਼ਮੰਦ, ਸਿੱਖਿਆ ਗੁਰੂ ਅਤੇ ਸੂਰਵੀਰਾਂ ਨਾਲ ਭਰੇ ਹੋਏ ਦਰਬਾਰ ਵਿਚ, ਇਕ ਕਲੰਕੀ ਘਟਨਾ ਘਟੀ। ਰਾਜ-ਦਰਬਾਰ ਦੀ ਹੀ ਕੁਲ ਬਹੂ ਨੂੰ ਨਗਨ ਕੀਤਾ ਗਿਆ। ਮਾਫ਼ ਕਰਨਾ, ਕਿਹਾ ਜਾਂਦਾ ਹੈ ਕਿ ਭਗਵਾਨ ਸ੍ਰੀ ਕ੍ਰਿਸ਼ਨ ਦੀ ਕਿਰਪਾ ਨਾਲ, ਦ੍ਰੋਪਤੀ ਪੂਰੀ ਤਰ੍ਹਾਂ ਨੰਗੀ ਨਾ ਕੀਤੀ ਜਾ ਸਕੀ। ਪਰ ਭਰੀ ਸਭਾ ਵਿਚ, ਕਿਸੇ ਨਾਰੀ ਨੂੰ ਘਸੀਟ ਕੇ, ਵਾਲੋਂ ਫੜ ਕੇ ਲਿਆਂਦਾ ਜਾਏ, ਉਸ ਦੇ ਬਸਤਰਾਂ ਨੂੰ ਹੱਥ ਪਾਇਆ ਜਾਵੇ, ਸਾੜੀ ਦਾ ਪੱਲਾ ਸਿਰੋਂ, ਮੋਢਿਉਂ ਲਾਹ ਕੇ ਖੋਲ੍ਹਣਾ ਆਰੰਭ ਕਰ ਦਿੱਤਾ ਜਾਏ ਤਾਂ ਉਸ ਨਾਰੀ ਦੀ ਲਾਜ ਤਾਂ ਨੰਗੀ ਹੋ ਹੀ ਜਾਂਦੀ ਹੈ। ਪ੍ਰਸੰਗ ਹੈ, ਕ੍ਰਿਸ਼ਨ ਕ੍ਰਿਪਾ ਨਾਲ ਪੂਰੀ ਨਗਨ ਨਾ ਹੋਈ, ਪਰ ਉਸ ਅਰਧ ਨਗਨ ਨਾਰੀ ਤੋਂ ਕਦੀ ਪੁੱਛ ਵੇਖੋ, ਉਸ ਦੀ ਸ਼ਾਨ, ਸਵੈਮਾਨ ਬਹੁਤ ਕੁਝ, ਨੰਗਿਆਂ ਹੋ ਜਾਂਦਾ ਹੈ।

ਪੰਜ ਹਜ਼ਾਰ ਸਾਲ ਬੀਤ ਗਏ। ਅੱਜ ਵੀ ਜਨ ਮਾਨਸ ਵਿਚ ਪ੍ਰਸ਼ਨ, ਸਉਣ ਭਾਦੋਂ ਦੀ ਬਿਜਲੀ ਵਾਂਗ ਲਿਸ਼ਕ ਜਾਂਦਾ ਹੈ, ਕੈਸੀ ਸਭਿਅਤਾ ਦਾ ਦਾਅਵਾ ਅਸੀਂ ਕਰਦੇ ਹਾਂ ?

ਸ. ਸੰਤੋਖ ਸਿੰਘ ਸਫ਼ਰੀ ਲਿਖਦੇ ਹਨ–

"ਰਹਿਤਲ ਬਹਿਤਲ ਦੀ ਰਹਿਤ ਨਹੀਂ ਤੂੰ ਰੱਖੀ–
ਤੂੰ ਇਹ ਸਾਰੀ ਦੀ ਸਾਰੀ ਸਾੜ ਦਿੱਤੀ॥
ਆਇਤਾਂ ਵਰਗੀਆਂ ਔਰਤਾਂ ਨਗਨ ਕਰ ਕੇ,
ਸਭਿਤਾ ਪੈਰਾਂ ਹੇਠ ਲਤਾੜ ਦਿੱਤੀ॥"

ਧਰਮ ਦਾ ਅਰਥ ਹੈ, ਧਾਰਣ ਕਰਨਾ। ਮਿੱਟੀ, ਪਾਣੀ, ਹਵਾ, ਅੱਗ ਔਰ ਆਕਾਸ਼ ਦੇ ਤੱਤ ਧਾਰਣ ਕੀਤੇ। ਮਾਤਾ, ਪਿਤਾ, ਬੱਚੇ, ਸਮਾਜ, ਸੰਸਾਰ ਦੀ ਸੰਪੂਰਨ ਮਨੁੱਖਤਾ, ਸੰਪੂਰਨ ਪ੍ਰਾਣੀ ਮਾਤਰ, ਇਹ ਧਰਤ, ਆਕਾਸ਼, ਸੂਰਜ, ਚੰਦ, ਸਾਰਿਆਂ ਪ੍ਰਤੀ ਜ਼ਿੰਮੇਵਾਰੀਆਂ ਦਾ ਸ਼ਰਧਾ ਪੂਰਨ ਨਿਰਵਾਹ, ਧਰਮ ਹੈ। ਇਸ ਜ਼ਿੰਮੇਵਾਰੀ ਦੇ ਨਿਰਵਾਹ ਲਈ, ਸੱਤਿ, ਅਹਿੰਸਾ, ਦਇਆ, ਖਿਮਾ, ਸੰਤੋਖ, ਸਦਾਚਾਰ ਜਿਹੇ ਤੱਤਾਂ ਨੂੰ ਧਰਮ ਤੱਤ ਘੋਸ਼ਿਤ ਕੀਤਾ ਗਿਆ। ਯਥਾਰਥ ਵਿਚ ਇਹ ਤੱਤ ਇਕ ਸ਼ਾਂਤ, ਸੁਖੀ ਅਤੇ ਸੁਰੱਖਿਅਤ ਸਮਾਜ ਨਿਰਮਾਣ ਲਈ ਸਹਿਯੋਗੀ ਤੱਤ ਹਨ, ਹੋਰ ਕੁਝ ਵੀ ਨਹੀਂ। "ਸੱਚ ਬੋਲੋ" ਤਾਂ ਜੋ ਤੁਸੀਂ ਸਮਾਜ ਵਿਚ ਭਰੋਸੇ ਜੋਗ ਸਵੀਕਾਰ ਹੋ ਸਕੋ। "ਦਇਆ ਕਰੋ" ਸਾਰੇ ਜੀਆਂ 'ਤੇ, ਤਾਂ ਜੋ ਦਇਆਲੂ ਪਰਮਾਤਮਾ ਤੋਂ ਤੁਸੀਂ ਵੀ ਦਇਆ ਦੇ ਹੱਕਦਾਰ ਬਣ ਸਕੋ। ਇਹ ਸਾਰੇ ਨੈਤਿਕ ਲੱਛਣ ਹਨ, ਦਾਰਸ਼ਨਿਕ ਪਲੂਟੋ ਕਹਿੰਦਾ ਹੈ; ਇਹਨਾਂ ਨੈਤਿਕ ਗੁਣਾਂ ਨੂੰ ਪੌਰਾਨਿਕ ਜਾਮਾਂ, ਵੇਦਾਂ, ਪੁਰਾਣਾਂ ਦੇ ਪ੍ਰਸੰਗਾਂ ਜੋਗ ਰੂਪ ਨੂੰ ਹੀ ਧਰਮ ਕਹਿੰਦੇ ਹਾਂ।

ਮਹਾਂਰਿਸ਼ੀ ਕੁਨਾਦ, ਆਪਣੇ ਵੈਸ਼ੇਸ਼ੇਕ ਦਰਸ਼ਨ ਵਿਚ, ਧਰਮ ਦੀ ਪ੍ਰੀਭਾਸ਼ਾ ਦਿੰਦੇ ਹਨ–

"ਧਰਮ ਉਹ ਕਲਿਆਣਕਾਰੀ ਤੱਤ ਹੈ, ਜਿਸ ਨਾਲ ਲੌਕਿਕ ਵਿਕਾਸ ਅਤੇ ਮੌਖ਼ਸ਼ ਦੀ ਪ੍ਰਾਪਤੀ ਹੁੰਦੀ ਹੈ।"

ਸਾਰਾ ਸੰਸਾਰ, ਸਾਰਾ ਲੋਕ, ਸਾਰੇ ਲੋਕ ਵਾਸੀ ਇਕ ਨਜ਼ਰ ਆਉਣ। ਸਭ ਦਾ ਵਿਕਾਸ! ਕਿਸੇ ਦੇ ਸੁਖੀ ਵਸਦੇ ਆਸ਼ਿਆਨੇ ਵਿਚ ਖਲਲ ਨਾ ਪਾਈਏ। ਸਭ ਦਾ ਸਾਥ, ਸਭ ਦਾ ਵਿਕਾਸ! ਗੁਰੂ ਨਾਨਕ ਧਰਮ ਦਰਸ਼ਨ ਦੀ ਇਕ ਪੰਗਤੀ, 'ਸਰਬੱਤ ਦਾ ਭਲਾ", ਧਰਮ ਦੀ ਸਰਵੋਤਮ ਪ੍ਰੀਭਾਸ਼ਾ ਹੈ। ਕਿਸੇ ਦਾ ਬੁਰਾ ਨਾ ਹੋਵੇ, ਸਭ ਦਾ ਭਲਾ ਹੋਵੇ, ਇਹ ਧਾਰਣਾ ਹੀ ਧਰਮ ਹੈ। ਭਗਵਾਨ ਬੁੱਧ ਦਾ "ਅਸ਼ਟਾਂਗ ਮਾਰਗ", "ਸਰਬੱਤ ਦਾ ਭਲਾ", ਦੀ ਹੀ ਵਿਆਖਿਆ ਕਹੀ ਜਾ ਸਕਦੀ ਹੈ।

ਸਮਾਨ ਦ੍ਰਿਸ਼ਟੀ, ਸਮਾਨ ਸੰਕਲਪ, ਸਮਾਨ ਕਰਮ, ਸਮਾਨ ਆਜੀਵਿਕਾ, ਇਹ ਸਾਰੇ ਸ਼ਬਦ, ਵਾਸਤਵ ਵਿਚ, "ਸਰਬੱਤ ਦਾ ਭਲਾ" ਦੀ ਹੀ ਵਿਆਖਿਆ ਕਰ ਰਹੇ ਹਨ।

ਸੰਸਾਰ ਵਿਚ ਮੋਹ ਅਤੇ ਵਿਵੇਕ ਦੀ ਜੰਗ, ਆਦਿ ਕਾਲ ਤੋਂ ਚੱਲ ਰਹੀ ਹੈ। ਮੋਹ ਦੇ ਸੈਨਾਪਤੀ, ਤ੍ਰਿਸ਼ਨਾ ਲੋਭ, ਕਾਮ, ਕ੍ਰੋਧ, ਹੰਕਾਰ ਹਨ। ਵਾਰੋ-ਵਾਰੀ ਕੌਰਵੀ-ਸੈਨਾ ਵਾਂਗ ਕਮਾਨ ਸੰਭਾਲਦੇ ਹਨ। ਵਿਵੇਕ ਦੇ ਸੰਚਾਲਕ, ਸ਼ਾਂਤੀ, ਸੰਤੋਖ, ਸਬਰ ਅਤੇ ਸਿਦਕ

ਹਨ। ਦੋਹਾਂ ਧੜਿਆਂ ਦੀ ਜੰਗ ਹਰ ਮਨੁੱਖ ਅੰਦਰ ਚਲਦੀ ਰਹਿੰਦੀ ਹੈ। ਯਕੀਨ ਕਰੋ, ਕਾਮ, ਕ੍ਰੋਧ, ਲੋਭ, ਜਿੱਤ ਕੇ ਵੀ ਕਦੀ ਤ੍ਰਿਪਤ ਨਹੀਂ ਹੁੰਦੇ ਅਤੇ ਸਬਰ, ਸਿਦਕ, ਹਾਰ ਨੂੰ ਵੀ ਸਤਿਗੁਰ ਦਾ ਭਾਣਾ ਕਰ ਕੇ ਮੰਨਦੇ ਹਨ। ਤ੍ਰਿਪਤ, ਅਤੇ ਅਡੋਲ ਰਹਿੰਦੇ ਹਨ।

ਤਾਂ ਧਰਮ ਕਹਿੰਦੈ–

"ਪਰ ਕਾ ਬੁਰਾ ਨ ਰਾਖਹੁ ਚੀਤ॥
ਤੁਮ ਕਉ ਦੁਖੁ ਨਹੀ ਭਾਈ ਮੀਤ॥" ਆਸਾ ਮਹਲਾ 5 (ਪੰ. 386)

ਕਿਸੇ ਦਾ ਬੁਰਾ ਨਾ ਚਿਤਵੋ। ਕੋਈ ਮਾੜਾ ਕਰਮ ਕਰਦਾ ਹੈ, ਲੋਗਾਂ ਲਈ ਬੁਰਾ ਚਿਤਵਦਾ ਹੈ ਤਾਂ ਸਤਿਗੁਰੂ ਰਾਮ ਸਿੰਘ ਜੀ ਕਹਿੰਦੇ ਹਨ–

"ਜੇ ਕੋਈ ਮੰਦਾ ਕਰਮੁ ਕਰੇ, ਜਾਰੀ–ਚੋਰੀ ਤਾਂ ਕਿਸੇ ਹੀ ਥਾਂ ਦੁਵਾਨੁ ਬਿਚ ਨਹੀ ਬੜਨ ਦੇਣਾ। ਜੇਕਰ ਜੋਰਾਬਰ ਹੋਵੇ ਤਾਂ ਸਭਨਾਂ ਨੇ ਏਹੁ ਅਰਦਾਸ ਕਰਨੀ ਜੀ ਏਹੁ ਆਦਮੀ ਏਥੇ ਆਉਣ ਜੋਗਾ ਈ ਨਾ ਰਹੇ।"

ਚੰਗੇ ਦਾ ਸਤਿਕਾਰ ਅਤੇ ਬੁਰੇ ਦਾ ਬਹਿਸ਼ਕਾਰ, ਸਮਾਜ ਨੂੰ ਸੁਖੀ–ਸ਼ਾਂਤ ਰੱਖਣ ਲਈ, ਇਹ ਨੁਸਖਾ, ਪ੍ਰਯੋਗ ਰੂਪ ਵਿਚ ਹਮੇਸ਼ਾਂ ਵਰਤਿਆ ਜਾਂਦਾ ਰਿਹਾ ਹੈ।

ਤ੍ਰੇਤਾ ਯੁਗ ਵਿਚ, ਬਾਲੀ ਬਹੁਤ ਭਾਰੀ ਯੋਧਾ ਸੀ। ਇਸ ਦੇ ਬਾਹੂ ਬਲ ਦਾ ਅੰਦਾਜ਼ਾ ਲਾਉ... ਇਸ ਨੇ ਰਾਵਣ ਨੂੰ, ਆਪਣੀਆਂ ਬਾਹਾਂ ਦੀ ਕੱਛ ਵਿਚ ਦਬਾ ਕੇ ਕਈ ਵਾਰ, ਲੰਕਾ ਦੀ ਪਰਕਰਮਾ ਕੀਤੀ ਸੀ। ਸ਼ਕਤੀਸ਼ਾਲੀ ਬਹੁਤ ਸੀ, ਪਰ ਹੰਕਾਰ ਵਿਚ ਅੰਨ੍ਹਾ ਹੋ ਕੇ, ਅਨੈਤਿਕ ਕਾਰਜ ਕਰਨ ਲੱਗਾ। ਛੋਟੇ ਭਾਈ ਸੁਗ੍ਰੀਵ ਨੂੰ ਮਾਰ ਕੁੱਟ ਕੇ ਘਰੋਂ ਕੱਢ ਦਿੱਤਾ ਅਤੇ ਉਸ ਦੀ ਘਰ ਵਾਲੀ ਨੂੰ, ਆਪਣੀ ਘਰ ਵਾਲੀ ਬਣਾ ਕੇ ਰੱਖ ਲਿਆ। ਭਗਵਾਨ ਸ੍ਰੀ ਰਾਮ ਬਨਵਾਸ ਕੱਟ ਰਹੇ ਸਨ। ਸੀਤਾ ਦਾ ਅਪਹਰਣ ਹੋ ਚੁੱਕਿਆ ਸੀ। ਦੋਵੇਂ ਭਰਾ ਜੰਗਲ ਲੱਭਦੇ ਫਿਰ ਰਹੇ ਸਨ। ਸੁਗ੍ਰੀਵ ਮਿਲਿਆ। ਪਰਮੇਸ਼ਰ ਸਮਝ ਕੇ, ਬਾਲੀ ਦਾ ਅਨ੍ਹਿਆਂ ਅਤੇ ਆਪ ਬੀਤੀ ਸੁਣਾਈ। ਭਗਵਾਨ ਨੇ ਜਾ ਕੇ ਬਾਲੀ ਨੂੰ ਮਾਰਿਆ। ਬਾਲੀ ਪੁੱਛਦਾ ਹੈ, ਹੇ ਰਾਮ! ਮੈਂ ਤੁਹਾਡਾ ਭਗਤ ਹਾਂ, ਸ਼ਰਧਾਲੂ ਹਾਂ। ਸੁਗ੍ਰੀਵ ਤੁਹਾਨੂੰ ਪਿਆਰਾ ਹੋ ਗਿਆ, ਮੈਂ ਵੈਰੀ ਹੋ ਗਿਆਂ ? ਕਿਹੜੇ ਅਵਗੁਣ ਕਰਕੇ ਮੈਨੂੰ ਮਾਰਿਆ–

"ਮੈਂ ਬੈਰੀ ਸੁਗ੍ਰੀਵ ਪਿਆਰਾ। ਅਵਗੁਣ ਕਵਨ ਨਾਥ ਮੋਹਿ ਮਾਰਾ।"

ਮੈਨੂੰ ਕਿਉਂ ਮਾਰਿਆ?

ਤਾਂ ਸ੍ਰੀ ਰਾਮ ਕਹਿੰਦੇ ਹਨ–

"ਅਨੁਜ ਬਧੂ, ਭਗਿਨੀ, ਸੁਤਿ ਨਾਰੀ–।
ਸੁਣਿ ਸਠਿ ਇਹ ਕੰਨਿਆ ਸਮ ਚਾਰੀ।
ਇਨਹੇਂ ਕੁਦ੍ਰਿਸਟ ਬਿਲੋਕਹਿ ਜੋਈ—
ਤਾਂਹਿ ਬਧੈ ਕਛੁ ਪਾਪ ਨਾ ਹੋਈ॥"

ਸ੍ਰੀ ਰਾਮ ਚਰਿਤ ਮਾਨਸ (ਕਿਸ਼ਕਿੰਧਾ ਕਾਂਡ)

ਛੋਟੇ ਭਾਈ ਦੀ ਘਰ ਵਾਲੀ, ਭੈਣ, ਭਣੇਵੀਂ, ਨੂੰਹ – ਇਹ ਚਾਰੇ ਧੀਆਂ ਵਾਂਗ ਹੁੰਦੀਆਂ ਹਨ। ਇਨ੍ਹਾਂ ਨੂੰ ਮਾੜੀ ਨਜ਼ਰ ਨਾਲ ਵੇਖਣ ਵਾਲੇ ਨੂੰ ਮਾਰਿਆਂ, ਪਾਪ ਨਹੀਂ ਹੁੰਦਾ। ਇਵੇਂ ਦੇ ਦੁਰਾਚਾਰੀ, ਜੀਉਣ ਦੇ ਅਧਿਕਾਰੀ ਨਹੀਂ ਹੁੰਦੇ।

ਧਰਮ ਅਤੇ ਨੈਤਿਕਤਾ, ਇਕ ਰੂਪ ਹਨ। ਅਨੈਤਿਕ ਵਿਅਕਤੀ, ਧਰਮੀ ਨਹੀਂ ਹੋ ਸਕਦਾ। ਧਰਮੀ ਬੰਦੇ ਦੀ ਪਛਾਣ, ਉਸ ਦੇ ਭੇਖ ਪਹਿਰਾਵੇ ਤੋਂ ਨਹੀਂ, ਉਸ ਦੇ ਆਚਰਣ ਤੋਂ, ਆਚਾਰ ਵਿਵਹਾਰ ਤੋਂ ਹੋਣੀ ਚਾਹੀਦੀ ਏ। ਜਦੋਂ ਕਰਮ ਮੈਲਾ ਹੋ ਜਾਏ ਤਾਂ ਉਸ ਦਾ ਭੇਖ ਵੀ ਮੈਲਾ ਹੋ ਜਾਂਦਾ ਹੈ। ਜਰਮਨ ਦਾਰਸ਼ਨਿਕ ਫਰੈਡਰਿਕ ਨਿਤਸੇ ਨੇ ਆਪਣੀ ਪੁਸਤਕ ਵਿਚ ਲਿਖਿਆ, God is dead.... "ਰੱਬ ਮਰ ਗਿਆ"। ਨੈਤਿਕਤਾ ਲੋਗਾਂ ਵਿਚ ਨਾ ਰਹੀ। ਸਦਾਚਾਰ-ਇਮਾਨਦਾਰੀ ਮਰ ਗਈ। ਤਾਂ ਨਿਤਸੇ ਕਹਿੰਦੈ, ਰੱਬ ਮਰ ਗਿਆ।

ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ-ਕਰੋੜਾਂ ਸਾਲਾਂ ਦਾ ਚੰਦ ਨਹੀਂ ਬਦਲਿਆ, ਤਾਰੇ ਨਹੀਂ ਬਦਲੇ। ਸੂਰਜ ਦੀ ਦਿਨ-ਚਰਿਆ ਨਹੀਂ ਬਦਲੀ, ਪਉਣ, ਪਾਣੀ ਦਾ ਸੁਭਾਅ ਨਹੀਂ ਬਦਲਿਆ। ਮਨੁੱਖ ਬਦਲ ਗਿਆ ਹੈ। ਪਸ਼ੂ, ਪੰਖੀ, ਬਿਰਖ, ਨਦੀਆਂ, ਪਹਾੜ, ਧਰਤ ਸਾਰਿਆਂ ਪ੍ਰਤੀ ਬਹੁਤ ਕ੍ਰੂਰ, ਬਹੁਤ ਨਿਰਦਈ ਹੋ ਗਿਆ ਹੈ। ਤਾਂ ਉਹਨਾਂ ਦੀ ਅੰਦਰਲੀ ਕੁਦਰਤ ਦੇ ਜੀਂਸ ਵੀ ਮਾਰੂ ਹੋ ਗਏ... ਹਿੰਸਕ ਹੋ ਗਏ।ਅਨਾਜ, ਸਬਜ਼ੀਆਂ, ਦੁੱਧ, ਫਲ, ਪਾਣੀ, ਸਾਰਿਆਂ ਪ੍ਰਤੀ ਇਤਨੇ ਰਸੈਨਿਕ ਉਰਵਰਕ, ਕੀਟਨਾਸ਼ਕ ਜਾਂ ਗਊਆਂ, ਮੱਝਾਂ ਤੋਂ ਵੱਧ ਦੁੱਧ ਨਿਚੋੜ ਲੈਣ ਲਈ ਵਰਤੇ ਜਾ ਰਹੇ ਐਸਟਰਾਇਡ ਦੇ ਟੀਕੇ, ਹਰ ਪਦਾਰਥ ਵਿਚ ਜ਼ਹਿਰ ਭਰਦੇ ਰਹੇ ਹਨ। ਸਾਨੂੰ ਨਹੀਂ ਪਤਾ, ਔਰ ਉਹ ਸਭ ਕੁਛ ਖਾਣਾ, ਸਾਡੀ ਮਜਬੂਰੀ ਹੈ।

ਸਾਰੇ ਦੁਖੀ ਹਨ, ਪਰ ਇਲਜ਼ਾਮ ਆਪਣੇ 'ਤੇ ਲੈਣ ਲਈ ਕੋਈ ਤਿਆਰ ਨਹੀਂ। ਗ੍ਰਾਹਕ ਕਹਿੰਦੇ ਨੇ, ਦੁਕਾਨਦਾਰ ਲੁੱਟ ਰਿਹੈ। ਦੁਕਾਨਦਾਰ ਕਹਿੰਦੇ, ਗ੍ਰਾਹਕ ਵਿਵਹਾਰੋਂ ਮਾੜੇ ਹੋ ਗਏ ਹਨ। ਲੈਣ ਦੇਣ ਦੀ ਮਰਿਆਦਾ ਨਹੀਂ ਰਹਿ ਗਈ। ਜਨਤਾ, ਸਰਕਾਰ, ਅਫ਼ਸਰ, ਕਿਸਾਨ, ਮਜ਼ਦੂਰ, ਮੁਲਾਜ਼ਿਮ, ਸਾਰੇ ਦੁਖੀ ਹਨ ਔਰ ਦੋਸ਼ ਦੂਜੇ 'ਤੇ ਲਾ ਰਹੇ ਹਨ।

"ਉਮ੍ਰ ਭਰ ਗ਼ਾਲਿਬ ਯਹੀ ਭੂਲ ਕਰਤਾ ਰਹਾ।
ਧੂਲਿ ਚੇਹਰੇ ਪੇ ਥੀ ਔਰ ਆਈਨਾ ਸਾਫ਼ ਕਰਤਾ ਰਹਾ।"

ਔਰੰਗਜ਼ੇਬ ਬਾਦਸ਼ਾਹ ਨੇ ਬੜਾ ਅਤਿਆਚਾਰ ਕੀਤਾ। ਜਬਰਨ ਟੈਕਸ ਵੀ ਲਾਏ, ਧਰਮ ਪ੍ਰੀਵਰਤਨ ਵੀ ਕਰਵਾਏ। ਸਮਝਦਾ ਰਿਹਾ, ਮੈਂ ਆਲਮਗੀਰ ਬਾਦਸ਼ਾਹ! ਧਨ ਦੌਲਤ ਬਹੁਤ ਬਣਾ ਲਈ। ਲੋਗਾਂ ਨੂੰ ਜਬਰਨ ਮੁਸਲਮਾਨ ਬਣਾ ਕੇ, ਅੱਲਾ ਦੇ ਘਰੋਂ ਬਹੁਤ ਸੁਆਬ ਭੀ ਖੱਟ ਰਿਹਾਂ। ਮੈਂ ਭੀ ਖੁਸ਼, ਮੇਰਾ ਰੱਬ ਵੀ ਖੁਸ਼। ਜ਼ਿੰਦਗੀ ਦੇ ਅੰਤਮ ਸਮੇਂ, ਬਾਨਵੇਂ ਸਾਲ ਦੀ ਉਮਰ ਵਿਚ, ਸਰੀਰ ਬੁੱਢਾ ਹੋ ਗਿਆ। ਥਾਂਈ ਥਾਂਈ ਵਿਰੋਧ ਦੇ ਸੁਰ ਉੱਠਣ ਲੱਗੇ। ਆਜ਼ਮ, ਮੁਅੱਜ਼ਮ ਅਤੇ ਕਾਮਬਖਸ਼, ਤਿੰਨੇ ਪੁੱਤਰਾਂ ਨੇ, ਦੱਖਣ

ਭਾਰਤ, ਕਾਬੁਲ ਅਤੇ ਬੰਗਾਲ ਆਸਾਮ ਤੋਂ ਬਗਾਵਤ ਦੇ ਝੰਡੇ ਚੁੱਕ ਲਏ। ਬਹੁਤ ਦੁਖੀ ਹੋ ਕੇ, ਪੁੱਤਰ ਆਜ਼ਮ ਨੂੰ ਖ਼ਤ ਲਿਖਿਆ, "ਮੈਂ ਬੱਚਿਆਂ ਲਈ, ਤੁਹਾਡੇ ਲਈ, ਜੰਗਾਂ ਅਤੇ ਜ਼ੁਲਮਾਂ ਨਾਲ ਮੁਗਲੀਆ ਸਲਤਨਤ ਕਾਇਮ ਕੀਤੀ। ਅੱਜ ਮੇਰਾ ਲਹੂ, ਮੇਰੇ ਖ਼ਿਲਾਫ਼ ਜੰਗ ਲਈ ਤਿਆਰ ਹੈ।" ਉਹਨਾਂ ਦਿਨਾਂ ਵਿਚ ਹੀ, ਦਸਮ ਪਾਤਸ਼ਾਹ ਵੱਲੋਂ ਭੇਜਿਆ ਜ਼ਫ਼ਰਨਾਮਾ ਪੜ੍ਹਿਆ—

"ਨ ਈਮਾਂ ਪਰਸਤੀ ਨ ਅਉਜਾਇ ਦੀਂ॥
ਨ ਸਾਹਿਬ ਸ਼ਨਾਸੀ ਨਾ ਮਹਮਦ ਯਕੀਂ॥"

ਔਰੰਗਜ਼ੇਬ! ਨਾ ਤੇਰੇ ਕੋਲ ਧਰਮ ਸੀ, ਨਾ ਜੀਉਣ ਦੀ ਜਾਚ ਸੀ। ਨਾ ਤੈਨੂੰ ਖ਼ੁਦਾ ਦੀ ਪਛਾਣ ਸੀ ਅਤੇ ਨਾ ਮੁਹੰਮਦ ਸਾਹਿਬ 'ਤੇ ਭਰੋਸਾ ਸੀ।

ਅੱਜ ਤੇਰੇ ਹੱਥੋਂ ਦੀਨ ਅਤੇ ਦੁਨੀਆਂ, ਦੋਵੇਂ ਬਾਹਰ ਹੋ ਗਏ।

ਤ੍ਰੇਤਾ ਯੁਗ ਦਾ ਪ੍ਰਸੰਗ ਹੈ :

"ਭਗਵਾਨ ਨੇ ਸ਼ਬਰੀ ਦੇ ਬੇਰ ਖਾਧੇ।"

ਇਹ ਸ਼ਬਰੀ ਪਿਛਲੇ ਜਨਮ ਵਿਚ ਮਹਾਂਰਾਣੀ ਸੀ। ਇਕ ਵਾਰ ਤ੍ਰਿਵੇਣੀ 'ਤੇ ਕੁੰਭ ਲੱਗਾ। ਬੜੀ ਦੁਨੀਆਂ ਆਈ। ਵੱਡੇ-ਵੱਡੇ ਸਾਧੂ ਮਹਾਤਮਾ ਆਏ। ਸ਼ਬਰੀ ਵੀ ਰਾਜੇ ਦੇ ਵੱਡੇ ਕਾਫ਼ਲੇ ਨਾਲ਼ ਆਈ। ਸ਼ਬਰੀ ਬਹੁਤ ਸੋਹਣੀ ਸੀ। ਤ੍ਰਿਵੇਣੀ ਦਾ ਧਾਰਮਿਕ ਮਾਹੌਲ ਸੀ। ਹਰ ਪਾਸੇ ਕੀਰਤਨ, ਕਥਾ, ਸਤਿਸੰਗ ਹੋ ਰਿਹਾ ਸੀ। ਸ਼ਬਰੀ ਨੇ ਵੀ ਸਤਿਸੰਗ ਵਿਚ ਹਾਜ਼ਰੀ ਲਾਉਣ ਲਈ, ਆਗਿਆ ਮੰਗੀ। ਰਾਜੇ ਨੇ ਰਾਜ ਘਰਾਨੇ ਦੀ ਮਰਿਆਦਾ ਨੂੰ ਧਿਆਨ ਵਿਚ ਰੱਖਿਆ। ਆਗਿਆ ਨਾ ਦਿੱਤੀ। ਸ਼ਬਰੀ ਸਾਰੀ ਰਾਤ ਜਾਗਦੀ ਰਹੀ। ਤਿੰਨ ਮਹਾਨਦ ਨੂੰ ਸਾਖੀ ਰੱਖ ਕੇ, ਪਰਮੇਸ਼ਰ ਅੱਗੇ ਅਰਦਾਸ ਕੀਤੀ, ਹੇ ਰੱਬਾ! ਇਥੇ ਪਵਿੱਤਰ ਤ੍ਰਿਵੇਣੀ 'ਤੇ ਆ ਕੇ ਵੀ, ਸਾਧਾਂ ਦੇ ਦਰਸ਼ਨ ਨਾ ਕਰ ਸਕੀ, ਸਤਿਸੰਗ ਨਸੀਬ ਨਾ ਹੋਇਆ। ਮੇਰੀ ਅਰਦਾਸ ਪਰਵਾਨ ਕਰੋ, ਅਗਲਾ ਜਨਮ ਮੈਨੂੰ ਕੋਈ ਰਾਣੀ ਨਾ ਬਣਾਈਂ। ਮੈਨੂੰ ਹਿਰਦੇ ਦੀ ਸੁੰਦਰਤਾ ਦੇਵੀਂ, ਚੇਹਰੇ ਦੀ ਸੁੰਦਰਤਾ ਨਾ ਦੇਵੀਂ। ਅਗਲਾ ਜਨਮ, ਸਬਰਮਾਲ ਦੇ ਭੀਲਾਂ ਘਰ ਹੋਇਆ। ਵੱਡੀ ਹੋਈ ਤਾਂ ਵਿਆਹ ਹੋਣ ਲੱਗਾ। ਕਈ ਬਕਰੇ ਤੇ ਹੋਰ ਪਸ਼ੂ ਬੱਧੇ ਹੋਏ ਵੇਖੇ। ਪੁੱਛਿਆ ਤਾਂ ਸਖੀ ਨੇ ਕਿਹਾ, ਇਹ ਸਾਰੇ ਮਾਰ ਕੇ, ਤੇਰੇ ਵਿਆਹ ਵਿਚ ਛਕਾਇਆ ਜਾਏਗਾ।

ਸ਼ਬਰੀ ਰੋ ਪਈ। ਮੇਰੇ ਵਿਆਹ ਕਾਰਨ ਇਹ ਭੋਲੇ ਜੀਅ ਮਾਰੇ ਜਾਣਗੇ। ਸੰਕਲਪ ਲਿਆ, ਮੈਂ ਵਿਆਹ ਹੀ ਨਹੀਂ ਕਰਵਾਉਣਾ। ਅੱਧੀ ਰਾਤ ਜਿਉਂ ਭੱਜੀ, ਬਹੁਤ ਦੂਰ ਦੰਡਕ ਬਨ ਜਾ ਸਾਹ ਲਿਆ। ਭਗਵਾਨ ਸ੍ਰੀ ਰਾਮ - ਬਨਵਾਸ ਕਾਲ ਵਿਚ, ਖ਼ਬਰ ਲੱਗੀ ਕਿ ਦੰਡਕ ਬਨ ਦੇ ਸਾਧੂਆਂ ਸੰਤਾਂ ਨੂੰ ਦਰਸ਼ਨ ਦੇਣ ਆ ਰਹੇ ਹਨ। ਜੰਗਲ ਵਿਚ ਵੀ ਸਾਧੂਆਂ ਨੇ, ਸ਼ਬਰੀ ਨੂੰ ਅਛੂਤ ਆਖ ਕੇ ਛੇਕ ਰੱਖਿਆ ਸੀ। ਇਕ ਪਾਸੇ ਛੋਟੀ ਜਿਹੀ ਪੱਤਿਆਂ ਦੀ ਕੁਟੀ ਵਿਚ ਰਹਿੰਦੀ ਸੀ। ਗੁਰੂ ਮਤੰਗ ਦੇ ਆਸ਼ਰਮ ਵਿਚ, ਝਾੜ-ਬੁਹਾਰ ਅਤੇ ਹਵਨ ਲਈ, ਜੰਗਲੋਂ ਲੱਕੜਾਂ ਦੀ ਸੇਵਾ ਕਰਦੀ ਸੀ। ਵੱਡੇ-ਵੱਡੇ ਤਪਸਵੀ, ਮਹਾਤਮਾ, ਭਗਵਾਨ ਰਾਮ ਦੀ ਉਡੀਕ ਕਰ ਰਹੇ ਸਨ।

ਭਗਵਾਨ, ਸ਼ਬਰੀ ਦੀ ਕੁਟੀ ਵਿਚ ਗਏ। ਅੰਦਰ ਬਿਰਾਜਮਾਨ ਹੋਏ। ਸ਼ਬਰੀ ਕੋਲ ਸਿਰਫ਼ ਬੇਰ ਹੀ ਸਨ, ਉਹ ਭੋਗ ਲਾਏ। ਅੱਗੇ, ਕਹਿੰਦੇ ਨੇ ਸਾਰੇ ਸਾਧੂਆਂ ਨੂੰ ਸੰਬੋਧਤ ਕਰ ਕੇ, ਸ਼ਬਰੀ ਦਾ ਤਿਆਗ ਅਤੇ ਜੀਆਂ ਪ੍ਰਤੀ ਦਇਆ ਦਾ ਭਾਵ, ਯੋਗ ਜਾਂ ਤਪ ਤੋਂ ਭੀ ਉਪਰ ਪਹੁੰਚ ਗਿਆ ਹੈ। ਬੰਦਗੀ ਕਰ ਕੇ, ਤਪ ਕਰ ਕੇ, ਸਾਰੀ ਸ੍ਰਿਸ਼ਟੀ ਵਿਚ, ਇਕ ਨਿਰੰਕਾਰ ਨੂੰ ਵੇਖਣ ਜੋਗ ਦ੍ਰਿਸ਼ਟੀ ਵਿਕਸਤ ਹੋਣੀ ਚਾਹੀਦੀ ਹੈ।

ਤਾਂ ਗੁਰੂ ਨਾਨਕ ਪਾਤਸ਼ਾਹ, ਕਹਿੰਦੇ ਹਨ–

"ਸੋਈ ਚੰਦੁ ਚੜਹਿ, ਸੇ ਤਾਰੇ..."

ਇਹਨਾਂ ਤੋਂ ਸਿੱਖਿਆ ਲੈਣੀ ਚਾਹੀਦੀ ਹੈ...।

# ਧਰਮ ਖੰਡ ਕਾ ਏਹੋ ਧਰਮੁ

ਇਕ ਮੂਰਤੀਕਾਰ ਮੂਰਤਾਂ ਬਣਾ ਰਿਹੈ। ਦੁਰਗਾ ਬਣੌਂਦੈ, ਨਾਲ ਹੀ ਮਹਿਖਾਸੁਰ ਵੀ ਬਣੌਂਦੈ। ਜਿਤਨੀ ਇਕਾਗ੍ਰਤਾ ਨਾਲ ਦੁਰਗਾ ਬਣੌਂਦੈ, ਉਤਨੀ ਹੀ ਇਕਾਗ੍ਰਤਾ ਨਾਲ ਮਹਿਖਾਸੁਰ ਭੀ ਬਣੌਂਦੈ। ਨਾਇਕ ਭੀ, ਖਲਨਾਇਕ ਭੀ, ਨਾਟਕ ਦੇ ਦੋ ਕਿਰਦਾਰ। ਦੋਹਾਂ ਦੀ ਆਪਣੀ ਆਪਣੀ ਭੂਮਿਕਾ ਹੁੰਦੀ ਹੈ। ਮੂਰਤੀਕਾਰ ਦੀ ਸੰਰਚਨਾ ਵਿਚ ਜਾਂ ਨਾਟਕ ਦੇ ਨਿਰਦੇਸ਼ਨ ਵਿਚ, ਮਾੜੀ ਜਿਹੀ ਲਾਪਰਵਾਹੀ, ਸਿਰਜਨ ਦੇ ਮੰਤਵ ਨੂੰ ਅਧੂਰਾ ਕਰ ਦਿੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ, ਸਿਰਜਨ ਅਤੇ ਸਿਰਜਨਹਾਰ ਨੂੰ ਅਭੇਦ ਦੱਸਦੇ ਹਨ। ਮੂਰਤੀਕਾਰ ਦਾ ਭਾਵ, ਮੂਰਤੀ ਵਿਚ ਉਤਰ ਜਾਂਦਾ ਹੈ। ਭਾਵੇਂ ਕਿਸੇ ਦੈਂਤ ਦੀ ਮੂਰਤ ਬਣਾਉਣੀ ਹੋਵੇ, ਮੂਰਤੀਕਾਰ ਦੇ ਗਹਿਰੇ ਧਿਆਨ 'ਚੋਂ ਲੰਘ ਕੇ ਹੀ, ਉਹ ਕਲਪਨਾ ਸਾਕਾਰ ਹੁੰਦੀ ਹੈ।

ਜਪੁਜੀ, ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਸਭ ਤੋਂ ਵੱਧ ਲੋਕਪ੍ਰਿਯ ਰਚਨਾ ਹੈ। ਮੂਲ ਮੰਤਰ... ਅੱਗੇ ਜੀਵਨ ਦੇ ਹਰ ਪੱਖ ਨੂੰ ਰੌਸ਼ਨ ਕਰਦੀਆਂ, ਸਵਾਰਦੀਆਂ 38 ਪਉੜੀਆਂ। ਅੰਤ, ਇਕ ਸ਼ਲੋਕ ਵਿਚ ਧਰਮ ਦਾ ਸਾਰ! ਇਸ ਜਪੁਜੀ ਵਿਚ, ਮੰਤਰ ਭੀ ਹੈ, ਤੰਤਰ ਭੀ ਹੈ। ਹੋਰ ਸਾਰੀ ਗੁਰਬਾਣੀ ਰਾਗਾਂ ਵਿਚ ਉਚਾਰੀ ਗਈ ਹੈ। ਰਾਗਾਂ ਦਾ ਇਕ ਅਨੁਸ਼ਾਸਨ ਹੈ। ਮਾਤਰਾ, ਰਾਗ, ਤਾਲ ਅਤੇ ਬੰਦਿਸ਼ ਦਾ ਸੰਤੁਲਤ ਤਾਲਮੇਲ! ਪਰ ਜਪੁਜੀ, ਰਾਗ ਮੁਕਤ ਬਾਣੀ ਹੈ। ਰਾਗਾਂ, ਰੀਤਾਂ ਤੇ ਬੰਧਨ ਤੋਂ ਮੁਕਤ ਬਾਣੀ! ਮਨੁੱਖ ਜੀਵਨ ਵਿਚ ਪੰਜ ਬਿੰਦੂਆਂ 'ਚੋਂ ਲੰਘਦੈ। ਗਿਆਨ, ਸਿੱਖਿਆ ਦਾ ਬਿੰਦੂ, ਕਰਮ ਬਿੰਦੂ, ਸ਼ਰਮ ਜਾਂ ਮੇਹਨਤ ਦਾ ਬਿੰਦੂ—ਅੰਤ ਸੱਚ ਦਾ ਸਿਖ਼ਰ ਤਲ... ਸਚਖੰਡ। ਸਭ ਤੋਂ ਪਹਿਲਾਂ, ਧਰਮ ਖੰਡ। ਇਸ ਇਕ ਬਿੰਦੂ ਵਿਚ, ਇਕ ਡੌਟ ਵਿਚ, ਸਾਰਾ ਬ੍ਰਹਮਾਂਡ, ਸਾਰੇ ਲੋਕ ਸਮਾਏ ਹੋਏ ਹਨ।

ਧਰਮ ਸ਼ਬਦ, ਧ੍ਰੀ ਧਾਤੂ ਤੋਂ ਬਣਿਆ ਹੈ, ਜਿਸ ਦਾ ਅਰਥ ਹੈ, ਧਾਰਨ ਕਰਨਾ। ਤਾਂ ਪਹਿਲਾ ਧਰਮ, ਧਰਤੀ ਹੈ। ਪਸ਼ੂ, ਪੰਖੀ, ਮਨੁੱਖ, ਬਨਸਪਤੀ, ਨਦੀਆਂ, ਪਹਾੜ, ਸਾਰੇ ਧਾਰਨੁ ਕੀਤੇ ਹਨ। ਸਭ ਨੂੰ ਜੀਵਨ, ਸਭ ਨੂੰ ਖੁਰਾਕ, ਸਭ ਦੀ ਪਾਲਨਾ ਕਰਦੀ ਹੈ। ਦੇਵ, ਦੈਂਤ, ਸਾਧ, ਅਸਾਧ, ਸਮੁੰਦਰ, ਸਾਰੇ ਇਸੇ ਧਰਤੀ ਨੇ ਸੰਭਾਲੇ ਹਨ। ਕੋਈ ਭੇਦ ਨਹੀਂ, ਕੋਈ ਵੱਖਵਾਦ ਨਹੀਂ। ਇਹ ਧਰਤੀ, ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਪਹਿਲੀ ਧਰਮਸ਼ਾਲਾ ਹੈ–

"ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ, ਥਾਪਿ ਰਖੀ ਧਰਮਸਾਲ॥" (ਜਪੁਜੀ)

ਸੱਚੀ ਧਰਮਸ਼ਾਲਾ, ਜੋ ਮਾੜੇ, ਚੰਗੇ, ਭੋਲੇ, ਦੁਸ਼ਟ, ਸਭ ਨੂੰ ਬਗੈਰ ਕਿਸੇ ਵਿਤਕਰੇ ਜਾਂ ਵਰਗ ਵੰਡ ਦੇ, ਇਕ ਸਮਾਨ ਪਾਲਨਾ ਕਰਦੀ ਹੈ। ਇਹ ਧਰਮਖੰਡ ਹੈ। ਗਿਆਨ

ਖੰਡ, ਕਰਮ ਖੰਡ ਅਤੇ ਸਰਮ ਖੰਡ.... ਸਾਰਿਆਂ ਦੇ ਥੰਮ, ਸਾਰਿਆਂ ਦੇ ਪਿੱਲਰ, ਧਰਤੀ 'ਤੇ ਗੱਡੇ ਹੋਏ ਹਨ।

"ਧਰਮ ਖੰਡ ਕਾ ਏਹੋ ਧਰਮੁ॥ ਗਿਆਨ ਖੰਡ ਕਾ ਆਖਹੁ ਕਰਮੁ॥
ਇਹ ਧਰਮ ਖੰਡ ਹੈ। ਗਿਆਨ, ਕਰਮ ਅਤੇ ਸਰਮ ਦਾ ਖਿੱਤਾ।"

ਇਥੇ ਹੀ, ਗੁਰੂ ਤੋਂ ਪ੍ਰਾਪਤ ਗਿਆਨ ਨਾਲ, ਪੁੰਨ ਛਾਣ ਕੇ ਕੀਤੇ ਹੋਏ ਕਰਮ, ਧਰਮ ਬਣ ਜਾਂਦੇ ਹਨ... ਸ਼ਰਧਾ ਨਾਲ ਸੰਪੰਨ ਸਰਮ (ਮੇਹਨਤ), ਸੇਵਾ ਅਤੇ ਸਿਮਰਨ, ਪ੍ਰਭੂ ਪ੍ਰੀਤ ਵਿਚ ਪਿਰੋਏ ਜਾਂਦੇ ਹਨ-

"ਤਿਥੈ ਸੀਤੋ ਸੀਤਾ ਮਹਿਮਾ ਮਾਹਿ"

ਇਹੀ ਖੰਡ... ਧਰਤੀ ਦਾ ਧਰਮ ਖੰਡ, ਜਿਥੇ ਵਿਵੇਕ ਪੂਰਨ ਗੁਰੂ ਗਿਆਨ ਨਾਲ ਪੁਨੀਤ ਕਰਮ ਅਤੇ ਸਰਮ, ਨਿਰੰਕਾਰ ਨਾਲ ਇਕ-ਮਿਕ ਕਰ ਦੇਂਦੇ ਹਨ।

ਇਸ ਧਰਤੀ 'ਤੇ, ਇਸ ਧਰਮਸ਼ਾਲਾ ਵਿਚ, ਚੋਰ ਅਤੇ ਸਾਧ, ਦੋਵੇਂ ਬਿਰਤੀ ਦੇ ਲੋਗ ਆ ਰਹੇ ਹਨ। ਵਾਪਾਰੀ, ਵਾਪਾਰ ਵਿਚ ਸਫ਼ਲਤਾ ਚਾਹੁੰਦੈ, ਸੰਤ ਮੁਕਤੀ ਚਾਹੁੰਦੈ ਅਤੇ ਚੋਰ, ਚੋਰੀ ਵਿਚ ਸਫ਼ਲਤਾ ਦੀ ਮੰਗ ਲੈ ਕੇ, ਇਸ ਧਰਮਸ਼ਾਲਾ ਵਿਚ ਆਉਂਦੇ ਹਨ। ਦੈਵ, ਦਾਨਵ, ਮੁਨੀ ਵੀ ਮੱਕਾਰ ਵੀ! ਪਵਨ ਦੇਵਤਾ, ਪਾਣੀ ਦੇਵਤਾ ਅਤੇ ਵੈਸੰਤਰ ਦੇਵ... ਕਿਤਨੇ ਹੀ ਕ੍ਰਿਸ਼ਨ, ਕਿਤਨੇ ਸ਼ਿਵਜੀ, ਕਿੰਨੇ ਬ੍ਰਹਮਾ ਇਥੇ ਆਏ ਔਰ ਆਯੂ ਭੋਗ ਕੇ ਚਲੇ ਗਏ। ਅਨੇਕਾਂ ਰਾਜੇ, ਰੰਕ ਆਏ, ਧ੍ਰੂਅ, ਪ੍ਰਹਿਲਾਦ ਜਿਹੇ ਭਗਤ ਆਏ, ਖੁਸ਼ਬੋਦਾਰ ਜੀਵਨ ਉਪਦੇਸ਼ ਦੇ ਕੇ ਚਲੇ ਗਏ। ਕਿਤਨੇ ਇੰਦਰ, ਚੰਦ, ਸੂਰਜ, ਸਿੱਧ, ਬੁੱਧ, ਨਾਥ, ਜੋਗੀ...। ਇਹ ਧਰਤੀ, ਧਰਮ ਖੰਡ ਹੈ। ਇਥੇ ਕੀਤੇ ਹੋਏ ਕਰਮ ਫਲੀਭੂਤ ਹੁੰਦੇ ਹਨ। ਗਿਆਨ ਖੰਡ, ਕਰਮ ਖੰਡ ਅਤੇ ਸਰਮ ਖੰਡ ਦਾ ਸਾਖਿਆਤਕਾਰ ਇਥੇ ਹੀ ਹੁੰਦਾ ਹੈ। ਇਹ ਸੱਚ ਖੰਡ ਦਾ ਦੁਆਰ ਹੈ-ਇਹ ਧਰਤੀ, ਹਰੀ ਦੁਆਰ ਹੈ। ਇਥੋਂ ਚੁੱਕਿਆ ਪੈਰ, ਸੱਚ ਖੰਡ ਵਿਚ ਜਾ ਪੈਂਦਾ ਹੈ।

ਧਰਮ ਖੰਡ, ਜਿੱਥੇ ਧਾਰਣ ਦੀ ਸਿੱਖਿਆ ਦਿੱਤੀ ਜਾ ਰਹੀ ਹੈ। ਰੋਜ਼ ਪ੍ਰਭਾਤ ਜਾਗਦੇ ਹਾਂ। ਬਾਹਰ ਹਰੇ ਭਰੇ ਦਰੱਖ਼ਤਾਂ ਪੱਤਿਆਂ ਨੂੰ ਛੂਹ ਕੇ ਆਉਂਦੀ ਪਵਨ, ਇਕ ਨਿਵੇਕਲੇ ਜਿਹੇ ਖੇੜੇ ਦਾ ਅਹਿਸਾਸ ਦੇ ਗਈ। ਸਾਮ੍ਹਣੇ ਪੁਰਾਣਾ ਬਜ਼ੁਰਗ ਬੋਹੜ, ਆਸੀਸ ਭਰੀ ਨਜ਼ਰ ਪਾਉਂਦੈ... ਦੂਰ ਵਗਦੀ ਹੋਈ ਨਦੀ ਦਾ ਕਲਕਲ ਨਾਦ... ਅੰਬ ਦੇ ਕੁੰਜ ਤੋਂ ਪੰਖੀਆਂ ਦੇ ਗੀਤ...। ਇਹ ਬਹੁਤ ਮੁੱਲਵਾਨ ਹਨ, ਪਰ ਕੁਝ ਮੰਗਦੇ ਨਹੀਂ। ਪੂਰਬ ਤੋਂ ਲਾਲੀਆਂ ਬਿਖੇਰਦਾ ਬਾਲ ਸੂਰਜ, ਸਾਰੀ ਧਰਤੀ 'ਤੇ ਨਵੀਂ ਊਰਜਾ ਬਿਖੇਰ ਰਿਹੈ...। ਧਰਮ ਖੰਡ ਦੀ ਧਰਤੀ-ਧਰਮਸ਼ਾਲਾ ਵਿਚ, ਇਹਨਾਂ ਸਾਰਿਆਂ ਦਾ ਸ਼ੁਕਰਾਨਾ। ਮੈਂ ਤੜਕੇ ਜਾਗਿਆ। ਇਸ਼ਨਾਨ ਹੋਇਆ, ਸਿਮਰਨ, ਗੁਰਬਾਣੀ ਦਾ ਪਾਠ ਹੋਇਆ ਤਾਂ ਮੇਰੇ ਸਤਿਗੁਰ ਦਾ ਸ਼ੁਕਰਾਨਾ। ਗੁਰੂ ਦੀ ਕ੍ਰਿਪਾ ਹੋਈ, ਵਰਨਾ ਮੇਰੇ ਵੱਸ ਕੀ ਹੈ? ਇਕ ਮਾੜਾ ਜਿਹਾ ਝਟਕਾ, ਕਿਸੇ ਪਿਆਰੇ ਦਾ ਬਿਛੋਹ, ਕੋਈ ਦੁਰਘਟਨਾ, ਬੇਵੱਸ ਕਰ ਦੇਂਦੀ ਹੈ। ਬੰਦਾ ਹਿੱਲਣ ਜੋਗਾ ਵੀ ਨਹੀਂ ਰਹਿ ਜਾਂਦਾ। ਹੇ ਮੇਰੇ ਸਤਿਗੁਰ, ਮੇਰੀ ਔਕਾਤ ਨਹੀਂ,

ਕੋਈ ਧਰਮ ਕਰਮ ਕਰ ਸਕਾਂ। ਜੋ ਕੁਝ ਹੋਇਆ, ਤੁਹਾਡੀ ਕ੍ਰਿਪਾ ਨਾਲ... ਆਪ ਦਾ ਸ਼ੁਕਰਾਨਾ।

ਧਰਮ ਖੰਡ ਦੀ ਮੌਲਿਕ ਨਿਯਮਾਵਲੀ, ਇਥੇ ਜਿਹੜੇ ਆਏ ਹਨ, ਸਾਰੇ ਧਰਮੀ ਹਨ। ਕਿਸੇ ਨਾਲ ਭੇਦ ਭਾਵ ਨਹੀਂ ਰੱਖਣਾ। ਕੋਈ ਮਾੜਾ ਨਹੀਂ, ਨਿਕੰਮਾ ਨਹੀਂ। ਵੇਦਾਂਤ ਕਹਿੰਦੈ-

"ਅਮੰਤ੍ਰੰ ਅੱਛਰੰ ਨਾਸਤੀ। ਨਾਸਤੀ ਮੂਲੰ ਔਸਧਿਮ।
ਅਯੋਗਯੋ ਪੁਰਸ਼ਹ ਨਾਸਤੀ। ਨਃ ਏਕੋ ਜਃ ਨ ਦੁਰਲਭਃ॥"

ਅੱਖਰਾਂ ਦੀ ਵਰਣਮਾਲਾ ਦਾ ਕੋਈ ਅੱਖਰ ਐਸਾ ਨਹੀਂ, ਜੋ ਕਿਸੇ ਮੰਤਰ ਵਿਚ ਵਰਤਿਆ ਨ ਜਾ ਸਕੇ। ਬਨਸਪਤੀ ਜਗਤ ਦਾ ਕੋਈ ਬ੍ਰਿਖ, ਪੌਦਾ ਐਸਾ ਨਹੀਂ, ਜਿਸ ਦੀ ਵਰਤੋਂ, ਦਵਾ ਰੂਪ ਵਿਚ ਨਾ ਹੋ ਸਕੇ। ਸੰਸਾਰ ਦਾ ਕੋਈ ਮਨੁੱਖ, ਬਿਲਕੁਲ ਨਿਕੰਮਾ ਨਹੀਂ ਹੁੰਦਾ। ਜੇ ਸਰੀਰੋਂ ਜਾਂ ਦਿਮਾਗੋਂ ਕਮਜ਼ੋਰ ਵੀ ਹੋਵੇ ਤਾਂ ਭੀ ਉਸ ਦੀਆਂ ਅੱਖਾਂ, ਗੁਰਦੇ, ਹਿਰਦਾ, ਲੀਵਰ, ਕਈਆਂ ਨੂੰ ਜੀਵਨ ਦਾਨ ਦੇ ਸਕਦੇ ਹਨ। ਤਾਂ ਵੇਦਾਂਤ ਕਹਿੰਦੈ, ਸੰਸਾਰ ਵਿਚ ਕੁਝ ਐਸਾ ਨਹੀਂ ਜੋ ਬੇਅਰਥ ਹੋਵੇ... ਬੇਕਾਰ ਹੋਵੇ।"

ਤਾਂ ਸਾਰਿਆਂ ਪ੍ਰਤੀ ਸਦਭਾਵ, ਧਰਮ ਖੰਡ ਦੀ ਪਹਿਲੀ ਸ਼ਰਤ ਹੈ।

ਧੀਰਜ, ਧਰਮ ਖੰਡ ਦੀ ਅਹਿਮ ਪਉੜੀ ਹੈ। ਪ੍ਰਮੇਸ਼ਰ ਬਹੁਤ ਧੀਰਜਵਾਨ ਹੈ। ਮਾੜਿਆਂ ਚੰਗਿਆਂ ਸਭ ਨੂੰ ਪਾਲਦੈ, "ਦੇਖਤ ਹੈ, ਪਰ ਦੇਤ ਨ ਹਾਰੈ"...। ਦੇਣ ਵਾਲਾ, ਜੁਗ ਦੇ ਆਦਿ ਤੋਂ ਦਈ ਜਾ ਰਿਹੈ—ਲੈਣ ਵਾਲੇ ਥਕਦੇ ਵੇਖੇ, ਦੇਣ ਵਾਲਾ ਨਹੀਂ ਥਕਿਆ। ਇਹ ਧੀਰਜ ਗੁਰੂ ਪਰਮੇਸ਼ਰ ਦੀ ਪਛਾਣ ਹੈ। ਇਹ ਧੀਰਤਾ, ਧਰਮ ਦਾ ਥੰਮ ਹੈ। ਭਗਵਾਨ ਸ੍ਰੀ ਰਾਮ, ਅਜੇ ਰਾਜਕੁਮਾਰ ਸਨ, ਅਵਧ ਕੁਮਾਰ ਰਾਮ! ਵਿਆਹ ਹੋਇਆ, ਉਸੇ ਰਾਤ ਚੌਦਾਂ ਸਾਲਾਂ ਦਾ ਬਨਵਾਸ, ਕੈਸੀ ਬਿਖਮ ਸਥਿਤੀ, ਕੈਸਾ ਸੰਕਟ ਪੂਰਨ ਸਮਾਂ ਹੋਵੇਗਾ। ਧੀਰਜ ਰੱਖਿਆ। ਪਿਤਾ ਦੀ ਆਗਿਆ ਸਿਰ-ਮੱਥੇ। ਜੰਗਲ ਗਏ ਤਾਂ ਘਰ ਵਾਲੀ ਨੂੰ ਦੈਂਤ ਲੈ ਗਿਆ। ਕੋਈ ਸਾਧਨ ਨਹੀਂ, ਫੌਜ ਨਹੀਂ। ਧੀਰਜ ਨਹੀਂ ਡੋਲਿਆ। ਬਨਵਾਸੀਆਂ ਨੂੰ ਜੋੜਿਆ, ਬਾਂਦਰਾਂ, ਰਿੱਛਾਂ, ਭਾਲੂਆਂ ਦੀ ਜਮਾਤ ਸੰਗਠਤ ਕੀਤੀ, ਸਮੁੰਦਰ ਤੇ ਪੁਲ ਬਣਵਾਇਆ ਔਰ ਜੰਗ ਦੀ ਰਣਭੇਰੀ ਵਜਾ ਦਿੱਤੀ। ਰਾਵਣ ਕੋਲ ਜਦੋਂ, ਅੰਗਦ, ਸ਼ਾਂਤੀ ਦੂਤ ਬਣ ਕੇ ਵਾਰਤਾ ਲਈ ਗਿਆ ਤਾਂ ਰਾਵਣ ਕਹਿੰਦੈ, ਉਸ ਬਨਵਾਸੀ ਰਾਮ ਦਾ ਦੂਤ ਬਣ ਕੇ ਤੂੰ ਆਇਆ ਹੈਂ ? ਪਰ ਉਹੀ ਰਾਮ, ਧੀਰਜ ਨਾਲ ਅਉਖੀਆਂ ਘੜੀਆਂ ਕੱਟੀਆਂ ਅਤੇ ਜਦੋਂ ਵਾਪਸ ਅਯੋਧਿਆ ਆਏ ਤਾਂ ਹੁਣ, ਰਾਜਕੁਮਾਰ ਰਾਮ ਨਹੀਂ... ਬਨਵਾਸੀ ਰਾਮ ਨਹੀਂ, ਹੁਣ "ਭਗਵਾਨ" ਸ੍ਰੀ ਰਾਮ ਹੋ ਕੇ ਪਰਤੇ। ਧੀਰਜਵਾਨ ਹੋਣ ਦਾ ਸਵਾਂਗ ਤਾਂ ਬਹੁਤੇ ਕਰਦੇ ਹਨ, ਪਰ ਜਦੋਂ ਸਮਾਂ ਉਲਟ ਹੋਵੇ... ਬਾਜ਼ੀ ਪੁੱਠੀ ਪੈ ਜਾਏ, ਫਿਰ ਧੀਰਤਾ ਕੋਈ ਗੁਰੂ ਦਾ ਪਿਆਰਾ, ਕੋਈ ਪ੍ਰਮੇਸ਼ਰ ਦੇ ਭਰੋਸੇ ਵਾਲਾ ਹੀ ਰੱਖ ਸਕਦਾ ਹੈ।

ਬਕਾਲੇ ਪਿੰਡ ਵਿਚ, ਇਕ ਘਰ ਦੇ ਭੌਰੇ ਵਿਚ, ਗੁਪਤ ਰਹਿ ਕੇ, ਪ੍ਰਭੂ ਦੀ ਬੰਦਗੀ ਕਰਨ ਵਾਲਾ 'ਬਾਬਾ', ਸ੍ਰੀ ਗੁਰੂ ਤੇਗ ਬਹਾਦਰ! ਬਾਹਰ ਤਥਾਕਥਿਤ 22 ਮੰਜੀਆਂ 'ਤੇ

ਆਸਨ ਲਾ ਕੇ, 22 ਗੁਰੂ, ਸ੍ਰੀ ਗੁਰੂ ਨਾਨਕ ਤੋਂ ਤੁਰੀ, ਗੁਰੂ ਪ੍ਰੰਪਰਾ ਦੇ ਜਾਂ-ਨਸ਼ੀਨ ਹੋਣ ਦਾ ਦਾਅਵਾ ਕਰ ਰਹੇ ਸਨ। ਬਾਹਰਲੀ ਦੁਨੀਆਂ ਦੀਆਂ ਚਲਾਕੀਆਂ ਤੋਂ ਬੇਖ਼ਬਰ, ਇਹ ਗੁਰੂ ਪਿਆਰਾ, ਪ੍ਰਭੂ ਨਾਲ ਜੁੜਿਆ ਬੈਠਾ ਹੈ। ਮੱਖਣ ਸ਼ਾਹ ਦਾ ਜਹਾਜ਼ ਸਮੁੰਦਰ ਵਿਚ ਫੱਸ ਗਿਆ। ਮਹਿੰਗੇ ਮਾਲ ਨਾਲ ਭਰਿਆ ਜਹਾਜ਼! ਸ੍ਰੀ ਗੁਰੂ ਨਾਨਕ ਦਾ ਧਿਆਨ ਕੀਤਾ, ਅਰਦਾਸ ਕੀਤੀ, ਹੇ ਮੇਰੇ ਸਤਿਗੁਰ! ਮੇਰਾ ਜਹਾਜ਼ ਪਾਰ ਲੰਘਾ ਦਿਉ, ਵਰਤਮਾਨ ਸਤਿਗੁਰੂ ਦੇ ਚਰਨਾਂ ਵਿਚ, ਪੰਜ ਸੌ ਸੋਨੇ ਦੀਆਂ ਮੋਹਰਾਂ ਸੇਵਾ ਭੇਟ ਕਰਾਂਗਾ। ਸਾਰਿਆਂ, ਤਥਾਕਥਿਤ ਗੁਰੂਆਂ ਅੱਗੇ ਦੋ-ਦੋ ਮੋਹਰਾਂ ਮੱਥਾ ਟੇਕੀਆਂ। ਅੰਦਰ ਅਭਿਲਾਖਾ ਸੀ, ਜਿਹੜਾ ਸੱਚਾ ਗੁਰੂ ਹੋਵੇ, ਉਹ ਆਪ, ਆਪਣੀ ਅਮਾਨਤ ਮੰਗ ਲਵੇ। ਸਾਰੇ ਮੰਜੀਆਂ, ਡੇਰੇ ਵਾਲਿਆਂ ਅੱਗੋਂ ਮੱਥਾ ਟੇਕ ਲੰਘ ਗਿਆ, ਕਿਸੇ ਅੰਦਰ ਦੀ ਨਾ ਬੁੱਝੀ। ਲੋਕਾਂ ਤੋਂ ਪੁੱਛਿਆ, ਹੋਰ ਕੋਈ 'ਗੁਰੂ' ਇਥੇ ਰਹਿੰਦੇ ਹਨ। ਦੱਸਿਆ, ਹੋਰ ਤਾਂ ਕੋਈ ਨਹੀਂ, ਇਕ ਮਸਤਾਨਾ ਜਿਹਾ, ਪਰਮੱਤਿ ਵਾਲਾ ਬਾਬਾ, ਘਰ ਦੇ ਅੰਦਰੇ ਕਿਤੇ ਰਹਿੰਦੈ। ਉਸ ਤਾਂ ਗੁਰਤਾ ਦਾ ਕਦੀ ਦਾਅਵਾ ਵੀ ਨਹੀਂ ਕੀਤਾ। ਮੱਖਣ ਸ਼ਾਹ, ਉਥੇ ਗਿਆ। ਮਾਤਾ ਨਾਨਕੀ ਨੂੰ ਨਮਸਕਾਰ ਕਰ, ਸਤਿਗੁਰ ਦਰਸ਼ਨ ਦੀ ਆਗਿਆ ਲਈ। ਲਿਵ ਲੱਗੀ ਹੋਈ ਸੀ, ਬਿਰਤੀ ਨਿਰੰਕਾਰ ਨਾਲ ਜੁੜੀ ਹੋਈ ਸੀ। ਮੱਖਣ ਸ਼ਾਹ ਦੋ ਮੋਹਰਾਂ ਰੱਖ, ਸੀਸ ਨਿਵਾਇਆ। ਹੁਣ ਜੇ ਸਿੱਖ ਦੀ ਅਭਿਲਾਖਾ ਪੂਰੀ ਨਾ ਕਰਦੇ ਤਾਂ ਗੁਰੂ ਨਾਨਕ ਦੀ ਗੁਰਤਾ ਗੱਦੀ 'ਤੇ ਪ੍ਰਸ਼ਨ ਚਿੰਨ੍ਹ ਲੱਗਦਾ। ਸਤਿਗੁਰਾਂ ਬਚਨ ਕੀਤਾ-

"ਸਾਗਰ ਸਮੇਂ ਜਹਾਜ ਲੰਘਾਵਨਿ॥ ਤਹਿਂ ਜੋ ਕੀਨਿ ਸੰਕਲਪ ਉਠਾਵਨਿ॥
ਅਰੁ ਦਸੌਂਧ ਗੁਰੁ ਕੋ ਹੈ ਜੇਤਾ॥ ਅਰਪਨਿ ਦਰਬ ਕਰਹੁ ਅਬਿ ਤੇਤਾ॥"

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)

ਸਿੱਖ ਨੂੰ ਜਿਵੇਂ, ਖਜ਼ਾਨਾ ਮਿਲ ਗਿਆ। ਪ੍ਰਫੁੱਲਤ ਹੋਇਆ—ਮੰਦਰ ਚੜ੍ਹ ਕੇ ਹੌਕਾ ਦੇਣ ਲੱਗਾ, "ਗੁਰੂ ਲੱਭ ਲਿਆ, ਗੁਰੂ ਲੱਭ ਲਿਆ।" ਪੰਜ ਸੌ ਮੋਹਰਾਂ ਦੇ ਨਾਲ, ਹੋਰ ਬਹੁਤ ਸਾਰੀ ਭੇਟ ਅਰਪਿਤ ਕੀਤੀ। ਪੰਜ ਸੌ ਮੇਵੜਿਆਂ ਸਹਿਤ ਨਤਮਸਤਕ ਹੋਇਆ। ਈਰਖਾ, ਦਵੇਸ਼ ਨਾਲ ਸੜਦੇ ਹੋਏ ਧੀਰ ਮਲ ਅਤੇ ਉਸ ਦੇ ਸਾਥੀ ਸ਼ੀਂਹਾ ਸਹਿਤ ਸੇਵਕਾਂ, ਮਸੰਦਾਂ ਨੇ ਡੇਰੇ 'ਤੇ ਹਮਲਾ ਕਰ ਦਿੱਤਾ। ਗੋਲੀ ਮਾਰੀ, ਗੁਰੂ ਯੋਗ ਨਾਲ, ਗੋਲੀ ਮੱਥਾ ਛੂਹ ਕੇ ਨਿਕਲ ਗਈ। ਧਨ, ਮਾਇਆ, ਮਾਲ ਲੁੱਟ ਕੇ ਲੈ ਗਏ। ਮੱਖਣ ਸ਼ਾਹ ਤੱਕ ਖ਼ਬਰ ਪੁੱਜੀ। ਪੰਜ ਸੌ ਜਵਾਨਾਂ ਸਹਿਤ, ਧੀਰ ਮਲ ਦੇ ਡੇਰੇ ਚੜ੍ਹ ਬੈਠੇ। ਚੰਗੀ ਮਾਰ ਕੁੱਟ ਸਭਨਾਂ ਦੀ ਕੀਤੀ। ਆਪਣੇ ਧਨ-ਮਾਲ ਦੇ ਨਾਲ, ਉਹਨਾਂ ਦਾ ਵੀ ਖੋਹ ਕੇ ਲੈ ਆਏ। ਅੰਦਰ, ਮਨੁੱਖੀ ਸੋਚ ਸੀ ਕਿ ਸਤਿਗੁਰਾਂ ਤੋਂ ਸ਼ਾਬਾਸ਼ੀ ਮਿਲੇਗੀ। ਪਰ ਸਤਿਗੁਰਾਂ ਨਾਰਾਜ਼ਗੀ ਪ੍ਰਗਟ ਕੀਤੀ।

"ਦੀਜੈ ਬਸਤੁ ਜੋ ਹੈ ਤਿਨੁ ਕੇਰੀ। ਨਿਜ ਦਰਬ ਕੀ ਭੀ ਦੀਜੈ ਫੇਰੀ।"

ਧੀਰਤਾ ਦੀ ਮੂਰਤ!

"ਧੀਰਜ ਧਰਮ ਮਿੱਤਰ ਅਰੁ ਨਾਰੀ। ਆਪਤਿ ਕਾਲ ਪ੍ਰਿਖਿਅਹਿ ਚਾਰੀ।"

ਸੰਕਟ ਆਵੇ ਤਾਂ ਧੀਰਜ, ਧਰਮ, ਮਿੱਤਰ ਅਤੇ ਸੁਪਤਨੀ, ਚਾਰੇ ਪਰਖੇ ਜਾਂਦੇ ਹਨ। ਮੱਖਣ ਸ਼ਾਹ ਕਹਿੰਦੈ, ਪਾਤਸ਼ਾਹ! ਤੁਹਾਡਾ ਨਿਰਾਦਰ ਕੋਈ ਕਰੇ, ਇਹ ਸਹਿਣ ਨਹੀਂ ਹੁੰਦਾ। ਮੈਨੂੰ ਹੁਕਮ ਦੇਹੁ, ਇਹਨਾਂ ਸਾਰਿਆਂ ਦੀ ਮੂਲੋਂ ਸਫਾਈ ਕਰ ਦਿੰਦੇ ਹਾਂ। ਅੱਗੋਂ ਕੋਈ ਸਿਰ ਚੁੱਕਣ ਜੋਗਾ ਨਾ ਰਹੇ। ਸਤਿਗੁਰ ਕਹਿੰਦੇ, ਨਹੀਂ ਭਾਈ–

"ਕਹਾ ਭਯੋ ਜੇ ਲੇ ਗਇਓ ਦਰਬ॥ ਸੁਚਿੰਤ ਨ ਹਮਕੋ ਜਰਾ ਸੁਕਾਈ॥<br>
ਨਹੀਂ ਦਰਬ ਕੇ ਹੇਤ, ਗੁਰੂ ਨਾਨਕ ਨੇ ਦੁਕਾਨ ਪਾਈ॥"

ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਇਹ ਧਰਤੀ, ਇਹ ਸੰਸਾਰ, ਧਰਮ ਖੰਡ ਹੈ। ਧਰਮਸ਼ਾਲ—ਬਹੁਤ ਵਿਵੇਕ ਪੂਰਨ...! ਕੀਤੇ ਹੋਏ ਕਰਮ, ਸਚਖੰਡ ਵਿਚ, ਪ੍ਰਭੂ ਖੰਡ ਦਾ ਦੁਆਰ ਖੋਲ੍ਹ ਦਿੰਦੇ ਹਨ।

# ਪਾਇਓ ਰੀ ਮੈਂਨੇ ਰਾਮ ਰਤਨ ਧਨ ਪਾਇਓ

ਮੀਰਾ ਦਾ ਜੀਵਨ, ਦੋ ਖੰਡਾਂ ਵਿਚ ਵੇਖਿਆ ਜਾ ਸਕਦਾ ਹੈ। ਪਹਿਲਾ ਖੰਡ : ਮੇੜਤਾ ਰਿਆਸਤ ਦੇ ਰਾਜਪੂਤ ਸ਼ਾਸਕ, ਰਤਨ ਸਿੰਘ ਦੇ ਘਰ ਜਨਮ ਹੋਇਆ, ਸੰਨ 1498 ਵਿਚ। ਵਿਆਹ ਹੋਇਆ, ਸੰਨ 1516 ਵਿਚ, ਮੇਵਾੜ ਦੇ ਮਸ਼ਹੂਰ ਰਾਜ ਘਰਾਨਾ, ਰਾਣਾ ਸਾਂਗਾ ਦੇ ਪੁੱਤਰ ਕੁੰਵਰ ਭੋਜਰਾਜ ਨਾਲ। ਸੰਨ 1521 ਵਿਚ, ਵਿਆਹ ਤੋਂ ਮਾਤਰ ਛੇ ਸਾਲ ਵਿਚ ਪਤੀ, ਕੁੰਵਰ ਭੋਜ ਰਾਜ, ਇਕ ਜੰਗ ਵਿਚ ਮਾਰਿਆ ਗਿਆ। ਬਚਪਨ ਤੋਂ ਸ੍ਰੀ ਕ੍ਰਿਸ਼ਨ ਭਗਤੀ ਦੀ ਲਾਗ ਸੀ। ਵਿਆਹ ਵੇਲੇ ਦਾਜ ਵਿਚ, ਛੋਟੀ ਜਿਹੀ ਸ਼ਾਮ ਦੀ ਮੂਰਤੀ ਨਾਲ ਹੀ ਲੈ ਕੇ ਆਈ ਸੀ। ਪਿਛਲੇ ਜਨਮਾਂ ਦੇ ਕੁਝ ਕਰਮ-ਸੰਸਕਾਰ ਨਾਲ ਹੈ ਸਨ। ਕ੍ਰਿਸ਼ਨ ਭਗਤੀ ਵਿਚ ਲੀਨ ਰਹਿੰਦੀ। ਕਾਨਹਾ, ਕਾਨਹਾ ਕਰਦੀ, ਕ੍ਰਿਸ਼ਨ ਨਾਮ ਦੇ ਗੀਤ ਵੀ ਗਾਉਂਦੀ। ਪਰ ਅਜੇ, ਦੂਰੀ ਬਣੀ ਹੋਈ ਸੀ। ਮੀਰਾ ਔਰ ਕ੍ਰਿਸ਼ਨ ਵਿਚ ਤਕਰੀਬਨ, ਸਾਢੇ ਚਾਰ ਹਜ਼ਾਰ ਸਾਲਾਂ ਦਾ ਅੰਤਰਾਲ ਸੀ। ਜਿਸ ਮੂਰਤੀ ਨੂੰ ਰੱਖ ਕੇ, ਭਗਤੀ ਦੇ ਪਦ ਗਾਉਂਦੀ, ਨਿਰਤ ਕਰਦੀ, ਉਹ ਮੂਰਤੀ, ਭੌਤਿਕ ਸਰੀਰ ਧਾਰ ਕੇ ਧਰਤੀ ’ਤੇ ਆਏ, ਸ੍ਰੀ ਕ੍ਰਿਸ਼ਨ ਦੀ ਹੈ ਸੀ, ਜੋ ਬਹੁਤ ਪਹਿਲਾਂ ਸਰੀਰ ਦਾ ਆਕਾਰ ਤਿਆਗ ਕੇ ਪਾਰਬ੍ਰਹਮ ਵਿਚ ਲੀਨ ਹੋ ਚੁੱਕੇ ਸਨ। ਸਮੇਂ ਅਤੇ ਦੇਹ ਰੂਪ ਦੀ ਵਿੱਥ, ਸਦਾ ਮਨ ਵਿਚ ਰਹਿੰਦੀ। ਸੰਨ 1539 ਵਿਚ, ਮੀਰਾ ਦੀ ਸੱਸ ਮਾਂ ਰਾਣੀ ਕਰਣਵਤੀ ਤੀਰਥ ਯਾਤਰਾ ’ਤੇ ਬਨਾਰਸ ਗਈ। ਭਗਤ ਰਵਿਦਾਸ ਦੇ ਦਰਸ਼ਨ ਕੀਤੇ, ਸ਼ਰਧਾਲੂ ਬਣ ਗਈ। ਉਹ ਭਗਤ ਜੀ ਨੂੰ ਬੇਨਤੀ ਕਰ ਕੇ, ਆਪਣੇ ਨਾਲ ਹੀ ਗੁਰੂ ਰਵਿਦਾਸ ਨੂੰ ਮੇਵਾੜ ਲੈ ਆਈ। ਮੀਰਾ ਨੂੰ ਗੁਰੂ ਮਿਲ ਗਿਆ। ਮੀਰਾ ਨੇ, ਗੁਰੂ ਰਵਿਦਾਸ ਜੀ ਤੋਂ ਅੰਤਰ ਬੋਧ ਪ੍ਰਾਪਤ ਕੀਤਾ। ਹੁਣ ਅੰਦਰ ਜਿਹੜੀ ਸੂਖਮ ਆਤਮਾ ਸੀ, ਉਸ ਦੀ ਉਮਰ ਅਤੇ ਆਕਾਰ, ਭਗਵਾਨ ਸ੍ਰੀ ਕ੍ਰਿਸ਼ਨ ਦੀ ਉਮਰ, ਆਕਾਰ ਵਾਂਗ ਅਦਿੱਖ ਭਾਸ ਗਈ। ਸਾਰਾ ਭੇਦ ਸਰੀਰ ਦਾ ਸੀ, ਜੋ ਰੁਕਾਵਟ ਸੀ। ਅਨੰਤ ਆਤਮਾ ਲਈ ਸਮਾਂ ਬੰਧਨ ਨਹੀਂ ਰਹਿੰਦਾ। ਆਤਮ ਜੀਵੀ, ਭਗਤ, ਕਾਲਜਈ ਹੋ ਜਾਂਦੇ ਹਨ। ਗੁਰੂ ਨੂੰ ਪ੍ਰਾਪਤ ਹੋਈ ਤਾਂ ਮੀਰਾ ਔਰ ਸ਼ਾਮ, ਅਭੇਦ ਹੋ ਗਏ। ਕ੍ਰਿਸ਼ਨ, ਮੀਰਾ ਦੀ ਅਰਾਧਨਾ ਦੇ ਬ੍ਰਹਮ ਬਿੰਬ ਸਨ। ਅੰਦਰ ਝਾਤ, ਗੁਰੂ ਦੀ ਕ੍ਰਿਪਾ ਨਾਲ ਪਈ ਤਾਂ ਮੀਰਾ ਵੀ ਦੇਹ ਆਕਾਰ ਤੋਂ ਪਰ੍ਹੇ ਹੋ ਗਈ। ਜਿਹੜੇ ਵੇਲੇ ਦੇ ਲੋਕ, ਪਰਿਵਾਰ ਜਨ, ਮੀਰਾ ਤੇ ਲੋਕ ਲਾਜ ਛੱਡਣ ਦਾ ਦੋਸ਼ ਲਾਉਂਦੇ, ਮੀਰਾ ਦਾ ਇਹ ਗੀਤ, ਉਹਨਾਂ ਦਾ ਜਵਾਬ ਬਣ ਗਿਆ–“ਸ਼ਿਆਮ, ਸ਼ਿਆਮ ਕਰਤੇ ਮੀਰਾ ਲੋਕ ਲਾਜ ਖੋਈ।”

ਮਨੁੱਖੀ ਵਜੂਦ ਪੰਜ ਤਲ ’ਤੇ ਜੀਉਂਦਾ ਹੈ–

**1. ਅੰਨਮਈ ਕੋਸ਼ਠ** : ਅਸੀਂ ਜੋ ਭੋਜਨ ਰੂਪ ਛਕਦੇ ਹਾਂ, ਉਸ ਅਨੁਸਾਰ ਸਰੀਰ

ਦਾ, ਮਨ ਦਾ, ਬੁੱਧੀ ਦਾ ਨਿਰਮਾਣ ਹੁੰਦੈ। ਕਿਹਾ ਜਾਂਦੈ, "ਜੈਸਾ ਹੋਵੈ ਅੰਨੁ, ਵੈਸਾ ਹੋਵੇ ਮੰਨੁ।" ਅੰਨੁ ਸ਼ਕਤੀ ਰੂਪ ਵਿਚ ਸਰੀਰ ਦੇ ਅੰਗਾਂ ਨੂੰ ਪ੍ਰਭਾਵਤ ਕਰਦੈ।

2. **ਮਨੋਮਈ ਕੋਸ਼ਠ** : ਮਨ ਦਾ ਤਲ, ਬਹੁਤ ਪ੍ਰਭਾਵਕਾਰੀ ਹੈ। ਖ਼ੂਨ ਦੇ ਪ੍ਰਵਾਹ ਦੇ ਨਾਲ, ਮਨ ਦੀਆਂ ਇੱਛਾ ਤਰੰਗਾਂ ਵੀ ਪ੍ਰਵਾਹਤ ਹੋ ਕੇ, ਜਿੰਸ ਜਾਂ ਸੈੱਲ ਦੇ ਰੂਪ ਵਿਚ, ਸਿਰ ਤੋਂ ਪੈਰਾਂ ਤੱਕ ਪੁੱਜਦੈ। ਸਾਰੇ ਅੰਗ, ਮਨ ਦੀ ਇੱਛਾ ਅਨੁਸਾਰ, ਕ੍ਰਿਆਸ਼ੀਲ ਹੁੰਦੇ ਹਨ। ਮਨ ਹੀ ਬਹਾਦਰ ਬਣਾਂਦੈ, ਮਨ ਹੀ ਕਾਯਰ ਬਣਾਂਦੈ। ਮੂੰਹ ਭੋਜਨ ਛਕਦੈ, ਪਾਣੀ ਪੀਂਵਦੈ, ਦੁਖ ਦੇ ਖਿਣ ਅੱਖਾਂ 'ਚੋਂ ਹੰਝੂ ਵਗਦੇ ਹਨ। ਇਹ ਸਾਰਾ ਮਨ ਦੇ ਇਸ਼ਾਰੇ 'ਤੇ ਹੁੰਦੈ।

3. **ਪ੍ਰਾਣਮਈ ਕੋਸ਼ਠ** : ਇਹ ਊਰਜਾ ਦਾ ਤਲ ਹੁੰਦੈ। ਇਹ ਪ੍ਰਾਣ, ਖ਼ੁਰਾਕ, ਪਿਛਲੇ ਜਨਮਾਂ ਦੇ ਕਰਮ ਸੰਸਕਾਰ, ਮਨ ਬੁੱਧੀ, ਚਿੱਤ ਅਤੇ ਅਹੰਕਾਰ, ਸਾਰੇ ਪ੍ਰਭਾਵ ਪਾਉਂਦੇ ਹਨ। ਇਹੋ ਤਲ ਸੀ, ਜਦੋਂ ਬਹਾਦਰ ਅਰਜਨ, ਮੋਹ ਦੇ ਵੱਸ ਹੋ ਗਿਆ, ਧਨੁੱਖ ਸੁੱਟ ਕੇ ਬਹਿ ਗਿਆ। ਭਗਵਾਨ ਸ੍ਰੀ ਕ੍ਰਿਸ਼ਨ ਨੇ ਵੇਖਿਆ, ਪ੍ਰਾਣ ਨੂੰ ਕਮਜ਼ੋਰ ਕਰਨ ਵਾਲਾ ਮੋਹ ਤੱਤ, ਪ੍ਰਭਾਵੀ ਹੋ ਗਿਐ। ਤਾਂ, ਸ੍ਰੀ ਕ੍ਰਿਸ਼ਨ ਨੇ ਅਰਜਨ ਨੂੰ ਗੀਤਾ-ਉਪਦੇਸ਼ ਰਾਹੀਂ, ਜੁਗਾਂ ਜੁਗਾਂਤਰਾਂ ਤੋਂ ਕਰਮ ਭੋਗਦੀ ਹੋਈ ਜੀਵਾਤਮਾ ਨਾਲ ਪ੍ਰੀਚੈ ਕਰਵਾ ਕੇ, ਅਜੇਯ ਪ੍ਰਾਣ ਸ਼ਕਤੀ ਦਾ ਸੰਚਾਰ ਕਰਨ ਦਿੱਤਾ।

4. **ਵਿਗਿਆਨਮਈ ਕੋਸ਼ਠ** : ਇਹ ਰੂਹਾਂ ਦਾ ਮੰਡਲ ਹੁੰਦੈ। ਵਿਸ਼ੇਸ਼ ਗਿਆਨ ਦਾ ਕੋਸ਼ਠ। ਭੌਤਿਕ ਦੇਹ ਅਤੇ ਆਤਮਿਕ ਮੰਡਲ ਦੇ ਵਿਚਾਲੇ ਦਾ ਕੋਸ਼ਠ। ਇਹ ਤਲ, ਸਿਖ਼ਰ ਦੇ ਨੇੜੇ ਦਾ ਤਲ ਹੁੰਦੈ। ਨਿਰਵਾਣ ਦੁਆਰ, ਬੇਗਮਪੁਰਾ, ਬੋਧੀ ਦੁਆਰ, ਜਿਹੇ ਕਈ ਨਾਵਾਂ ਨਾਲ, ਇਸ ਪ੍ਰਕੋਸ਼ਠ ਨੂੰ ਸੰਬੋਧਤ ਕੀਤਾ ਗਿਆ ਹੈ। ਜੀਵਨ ਦੀ ਬੇੜੀ ਇਥੇ ਦਿਸ ਰਹੀ ਹੈ। ਕਿਨਾਰੇ ਸੰਸਾਰ ਹੈ। ਰੱਸੇ ਨਾਲ ਬੱਧੀ ਹੋਈ ਬੇੜੀ। ਨਦੀ ਦੀ ਹਿੱਕ 'ਤੇ, ਵਿੱਚ ਧਾਰ, ਮੱਝਧਾਰ ਵਿਚ ਪ੍ਰਵੇਸ਼ ਲਈ ਤਿਆਰ। ਇਥੇ ਸਰੀਰ ਨਹੀਂ ਹੁੰਦਾ, ਹੱਥ ਨਹੀਂ ਹੁੰਦੇ। ਇੱਛਾ ਸ਼ਕਤੀ ਨਾਲ, ਬੰਧਨ ਮੁਕਤੀ ਦਾ ਪ੍ਰਬਲ ਸੰਕਲਪ, ਇਥੇ ਲੋੜੀਂਦਾ ਹੈ। ਇਥੇ ਹੀ ਸਤਿਗੁਰ ਵਾਲਾ ਆਪਣੇ ਗੁਰੂ ਨੂੰ ਪੁਕਾਰਦੈ, ਔਰ ਸਤਿਗੁਰ ਆਪਣੇ ਸਿੱਖ ਨੂੰ ਬੰਧਨ ਮੁਕਤ ਕਰ ਦਿੰਦੈ। ਭਗਤ ਰਾਮਾਨੰਦ, ਵਿਗਿਆਨਮਈ ਕੋਸ਼ਠ ਦੇ ਇਸੇ ਤਲ ਤੋਂ ਕਹਿੰਦੇ ਹਨ-

"ਸਤਿਗੁਰ ਮੈ ਬਲਿਹਾਰੀ ਤੋਰ॥
ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ॥" (ਪੰ. 1195)

5. **ਆਨੰਦਮਈ ਕੋਸ਼ਠ** : ਸਾਰੀਆਂ ਰੁਕਾਵਟਾਂ, ਸਾਰੇ ਅਵਰੋਧ ਟੱਪ ਕੇ, ਸਾਧਕ ਇਥੇ ਪੁੱਜਦਾ ਹੈ। ਇਹ ਐਵਰੈਸਟ ਹੈ, ਪਹਾੜ ਦਾ ਅੰਤਮ ਸ਼ਿਖਰ! ਸਾਰੇ ਦੁਖ ਕਲੇਸ਼ ਦੂਰ ਹੋ ਗਏ। ਦੇਹ ਦਾ ਬੋਧ ਵੀ ਪਿੱਛੇ ਰਹਿ ਗਿਆ। ਸ਼ੁੱਧ ਆਤਮਾ, ਪ੍ਰਮਾਤਮਾ ਨਾਲ ਇਕ-ਮਿਕ। ਪੰਜਵੇਂ ਪਾਤਸ਼ਾਹ ਕਹਿੰਦੇ ਹਨ, ਬਹੁਤ ਕਠਿਨ ਹੈ, ਇਹ ਅੰਤਰ ਯਾਤਰਾ। ਪਰ ਜੇ ਸਤਿਗੁਰ, ਮੇਹਰ ਦੀ ਨਜ਼ਰ ਕਰ ਦੇਵੇ ਤਾਂ ਮਨੁੱਖ ਉਸ ਮੁਕਾਮ ਵਿਚ ਸਹਜੇ ਪਹੁੰਚ ਸਕਦਾ ਹੈ।

"ਕਰਨ ਕਰਾਵਨ ਸਰਨਿ ਪਰਿਆ॥
ਗੁਰ ਪਰਸਾਦਿ ਸਹਜ ਘਰੁ ਪਾਇਆ,
ਮਿਟਿਆ ਅੰਧੇਰਾ ਚੰਦੁ ਚੜ੍ਹਿਆ॥" (ਪੰ. 393)

ਤਾਂ ਮੀਰਾ ਕਹਿੰਦੀ ਹੈ-

"ਪਾਇਓ ਰੀ ਮੈਂਨੇ ਰਾਮ ਰਤਨ ਧਨ ਪਾਇਓ॥
ਵਸਤੁ ਅਮੋਲਕ ਦੀ ਮੇਰੇ ਸਤਿਗੁਰ ਕਿਰਪਾ ਕਰਿ ਅਪਨਾਯੋ॥
ਸਤਿ ਕੀ ਨਾਂਵ ਖੇਵਟੀਆ ਸਤਿਗੁਰ, ਭਵਸਾਗਰ ਤਰਿ ਆਯੋ॥
ਮੀਰਾ ਕੇ ਪ੍ਰਭੂ ਗਿਰਧਰ ਨਾਗਰ, ਹਰਖ ਹਰਖ ਜੱਸ ਗਾਯੋ॥"

ਸੰਸਾਰ ਵਿਚ ਕਈ ਰਤਨ ਹਨ—ਹੀਰਾ, ਮੋਤੀ, ਸੋਨਾ। ਮਨੁੱਖ ਦਾ ਜੀਵਨ ਭੀ ਇਕ ਰਤਨ ਹੈ, ਭਾਗਾਂ ਨਾਲ ਮਿਲਿਐ। ਪਰ, ਇਹ ਸਾਰੇ ਇਕ ਸਮਾਂ ਆਉਣੈ, ਬਿਨਸ ਜਾਣਗੇ। ਨਾਮ, ਪ੍ਰਮੇਸ਼ਰ ਦਾ, ਦਿੱਤਾ ਮੇਰੇ ਸਤਿਗੁਰ ਨੇ। ਇਹ, "ਵਸਤੁ ਅਮੋਲਕ ਦੀ ਮੇਰੇ ਸਤਿਗੁਰ"। ਬਹੁਤ ਗਹਿਰਾ ਵਿਗਿਆਨ ਹੈ। ਬਿਜਲੀ ਦੀ ਤਾਰ ਬਾਜ਼ਾਰੋਂ ਖਰੀਦ ਲਿਆਂਦੀ। ਇਸ ਦੇ ਅੰਦਰਲਾ ਭਾਗ, ਬਿਜਲੀ ਊਰਜਾ ਨੂੰ ਪ੍ਰਵਾਹਿਤ ਕਰਦੈ। ਉਪਰੋਂ ਤਾਰ ਤੇ ਚੜ੍ਹੀ ਹੋਈ ਪਲਾਸਟਿਕ, ਤਾਂਬੇ ਦੀ ਤਾਰ ਦੀ ਸੁਰੱਖਿਆ ਲਈ ਹੈ। ਇਹ ਉੱਪਰਲਾ ਪਲਾਸਟਿਕ ਕਵਰ, ਇਹ ਉੱਪਰਲਾ ਆਵਰਨ, ਲਾਹ ਕੇ, ਬਿਜਲੀ ਪ੍ਰਵਾਹ ਵਾਲੀ ਤਾਰ ਨਾਲ ਜੋੜਨਾ ਪੈਂਦਾ ਹੈ। ਇਹੋ ਤਕਨੀਕ, ਸਤਿਗੁਰ ਸਾਡੇ ਨਾਲ ਵਰਤਦੇ ਹਨ। ਸਰੀਰ ਦੇ ਬਹੁਤ ਨੇੜੇ, ਸਰੀਰ ਦੇ ਅੰਦਰ, ਪਰਮ ਜੋਤ ਦੇ ਬਿੰਬ ਦਾ ਅਹਿਸਾਸ। ਮਨੁੱਖ ਦੇ ਬਹੁਤ ਨੇੜੇ ਰੱਬ ਦੀ ਪ੍ਰਤੀਤੀ... ਇਹ ਸਤਿਗੁਰ ਦਾ ਕਰਮ ਹੈ।

"ਪੂਰੇ ਗੁਰ ਕਾ ਸੁਨਿ ਉਪਦੇਸੁ॥
ਪਾਰਬ੍ਰਹਮ ਨਿਕਟਿ ਕਰਿ ਪੇਖੁ॥" (ਸੁਖਮਨੀ)

ਤਾਂ ਮੀਰਾ ਕਹਿੰਦੀ ਹੈ-

"ਸਤਿ ਕੀ ਨਾਂਵ ਖੇਵਟੀਆ ਸਤਿਗੁਰ, ਭਵਸਾਗਰ ਤਰ ਆਯੋ॥"

ਸੰਸਾਰ ਔਰ ਨਿਰੰਕਾਰ ਵਿਚਾਲੇ ਬਹੁਤ ਬਾਰੀਕ ਪਰਦਾ ਹੈ। ਸਰੀਰ, ਸੰਸਾਰ ਨਾਸ਼ਵਾਨ ਹਨ, ਇਸ ਅਰਥ ਵਿਚ ਅਸੱਤਿ ਕਹੇ ਗਏ। ਇਹਨਾਂ ਦੇ ਅੰਦਰ, ਸਦੀਵੀ ਸਤਿ, ਮੌਜੂਦ ਹੈ, ਸਾਨੂੰ ਪਤਾ ਨਹੀਂ। ਅਸੀਂ ਉਸ ਨਾਲ, ਅੰਦਰੋਂ ਜੁੜੇ ਨਹੀਂ ਹਾਂ। ਬਾਹਰੋਂ ਪਲਾਸਟਿਕ ਵਾਂਗ ਬਨਾਵਟੀ ਰਿਸ਼ਤੇ, ਅਰਥਹੀਨ ਗੰਢਾਂ ਵਾਂਗ ਨਾਲ ਜੁੜੇ ਹੋਏ ਹਨ। ਅਸੱਤਿ ਸੰਸਾਰ ਸਮੁੰਦਰ ਵਿਚ, ਸਤਿ ਦੀ ਬੇੜੀ, ਧਰਮ ਦਾ ਬੋਹਿਥ ਅਤੇ ਮੀਰਾ ਕਹਿੰਦੀ ਹੈ, ਸਤਿਗੁਰ ਖੇਵਟ ਬਣ ਗਿਆ... ਮੈਂ ਭਵਸਾਗਰ ਤਰ ਕੇ, ਪਾਰ ਪਹੁੰਚ ਗਈ ਹਾਂ।

ਨਾਮ, ਪਰਮੇਸ਼ਰ ਦਾ ਹੈ। ਦੇਣ ਵਾਲਾ, ਸਤਿਗੁਰ ਹੈ। ਸੰਸਾਰ ਦੇ ਸਾਰੇ ਨਾਂ ਪ੍ਰਮੇਸ਼ਵਰ ਦੇ ਹੀ ਹਨ। ਕਿਸੇ ਸ਼ਬਦ ਦਾ ਅਰਥ, ਪ੍ਰਤੱਖ ਜਾਂ ਅਪ੍ਰਤੱਖ ਪ੍ਰਮੇਸ਼ਰ ਦਾ ਹੀ ਬਿੰਬ ਰੂਪ ਹੁੰਦੈ। ਮੇਰੇ ਸਤਿਗੁਰ ਨੇ ਦਿੱਤਾ ਤਾਂ ਉਹ ਨਾਂ ਅੱਖਰ ਮਾਤਰ ਨਹੀਂ ਰਹਿ ਗਿਆ। ਸਤਿਗੁਰ ਦੇ ਪ੍ਰਤੀ, ਪੂਰਨ ਸ਼ਰਧਾ ਅਤੇ ਭਰੋਸੇ ਨਾਲ ਉਚਾਰਿਆ ਨਾਂ, ਪਾਰਬ੍ਰਹਮ ਨੂੰ ਬਹੁਤ

ਸਮੀਪ, ਬਹੁਤ ਨੇੜੇ ਪ੍ਰਗਟ ਕਰ ਦਿੰਦਾ ਹੈ। ਸ਼ਰਧਾ ਅਤੇ ਭਰੋਸਾ, ਇਹ ਭਾਵ ਗਹਿਰੇ ਵਿਚ ਉਤਪੰਨ ਹੁੰਦੈ। ਜੇ ਕਿਸੇ ਮਕਸਦ ਨਾਲ, ਸੰਸਾਰੀ ਮਤਲਬ ਨਾਲ, ਨਾਮ ਲੈ ਰਹੇ ਹਾਂ, ਤਾਂ ਉਹ ਬਾਹਰਮੁਖੀ ਇੰਦ੍ਰੀਆਂ, ਰਸਨਾ ਤੋਂ ਉਪਜ ਕੇ ਵਾਯੂਮੰਡਲ ਵਿਚ ਘੁਲ ਕੇ ਸਮਾਪਤ ਹੋ ਜਾਏਗਾ। ਇਹ ਮੰਗਾਂ ਭਰਿਆ, ਸੰਸਾਰੀ ਅਰਥ ਪੂਰਤੀ ਲਈ ਜਪਿਆ ਨਾਮ ਵੀ, ਨਿਰਸੰਦੇਹ ਵਿਅਰਥ ਨਹੀਂ ਜਾਂਦਾ। ਉਹ ਇੱਛਾਵਾਂ, ਮੰਗਾਂ ਵੀ ਪੂਰਨ ਹੁੰਦੀਆਂ ਹਨ। ਪਰ ਉਸ ਦਾ ਪ੍ਰਭਾਵ ਖੇਤਰ, ਬਹੁਤ ਛੋਟਾ ਹੁੰਦੈ। ਸੰਸਾਰ ਦਾ ਨਿੱਕਾ ਜਿਹਾ ਖਿੱਤਾ, ਬਾਹਰਮੁਖੀ ਨਾਮ ਦਾ ਪ੍ਰਭਾਮੰਡਲ ਹੁੰਦੈ। ਸਤਿਗੁਰ, ਅੰਦਰਲੀ ਤਾਂਬੇ ਦੀ ਤਾਰ, ਬਿਜਲੀ ਦੇ ਮੁਖ ਪ੍ਰਵਾਹ ਨਾਲ ਜੋੜ ਦਿੰਦੈ ਤਾਂ ਸਾਰਾ ਘਰ ਰੌਸ਼ਨ ਹੋ ਜਾਂਦੈ। ਇਹ ਬ੍ਰਹਮਾਂਡੀ ਊਰਜਾ ਮੰਡਲ ਨਾਲ ਮਿਲ ਕੇ ਅਸੀਮ ਸ਼ਕਤੀਆਂ, ਕੁਦਰਤ ਦੀਆਂ ਰਹੱਸਮਈ ਕਲਾਵਾਂ ਦਾ ਅਧਿਕਾਰੀ ਬਣਾ ਦਿੰਦੀ ਹੈ।

ਬੁੱਲ੍ਹੇ ਸ਼ਾਹ, ਕਸੂਰ ਦਾ ਰਹਿਣ ਵਾਲਾ ਸੀ। ਜਨਮ ਤੋਂ ਹੀ ਜਗਿਆਸਾ, ਕੁਦਰਤ ਅਤੇ ਕਾਦਰ ਦੀ ਖੋਜ ਦੀ ਤਾਂਘ, ਜਨਮ ਤੋਂ ਨਾਲ ਹੀ ਆਈ। ਜਨਮਾਂ ਦੀ ਕੋਈ ਅਧੂਰੀ ਪਿਆਸ! ਜਵਾਨ ਹੋਇਆ ਤਾਂ ਘਰੋਂ ਨਿਕਲ ਪਿਆ। ਹਾਇ ਵੇ ਡਾਢਿਆ ਰੱਬਾ, ਕੋਈ ਮੁਰਸ਼ਦ ਮਿਲਾ ਦੇ! ਕੋਈ ਸਤਿਗੁਰੂ, ਜਿਹੜਾ ਇਸ ਅਲਖ ਵਿਦਿਆ ਦਾ ਮਾਹਿਰ ਹੋਵੇ। ਕੋਈ ਆਤਮ ਗਿਆਨੀ, ਸੰਤ! ਟੁਰਦਾ ਹੋਇਆ, ਲਾਹੌਰ ਪਹੁੰਚਿਆ। ਅੰਬਾਂ ਦੇ ਇਕ ਬਾਗ਼ ਵਿਚ ਆਰਾਮ ਕਰਨ ਲੱਗਾ। ਭੁੱਖ ਲੱਗੀ ਸੀ... ਅੰਬ ਛੱਕਣ ਨੂੰ ਜੀਅ ਕਰ ਆਇਆ। ਪਿਛਲੇ ਜਨਮਾਂ ਦਾ ਬੰਦਗੀ ਬਲ ਨਾਲ ਹੈ ਸੀ। ਉੱਪਰ ਦਰਖ਼ਤ ਵੱਲ ਵੇਖਿਆ, ਹੱਥ ਉੱਤੇ ਚੁੱਕ ਬੋਲਿਆ, "ਅੱਲਾਹ ਗਨੀਂ।" ਦਰਖ਼ਤ ਤੋਂ ਇਕ ਅੰਬ ਟੁੱਟ ਕੇ, ਬੁੱਲ੍ਹੇ ਦੇ ਹੱਥ ਵਿੱਚ ਆ ਗਿਆ। ਥੋੜ੍ਹੀ ਦੂਰ, ਉਸ ਬਾਗ਼ ਦਾ ਮਾਲੀ, "ਸ਼ਾਹ ਇਨਾਇਤ" ਵੇਖ ਰਿਹਾ ਸੀ। ਸਮਝ ਗਿਆ, ਜਵਾਨ ਜਗਿਆਸੂ ਵੀ ਹੈ, ਅੰਦਰ ਤੱਤ ਗਿਆਨ ਦੀ ਕਣੀ ਭੀ ਹੈ। ਸੇਧ ਦੀ ਜ਼ਰੂਰਤ ਹੈ। ਸ਼ਾਹ ਇਨਾਇਤ, ਬੁੱਲ੍ਹੇ ਦੇ ਨੇੜੇ ਆਇਆ ਤੇ ਕਿਹਾ, ਜਵਾਨਾਂ ਨਾਮ ਦੀ ਵਰਤੋਂ ਸਹੀ ਢੰਗ ਨਾਲ ਕਰ! ਸ਼ਾਹ ਇਨਾਇਤ ਨੇ ਅੰਤਰ ਧਿਆਨ ਹੋ ਕੇ, ਰੂਹ ਦੀ ਸੰਪੂਰਨਤਾ ਨਾਲ, ਆਵਾਜ਼ ਦਿੱਤੀ, "ਅੱਲਾਹ ਗਨੀ", ਔਰ ਦਰਖ਼ਤ ਦੇ ਸਾਰੇ ਅੰਬ ਥੱਲੇ ਆ ਪਏ। ਇਕ ਵਾਰ ਫਿਰ, ਉਸੇ ਸੰਪੂਰਨਤਾ ਨਾਲ ਬੋਲੇ, "ਅੱਲਾਹ ਗਨੀ" ਔਰ ਸਾਰੇ ਅੰਬ, ਧਰਤ ਤੋਂ ਉੱਠ ਕੇ, ਉੱਪਰ ਦਰਖ਼ਤ 'ਤੇ ਜਾ ਲੱਗੇ। ਬੁੱਲ੍ਹਾ ਸਮਝ ਗਿਆ, ਜਿਸ ਦੀ ਤਲਾਸ਼ ਵਿਚ ਨਿਕਲਿਆ ਸਾਂ, ਉਹ ਮੁਰਸ਼ਦ, ਅੱਲਾਹ ਨੇ ਮਿਲਾ ਦਿੱਤਾ।

ਗੁਰੂ ਮਿਲ ਜਾਏ, ਸਿੱਖ ਹੋਵੇ, ਅੰਦਰੋਂ ਸਿਕਦਾ ਹੋਵੇ ਅਤੇ ਸਤਿਗੁਰ ਨਾਮ ਬਖ਼ਸ਼ ਦੇਵੇ। ਸਿੱਖ ਉਪਜਾਊ ਧਰਤ ਵਾਂਗ, ਨਾਮ, ਜੀਉਂਦਾ ਬੀਜ, ਦੇਣ ਵਾਲਾ ਸਤਿਗੁਰ...! ਧਰਤ, ਆਕਾਸ਼, ਪਾਤਾਲ – ਤਿੰਨੇ ਇੱਥੇ ਇਕ ਹੋ ਜਾਂਦੇ ਹਨ।

ਮੀਰਾ ਨਾਲ ਵੀ ਇਹ ਘਟਨਾ ਘਟੀ। ਤਾਂ ਕਹਿੰਦੀ ਹੈ – "ਪਾਇਓ ਰੀ ਮੈਂਨੇ ਰਾਮ ਰਤਨ ਧਨ ਪਾਇਓ...।"

# ਤਾਹਿ ਬਿਲੋਕਤ ਪਾਤਕ ਭਾਰੀ

ਅਹਿਮਦਾਬਾਦ ਦੇ ਨੇੜੇ, ਸਾਬਰਮਤੀ ਆਸ਼ਰਮ ਵਿਚ, ਹਰ ਰੋਜ਼ ਸਵੇਰ, ਸ਼ਾਮ, ਆਰਤੀ ਵਜੋਂ, ਮਹਾਤਮਾ ਗਾਂਧੀ ਦੀ ਪ੍ਰਿਅ ਪ੍ਰਾਰਥਨਾ ਗਾਈ ਜਾਂਦੀ ਸੀ—

"ਵੈਸ਼ਨਵ ਜਨ ਤੋਂ ਤੈਨੇ ਕਹੀਐ, ਪੀਰ ਪਰਾਈ ਜਾਣੈ ਰੇ॥
ਪਰ ਦੁਖੇ ਉਪਕਾਰ ਕਰੇ ਤੋ, ਮਨ ਅਭਿਮਾਨ ਨ ਆਣੈ ਰੇ॥"

ਵੈਸ਼ਨਵ ਸ਼ਬਦ, ਧਰਮ ਦਾ ਪ੍ਰਤੀਕ ਹੈ। ਸੱਚਾ ਵੈਸ਼ਨਵ, ਭਗਵਾਨ ਵਿਸ਼ਨੂੰ ਦਾ ਸ਼ਰਧਾਲੂ ਉਹ ਹੈ, ਜਿਹੜਾ ਦੂਸਰੇ ਦੇ ਦਰਦ ਨੂੰ ਮਹਿਸੂਸ ਕਰਦੈ।

ਸੰਸਾਰ ਵਿਚ ਬਹੁਤ ਦੁੱਖ ਹੈ। ਜਨਮ ਬਹੁਤ ਦੁਖਦਾਈ ਹੁੰਦੈ। ਜੀਵਨ, ਹਰ ਰੋਜ਼ ਇਕ ਨਵਾਂ ਸੰਘਰਸ਼। ਜੀਵਨ, ਇਕ ਤਪ ਹੈ, ਬਹੁਤ ਕਠਿਨ ਤਪ। ਸਿੱਖਿਆ ਜੀਵਨ ਦੇ ਵੀਹ ਸਾਲਾਂ ਤੱਕ ਤਪਨਾ ਪੈਂਦਾ। ਰਾਤ-ਦਿਨ ਦੀ ਮੇਹਨਤ, ਹਰ ਖਿੱਨ ਦੀ ਚਿੰਤਾ। ਫਿਰ, ਸੰਤੋਖਜਨਕ ਆਰਥਿਕ ਸਫਲਤਾ ਦੀ ਗਾਰੰਟੀ ਨਹੀਂ। ਕੋਈ ਖੇਤਾਂ ਵਿਚ ਤਪ ਰਿਹੈ, ਕੋਈ ਕਾਰਖਾਨੇ ਵਿਚ, ਕੋਈ ਬਾਜ਼ਾਰਾਂ ਦੀਆਂ ਦੁਕਾਨਾਂ ਵਿਚ! ਸਾਰੇ ਕਿਸਮਤ ਦੀ ਖੇਡ ਦੇ ਸ਼ਤਰੰਜੀ ਮੋਹਰੇ ਬਣੇ ਹੋਏ, ਵਕਤ ਦੀਆਂ ਚਾਲਾਂ ਦੇ ਮੁਹਤਾਜ ਹਨ। ਉਪਨਿਸ਼ਦ ਕਹਿੰਦੇ ਹਨ—

"ਮਰਣੰ ਤੂੰ ਮਹੱਤਮ ਦੁਖ"—ਮਰਣਾ ਤਾਂ ਸਭ ਤੋਂ ਵੱਡਾ ਦੁੱਖ ਹੈ। ਜਨਮ ਤੋਂ ਮੌਤ ਤੱਕ ਹਰ ਮਨੁੱਖ ਪ੍ਰਮੇਸ਼ਰ ਤੋਂ, "ਤੁਮਰੀ ਕ੍ਰਿਪਾ ਤੇ ਪ੍ਰਾਰਬ੍ਰਹਮ ਦੋਖਨ ਕੋ ਨਾਸੁ" ਦੀ ਅਰਦਾਸ ਕਰਦਾ ਰਹਿੰਦੈ। ਦੁਖ ਵਿਚ ਭੇਦ ਹੋ ਸਕਦੈ... ਆਧਿ, ਬਿਆਧਿ, ਉਪਾਧਿ, ਕਿਸੇ ਤਰ੍ਹਾਂ ਦਾ ਦੁਖ। ਪਰ ਦਰਦ ਸਭ ਨੂੰ ਹੁੰਦੈ। ਦੁਖ ਦੀ ਘੜੀ ਵਿਚ ਵੱਡੇ-ਵੱਡੇ ਮਹਾਬਲੀ ਵੀ, ਕਾਤਰ ਭਾਵ ਨਾਲ, ਦੀਨ ਭਾਵ ਨਾਲ, ਸਹਾਇਤਾ ਲਈ ਨਜ਼ਰਾਂ ਦੌੜਾਂਦੇ ਵੇਖੇ ਜਾਂਦੇ ਹਨ। ਹੇ ਰੱਬਾ! ਕੋਈ ਦਰਦੀ, ਕੋਈ ਸਹਾਈ ਮਿਲਾ ਦੇ। ਗੋਸਵਾਮੀ ਤੁਲਸੀਦਾਸ, ਰਾਮਾਇਣ ਵਿਚ ਕਹਿੰਦੇ ਹਨ, ਦੂਜੇ ਦੇ ਦੁਖ ਤੋਂ ਜਿਹੜਾ ਦੁਖੀ ਹੋ ਜਾਏ, ਉਹੋ ਸੰਤ ਹੁੰਦੈ। ਮੱਖਣ ਵਾਂਗ ਪੰਘਰਨ ਵਾਲੇ। ਨਹੀਂ-ਨਹੀਂ, ਮੱਖਣ ਨੂੰ ਤਾਂ ਆਪ ਸੇਕ ਲੱਗੇ ਤਾਂ ਪੰਘਰਦੈ... ਸੰਤ ਤਾਂ ਦੂਜੇ ਦਾ ਦੁਖ, ਦੂਜੇ ਦੇ ਸੇਕ ਤੋਂ ਹੀ ਦ੍ਰਵਿਤ ਹੋ ਜਾਂਦੇ ਹਨ। ਪੰਘਰ ਜਾਂਦੇ ਹਨ।

ਦਇਆ, ਹਰ ਮਨੁੱਖ ਵਿਚ ਮੌਜੂਦ ਹੁੰਦੀ ਹੈ। ਆਪਣੇ ਲਈ ਸਾਰੇ ਦਇਆ ਦੀ ਆਸ ਰੱਖਦੇ ਹਨ। ਕੋਈ ਸਮਰੱਥਾਵਾਨ ਮਨੁੱਖ ਤੋਂ ਮੰਗ ਰਹੇ ਹਨ... ਕੋਈ ਮੰਦਰ, ਗੁਰਦੁਆਰਿਆਂ ਵਿਚ, ਮੰਗ ਰਹੇ ਹਨ... "ਦਇਆ ਕਰਹੁ ਦੀਨ ਕੇ ਦਾਤੇ॥"

ਦਇਆ ਦਾ ਇਹ ਭਾਵ, ਕਿਸੇ ਦੂਜੇ ਲਈ, ਕਿਸੇ ਪਰਾਏ ਦੀ ਪੀਰ ਮਹਿਸੂਸ ਕਰਨ ਲਈ ਵੀ ਹੋਣਾ ਚਾਹੀਦੈ। ਦੁਖ ਵੇਲੇ ਮੇਰੀ ਸਹਾਇਤਾ ਕਿਸੇ ਨੇ ਕੀਤੀ। ਕਿਸੇ ਹੋਰ

ਦੁਖਿਆਰੇ ਦਾ ਦੁਖ, ਯਥਾਸੰਭਵ ਮੈਂ ਦੂਰ ਕਰਨ ਲਈ ਯਤਨ ਕਰਾਂ। ਜੇ ਕੋਈ ਨਿਰਧਨ ਹੈ ਤਾਂ ਥੋੜ੍ਹਾ ਧਨ... ਜੇ ਭੁੱਖਾ ਹੈ ਤਾਂ ਆਪਣੀ ਰੋਟੀ ਦੀ ਸਾਂਝ... ਇਹੋ ਗੁਰੂ ਨਾਨਕ ਦਾ ਸਮਾਜਵਾਦ ਹੈ। ਕਿਰਤ ਕਰੋ, ਨਾਮ ਜਪੋ, ਵੰਡ ਛਕੋ!

ਦਇਆ, ਧਰਮ ਦਾ ਜਾਇਆ ਹੈ, "ਧੌਲੁ ਧਰਮ ਦਇਆ ਕਾ ਪੂਤੁ॥"

ਕਹਿੰਦੇ ਹਨ, ਇਕ ਸ਼ੇਰ ਭੁੱਖਾ ਸੀ। ਅਤਿ ਠੰਢੇ ਸਰਦ ਦਿਹਾੜੇ, ਸ਼ਿਕਾਰ ਦੀ ਭਾਲ ਵਿਚ, ਗੁਫ਼ਾ 'ਚੋਂ ਬਾਹਰ ਨਿਕਲਿਆ। ਸ਼ਾਮ ਹੋ ਗਈ। ਠੰਢ ਦੇ ਨਾਲ ਬਰਖਾ ਵੀ ਲੱਗ ਗਈ। ਕਿਤੋਂ ਇਕ ਅਭਾਗਾ ਮੁਸਾਫ਼ਰ, ਜੰਗਲ 'ਚੋਂ ਲੰਘ ਰਿਹਾ ਸੀ। ਸ਼ਾਮ ਦਾ ਹਨੇਰਾ, ਬਰਖਾ ਕਰ ਕੇ ਅੱਜ ਜਲਦੀ ਪਸਰ ਗਿਆ ਸੀ। ਉਹੋ ਗੁਫ਼ਾ, ਮੁਸਾਫ਼ਰ ਨੂੰ ਦਿੱਸ ਪਈ। ਠੰਢ ਅਤੇ ਬਰਖਾ ਤੋਂ ਬਚਣ ਲਈ, ਰਾਹਗੀਰ, ਉਸ ਗੁਫ਼ਾ ਵਿਚ ਵੜ ਕੇ ਬਹਿ ਗਿਆ। ਥੋੜ੍ਹੇ ਚਿਰ ਨੂੰ, ਸ਼ੇਰ ਵੀ ਭੁੱਖਾ ਵਾਪਸ ਆਇਆ। ਬਦਕਿਸਮਤੀ ਨਾਲ ਅੱਜ ਕੋਈ ਸ਼ਿਕਾਰ ਹੱਥ ਨਹੀਂ ਸੀ ਆਇਆ। ਗੁਫ਼ਾ ਦੇ ਬਾਹਰ ਪੁੱਜਿਆ ਤਾਂ ਅੰਦਰੋਂ ਮਨੁੱਖ ਦੀ ਖ਼ੁਸ਼ਬੋ ਆਈ। ਝਾਤ ਮਾਰੀ... ਵਿਚਾਰਾ ਥੱਕਿਆ ਮੁਸਾਫ਼ਰ ਸੌਂ ਗਿਆ ਸੀ। ਬਾਹਰ ਠੰਢ ਵੀ ਬਹੁਤ ਸੀ। ਬਰਖਾ ਦੇ ਨਾਲ ਵਗਦੀ ਹੋਈ ਸ਼ੀਤ ਲਹਿਰ, ਹੱਡਾਂ ਨੂੰ ਚੀਰ ਰਹੀ ਸੀ। ਭੁੱਖ ਵੀ ਬਹੁਤ ਲੱਗੀ ਸੀ। ਗੁਫ਼ਾ ਦੇ ਅੰਦਰ, ਭੁੱਖ ਅਤੇ ਠੰਢ ਦੋਹਾਂ ਤੋਂ ਨਿਜਾਤ ਮਿਲਦੀ ਏ। ਪਤਾ ਨਹੀਂ ਕਿਵੇਂ, ਸ਼ੇਰ ਦੇ ਅੰਦਰ ਦਇਆ ਆ ਗਈ। ਕੋਈ ਰਾਹਗੀਰ... ਕੋਈ ਸ਼ਰਣਾਗਤ, ਅੱਜ ਮੇਰੀ ਗੁਫ਼ਾ ਵਿਚ ਹੈ। ਮੇਰਾ ਮਾੜਾ ਜਿਹਾ ਖੜਕਾ, ਮੇਰੇ ਹੋਣ ਦਾ ਅਹਿਸਾਸ... ਵਿਚਾਰੇ ਦੇ ਪ੍ਰਾਣ ਉਵੇਂ ਨਿਕਲ ਜਾਣਗੇ। ਸ਼ੇਰ ਥੋੜ੍ਹਾ ਹੱਟ ਕੇ, ਬਾਹਰ ਹੀ ਬੈਠ ਗਿਆ। ਭੁੱਖਾ, ਕਮਜ਼ੋਰ ਵੀ ਹੋਇਆ ਪਿਆ ਸੀ। ਸਾਰੀ ਰਾਤ, ਵਗਦੀਆਂ ਸਰਦ ਹਵਾਵਾਂ ਝਕਝੋਰਦੀਆਂ ਰਹੀਆਂ। ਸ਼ੇਰ ਨੇ, ਮੁਸਾਫ਼ਰ ਦੇ ਖਿਆਲ ਵਿਚ ਹਉਕਾ ਵੀ ਨਾ ਭਰਿਆ। ਪ੍ਰਭਾਤ ਹੋਣ ਤੱਕ ਮਰ ਗਿਆ। ਕਹਿੰਦੇ ਹਨ, ਧਰਮੀ ਰੂਹ ਨੂੰ ਲੈਣ, ਧਰਮਰਾਜ ਆਪ ਆਇਆ। ਕਈ ਜੀਵਨ ਤਪ, ਯੱਗ ਕਰ ਕੇ ਜਿਹੜੀ ਗਤਿ, ਜੋਗੀਸਰ ਨਹੀਂ ਪਾ ਸਕਦੇ, ਉਹ ਮੁਕਤੀ, ਇਕ ਰਾਤ, ਇੱਕ ਰਾਹਗੀਰ ਲਈ, ਦਇਆ ਭਾਵ ਕਰ ਕੇ, ਸ਼ੇਰ ਨੂੰ ਪ੍ਰਾਪਤ ਹੋ ਗਈ।

ਤੁਲਸੀ ਦਾਸ ਜੀ ਕਹਿੰਦੇ ਹਨ, ਮਹਾਂਪਾਪ ਹੈ ਉਸ ਦਾ ਮੂੰਹ ਵੇਖ ਲੈਣਾ, ਜਿਹੜਾ ਕਿਸੇ ਦੇ ਦੁੱਖ ਨੂੰ ਵੇਖ ਕੇ ਦੁਖੀ ਨਹੀਂ ਹੁੰਦਾ।

"ਤਾਹਿ ਬਿਲੋਕਤ ਪਾਤਕ ਭਾਰੀ॥"

ਤੀਜੇ ਪਾਤਸ਼ਾਹ, ਸ੍ਰੀ ਗੋਇੰਦਵਾਲ ਸਾਹਿਬ, ਇਕ ਰਾਤ, ਰੋਜ਼ ਦੀ ਤਰ੍ਹਾਂ ਪ੍ਰਮੇਸ਼ਰ ਨਾਲ ਜੁੜੇ ਬੈਠੇ ਸਨ। ਅੱਧੀ ਰਾਤ ਦੇ ਸ਼ਾਂਤ ਵਾਤਾਵਰਨ ਨੂੰ ਚੀਰਦੀ, ਕਿਸੇ ਦੁਖਿਆਰੀ ਔਰਤ ਦੀ ਚੀਖ ਗੂੰਜਣ ਲਗ ਪਈ। ਲਗਾਤਾਰ ਰੋਣ ਦੀ ਆਰਤ ਚੀਖ ਨੇ, ਪਾਤਸ਼ਾਹ ਦੀ ਬਿਰਤੀ ਭੰਗ ਕਰ ਦਿੱਤੀ। ਬੱਲੂ ਜੀ ਨੂੰ ਆਵਾਜ਼ ਮਾਰੀ। ਬੱਲੂ ਜੀ, ਵੇਖੋ ਕੋਈ ਦੁਖੀ ਨਾਰੀ ਰੋ ਰਹੀ ਹੈ। ਕੀ ਹੋਇਐ? ਥੋੜ੍ਹੇ ਚਿਰ ਬਾਦ, ਬੱਲੂ ਜੀ ਵਾਪਸ ਆਏ। ਨਾਲ ਬੱਚਾ ਮੋਢੇ ਨਾਲ ਲਾਈ ਇਕ ਔਰਤ ਵੀ ਸੀ। ਅਚਨਚੇਤ ਆਏ ਦੁਖ ਤੋਂ ਘਬਰਾਈ ਹੋਈ ਸੀ।

ਰੋ-ਰੋ ਕੇ ਅੱਖਾਂ ਸੁੱਜੀਆਂ ਹੋਈਆਂ। ਬੱਲੂ ਜੀ ਨੇ ਹੱਥ ਜੋੜ ਅਰਜ਼ ਕੀਤੀ, ਸਤਿਗੁਰ ਸੱਚੇ ਪਾਤਸ਼ਾਹ, "ਇਸ ਵਿਧਵਾ ਔਰਤ ਦਾ, ਇਕੋ-ਇਕ ਬੱਚਾ ਸੀ, ਜੋ ਚੜ੍ਹਾਈ ਕਰ ਗਿਐ।" ਸਤਿਗੁਰ ਜੀ, ਇਕ ਖਿਨ ਲਈ ਮੌਨ ਰਹੇ। ਦੂਜੇ ਖਿਨ ਨੇਤਰ ਖੋਹਲ, ਮਾਈ ਦੇ ਬੱਚੇ ਸਿਰ ਹੱਥ ਲਾਇਆ। ਬਚਨ ਕੀਤਾ, "ਕੁਝ ਨਹੀਂ ਹੋਇਆ... ਬਸ ਥੋੜ੍ਹੀ ਹਵਾ ਲੱਗ ਗਈ ਹੈ।" ਮਰਿਆ ਬੱਚਾ, ਹੋਸ਼ ਵਿਚ ਆ ਗਿਆ। ਮਾਂ ਦੇ ਮੋਢਿਓਂ ਸਿਰ ਚੁੱਕ, ਸੁਚੇਤ ਹੋਇਆ, ਵੇਖਣ ਲੱਗਾ।"

ਸਤਿਗੁਰਾਂ ਆਪਣੇ ਮੁਖਾਰਬਿੰਦ ਤੋਂ, ਬਚਨ ਉਚਾਰਿਆ, ਜਦੋਂ ਤਕ ਅਸੀਂ ਜਿਊਂਦੇ ਹਾਂ, ਗੋਇੰਦਵਾਲ ਵਿਚ, ਕਿਸੇ ਮਾਂ ਦਾ ਬਾਲ ਨਾ ਮਰੇਗਾ।

"ਪਰ ਦੁਖ ਦੁਵੈ, ਸੰਤ ਸੁ ਪੁਨੀਤਾ॥"

ਭਗਤ ਪ੍ਰਹਿਲਾਦ ਜੀ ਕਹਿੰਦੇ ਹਨ-

"ਕਰੁਣਾ ਮੁਦਿਤੋ ਉਪੇਛਾਨਾਮ, ਧਰਮਸਯ ਲੱਛਣਮ॥"

ਦਇਆ ਭਾਵ ਅਤੇ ਨੀਵਿਆਂ ਨੂੰ ਵੇਖ, ਖੁਸ਼ ਹੋਣਾ ਹੀ ਧਰਮ ਦਾ ਲੱਛਣ ਹੈ।

ਸ੍ਰੀ ਦਰਬਾਰ ਸਾਹਿਬ, ਏਕਾਦਸ਼ੀ ਵਾਲੇ ਦਿਹਾੜੇ, ਸਨਾਤਨੀ ਸਾਧੂਆਂ ਦੇ ਟੋਲੇ ਨੂੰ ਸੰਬੋਧਨ ਕਰਦਿਆਂ, ਪੰਜਵੇਂ ਪਾਤਸ਼ਾਹ ਨੇ, ਗਉੜੀ ਰਾਗ ਵਿਚ ਸ਼ਬਦ ਉਚਾਰਨ ਕੀਤਾ—

"ਮਨਿ ਸੰਤੋਖੁ ਸਰਬ ਜੀਅ ਦਇਆ॥
ਇਨ ਬਿਧਿ ਬਰਤੁ ਸੰਪੂਰਨ ਭਇਆ॥" (ਪੰਨਾ 299)

ਮਨ ਵਿਚ ਸੰਤੋਖ, ਅਤੇ ਸਾਰੇ ਜੀਆਂ ਪ੍ਰਤੀ ਦਇਆ, ਦੋ ਸੰਕਲਪ, ਦੋ ਵਰਤ, ਮਨੁੱਖ ਨੂੰ ਸੰਪੂਰਨਤਾ ਤੱਕ ਪਹੁੰਚਾਉਂਦੇ ਹਨ।

ਕਿਸੇ ਦੁਖਿਆਰੇ ਦੇ ਪੈਰਾਂ 'ਚੋਂ ਕੰਡੇ ਕੱਢ ਲੈ, ਕਿਸੇ ਦੀ ਦੁਖਦੀ ਰਗ ਨੂੰ ਪਿਆਰ ਨਾਲ ਸਹਿਲਾ ਦੇ। ਰੱਬ ਤਾਂ ਹੈ ਦੂਰ, ਇੰਝ ਕੁਝ ਕਰੀਏ, ਕਿਸੇ ਰੋਂਦੇ ਬੱਚੇ ਨੂੰ ਹਸਾਇਆ ਜਾਵੇ। ਰੱਬ ਤਕ ਇਹੋ ਰਾਹ ਜਾਂਦੈ। ਸਾਰਿਆਂ ਜੀਆਂ ਪ੍ਰਤੀ, ਸੰਵੇਦਨਸ਼ੀਲ, ਫੁੱਲਾਂ ਜਿਹਾ ਕੋਮਲ ਮਨ, ਭਗਤ ਕਬੀਰ ਜੀ ਕਹਿੰਦੇ ਹਨ, ਰੱਬ ਉਹਨਾਂ ਦੀ ਬੁੱਕਲ ਵਿਚ:

"ਮਨਹੁ ਕਠੋਰੁ ਮਰੈ ਬਾਨਾਰਸਿ, ਨਰਕ ਨ ਬਾਂਚਿਆ ਜਾਈ॥
ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ॥ (ਪੰਨਾ 662)

ਉਹ ਪ੍ਰਮੇਸ਼ਰ ਤਾਂ, ਦਸਮ ਪਾਤਸ਼ਾਹ ਕਹਿੰਦੇ ਹਨ, ਇਵੇਂ ਦਾ ਹੈ—

"ਸੰਤਨ ਦੁਖ ਪਾਏ ਤੇ ਦੁਖੀ॥ ਸੁਖ ਪਾਏ ਸਾਧਨ ਕੇ ਸੁਖੀ॥"

ਦੁਖ, ਕਈ ਰੰਗਾਂ ਵਿਚ ਪਸਰਦਾ ਦਿਸਦੈ। ਆਸਾਮ ਦੇ ਕੋਮਲ ਹਿਰਦੇ ਵਾਲੇ ਕਵੀ ਅਤੇ ਗਾਇਕ, ਭੂਪੇਨ ਹਜ਼ਾਰਿਕਾ, ਦੇਸ਼ ਦੀ ਗਰੀਬੀ, ਅਨਪੜ੍ਹਤਾ, ਅਨੈਤਿਕਤਾ, ਭ੍ਰਿਸ਼ਟਾਚਾਰ, ਬੇਰੋਜ਼ਗਾਰੀ ਦੇ ਅਜਗਰ-ਮੂੰਹ ਵਿਚ ਫਸੀ, ਦੇਸ਼ ਦੀ ਜਨਤਾ ਦੀ ਦੁਰਦਸ਼ਾ ਅਤੇ ਬੇਬੱਸੀ 'ਤੇ ਬਹੁਤ ਦੁਖੀ ਹੁੰਦੇ ਹਨ। ਮਾਂ ਗੰਗਾ, ਸ਼ਿਵ ਜਟਾਵਾਂ 'ਚੋਂ ਨਿਕਲ, ਰਾਜਾ ਸਗਰ ਦੇ ਪੁਤਰਾਂ ਮਾਤਰ ਦਾ ਹੀ ਕਲਿਆਨ ਨਹੀਂ ਕੀਤਾ, ਸੰਪੂਰਨ ਭਾਰਤ ਦੇ ਜਨ-ਜਨ ਲਈ ਕਲਿਆਨਕਾਰੀ, ਮੰਗਲਕਾਰੀ ਅਤੇ ਆਰਥਿਕ, ਸਮਾਜਿਕ, ਧਾਰਮਿਕ

ਵਿਕਾਸਸ਼ੀਲਤਾ ਦੇ ਬਿੰਬ ਰੂਪ ਪੂੰਜੀ ਜਾਂਦੀ ਹੈ।. ਭੂਪੇਨ ਹਜ਼ਾਰਿਕਾ, ਮਾਤਾ ਗੰਗਾ ਪ੍ਰਤੀ, ਰੋਸ ਦਾ ਪ੍ਰਗਟਾਵਾ ਕਰਦੇ ਹਨ। ਮਾਂ, ਬੱਚਿਆਂ ਦਾ ਏਨਾ ਦੁਖ ਵੇਖ ਕੇ ਵੀ, ਤੂੰ ਵਿਚਲਿਤ ਕਿਉਂ ਨਹੀਂ ਹੁੰਦੀ... ਆਪਣੇ ਸਾਰੇ ਵਰਦਾਨ ਸਮੇਟ ਕਿਉਂ ਨਹੀਂ ਲੈਂਦੀ—

"ਓ ਗੰਗਾ, ਓ ਗੰਗਾ, ਤੂੰ ਵਗਦੀ ਹੈਂ ਕਿਉਂ?
ਤੇਰਾ, ਵਿਸਥਾਰ ਹੈ ਅਪਾਰ, ਪ੍ਰਜਾ ਦੋਵੇਂ ਪਾਰ,
ਕਰੇ ਹਾਹਾਕਾਰ, ਨਿਹ ਸ਼ਬਦ ਸਦਾ!
ਓ ਗੰਗਾ... ਤੂੰ ਵਗਦੀ ਹੈਂ ਕਿਉਂ?"

ਭਾਰਤ ਰਤਨ ਅਤੇ ਪਦਮ ਵਿਭੂਸ਼ਨ ਜਿਹੇ ਸਨਮਾਨ ਪ੍ਰਾਪਤ ਕਵੀ ਦਾ ਹਿਰਦਾ, ਦੇਸ਼ਵਾਸੀਆਂ ਦੀ ਬੇਬੱਸੀ ਵੇਖ ਰੋ ਰਿਹੈ, ਅੱਖਰਾਂ ਵਿਚ ਹੰਝੂ ਝੜ ਰਹੇ ਹਨ।

ਭਗਤ ਫਰੀਦ ਜੀ ਕਹਿੰਦੇ ਹਨ, ਕਦੇ ਮੰਦਾ ਫਿੱਕਾ ਨਾ ਬੋਲੋ! ਸੁਨਣ ਵਾਲੇ ਦੇ ਹਿਰਦੇ ਵਿਚ ਨਸ਼ਤਰ ਵਾਂਗ ਚੁਭਦੇ ਹਨ—

"ਇਕੁ ਫਿਕਾ ਨ ਗਾਲਾਇ, ਸਭਨਾ ਮੈ ਸਚਾ ਧਣੀ॥
ਹਿਆਉ ਨਾ ਕੈਹੀ ਠਾਹਿ, ਮਾਣਕ ਸਭ ਅਮੋਲਵੇ॥" (ਪੰਨਾ 1384)

ਇਹ ਸਾਰੇ ਜੀਅ, ਪ੍ਰਮੇਸ਼ਰ ਨੇ ਅਨਮੋਲ ਹੀਰੇ ਬਣਾਏ ਹਨ। ਇਹਨਾਂ ਵਿਚ ਆਪ ਰੱਬ ਵਸਦੈ। ਇਹਨਾਂ ਜੀਆਂ ਦਾ ਹਿਰਦਾ ਦੁਖਦੈ, ਤਾਂ ਰੱਬ, ਦੁਖੀ ਹੁੰਦੈ।

ਸਾਰੇ ਸੰਤਾਂ, ਭਗਤਾਂ ਨੇ, ਨਿਰਮਾਣਤਾ, ਸਾਦਗੀ, ਖ਼ਿਮਾ ਅਤੇ ਪਰਉਪਕਾਰ ਜਿਹੇ ਪ੍ਰਸਪਰ ਸਹਿਯੋਗੀ ਅਤੇ ਸਰਬੱਤ ਦੇ ਭਲੇ ਜੋਗ, ਵਿਵਹਾਰ ਦੀ ਸਰਵ ਵਿਆਪੀ ਵਰਤੋਂ ਕਰ ਕੇ, ਸੁਖੀ ਸਮਾਜ ਦਾ ਸੰਕਲਪ ਦਿੱਤਾ। ਜੈਨ ਧਰਮ ਮਾਰਗ ਦੇ ਅੰਤਮ ਤੀਰਥੰਕਰ, ਭਗਵਨ ਸ੍ਰੀ ਮਹਾਵੀਰ ਨੇ ਤਾਂ ਕਿਹਾ, ਕਿਸੇ ਦਾ ਦਿਲ ਨਾ ਦੁਖਾਓ... ਕਿਸੇ ਤੇ ਮਨ, ਬਚਨ ਜਾਂ ਕਰਮ ਕਰ ਕੇ ਹਿੰਸਾ ਨਾ ਕਰੋ। ਇਹੋ ਸਭ ਤੋਂ ਉੱਚਾ ਧਰਮ ਹੈ...

"ਅਹਿੰਸਾ ਪਰਮੋ ਧਰਮ:॥"

ਅੱਜ, ਮਨੋਰੋਗ ਦੇ ਡਾਕਟਰਾਂ ਕੋਲ, ਇਕੋ ਜਿਹੀਆਂ ਸ਼ਿਕਾਇਤਾਂ ਲੈ ਕੇ ਦਿਹਾੜੀ ਦੇ ਕਈ ਮਰੀਜ਼ ਆਉਂਦੇ ਹਨ। ਭੁੱਖ ਨਹੀਂ ਲਗਦੀ, ਨੀਂਦ ਨਹੀਂ ਆਉਂਦੀ। ਅੰਦਰੋਂ ਜੀਅ ਉਦਾਸ-ਉਦਾਸ ਰਹਿੰਦੈ। ਘਰ ਵਿਚ ਸਭ ਕੁਝ ਹੈ, ਸਾਰੇ ਸੁਖ-ਸਾਧਨ ਹਨ, ਪਰ ਇਕ ਗੈਬੀ ਜਿਹੀ ਬੇਚੈਨੀ, ਹਮੇਸ਼ਾ ਦਿਲ ਨੂੰ ਘੇਰੀ ਰਖਦੀ ਹੈ। ਇਸ ਦਾ ਕੀ ਕਾਰਨ ਹੋ ਸਕਦੈ? ਮੇਰੇ ਇਕ ਮਿੱਤਰ ਮਨੋ ਚਿਕਿਤਸਕ ਨੇ, ਇਕ ਦਿਨ ਇਹ ਸਮੱਸਿਆ ਮੇਰੇ ਨਾਲ ਸਾਂਝੀ ਕੀਤੀ। ਪੁੱਛਿਆ, ਤੁਹਾਡੀ ਸਮਝ ਵਿਚ ਕੀ ਕਾਰਨ ਹੋ ਸਕਦਾ ਹੈ। ਮੈਂ ਜਵਾਬ ਵਿਚ, ਉਸਨੂੰ 13ਵੀਂ ਸਦੀ ਦੀ ਸੱਚੀ ਘਟਨਾ ਦਾ ਜ਼ਿਕਰ ਕੀਤਾ। ਰਾਜਾ ਨਿਰਸਿੰਘਦੇਵ, ਉੜੀਸਾ ਵਿਚ, ਜੱਗਨਾਥਪੁਰੀ ਤੋਂ ਤਕਰੀਬਨ 35 ਕਿਲੋਮੀਟਰ, ਉੱਤਰ-ਪੂਰਬ ਵਿਚ ਬਹੁਤ ਵਿਸ਼ਾਲ, ਸੂਰਜ ਭਗਵਾਨ ਦਾ ਮੰਦਰ ਨਿਰਮਾਣ ਕਰਵਾ ਰਿਹਾ ਸੀ। ਹਜ਼ਾਰਾਂ ਗੁਲਾਮਾਂ ਤੋਂ ਇਸ ਕਾਜ ਲਈ ਮਜ਼ਦੂਰੀ ਕਰਵਾ ਰਿਹਾ ਸੀ। ਕਹਿੰਦੇ ਹਨ, ਮੰਦਰ ਤਾਂ

ਵਾਕਈ ਬਹੁਤ ਵੱਡਾ ਅਤੇ ਨਿਰਮਾਣ ਕਲਾ ਦਾ ਦਰਸ਼ਨਯੋਗ ਅਤੇ, ਸ਼ਿਲਪ ਕਲਾ ਦਾ ਨਿਵੇਕਲਾ ਜਿਹਾ ਨਮੂਨਾ ਬਣ ਕੇ ਤਿਆਰ ਹੋ ਗਿਆ। ਹੋਰ ਕੋਈ ਦੂਜਾ ਰਾਜਾ, ਇਸ ਤਰ੍ਹਾਂ ਦਾ ਦਿੱਵ ਮੰਦਰ ਭਵਨ ਨਿਰਮਾਣ ਨਾ ਕਰ ਸਕੇ। ਇਹ ਸੋਚ, ਕਾਰੀਗਰਾਂ ਦੇ ਹੱਥ ਵਢਵਾ ਦਿੱਤੇ। ਮੰਦਰ ਤਾਂ ਬਣ ਗਿਆ, ਪਰ ਰਾਜਾ ਨਰਸਿੰਘਦੇਵ ਦੀ ਨੀਂਦ ਭੁੱਖ ਗਾਇਬ ਹੋ ਗਈ। ਕੋਈ ਰਹੱਸਮਈ ਰੋਗ ਨੇ ਜਕੜ ਲਿਆ। ਬਹੁਤੇ ਵੈਦ ਚਿਕਿਤਸਕ ਥੱਕ ਹਾਰ ਗਏ। ਬੇਚੈਨੀ ਦੂਰ ਨਾ ਹੋਈ। ਭੁੱਖ, ਨੀਂਦ ਨੇੜੇ ਨਾ ਆਈਆਂ। ਇਕ ਫੱਕੜ ਜਿਹਾ ਸੰਤ ਫ਼ਕੀਰ ਸ਼ਹਿਰ ਵਿਚ ਆਇਆ। ਕੋਈ ਬੇਨਤੀ ਕਰ ਕੇ ਰਾਜਾ ਕੋਲ ਲੈ ਗਿਆ। ਹੰਕਾਰੀ ਰਾਜੇ ਅਤੇ ਸੰਤ ਵਿਚ ਵਾਰਤਾ ਹੋਈ। ਸੰਤ ਨੇ, ਸਾਰਾ ਬ੍ਰਿਤਾਂਤ ਸੁਣ ਰੱਖਿਆ ਸੀ।

"ਰਾਜਨ ਤੇਰੀ ਪਰਜਾ ਦੁਖੀ ਹੈ। ਆਮਦਨੀ ਦਾ ਬਹੁਤਾ ਕੋਈ ਜ਼ਰੀਆ ਨਹੀਂ। ਕਿਰਸਾਨੀ, ਮਜ਼ਦੂਰੀ ਵਿਚ ਆਮਦਨੀ ਘੱਟ ਅਤੇ ਰਾਜ ਕਰ (ਟੈਕਸ) ਬਹੁਤਾ ਹੈ। ਤੇਰੇ ਸਾਹਮਣੇ ਹੁੰਦੇ ਮੇਲਿਆਂ, ਸਮਾਰੋਹਾਂ ਵਿਚ, ਲੋਗਾਂ ਵਿਚ ਜਿਹੜੀ ਰੌਣਕ ਦਿਸਦੀ ਹੈ, ਤੂੰ ਸਮਝਦਾ ਹੈਂ ਪਰਜਾ ਸੁਖੀ ਹੈ। ਪਰ, ਇਹ ਗੱਲ ਯਾਦ ਰੱਖੀਂ ਰਾਜਨ, "ਘਣੇ ਦਰੱਖਤਾਂ ਦੇ ਝੁਰਮੁਟ ਵਿਚ ਚਹਿਕਦੇ ਹੋਏ ਪੰਛੀਆਂ ਦਾ ਗਾਨ, ਹਮੇਸ਼ਾ ਹਰਖ ਦਾ ਗੀਤ ਹੀ ਨਹੀਂ ਹੁੰਦਾ... ਬਹੁਤੀ ਵਾਰ ਉਹਨਾਂ ਵਿਚ, ਦੁਖ ਅਤੇ ਵਿਸ਼ਾਦ ਵੀ ਛੁਪਿਆ ਹੁੰਦਾ ਹੈ। ਹਜ਼ਾਰਾਂ ਗੁਲਾਮਾਂ, ਮਜ਼ਦੂਰਾਂ, ਕਾਰੀਗਰਾਂ ਨੇ, ਇਸ ਮੰਦਰ ਨਿਰਮਾਣ ਲਈ ਬੇਗਾਰੀ ਕੀਤੀ, ਬਗੈਰ ਮੇਹਨਤਾਨੇ ਦੇ, ਇਸ ਦੀਆਂ ਨੀਹਾਂ ਵਿਚ ਖ਼ੂਨ-ਪਸੀਨਾ ਰਲਾਇਆ। ਉਹਨਾਂ ਦੇ ਹੱਥ ਕੱਟ ਲਏ। ਅੱਜ, ਉਹਨਾਂ ਪਰਿਵਾਰਾਂ ਦੀਆਂ ਬਦ-ਦੁਆਵਾਂ ਨੇ, ਤੇਰੀ ਭੁੱਖ ਨੀਂਦ ਖੋਹ ਲਈ। ਪਹਿਲਾਂ ਉਹਨਾਂ ਨੂੰ ਰਾਜ਼ੀ ਕਰ। ਉਹਨਾਂ ਘਰਾਂ ਦੇ ਬੱਚਿਆਂ ਦੀਆਂ ਰੌਣਕਾਂ, ਵਾਪਸ ਕਰ ਦੇ। ਤੇਰੀ ਭੁੱਖ, ਨੀਂਦਰ ਵਾਪਸ ਆ ਜਾਵੇਗੀ।

ਕਈ ਵਾਰ, ਅਦਿੱਖ ਜਿਹੀ ਚੀਖ ਪੁਕਾਰ, ਵਾਤਾਵਰਣ 'ਚੋਂ ਲੰਘ ਕੇ ਸਾਡੇ ਤੱਕ ਪਹੁੰਚਦੀਆਂ ਹਨ। ਰੋਜ਼ ਲੱਖਾਂ ਗਊਆਂ, ਲੱਖਾਂ ਕੁੱਕੜ-ਬੱਕਰਿਆਂ ਦੇ ਗਲ਼ 'ਤੇ ਛੁਰੀਆਂ ਚੱਲ ਰਹੀਆਂ ਹਨ। ਉਹਨਾਂ ਮਾਸੂਮਾਂ ਦਾ ਆਰਤਨਾਦ ਅਦਿੱਖ ਜਿਹਾ, ਸਾਡੇ ਮਨ-ਬੁੱਧੀ, ਹਿਰਦੇ ਨੂੰ ਬੇਚੈਨ ਕਰ ਰਿਹੈ। ਭੁੱਖ, ਨੀਂਦ, ਚੈਨ ਸਭ ਖੋਹ ਰਿਹੈ। ਸਭ ਕੁਝ ਹੁੰਦਿਆਂ, ਅੱਜ ਕਰੋੜਾਂ ਲੋਗ, ਇਸ ਅਦਿੱਖ ਜਿਹੇ ਰੋਗ ਤੋਂ ਭੈਅ-ਭੀਤ ਹਨ, ਮਰਣ ਦਾ ਜੀਅ ਕਰਦੈ। ਤਨਾਅ, ਹਾਈਪਰਟੈਂਸ਼ਨ, ਬੇਰੋਜ਼ਗਾਰੀ, ਕੰਮ ਦਾ ਬੋਝ, ਬੇਭਰੋਸਗੀ, ਬਹੁਤਿਆਂ ਦੇ ਚੇਹਰੇ 'ਤੇ ਸਾਫ ਦਿਸਦੈ। ਇਕ ਸਰਵੇਖਣ ਦੇ ਅਨੁਸਾਰ, ਹਰ ਸਾਲ ਸਿਰਫ ਭਾਰਤ ਵਿਚ, ਵੀਹ ਹਜ਼ਾਰ ਤੋਂ ਉੱਪਰ ਲੋਗ ਆਤਮ ਹੱਤਿਆ ਕਰ ਰਹੇ ਹਨ—

"ਕੁਝ ਉਂਝ ਰਾਹਾਂ ਵੀ ਔਖੀਆਂ ਸਨ,
ਕੁਝ ਗਲ਼ ਵਿਚ ਗ਼ਮਾਂ ਦਾ ਤਉਕ ਵੀ ਸੀ।
ਕੁਝ ਸ਼ਹਿਰ ਦੇ ਲੋਗ ਵੀ ਜ਼ਾਲਮ ਸਨ,
ਕੁਝ ਸਾਨੂੰ ਮਰਣ ਦਾ ਸ਼ੌਕ ਵੀ ਸੀ।"

# ਸੂਰਜ ਏਕੋ ਰੁਤਿ ਅਨੇਕ

ਕਰੋੜਾਂ ਸਾਲਾਂ ਤੋਂ ਇਕ ਸੂਰਜ, ਨਿਰੰਤਰ ਚਮਕ ਰਿਹੈ। ਪ੍ਰਕਾਸ਼, ਤਾਪ ਅਤੇ ਧਰਤੀ ਤੇ ਜੀਵਨ ਜੋਗ ਊਰਜਾ ਦੇ ਰਿਹੈ। ਧਰਤੀ, ਚੰਦ, ਸਿਤਾਰੇ, ਗਤੀਸ਼ੀਲ ਹਨ। ਧਰਤੀ ਦੀ ਬਦਲ ਰਹੀ ਦਸ਼ਾ ਅਨੁਸਾਰ, ਰਾਤ-ਦਿਨ, ਗਰਮੀ, ਸਰਦੀ, ਵਰਖਾ ਅਤੇ ਬਸੰਤ ਦੀ ਰੁੱਤ ਆਉਂਦੀ ਹੈ। ਇਹ ਪ੍ਰੀਵਰਤਨ, ਧਰਤੀ ਤੇ ਰਹਿੰਦੇ ਪ੍ਰਾਣੀਮਾਤਰ ਤੇ ਭੀ ਹੋ ਰਿਹੈ। ਇਕੋ ਪ੍ਰਮਾਤਮਾ, ਉਸ ਵਿਚ ਕੋਈ ਤਬਦੀਲੀ ਨਹੀਂ ਹੁੰਦੀ। ਸਾਰੀ ਸ੍ਰਿਸ਼ਟੀ ਲਈ ਇਕ ਸਾਰ। ਸੂਰਜ ਵਾਂਗ! ਸੂਰਜ ਕਦੀ ਉਦੈ ਨਹੀਂ ਹੁੰਦਾ, ਅਸਤ ਨਹੀਂ ਹੁੰਦਾ। ਕਦੇ ਘਟਦਾ, ਵਧਦਾ ਨਹੀਂ। ਕਦੇ ਗਰਮ ਜਾਂ ਠੰਢਾ ਨਹੀਂ ਹੁੰਦਾ। ਪਰ ਇਵ ਭਾਸਦੈ— ਇਹ ਤਾਂ, ਧਰਤੀ ਆਪਣੀ ਧੁਰੀ ਤੇ ਨਿਰੰਤਰ ਗਤੀਸ਼ੀਲ ਹੈ। ਧਰਤੀ ਦੀ ਬਦਲਦੀ ਹੋਈ ਦਸ਼ਾ ਅਨੁਸਾਰ, ਕਦੇ ਸੂਰਜ ਦੇ ਸਾਹਮਣੇ ਜਿਹੜਾ ਹਿੱਸਾ ਆਉਂਦੈ, ਉੱਥੇ ਸੂਰਜ ਉਦੈ ਹੁੰਦਾ ਦਿਸਦੈ। ਸ਼ਾਮ ਤੱਕ ਭ੍ਰਮਣ ਕਰ ਰਹੀ ਧਰਤੀ ਦਾ ਉਹ ਹਿੱਸਾ, ਸੂਰਜ ਤੋਂ ਦੂਰ, ਵਕ੍ਰ ਹੁੰਦਾ ਹੋਇਆ, ਪਿਛਾਂਹ ਨੂੰ ਪਹੁੰਚ ਜਾਂਦੈ। ਸੂਰਜ ਦੀ ਰੌਸ਼ਨੀ ਪਿੱਛੇ ਨਹੀਂ ਪਹੁੰਚ ਸਕਦੀ, ਅਸੀਂ ਕਹਿੰਦੇ ਹਾਂ, ਸੂਰਜ ਛਿਪ ਗਿਆ... ਰਾਤ ਹੋ ਗਈ। ਇਹ ਘਟਨਾ, ਪ੍ਰਾਣੀ ਮਾਤਰ ਤੇ, ਜਗਤ ਤੇ ਘਟ ਰਹੀ ਹੈ। ਕਦੇ ਸੁਖ, ਕਦੇ ਦੁਖ, ਕਦੇ ਮਿਲਣਾ, ਕਦੇ ਵਿੱਛੜਣਾ, ਹਾਨੀ, ਲਾਭ, ਹਰਖ ਜਾਂ ਸੋਗ ਵਾਪਰਦੇ ਹਨ। ਪ੍ਰਮਾਤਮਾ ਵਿਚ, ਉਸ ਦੇ ਸੁਭਾਅ ਵਿਚ ਕੋਈ ਭਿੰਨ-ਭੇਦ ਨਹੀਂ... ਸੂਰਜ ਵਾਂਗ, ਨਿਸ਼ਚਲ ਪ੍ਰਮਾਤਮਾ। ਸਾਡੇ ਜੀਵਨ ਦੀ ਦਸ਼ਾ, ਹਰ ਖਿਨ ਬਦਲ ਰਹੀ ਹੈ। ਬ੍ਰਹਮਾਂਡ ਦੀ ਗ੍ਰਹਿ ਦਸ਼ਾ ਵਾਂਗ, ਜੀਵਨ ਦੀ ਦਸ਼ਾ ਹਰ ਖਿਨ ਬਦਲ ਰਹੀ ਹੈ।

ਤਾਂ ਗੁਰੂ ਨਾਨਕ ਪਾਤਸ਼ਾਹ, ਜੀਵਨ ਦੀ ਦਸ਼ਾ ਨੂੰ ਸਮਝਣ ਲਈ, ਬਹੁਤ ਸੋਹਣਾ ਬਿੰਬ ਦਿੰਦੇ ਹਨ—

"ਸੂਰਜ ਏਕੋ ਰੁਤਿ ਅਨੇਕ॥
ਨਾਨਕ ਕਰਤੇ ਕੇ ਕੇਤੇ ਵੇਸ॥" (ਸੋਹਿਲਾ) (ਪੰਨਾ 12)

ਗਰਮੀ ਦਾ ਸੂਰਜ ਅੱਗ ਸੁੱਟਦੈ, ਸਿਆਲ ਦਾ ਸੀਤਲ ਸੂਰਜ, ਧੁੱਪੇ ਬੈਠਿਆਂ ਵੀ ਪੂਰੀ ਨਿੱਘ ਨਹੀਂ ਮਿਲਦੀ। ਇਹ ਭ੍ਰਮ ਹੈ। ਸੂਰਜ ਸਦਾ ਇਕ ਸਾਰ ਹੈ। ਪ੍ਰਮਾਤਮਾ ਇਕ ਸਾਰ ਹੈ। ਸਤਿਗੁਰ ਕਿਸੇ ਦਾ ਪ੍ਰੀਤਵਾਨ ਜਾਂ ਵੈਰੀ ਨਹੀਂ, ਸਦਾ ਇਕ ਰੰਗ ਵਿਚ। ਸਾਡੀ ਸੋਚ, ਸਾਡੇ ਬਚਨ, ਸਾਡੇ ਕਰਮ, ਤਿੰਨ ਤਲ ਤੇ ਸਿਰਜੇ ਹੋਏ ਪੂਰਬਲੇ ਕਰਮ ਜਾਂ ਵਰਤਮਾਨ ਵਿਚ, ਸੁਭਾਅ-ਸੰਸਕਾਰਾਂ ਅਨੁਸਾਰ ਸਾਡੀਆਂ ਕ੍ਰਿਆਵਾਂ ਅਨੁਸਾਰ, ਸਾਡੀ ਜੀਵਨ ਦਸ਼ਾ ਨਿਰੰਤਰ ਬਦਲ ਰਹੀ ਹੈ। ਸਾਡੇ ਮੱਥੇ ਦੀਆਂ ਲਕੀਰਾਂ ਤਬਦੀਲ ਹੋ ਰਹੀਆਂ ਹਨ। ਸਾਡੇ ਦੁੱਖ-ਸੁੱਖ, ਜਨਮ-ਮਰਨ, ਮਾਨ-ਅਪਮਾਨ...!

ਇਹ ਦਿਨ–ਰਾਤ ਦੇ ਹਨੇਰੇ ਵਿਚ ਗੁੰਮ ਹੋ ਰਹੇ ਹਨ, ਰਾਤ, ਫਿਰ ਪ੍ਰਭਾਤ ਵਿਚ ਪ੍ਰੀਵਰਤਿਤ ਹੋ ਰਹੀ ਹੈ। ਸਾਡੇ ਜੀਵਨ ਵਿਚ ਵੀ ਇਹ ਹੋ ਰਹੇ ਹਨ। ਮੰਤਰੀ ਸੁਮੰਤ੍ਰ ਜੀ ਤੋਂ ਰਾਜਾ ਦਸ਼ਰਥ ਪੁੱਛਦੇ ਹਨ :

ਮੇਰਾ ਰਾਮ ਕਿਉਂ ਵਿੱਛੜ ਗਿਆ? ਇਹ ਮੇਰਾ ਕਿਹੜਾ ਮਾੜਾ ਕਰਮ ਸਾਹਮਣੇ ਆਇਆ?

ਤਾਂ ਸੁਮੰਤ੍ਰ ਜੀ ਕਹਿੰਦੇ ਹਨ, ਰਾਜਨ, ਇਹ

"ਕਾਲ ਕਰਮ ਬਸਿ ਹੋਹਿ ਗੁਸਾਂਈ॥
ਬਰਬਸ ਰਾਤ ਦਿਵਸ ਕੀ ਨਾਂਈ॥

ਰਾਜਾ, "ਕਾਲ ਅਤੇ ਕਰਮ" ਦੇ ਸੰਯੋਗ ਨਾਲ, ਇਹ ਤਬਦੀਲੀਆਂ ਸਾਡੇ ਉਤੇ ਵਾਪਰਦੀਆਂ ਹਨ। ਕਰਮਾਂ ਦਾ ਫਲ ਸੰਜੋਗ, ਅਤੇ ਸਮਾਂ ਦੋਵੇਂ ਮਿਲਦੇ ਹਨ, ਤਾਂ ਦੁਖ ਪ੍ਰਗਟ ਹੁੰਦੇ ਹਨ, ਚੰਗੇ ਕਰਮ ਸੰਜੋਗ ਹੋਣ ਤਾਂ ਸੁਖ ਸਾਹਮਣੇ ਆਉਂਦੇ ਹਨ।

ਧਰਤੀ ਚਲ ਰਹੀ ਹੈ। ਚਲਾਇਮਾਨ ਧਰਤ ਉਤੇ ਰਾਤਾਂ, ਰੁੱਤਾਂ, ਥਿਤਿ, ਵਾਰ, ਮਹੀਨੇ, ਸਾਲ, ਬਦਲ ਰਹੇ ਹਨ। ਚਲਦੇ ਹੋਏ ਕਰਮਸ਼ੀਲ ਜੀਵਨ ਵਿਚ ਵੀ, ਹਰ ਖਿਨ ਬਦਲਾਅ ਆ ਰਹੇ ਹਨ। ਸੁਖ ਵਿਚ, ਦੁਖ ਵਿਚ, ਕਈ ਉਤਾਰ ਚੜਾਅ 'ਚੋਂ ਜੀਵਨ ਲੰਘ ਰਿਹੈ। ਔਰ ਇਹ ਪ੍ਰੀਵਰਤਨਕਾਰੀ ਬਦਲਾਅ, ਵਿਧਿ ਦੀ ਨੀਯਤੀ ਮੰਨ ਕੇ ਪਰਵਾਨ ਕਰਨਾ ਪੈਂਦਾ ਹੈ। ਨਾ ਸਵੀਕਾਰ ਕਰਨ ਦਾ ਆਧਿਕਾਰ, ਔੱਪਸ਼ਨ ਸਾਡੇ ਕੋਲ ਨਹੀਂ ਹੈ। ਦੁਖ ਆਇਆ, ਜਿਵੇਂ ਰਾਤ ਆਈ, ਭਾਵੇਂ ਰੋ ਕੇ ਲੰਘਾ ਲਈਏ, ਸੌਂ ਕੇ ਲੰਘਾ ਲਈਏ ਜਾਂ ਪ੍ਰਭੂ ਸਿਮਰਨ ਦੀ ਇਹ ਰਾਤ, ਸਿਮ੍ਰਿਤੀ ਦਾ ਖਿਨ ਬਣ ਜਾਏ। ਰਾਤ ਤਾਂ ਜਿਵੇਂ ਕਰੋ, "ਬਿਤੀਤ ਕਰਨੀ ਹੀ ਪੈਣੀ ਹੈ।"

ਗਿਆਨੀ ਭੁਗਤੇ ਗਿਆਨ ਸੋਂ,
ਮੂਰਖ ਭੁਗਤੇ ਰੋਏ।"

ਮਾਤਾ ਜੀਤੋ ਜੀ ਨੇ, ਦਸਮ ਪਾਤਸ਼ਾਹ ਤੋਂ ਯੋਗ ਵਿਦਿਆ ਸਿੱਖੀ... ਅੰਤਰਧਿਆਨ ਹੋਣਾ ਸਿਖਿਆ। ਇਕ ਰਾਤ, ਅੰਤਰਧਿਆਨ ਅਵਸਥਾ ਵਿਚ, ਭਵਿੱਖ ਵੇਖ ਲਿਆ। ਭਿਆਨਕ ਜੰਗ ਵਿਚ, ਲੱਖਾਂ ਵੈਰੀਆਂ ਵਿਚ ਘਿਰੇ ਹੋਏ, ਜੂਝਦੇ ਹੋਏ, ਸਾਹਿਬਜ਼ਾਦੇ ਵੇਖੇ... ਦੀਵਾਰ ਵਿਚ ਚਿਣੇ ਜਾਂਦੇ ਛੋਟੇ–ਜਿਗਰ ਦੇ ਟੁਕੜੇ ਵੇਖੇ। ਚਿੰਤਾ ਵਿਚ ਰਾਤ ਲੰਘੀ। ਸਵੇਰ ਸਾਰ, ਸਤਿਗੁਰਾਂ ਅੱਗੇ ਦ੍ਰਿਸ਼ਟਾਂਤ ਸੁਣਾਇਆ। ਸਤਿਗੁਰ ਜੀ, ਅਡਿੱਗ ਭਾਵ ਵਿਚ ਬੋਲੇ, "ਸਭ ਕੁਝ ਇਵੇਂ ਹੀ ਵਰਤਣਾ ਹੈ।" ਘਬਰਾ ਕੇ, ਮਾਤਾ ਜੀ ਨੇ ਵਿਵਸ਼ਤਾ ਜ਼ਾਹਰ ਕੀਤੀ,

"ਮੈਂ ਨਹੀਂ ਸਹਿਨ ਕਰ ਸਕਦੀ।"

"ਤਾਂ ਬੇਹਤਰ ਹੈ, ਤੁਸੀਂ ਪਹਿਲਾਂ ਹੀ ਸਰੀਰ ਤਿਆਗ ਦਿਓ... ਪ੍ਰਮੇਸ਼ਰ ਦੀ ਰਜ਼ਾ, ਇਸ ਤਰ੍ਹਾਂ ਹੀ ਹੈ।" ਮਾਤਾ ਜੀਤੋ ਜੀ ਨੇ, ਯੋਗ ਕ੍ਰਿਆ ਦੁਆਰਾ ਸੁਆਸ ਰੋਕ ਲਏ, ਅਤੇ ਗੁਰੂ ਲੋਕ ਵੱਲ ਪ੍ਰਯਾਨ ਕਰ ਗਏ। ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ :

"ਸੂਰਜ ਏਕੋ ਰੁਤਿ ਅਨੇਕ॥"

ਰੁੱਤਾਂ ਦਾ ਪ੍ਰੀਵਰਤਨ, ਧਰਤੀ ਦੇ ਭੂਗੋਲ ਅਨੁਸਾਰ ਘਟਦੈ। ਭੂਗੋਲਿਕ ਸਥਿਤੀ ਅਨੁਸਾਰ, ਹਰ ਖਿਨ ਤਾਪਮਾਨ ਘੱਟ-ਵੱਧ ਰਿਹੈ। ਰਾਤ, ਦਿਨ ਰੁੱਤਾਂ ਬਦਲ ਰਹੀਆਂ ਹਨ। ਇਹ ਪ੍ਰਾਕ੍ਰਿਤਕ ਹੈ। ਪ੍ਰਕ੍ਰਿਤੀ ਬਦਲ ਰਹੀ ਹੈ, ਗਰਮ ਜਾਂ ਸਰਦ ਰੁੱਤ ਵੀ ਬਦਲ ਰਹੀ ਹੈ। ਇਹ ਅਖੰਡ ਨਿਯਮ ਹੈ—

"ਉਥਾਨ ਔਰ ਪਤਨ, ਪ੍ਰਕ੍ਰਿਤੀ ਕਾ ਨਿਯਮ ਅਖੰਡ ਹੈ।
ਚਢਤਾ ਪ੍ਰਥਮ ਜੋ ਬਿਉਮ ਪਰ, ਗਿਰਤਾ ਵਹੀ ਮਾਰਤੰਡ ਹੈ।"

ਬਿਉਮ ਦਾ ਅਰਥ ਹੈ, ਆਕਾਸ਼। ਪ੍ਰਭਾਤ, ਜਿਹੜਾ ਸੂਰਜ, ਆਕਾਸ਼ ਤੇ ਚੜ੍ਹਦੈ, ਸ਼ਾਮ ਨੂੰ ਉਹੋ ਪੱਛਮ ਵਿਚ ਜਾ ਡਿਗਦੈ। ਸਾਡੇ ਕਰਮਾਂ ਅਨੁਸਾਰ, ਜੀਵਨ ਦੀ ਦਸ਼ਾ ਬਦਲਦੀ ਹੈ। ਦੋ ਸੰਦੇਸ਼, ਇਸ ਗੁਰਬਾਣੀ ਰਾਹੀਂ, ਸਤਿਗੁਰ ਜੀ ਦੇਂਦੇ ਹਨ। ਸੂਰਜ ਇਸ ਪ੍ਰੀਵਰਤਨ ਲਈ ਜ਼ਿੰਮੇਵਾਰ ਨਹੀਂ... ਪਰਮਾਤਮਾ, ਸਾਡੇ ਦੁਖ, ਸੁਖ ਦਾ ਉਤਰਦਾਈ ਨਹੀਂ। ਧਰਤੀ ਦੀ ਬਦਲਦੀ ਹੋਈ ਦਸ਼ਾ ਅਤੇ ਬਦਲਦੇ ਹੋਏ ਕਰਮ ਚਕ੍ਰ ਦੀ, ਦਸ਼ਾ ਜ਼ਿੰਮੇਵਾਰ ਹੈ।

ਉੜੀਸਾ ਦਾ ਰਾਜਾ, ਪਰਤਾਪੁਰਦੇਵ, ਗੁਰੂ ਨਾਨਕ ਪਾਤਸ਼ਾਹ ਨੂੰ, ਮਹਿਲ ਵਿਚ ਲੈ ਗਿਆ, ਬਹੁਤ ਆਦਰ ਭਾਵ ਕੀਤਾ ਅਤੇ ਇਹ ਸੁਖ ਸਦੀਵੀ ਹੋਣ ਦਾ ਵਰ ਮੰਗਿਆ। ਪਾਤਸ਼ਾਹ ਨੇ ਕਿਹਾ :

"ਸਚੁ ਜਿ ਲਗਾ ਗਿੜਵੜੀ ਸਖੀਏ ਧਉਲ ਹਰੀ।
ਸੇ ਭੀ ਢਹਦੇ ਡਿਠੁ ਮੈਂ ਮੁੰਧ ਨ ਗਰਬ ਥਣੀ॥" (ਪੰਨਾ 1410)

ਬਾਦਸ਼ਾਹ, ਚੂਨਾ-ਸੁਰਖੀ ਦੇ ਸੁਮੇਲ ਨਾਲ, ਸੰਗਮਰਮਰ ਦੇ ਮਜ਼ਬੂਤ ਮਹਿਲ, ਮੈਂ ਢਹਿੰਦੇ ਵੇਖੇ ਹਨ। ਸਮਾਂ ਥਿਰ ਨਹੀਂ, ਸੰਸਾਰ ਵੀ ਥਿਰ ਨਹੀਂ। ਚਾਰ ਦਿਨ ਦਾ ਸੁਖ ਆਵੇ ਤਾਂ ਸਿਰਜਨਹਾਰ ਵੀ ਚੇਤੇ ਆਏ। ਦਿਨ ਹੈ, ਤਾਂ ਰਾਤ ਲਈ ਪਹਿਲਾਂ ਤਿਆਰ ਰਹਿਣਾ ਚਾਹੀਦਾ ਹੈ।

ਸਮੇਂ ਦੀ ਸੂਈ ਨਿਰੰਤਰ ਅੱਗੇ ਵੱਧ ਰਹੀ ਹੈ। ਮਨੁੱਖ ਦਾ ਕੱਦ ਵੱਡਾ ਹੋ ਰਿਹੈ। ਹਰ ਖਿਨ, ਉਮਰ ਦਾ ਇਕ ਖਿਨ ਮਰੀ ਜਾ ਰਿਹੈ। ਬਾਲਕ ਜਵਾਨ ਹੋਇਆ ਤਾਂ ਬਚਪਨ ਮਰ ਗਿਆ। ਬੁਢੇਪਾ ਆਇਆ, ਤਾਂ ਜਵਾਨੀ ਅਲਵਿਦਾ ਆਖ ਗਈ। ਅਗਲਾ ਪੈਰ, ਮੌਤ ਦੇ ਮੂੰਹ ਵਿਚ!

ਭਗਤ ਫ਼ਰੀਦ ਜੀ ਨੇ, ਜੀਵਨ ਵਿਚ ਬਹੁਤ ਬੰਦਗੀ ਵੀ ਕੀਤੀ ਅਤੇ ਭ੍ਰਮਣ ਵੀ ਕੀਤਾ। ਜੀਵਨ ਭਰ ਟੁਰਦੇ ਰਹੇ, ਕਹਿੰਦੇ ਸਨ :

ਫਰੀਦਾ ਟੁਰਦਾ ਟੁਰਦਾ ਜਾਹ॥
ਮਤਿ ਕੋਈ ਬਖਸ਼ਿਆ, ਤੈਂ ਮਿਲੈ
ਤੂੰ ਭੀ ਬਖਸ਼ਿਆ ਜਾਹ॥

ਸਮੇਂ ਨੇ ਸਰੀਰ ਦੀ ਦਸ਼ਾ ਬਦਲੀ, ਬੁਢੇਪਾ ਆਇ ਗਿਆ। ਕਹਿੰਦੇ ਹਨ, ਜਿਹੜੇ

ਪੈਰਾਂ ਨਾਲ, ਉੱਚੇ ਪਹਾੜ ਅਤੇ ਗਹਿਰੀ ਘਾਟੀਆਂ ਲੰਘਦਾ ਰਿਹਾ, ਦੁਨੀਆਂ ਵੇਖਦਾ ਰਿਹਾ, ਅੱਜ ਦੋ ਗਜ਼ ਦੂਰ, ਪਾਣੀ ਦੀ ਗੜਵੀ ਤੱਕ ਪਹੁੰਚਣਾ, ਮੁਸ਼ਕਿਲ ਜਾਪਦੈ।

"ਫਰੀਦਾ, ਇਨੀਂ ਨਿਕੀ ਜੰਘੀਐ, ਥਲ ਡੂਗਰ ਭਵਿਓਮਿ॥
ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ॥" (ਪੰਨਾ 1378)

ਪਾਣੀ ਦਾ ਕੂਜੜਾ, ਜਿਵੇਂ ਸੌ ਕੋਹਾਂ ਦੂਰ ਜਾਪਦੈ। ਸਮਾਂ ਬਦਲ ਰਿਹੈ, ਸਾਡੀਆਂ ਹੱਥ ਦੀਆਂ ਲਕੀਰਾਂ ਵੀ ਬਦਲ ਰਹੀਆਂ ਹਨ। ਭਾਈ ਵੀਰ ਸਿੰਘ ਜੀ, ਸੁਖ ਭਰੇ ਸਮੇਂ ਦੇ ਹੱਥੋਂ ਨਿਕਲ ਜਾਣ ਬਾਬਤ, ਕਾਲ-ਕਰਮ ਦਾ ਯਥਾਰਥ ਬਿਆਂ ਕਰਦੇ ਹਨ :

"ਰਹੀ ਵਾਸਤੇ ਘੱਤ, ਸਮੇਂ ਨੇ ਇਕ ਨਾ ਮੰਨੀ।
ਫੜ ਫੜ ਰਹੀ ਧਰੀਕ, ਸਮੇਂ ਖਿਸਕਾਈ ਕੰਨੀ।
ਕਿਵੇਂ ਨ ਸੱਕੀ ਰੋਕ, ਅਟਕ ਜੋ ਪਾਈ ਭੰਨੀ।
ਤ੍ਰਿਖੇ ਆਪਣੇ ਵੇਗ, ਗਿਆ ਟੱਪ ਬੰਨੇ ਬੰਨੀ॥"

ਦੁਖ, ਸੁਖ ਪ੍ਰਤੀ ਸਾਡੀ ਭਾਵ ਦਸ਼ਾ, ਬਿਲਕੁਲ ਵਿਪਰੀਤ, ਬਿਲਕੁਲ ਉਲਟ ਰਹਿੰਦੀ ਹੈ। ਦੁਖ ਦੀ ਇੱਕ ਰਾਤ, ਬਹੁਤ ਭਿਆਨਕ, ਬਹੁਤ ਦੁਖਦਾਈ ਲੱਗਦੀ ਹੈ। ਔਰ ਪਿਆਰੇ ਨਾਲ ਮਿਲਨ ਦੀ ਰਾਤ, ਸੁਖ ਦੀ ਰਾਤ, ਅਰਜ਼ੋਈ ਕਰਦੇ ਹਾਂ, ਹੇ ਰੱਬਾ! ਇਹ ਰਾਤ ਕਦੇ ਨਾ ਮੁੱਕੇ। ਪਰ ਸਮਾਂ ਬੜਾ ਹਰਜਾਈ... ਇਹ ਕਿਸੇ ਦੀ ਨਹੀਂ ਸੁਣਦਾ।

"ਸੂਰਜ ਏਕੋ ਰੁਤਿ ਅਨੇਕ...।"

ਰੁੱਤ ਦਾ ਰੁੱਖ ਬਦਲੇ ਤਾਂ ਵਣ ਵੀ ਕੰਬ ਜਾਂਦੇ ਹਨ :

ਫਰੀਦਾ ਰੁਤਿ ਫਿਰੀ ਵਣੁ ਕੰਬਿਆ, ਪਤੇ ਝੜੇ ਝੜਿ ਪਾਹਿ॥
ਚਾਰੇ ਕੁੰਡਾ ਢੂੰਢੀਆਂ ਰਹਣ ਕਿਥਾਊ ਨਾਹਿ॥" (ਪੰਨਾ 1383)

ਹਰਿਆ ਭਰਿਆ ਵਸਦਾ ਰਸਦਾ ਜੰਗਲ! ਰੁੱਤ ਫਿਰੀ, ਪਤਝੜ ਨੇ ਸਾਰੇ ਪੱਤੇ ਝਾੜ ਦਿੱਤੇ। ਰੁੱਤ ਦੀ ਮਾਰ ਝੱਲਦੇ, ਪੱਤਿਆਂ ਤੋਂ ਹੀਨ, ਠੂੰਠ ਦਰੱਖਤ, ਔਰ ਕੰਬਦਾ ਹੋਇਆ ਜੰਗਲ!

ਰਹੀਮ ਖਾਨਖਾਨਾ, ਅਕਬਰ ਦਰਬਾਰ ਦੇ ਮੁੱਖ ਵਜ਼ੀਰ ਸਨ। ਨਵਾਬ ਦਾ ਵਿਸ਼ੇਸ਼ ਦਰਜਾ ਪ੍ਰਾਪਤ ਸੀ। ਖੁਸ਼ੀਆਂ ਦੀਆਂ ਹਰ ਦਿਨ ਨਵੀਆਂ ਲਹਿਰਾਂ ਵਗਦੀਆਂ ਸਨ। ਧਨ, ਸ਼ੋਹਰਤ ਸਭ ਕੁਝ ਪੱਲੇ ਸੀ। ਸਮੇਂ ਨੇ ਨਜ਼ਰਾਂ ਮੋੜੀਆਂ ਤਾਂ ਜੀਵਨ ਦੀ ਸੁਖੇਵੀਂ ਰੁੱਤ ਵੀ ਬਦਲ ਗਈ। ਬਾਦਸ਼ਾਹ ਅਕਬਰ ਤੋਂ ਬਾਅਦ, ਜਹਾਂਗੀਰ ਨਾਲ ਸੁਰ ਨਾ ਰਲਿਆ। ਉਸ ਨੇ ਨਵਾਬੀ, ਜਾਗੀਰਦਾਰੀ, ਹਰ ਮਹੀਨੇ ਮਿਲਣ ਵਾਲੀ ਮੋਟੀ ਪੈਂਸ਼ਨ, ਸਭ ਕੁਝ ਖੋਹ ਲਿਆ। ਰਹੀਮ ਜੀ ਮੁਸਲਮਾਨ ਹੈ ਸਨ, ਖਾਨ, ਪਠਾਨ। ਪਰ ਹਿੰਦੀ ਦੇ ਬਹੁਤ ਉੱਚ ਕੋਟੀ ਦੇ ਕਵੀ ਮੰਨੇ ਗਏ। ਬਦਲੇ ਹੋਏ, ਸਮੇਂ ਦੇ ਮਿਜਾਜ਼ ਬਾਬਤ ਕਹਿੰਦੇ ਹਨ—

ਰਹਿਮਨ ਚੁੱਪ ਹਵੈ ਬੈਠੀਏ, ਦੇਖ ਦਿਨਨ ਕੇ ਫੇਰ॥
ਜਬ ਨੀਕੇ ਦਿਨ ਆਈ ਹੈਂ, ਬਣਤ ਨ ਲਗਹੈਂ ਦੇਰ॥"

ਸਮਾਂ ਤਾਂ ਆਉਂਦਾ-ਜਾਂਦਾ ਰਹਿੰਦੈ। ਜਦੋਂ ਮਾੜੇ ਦਿਨ ਆਉਣ, ਤਾਂ ਚੁੱਪ ਕਰ ਕੇ

ਬਹਿ ਜਾਈਏ। ਆਸ ਰਖੋ, ਇਹ ਦੁਖ ਭਰੀ ਰਾਤ ਵੀ ਲੰਘ ਜਾਏਗੀ, ਫਿਰ ਸਵੇਰ ਹੋਵੇਗੀ। ਜਦੋਂ ਚੰਗਾ ਸਮਾਂ ਆਇਆ, ਸਭ ਕੁਝ ਸੁਖੇਵਾਂ ਹੋ ਜਾਵੇਗਾ।

ਸੂਰਜ ਇਕ ਹੈ, ਧਰਤੀ ਦੀਆਂ ਰੁੱਤਾਂ ਭਿੰਨ-ਭਿੰਨ!
ਪ੍ਰਮਾਮਤਾ ਇਕ ਹੈ, ਜੀਆਂ ਦੇ ਭਾਗ ਵੱਖ-ਵੱਖ।

ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ:

"ਨਾਨਕ ਕਰਤੇ ਕੇ ਕੇਤੇ ਵੇਸ॥"

ਕਰਤਾ ਦੇ ਕਈ ਰੰਗ। ਇੱਥੇ "ਕਰਤਾ", ਪ੍ਰਮੇਸ਼ਰ ਦਾ ਬੋਧਿਕ ਨਹੀਂ ਹੈ। ਸੂਰਜ ਬਿੰਬ ਹੈ, ਨਿਰੰਕਾਰ ਦਾ। ਉਹ ਇਕ ਹੈ ਔਰ ਨਿਰਵੈਰ ਹੈ। ਕਿਸੇ ਦਾ ਬੁਰਾ ਨਹੀਂ ਚਾਹੁੰਦਾ। ਪ੍ਰਮੇਸ਼ਰ ਦਾ ਇਕ ਪ੍ਰਬੰਧ ਹੈ, ਇਕ ਮੈਨੇਜਮੈਂਟ ਹੈ। ਸਿਰਜਨ ਕਾਲ ਤੋਂ ਤੁਰੀ ਇਕ ਵਿਵਸਥਾ। ਉਹ ਪ੍ਰਬੰਧ ਕਰਤਾ, ਕੁਦਰਤ ਹੈ, ਪ੍ਰਕ੍ਰਿਤੀ। ਅਨੇਕਾਂ ਜੀਆਂ ਦੀ ਕ੍ਰਿਆ, ਪ੍ਰਤੀਕ੍ਰਿਆ ਦੇ ਫਲਸਰੂਪ ਇੱਥੇ, ਸੁਖ ਅਤੇ ਦੁਖ ਸਾਹਮਣੇ ਆ ਰਹੇ ਹਨ। ਕੋਈ ਕਰਮਾਂ ਦੀ ਭਾਜੀ ਮੋੜ ਰਿਹੈ, ਕੋਈ ਨਵੀਂ ਭਾਜੀ ਪਾ ਰਿਹੈ। ਕੋਈ ਪਿਛਲੇ ਕਰਮਾਂ ਨੂੰ ਹੰਢਾਅ ਰਿਹੈ, ਕੋਈ ਨਵੇਂ ਕਰਮਾਂ ਦਾ ਬੀਂ, ਆਪਣੀ ਜੀਵਨ ਧਰਤ ਵਿਚ ਬੀਜ ਰਿਹੈ, ਉਸ ਦੀ ਫਸਲ ਅੱਗੋਂ ਵੱਢੇਗਾ। ਇਹ ਸਿਲਸਿਲਾ ਚਲ ਰਿਹੈ। ਪ੍ਰਮਾਤਮਾ ਦੀ ਦਖਲ-ਅੰਦਾਜ਼ੀ ਨਹੀਂ। ਧਰਤੀ ਦੇ ਰੁੱਤ ਪ੍ਰੀਵਰਤਨ ਵਿਚ, ਸੂਰਜ ਦੀ ਭੂਮਿਕਾ ਨਹੀਂ। ਧਰਤੀ ਦੀ ਦਸ਼ਾ ਵਿਚ ਬਦਲਾਅ ਜ਼ਿੰਮੇਵਾਰ ਹੈ। ਪਰ ਯਥਾਰਥ ਰੂਪ ਵਿਚ ਦੁਖ-ਸੁਖ, ਸੋਗ-ਹਰਖ ਭੋਗੇ ਜਾ ਰਹੇ ਹਨ। ਧਰਤੀ ਤੇ ਰਾਤ-ਦਿਨ ਆ ਜਾ ਰਹੇ ਹਨ, ਅਨੇਕਾਂ ਰੁੱਤਾਂ ਆ ਰਹੀਆਂ ਹਨ, ਜਾ ਰਹੀਆਂ ਹਨ। ਇਹ ਕਰਤਾ ਦੇ ਹੀ ਅਨੇਕਾਂ ਰੰਗ ਹਨ। ਉਹਨਾਂ ਨੂੰ ਭੋਗਣਾ, ਸਾਡੇ ਜੀਵਨ ਦੀ ਨੀਯਤੀ ਹੈ।

ਨੇਪੋਲੀਅਨ, ਫਰਾਂਸ ਦਾ ਬਹਾਦਰ ਸੈਨਾਪਤੀ। ਮਗਰੋਂ ਫਰਾਂਸ ਦਾ ਸ਼ਾਸਕ ਬਣਿਆ। ਫਰਾਂਸ ਦਾ ਸਮਰਾਟ! ਅਨੇਕਾਂ ਜੰਗਾਂ ਲੜੀਆਂ ਔਰ ਜਿੱਤੀਆਂ। ਸੰਨ 1815 ਵਿਚ, ਵਾਟਰਲੂ ਜੰਗ ਵਿਚ ਅੰਗਰੇਜ਼ਾਂ ਹੱਥੋਂ ਹਾਰ ਗਿਆ। ਐਟਲਾਂਟਕ ਮਹਾਂਸਾਗਰ, ਇਸ ਨੂੰ ਅੰਨ੍ਹਾਂ ਮਹਾਂਸਾਗਰ ਵੀ ਕਹਿੰਦੇ ਹਨ। ਦੁਨੀਆ ਦਾ ਸਭ ਤੋਂ ਵੱਡਾ ਅਤੇ ਭੂਗੋਲਕ ਰੂਪ ਵਿਚ ਸਭ ਤੋਂ ਪੇਚੀਦਾ, ਅੰਗਰੇਜ਼ੀ ਦੇ 8 ਅੰਕਾਂ ਵਾਂਗ ਘੁੰਮਾਵਦਾਰ ਹੈ। ਇਸ ਦਾ ਖੇਤਰ ਤਰਕੀਬਨ 4 ਕਰੋੜ 11 ਲੱਖ ਵਰਗ ਮੀਲ ਹੈ। ਇਸ ਅੰਧ ਮਹਾਂਸਾਗਰ ਦੇ ਦੂਰ ਦੇ ਇੱਕ ਦੀਪ "ਸੇਂਟ ਹੇਲੇਨਾ" ਵਿਚ ਨੇਪੋਲੀਅਨ ਨੂੰ ਰਖਿਆ ਗਿਆ। ਉਹ ਆਪਣੇ ਪੁਰਾਣੇ ਮਿੱਤਰ ਅਤੇ ਵਜ਼ੀਰ ਦੇ ਨਾਲ ਨਜ਼ਰਬੰਦ ਸਨ। ਟਾਪੂ ਦੇ ਅੰਦਰ ਟੁਰ ਫਿਰ ਸਕਦੇ ਸਨ, ਬਾਹਰ ਨਿਕਲਣ ਲਈ ਕੋਈ ਵਸੀਲਾ ਨਹੀਂ ਸੀ। ਸਮੁੰਦਰ ਦੇ ਹਰ ਮਾਰਗ ਤੇ ਬ੍ਰਿਟਿਸ਼ ਪਹਿਰੇਦਾਰ ਸਨ। ਇਕ ਸ਼ਾਮ, ਮਿੱਤਰ ਨਾਲ, ਟਾਪੂ ਦੀਆਂ ਪਗਡੰਡੀਆਂ ਤੇ ਸੈਰ ਕਰ ਰਹੇ ਸਨ। ਸਾਹਮਣੇ ਤੋਂ ਜੰਗਲ ਦੀ ਇੱਕ ਆਦੀਵਾਸੀ ਕਬੀਲੇ ਦੀ ਔਰਤ, ਸਿਰ 'ਤੇ ਘਾਹ ਦੀ ਪੰਡ ਚੁੱਕੀ ਆ ਰਹੀ ਸੀ। ਪੁਰਾਣੀ ਆਦਤ ਸੀ, ਵਜ਼ੀਰ ਮਿੱਤਰ, ਛੇਤੀ ਨਾਲ ਅੱਗੇ ਹੋ ਕੇ ਰੋਅਬ ਨਾਲ, ਉਸ ਔਰਤ ਨੂੰ ਮੁਖਾਤਿਬ ਹੋਇਆ, "ਸਾਵਧਾਨ! ਮਹਾਨ

ਸਮਰਾਟ ਨੇਪੋਲੀਅਨ, ਤਸ਼ਰੀਫ਼ ਲਿਆ ਰਹੇ ਹਨ।"

ਨੇਪੋਲੀਅਨ ਨੇ ਮਿੱਤਰ ਨੂੰ ਕਿਹਾ, ਜੀਵਨ ਦੀ ਰੁੱਤ ਬਦਲ ਗਈ ਹੈ ਦੋਸਤ! ਹੁਣ ਇਹ, ਇਸ ਟਾਪੂ ਦੀ ਸਵਤੰਤਰ ਬਾਸ਼ਿੰਦੀ ਹੈ ਅਤੇ ਅਸੀਂ, ਗੁਲਾਮ! ਅਸੀਂ ਇਕ ਪਾਸੇ, ਲਾਂਭੇ ਹੋ ਜਾਈਏ, ਇਸ ਦੇ ਮਾਰਗ ਤੋਂ!

ਤਾਂ ਗੁਰੂ ਨਾਨਕ ਪਾਤਸ਼ਾਹ, ਧਰਤੀ ਦੇ ਹਰ ਮਨੁੱਖ ਦੇ ਜੀਵਨ ਵਿਚ ਆ ਰਹੇ ਉਤਾਰ-ਚੜ੍ਹਾਅ ਦੇ ਪ੍ਰੀਪੇਖ ਵਿਚ, ਇਹ ਸਬਦ ਉਚਾਰਣ ਕਰਦੇ ਹਨ—

"ਸੂਰਜ ਏਕੋ ਰੁਤਿ ਅਨੇਕ...।"

# ਆਖਾ ਜੀਵਾ ਵਿਸਰੈ ਮਰਿ ਜਾਉ

ਜੀਵਾਤਮਾ ਦਾ ਵਿਲਾਪ, ਕੋਈ ਗੁਰੂ ਵਾਲਾ, ਕੋਈ ਵਿਰਲਾ, ਆਤਮ ਬੋਧ ਵਾਲਾ ਸੁਣ ਸਕਦਾ ਹੈ। ਇਕ ਗੰਦੀ, ਗਲੀਜ਼ ਬਸਤੀ ਵਿਚ ਰਿਹਾਇਸ਼। ਹਰ ਪਾਸੇ, ਇਸ ਪਿੰਡ ਵਿਚ, ਚੋਰੀ, ਯਾਰੀ, ਕਤਲ ਔਰ ਕਾਮ ਭੋਗ ਦੀ ਹੀ ਚਰਚਾ ਹੁੰਦੀ ਹੈ। ਮੈਂ ਪ੍ਰਮਾਤਮਾ ਦੀ ਧੀ ਆਤਮਾ, ਸ਼ੁਭ ਮਤਿ ਲੈ ਕੇ ਆਈ। ਪਰ ਇਥੇ ਹਰ ਪਾਸੇ ਗੰਦੀਆਂ ਗੱਲਾਂ ਦਾ ਰੌਲਾ ਪਿਆ ਰਹਿੰਦੈ। ਹੇ ਮੇਰੇ ਰੱਬ! ਮੈਨੂੰ ਬੋਲਣ ਦੀ ਆਗਿਆ ਨਹੀਂ। ਕਈ ਜਨਮ ਬਿਤੀਤ ਹੋ ਗਏ।

ਇਹ ਪਿੰਡ, ਇਹ ਮਲੀਨ ਬਸਤੀ, ਸਾਡੀ ਉਹ ਦੇਹ, ਸਾਡਾ ਸਰੀਰ, ਜਿਸ ਵਿਚ ਆਤਮਾ ਵੀ ਰਹਿੰਦੀ ਹੈ, ਸਾਨੂੰ ਪਤਾ ਨਹੀਂ। ਇਹ ਮਲੀਨ ਬਸਤੀ 'ਚੋਂ ਬਾਹਰ ਨਿਕਲ ਜਾਣ ਦੀ ਤੜਫ! ਭਗਤ ਕਬੀਰ ਜੀ, ਆਤਮ-ਭਾਵ ਨੂੰ ਪ੍ਰਗਟ ਕਰਦੇ ਹਨ—

"ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ॥"

ਮੇਰੀ ਦੇਹ ਗਾਂਵ ਹੈ, ਪਿੰਡ ਹੈ, ਜਿੱਥੇ ਮੈਂ ਰਹਿੰਦੀ ਹਾਂ। ਕਹਿਣ ਨੂੰ ਜੀਵਾਤਮਾ ਇਸ ਪਿੰਡ ਦੀ ਸੁਆਮੀ ਹੈ। ਪਰ ਇਸ ਪਿੰਡ ਵਿਚ, ਪੰਜ ਚਰਿੱਤਰਹੀਨ ਲੋਗ ਵੀ ਰਹਿੰਦੇ ਹਨ। ਪੰਜ ਇੰਦਰੀਆਂ, ਅੱਖਾਂ, ਨੱਕ, ਕੰਨ, ਰਸਨਾ ਅਤੇ ਇੰਦ੍ਰੀ! ਇਹ ਪੰਜੇ ਹਰ ਵੇਲੇ ਭੋਗ ਹੀ ਮੰਗਦੇ ਹਨ। ਕਿਸੇ ਵੇਲੇ ਰੱਬ ਚੇਤੇ ਨਹੀਂ ਆਉਂਦਾ। ਤਾਂ ਭਗਤ ਕਬੀਰ ਕਹਿੰਦੇ ਹਨ—

"ਬਾਬਾ ਅਬ ਨ ਬਸਉ ਇਹ ਗਾਉ॥"

ਪੰਜਵੇਂ ਪਾਤਸ਼ਾਹ, ਇਸੇ ਆਤਮ ਬ੍ਰਿਥਾ ਨੂੰ ਪ੍ਰਗਟ ਕਰਦੇ ਹਨ—

"ਰਿਧਿ ਨਾ ਬੁਧਿ ਨ ਸਿਧਿ ਪ੍ਰਗਾਸ॥
ਬਿਖੈ ਬਿਆਧਿ ਕੇ ਗਾਂਵ ਮਹਿ ਬਾਸ॥" (ਪੰਨਾ 894)

ਨਿਰਦਈ ਸ਼ਿਕਾਰੀਆਂ ਦਾ ਪਿੰਡ! ਹਰ ਪਾਸੇ ਹਿੰਸਾ, ਕ੍ਰੋਧ, ਲੁੱਟ, ਮਾਰ ਦੀ ਗੱਲ! ਬੁੱਧੀ ਦਾ ਵਿਕਾਸ ਨਹੀਂ, ਗਿਆਨ ਦਾ ਪ੍ਰਗਾਸ ਨਹੀਂ। ਹਨੇਰੇ ਵਿਚ, ਹਿੰਸਾ ਭਰਿਆ ਇਹ ਪਿੰਡ... ਔਰ ਉਸ ਵਿਚ ਬਸਰ ਕਰਦੀ ਮੇਰੀ ਜੀਵਾਤਮਾ!

ਮੇਰੇ ਸੁੱਤੇ ਕਰਮ ਜਾਗ ਗਏ! ਮੈਨੂੰ ਸਤਿਗੁਰ ਮਿਲ ਪਏ। ਦੁਖਿਆਰੀ ਦੇ ਦੁੱਖ ਤੋਂ ਦ੍ਰਵਿਤ ਹੋਏ... ਨਾਮ ਦੇ ਦਿੱਤਾ। ਅਥਾਹ ਸਮੁੰਦਰ ਵਿਚ, ਅਨੇਕਾਂ ਹਿੰਸਕ ਮਗਰਮੱਛਾਂ ਵਿਚ, ਭੈਅ ਗ੍ਰਸਤ ਜੀਵ ਨੂੰ ਨਾਮ ਦਾ ਬੇੜਾ ਨਸੀਬ ਹੋ ਗਿਆ। ਪਾਰ, ਪੀਆ ਦੇ ਦੇਸ਼ ਤੱਕ ਪੁੱਜਣ ਲਈ, ਨਾਮ ਦਾ ਸੁਰੱਖਿਅਤ ਬੇੜਾ। ਇਕ ਸਹਾਰਾ... ਇਕ ਸਾਥੀ, ਨਾਮ ਮੇਰੇ ਪ੍ਰਾਣ ਵਿਚ ਰਚ ਵੱਸ ਗਿਆ। ਸਫ਼ਰ ਸੌਖਾ ਹੋਇਆ ਤਾਂ ਪ੍ਰੀਤਮ ਦੇ ਗੀਤ ਬੁੱਲ੍ਹਾਂ 'ਤੇ ਆਏ, ਹਰਿ ਜਸ ਆਰੰਭ ਹੋਇਆ। ਹੁਣ ਇਹ ਨਾਮ, ਮੇਰਾ ਆਧਾਰ, ਨਾਮ ਹੀ ਪਰਿਵਾਰ। ਇਹ ਮੇਰੇ ਜੀਵਨ ਦਾ ਬਿੰਬ ਬਣ ਗਿਆ।

ਗੁਰੂ ਨਾਨਕ ਪਾਤਸ਼ਾਹ, ਇਸ ਅਵਸਥਾ ਦਾ ਪ੍ਰਗਟਾਵਾ ਕਰਦੇ ਹਨ—

"ਆਖਾ ਜੀਵਾ ਵਿਸਰੈ ਮਰਿ ਜਾਉ ॥
ਆਖਣਿ ਅਉਖਾ ਸਾਚਾ ਨਾਉ ॥" (ਪੰਨਾ 6)

ਬਾਹਰ ਸੰਸਾਰ ਨੂੰ ਪ੍ਰਾਪਤ ਕਰਨਾ, ਬਹੁਤ ਸੌਖਾ ਹੈ। ਬਾਹਰ ਸਭ ਕੁਝ ਸਾਡੇ ਸਾਹਮਣੇ। ਬਾਜ਼ਾਰ ਦੀ ਮੰਗ ਅਤੇ ਪੂਰਤੀ ਦਾ ਜਾਇਜ਼ਾ ਲੈ ਕੇ, ਵਾਪਾਰੀ ਸਫ਼ਲਤਾ ਦੇ ਮੰਤਰ ਪੜ੍ਹ ਰਹੇ ਹਨ। ਪਰ, ਇਹ ਗੱਲ ਅੰਦਰ ਦੀ ਹੈ... ਮਸਜਿਦ ਅਤੇ ਮੰਦਰ ਦੀ ਨਹੀਂ। ਰਿਸ਼ਤਿਆਂ, ਪਰਿਵਾਰਾਂ, ਵਾਪਾਰਾਂ ਤੋਂ ਬਹੁਤ ਪਰ੍ਹੇ! ਹੋਰ ਕੋਈ ਨਹੀਂ... ਬਸ ਗੁਰੂ ਦੀ ਯਾਦ, ਪ੍ਰਮਾਤਮਾ ਦੀ ਸਿਮ੍ਰਿਤੀ।

ਇਸ ਸੰਸਾਰ ਵਿਚ, ਪ੍ਰੀਤਮ ਦਾ ਅਤਾ ਪਤਾ ਨਹੀਂ। ਨਾਮ, ਰੂਪ, ਨਿਵਾਸ, ਕੁਝ ਜਾਣਕਾਰੀ ਨਹੀਂ। ਤਾਂ ਮੇਰੇ ਸਤਿਗੁਰ ਉਸ ਦਾ ਨਾਂ, ਕੰਨ ਵਿਚ ਦਸਿਆ। ਇਹ ਨਾਮ, ਸਾਰੇ ਲੋਕ ਵਿਚ ਪ੍ਰਕਾਸ਼ਤ ਹੋਵੇਗਾ। ਅੱਜ ਤਕ ਤੂੰ ਉਸਨੂੰ ਭਾਲਦੀ ਸੈਂ, ਇਸ ਨਾਮ ਨਾਲ ਪੁਕਾਰੀਂ, ਤੂੰ ਜਿੱਥੇ ਵੀ, ਜਿਸ ਵੇਲੇ ਪੁਕਾਰੇਂਗੀ, ਸਾਈਂ ਤੇਰੇ ਸਮੀਪ ਹੀ ਦਿੱਸੇਗਾ। ਉਹ ਤੇਰੇ ਅੰਦਰ ਵੀ ਹੈ, ਬਾਹਰ ਵੀ ਹੈ, ਹਰ ਘਟ ਵਿਚ ਵਿਆਪਤ ਪ੍ਰੀਤਮ! ਪੰਜਵੇਂ ਪਾਤਸ਼ਾਹ, ਪ੍ਰਭੂ ਹੋਂਦ ਦਾ ਅਹਿਸਾਸ ਕਰਵਾਉਂਦੇ ਹਨ :

"ਸੋ ਅੰਤਰਿ ਸੋ ਬਾਹਰਿ ਅਨੰਤ ॥
ਘਟਿ ਘਟਿ ਬਿਆਪਿ ਰਹਿਆ ਭਗਵੰਤ ॥" (ਸੁਖਮਨੀ)

ਮੇਰੇ ਸਤਿਗੁਰ ਕਹਿੰਦੇ, ਉਸ ਦਾ ਨਾਮ, ਪ੍ਰਾਣ ਵਿਚ ਵੱਸ ਜਾਏ, ਤਾਂ ਸੰਸਾਰ ਸਾਗਰ ਵੀ ਸੁਖ ਦੇਣ ਵਾਲਾ ਹੋ ਜਾਂਦੈ। ਜੀਵਨ ਯਾਤਰਾ "ਨੌਕਾ ਵਿਹਾਰ", ਬੇੜੀ ਦੀ ਸੈਰ ਵਾਂਗ ਸੁਖੇਵੀਂ ਬਿਤੀਤ ਹੋ ਜਾਂਦੀ ਹੈ। ਸਿੱਖੀ ਕੋਟ, ਸਤਿਗੁਰ ਦਾ ਸਿਰਜਿਆ ਸੁਰੱਖਿਅਤ ਮਹਿਲ, ਜਿਸ ਵਿਚ ਦੁਖ, ਦਲਿੱਦਰ, ਆਲਸ, ਮਾੜੀਆਂ ਮੰਗਾਂ ਪ੍ਰਵੇਸ਼ ਨਹੀਂ ਕਰ ਸਕਦੀਆਂ।

ਸੰਨ 1868 ਦੀ ਦੀਪ ਮਾਲਾ, ਸਤਿਗੁਰੂ ਰਾਮ ਸਿੰਘ ਜੀ ਨੇ, ਸ੍ਰੀ ਅੰਮ੍ਰਿਤਸਰ ਕੀਤੀ। ਅੱਗੋਂ, ਗੁਜਰਾਂਵਾਲਾ, ਸਿਆਲਕੋਟ ਹੁੰਦੇ ਹੋਏ, ਗੁਰਦਾਸਪੁਰ (ਹੁਣ ਪਾਕਿਸਤਾਨ) ਪੁੱਜੇ। ਪੰਨਵ ਪਿੰਡ ਦੇ ਸ੍ਰ. ਲਹਿਣਾ ਸਿੰਘ ਨੇ ਮੇਲਾ ਮੰਗਿਆ ਸੀ। ਇਹੋ ਲਹਿਣਾ ਸਿੰਘ ਜੀ, 1871 ਵਿਚ ਸ੍ਰੀ ਅੰਮ੍ਰਿਤਸਰ ਸ਼ਹੀਦ ਹੋਏ। ਜਵਾਹਰ ਸਿੰਘ, 22 ਸਾਲਾਂ ਦਾ ਜਵਾਨ, ਪਿੰਡ ਮਿਰਜੇਵਾਲ ਰਹਿੰਦੇ ਸੀ, ਪੰਨਵ ਤੋਂ ਤਿੰਨ-ਚਾਰ ਕੋਹ 'ਤੇ। ਪਿੰਡ ਵਿਚ ਚਰਚਾ ਸੁਣੀ, ਸਤਿਗੁਰੂ ਰਾਮ ਸਿੰਘ, ਕੂਕਿਆਂ ਦੇ ਗੁਰੂ ਦਰਸ਼ਨ ਦੇ ਰਹੇ ਹਨ। ਪਿੰਡ ਤੋਂ ਜਾਂਦੇ ਲੋਗਾਂ ਨਾਲ, ਜਵਾਹਰ ਸਿੰਘ ਵੀ ਟੁਰ ਪਏ। ਮਨ ਵਿਚ ਇਕ ਸ਼ਰਤ, ਇਕ ਧਾਰਣਾ ਬਣਾ ਲਈ, "ਜੇ ਪੂਰਾ ਸਤਿਗੁਰ ਹੋਇਆ, ਤਾਂ ਮੇਰੀ ਬਾਂਹ ਫੜ ਕੇ, ਮੇਰਾ ਨਾਂਅ ਲੈ ਕੇ ਬੁਲਾਉਣਗੇ।" ਪੰਨਵ, ਸੰਗਤ ਵਿਚ, ਆਸਨ ਤੇ ਸਤਿਗੁਰ ਜੀ ਸੁਭਾਇਮਾਨ ਸਨ। ਪੰਗਤ ਵਿਚ, ਜਵਾਨ, ਜਵਾਹਰ ਸਿੰਘ ਵੀ ਮੱਥਾ ਟੇਕਣ ਲਈ ਵੱਧੀ ਗਿਆ। ਜਦੋਂ ਵਾਰੀ ਆਈ, ਸਿਰ ਨਿਵਾਇਆ ਆਸਣ ਤੇ, ਤਾਂ ਸਤਿਗੁਰਾਂ ਨੇ ਹੱਥ ਫੜ ਲਿਆ,

"ਓਏ, ਜਵਾਹਰ ਸਿੰਘਾ! ਅਜੇ ਵੀ ਕੋਈ ਦੇਰ ਹੈ? ਬਸ ਗੁਰੂ ਬਚਨਾਂ ਦਾ ਬਲ, ਆਤਮਾ ਵਿਚ ਉੱਤਰ ਗਿਆ। ਜਵਾਹਰ ਸਿੰਘ, ਗੁਰੂ ਵਾਲਾ ਹੋਇ ਗਿਆ... ਸੰਤ ਜਵਾਹਰ ਸਿੰਘ ਮਿਰਜੇਵਾਲੀਏ! ਨਾਮ ਸਤਿਗੁਰ ਤੋਂ ਲਿਆ, ਕੰਨਾਂ ਰਾਹੀਂ ਰੂਹਾਨੀ ਮੰਡਲ ਅੰਦਰ ਸਥਾਪਿਤ ਹੋਇ ਗਿਆ। ਵਿਆਹ ਹੋ ਗਿਆ ਸੀ, ਅਜੇ ਮੁਕਲਾਵਾ ਨਹੀਂ ਸੀ ਹੋਇਆ। ਸਹੁਰਿਆਂ ਕਿਹਾ, ਇਹ ਕੂਕਿਆਂ ਵਾਲੀ ਕੱਛ, ਇਹ ਬਾਣਾ, ਅੰਗ੍ਰੇਜ਼ੀ ਰਾਜ ਦੇ ਬਾਗ਼ੀਆਂ ਦੀ ਨਿਸ਼ਾਨੀ ਹੈ। ਇਹ ਵਸਤ੍ਰ ਨਹੀਂ ਹੈ, ਮੌਤ ਦਾ ਕਫ਼ਨ ਹੈ। ਪਹਿਲਾਂ ਇਹ, ਕੂਕਿਆਂ ਵਾਲੀ ਕੱਛ ਲਾਹ ਦੇ, ਫੇਰ ਹੀ ਲੜਕੀ ਤੋਰਾਂਗੇ। ਜਵਾਹਰ ਸਿੰਘ ਹੁਣ ਆਤਮ ਧਨੀ ਹੋ ਚੁੱਕਿਆ ਸੀ। ਸੰਸਾਰ ਦੇ ਸਾਰੇ ਰਿਸ਼ਤੇ ਨਾਤਿਆਂ ਤੋਂ ਮੋਹ ਭੰਗ ਹੋ ਗਿਆ। ਇਕ ਸਤਿਗੁਰ ਨਾਲ ਨਾ ਟੁੱਟੇ... ਇਕ ਨਾਮ ਨਾ ਛੁੱਟੇ! ਨਾਮ ਦਾ ਅਸਰ ਹੋਇਆ, ਇੰਦ੍ਰੀਆਂ ਅਧੀਨ ਹੋ ਗਈਆਂ। ਵਾਸਨਾ, ਸੰਸਾਰਕ ਮੰਗਾਂ, ਬਾਹਰ ਹੋ ਗਈਆਂ। ਇਕ ਨਾਮ ਰਹਿ ਗਿਆ, ਅਵਸਥਾ, ਸ੍ਰੀ ਗੁਰੂ ਨਾਨਕ ਦੀ ਦੱਸੀ ਹੋਈ ਆ ਗਈ—

"ਆਖਾ ਜੀਵਾ ਵਿਸਰੈ ਮਰਿ ਜਾਉ॥"

ਨਾਮ ਜਾਂ ਅੰਦਰ ਉਤਰ ਗਿਆ ਤਾਂ ਹਿਰਦੈ 'ਚੋਂ ਰਕਤ ਪ੍ਰਵਾਹ ਵਾਂਗ, ਸਰੀਰ ਦੇ ਪੋਰ-ਪੋਰ ਵਿਚ ਪਹੁੰਚ ਗਿਆ। ਕਹਿੰਦੇ, ਹੁਣ ਇਹ ਮੇਰੇ ਨਾਲ ਹੀ ਜਾਏਗਾ। ਕਿਹਾ, ਮੈਂ ਮਰ ਜਾਵਾਂਗਾ, ਫੇਰ ਵੀ ਰਸਨਾ ਮੇਰੀ ਨਾਮ ਜਪਦੀ ਹੋਵੇਗੀ, ਹੱਥ ਦੇ ਪੋਟੇ, ਮਾਲਾ ਫੇਰਨ ਵਾਂਗ ਚਲਦੇ ਹੋਣਗੇ, ਤੁਸੀਂ ਪਰਵਾਹ ਨਹੀਂ ਕਰਨੀ। ਮੇਰਾ ਸਸਕਾਰ ਕਰ ਦੇਣਾ, ਅਗਨ ਭੇਟ ਕਰ ਦੇਣਾ। ਇਹ ਨਾਮ ਵੀ ਮੇਰੇ ਨਾਲ ਹੀ ਜਾਏਗਾ।

ਨਾਮ, ਦੋ ਰਾਹਾਂ ਤੇ ਗਤੀਸ਼ੀਲ ਹੁੰਦੈ। ਮੂੰਹ ਦਾ ਭਜਨ, ਹੱਥ ਦੀ ਮਾਲਾ, ਬਾਹਰ ਮਾਰਗ ਹੈ। ਇਹ ਨਾਮ ਦੀ ਪਹਿਲੀ ਜਮਾਤ ਹੈ। ਬਾਹਰ ਇਕ ਛੋਟੀ ਜਿਹੀ ਪਨੀਰੀ ਵੱਧਦੀ ਹੋਈ ਪੌਦਾ ਬਣ ਗਈ। ਬਾਹਰ, ਪੌਦੇ ਦਾ ਵਿਕਾਸ ਦਿਸਦੈ, ਦਰਖ਼ਤ ਹੋ ਗਿਆ ਦਿਸਦੈ। ਅੰਦਰ ਧਰਤੀ ਦੇ ਅੰਦਰ, ਗਹਿਰੇ ਵਿਚ ਜੜ੍ਹ ਦਾ ਧਰਤ ਨਾਲ ਹੋਇਆ ਇਕ ਰਿਸ਼ਤਾ, ਜੜ੍ਹ ਦੀ ਧਰਤ ਨਾਲ ਗਲਵਕੜੀ ਨਹੀਂ ਦਿਸਦੀ। ਪਰ ਬਨਸਪਤੀ ਦੇ ਮਾਹਿਰ ਜਾਣਦੇ ਹਨ, ਇਸ ਦੀਆਂ ਜੜ੍ਹਾਂ ਜਦੋਂ ਤੱਕ ਅੰਦਰ ਗਤੀਸ਼ੀਲ ਹਨ, ਇਹ ਦਰੱਖਤ ਦੀਆਂ ਉੱਚੀਆਂ ਫ਼ਨਗੀਆਂ ਵੱਧਦੀਆਂ ਰਹਿਣਗੀਆਂ। ਬਾਹਰ ਸੋਹਣਾ ਸਰੀਰ, ਪਰਿਵਾਰ, ਵਾਪਾਰ, ਸ਼ੋਭਾ, ਸ਼ੋਹਰਤ, ਉਦੋਂ ਤੱਕ ਵਿਕਾਸਸ਼ੀਲ ਹੈ, ਜਦੋਂ ਤੱਕ ਹਿਰਦੇ ਵਿਚ ਨਾਮ ਦੀਆਂ ਮਜ਼ਬੂਤ ਜੜ੍ਹਾਂ ਹਨ। ਇਹ ਵਿਕਾਸ ਦਾ ਇੱਕ ਪ੍ਰੋਸੈੱਸ ਹੈ; ਆਤਮ-ਆਕਾਸ਼ ਦੇ ਅਨੰਤ ਮੰਡਲ ਵੱਲ ਵਿਕਾਸ ਦਾ ਪ੍ਰਾਕ੍ਰਿਤਕ ਪ੍ਰੋਸੈੱਸ। ਇਹ ਕੁਦਰਤ ਦੀ ਕ੍ਰਿਆਸ਼ੀਲਤਾ ਹੁੰਦੀ ਹੈ। ਇਕ ਖਿਨ ਆਉਂਦੈ, ਜਦੋਂ ਬਾਹਰਲੇ ਅੰਗ, ਸਰੀਰ ਦੀਆਂ ਇੰਦ੍ਰੀਆਂ ਅੰਤਰਮੁਖੀ ਹੋਣ ਲੱਗਦੀਆਂ ਹਨ। ਭਗਤ ਲਈ, ਇਹ ਪਰਮ ਆਨੰਦ ਦਾ ਅਵਸਰ ਹੁੰਦੈ। ਘਰ ਦੇ ਸਾਰੇ ਜੀਅ, ਸਤਿ ਬਚਨੀ ਹੋਣ ਲਗਦੇ, ਇਕ ਸੁਰ ਵਿਚ ਹੋਣ ਲੱਗ ਪਏ। ਇਕ ਖਿਨ, ਸੰਪੂਰਨ ਏਕਤਾ, ਜਦੋਂ ਦੂਈ, ਦੂਜਾ ਸਰੀਰ ਦਾ ਭਾਵ ਵੀ ਮੁੱਕ ਗਿਆ। ਪਹਿਲਾਂ, ਇੱਕ ਤੋਂ ਦੋ ਹੋਏ। ਆਤਮਾ ਅਤੇ ਦੇਹ! ਹੁਣ ਇਕ ਵਾਰ ਫਿਰ, ਮੇਰੇ

ਸਤਿਗੁਰ ਦੀ ਕ੍ਰਿਪਾ ਹੋਈ... ਦੋ ਤੋਂ ਇਕ ਹੋ ਰਿਹਾ ਹਾਂ। ਜੀਵ ਰਹਿ ਗਿਆ, ਪਿੰਡ ਖ਼ਾਮੋਸ਼ ਹੋ ਗਿਆ। ਸੰਪੂਰਨ ਵਜੂਦ ਇਕ ਲੈਅ ਵਿਚ! ਪੰਜਵੇਂ ਪਾਤਸ਼ਾਹ, ਆਤਮਜੀਤ ਅਵਸਥਾ ਦੱਸਦੇ ਹਨ। ਮਨ, ਤਨ, ਬੁੱਧ ਅਤੇ ਵਿਵੇਕ (ਅੰਤਹਕਰਨ) ਦਾ ਇਕ ਲੈਅ ਵਿਚ, ਆਤਮਾ ਦੀ ਅਗਵਾਈ ਵਿਚ, ਜੁੜ ਬੈਠਣਾ।

"ਮਨ ਤਨ ਰੰਗਿ ਰਤੇ ਰੰਗ ਏਕੈ॥
ਨਾਨਕ ਜਨ ਕੈ ਬਿਰਤਿ ਬਿਬੇਕੈ॥" (ਸੁਖਮਨੀ)

ਇਹ ਨਾਮ, ਅੰਮ੍ਰਿਤ ਹੈ, ਅਮਰ ਕਰ ਦੇਣ ਵਾਲਾ। ਇਹ ਦੁਰਲੱਭ ਰਤਨ ਹੈ। ਪਰ ਇਸ ਦੀ ਬਿਧੀ, ਇਸ ਦੀ ਮਰਿਆਦਾ, ਸਮਝ ਵਿਚ ਆ ਜਾਏ।

ਕਹਿੰਦੇ ਹਨ, ਇਕ ਵਾਰ, ਕਬੀਰ ਜੀ ਬਾਹਰ ਦੌਰੇ 'ਤੇ ਗਏ ਸਨ। ਇਕ ਮਾਈ, ਬਿਮਾਰ ਬੱਚੇ ਨੂੰ ਲੈ ਕੇ, ਭਗਤ ਕਬੀਰ ਜੀ ਕੋਲ ਆਈ। ਬਹੁਤ ਦੁਖੀ ਸੀ। ਬੱਚਾ ਕਈ ਦਿਨਾਂ ਤੋਂ ਬੇਸੁਰਤਿ ਜਿਹਾ ਹੋ ਗਿਆ ਸੀ। ਵੈਦ, ਹਕੀਮ ਵੀ ਹੱਥ ਖੜੇ ਕਰ ਗਏ। ਹਾਰ ਕੇ ਸੰਤ ਦੀ ਕੁਟੀਆ ਆਈ। ਕਬੀਰ ਜੀ ਘਰ ਨਹੀਂ ਸਨ। ਮਾਤਾ ਲੋਈ ਨੂੰ ਦਇਆ ਆਈ। ਬੱਚੇ ਦੇ ਸਿਰ 'ਤੇ ਹੱਥ ਰੱਖਿਆ ਤੇ ਦੋ ਵਾਰ "ਰਾਮ" ਉਚਾਰਣ ਕੀਤਾ। ਬੱਚਾ ਉੱਠ ਬੈਠਾ। ਨਿਰੋਗ ਹੋਇ ਕੇ, ਮਾਂ-ਪੁੱਤਰ ਪ੍ਰਸੰਨਚਿੱਤ ਘਰ ਨੂੰ ਗਏ। ਕੁਝ ਦਿਨਾਂ ਨੂੰ, ਭਗਤ ਕਬੀਰ ਜੀ ਘਰ ਪਰਤੇ। ਮਾਤਾ ਲੋਈ ਨੇ, ਉਹ ਮਾਈ-ਬੱਚੇ ਵਾਲਾ ਬ੍ਰਿਤਾਂਤ ਸੁਣਾਇਆ ਤਾਂ ਕਬੀਰ ਜੀ ਨਾਰਾਜ਼ ਹੋ ਗਏ। ਮੇਰਾ ਰਾਮ, ਇਤਨਾ ਸਸਤਾ! ਇਕ ਬੱਚੇ ਦੀ ਬਿਆਧਿ ਦੂਰ ਕਰਨ ਲਈ, ਦੋ ਵਾਰ ਨਾਂ ਲਿਆ! ਓ ਭਲੀਏ ਲੋਈਏ, ਇਕ ਵਾਰ ਦਾ ਨਾਂ, ਸਾਰੇ ਜਗ ਦਾ ਰੋਗ ਖੰਡਨ ਦੀ ਸਮਰੱਥਾ ਰਖਦੈ। ਆਧਿ, ਬਿਆਧਿ, ਉਪਾਧਿ, ਸੰਸਾਰ ਦੇ ਸਾਰੇ ਰੋਗਾਂ ਦੀ ਇਕ ਦਵਾ—

"ਸਰਬ ਰੋਗ ਕਾ ਅਉਖਦੁ ਨਾਮੁ॥"

ਸਾਡੇ ਵਿਚ ਦਵੰਦ ਹੈ, ਅੰਤਰ ਵਿਰੋਧ ਹੈ। ਘਰ ਵਿਚ ਏਕਾ ਨਹੀਂ। ਇੰਦ੍ਰੀਆਂ ਇਕ ਸੁਰ ਵਿਚ ਨਹੀਂ ਹਨ। ਨਾਮ ਬਹੁਤ ਵਿਆਪਕ ਅਰਥ ਵਾਲਾ, ਲੋਕ ਪਰਲੋਕ ਦੋ ਜਹਾਨ ਦਾ ਆਨੰਦ ਦੇਣ ਵਾਲਾ। ਪਰ ਆਤਮਾ ਕਹਿੰਦੀ, ਇਸ ਨਾਮ ਦੇ ਬਦਲੇ, ਸੰਸਾਰ ਦੇ ਸੁਖ ਨਾ ਮੰਗ। ਇਹ ਜੀਵਨ, ਸਵਾਸਾਂ ਦਾ ਮੁਹਤਾਜ ਹੈ ਔਰ ਸਵਾਸ, ਮਿਲੇ ਹੋਏ ਲੇਖੇ ਦੇ ਮੁਹਤਾਜ ਹਨ। ਲੇਖ ਤੋਂ ਇਕ ਸਵਾਸ ਵੱਧ ਨਹੀਂ ਲੈ ਸਕਦੇ। ਇਸ ਦਾ ਉਪਯੋਗ, ਇਸ ਦੀ ਵਰਤੋਂ, ਪ੍ਰਮਾਤਮਾ ਨਾਲ ਸੰਵਾਦ ਸਥਾਪਤ ਕਰਨ ਲਈ ਕਰੀਂ। ਇਹ ਸੰਵਾਦ, ਅੰਦਰ ਗਹਿਰੇ ਵਿਚ, ਰੂਹ ਦੇ ਤਲ ਤੇ ਘਟੇਗਾ। ਆਤਮਾ 'ਚੋਂ ਮੌਨ ਪ੍ਰਾਰਥਨਾ ਦੇ ਬੋਲ, ਪ੍ਰਮਾਤਮਾ ਨੂੰ ਖਿੱਚ ਪਾਏਗਾ। ਨਿਰੰਕਾਰ ਉਸੇ ਖਿਨ, ਆਤਮਾ ਦੇ ਕੋਲ-ਕੋਲ, ਪ੍ਰਤੀਤ ਵਿਚ, ਅਨੁਭੂਤੀ ਵਿਚ, ਪ੍ਰਗਟ ਹੋ ਜਾਂਦਾ ਹੈ। ਉਸ ਵੇਲੇ, ਸਰੀਰ ਦੇ ਸਾਰੇ ਅੰਗ, ਸਾਰੀਆਂ ਇੰਦ੍ਰੀਆਂ ਇਕਾਗਰਚਿੱਤ, ਇਕ ਲੈਅ ਵਿਚ ਹੁੰਦੀਆਂ ਹਨ। ਪੰਜਵੇਂ ਪਾਤਸ਼ਾਹ, ਇਸ ਪੁਲਕਿਤ, ਆਤਮ-ਆਨੰਦ ਦਾ ਪ੍ਰਗਟਾਵਾ ਕਰਦੇ ਹਨ :

...ਕਰ ਕਰਿ ਤਾਲ, ਪਖਾਵਜੁ ਨੈਨਹੁ, ਮਾਥੈ ਵਜਹਿ ਰਬਾਬਾ॥
ਕਰਨਹੁ ਮਧੁ ਬਾਸੁਰੀ ਬਾਜੈ ਜਿਹਵਾ ਧੁਨਿ ਆਗਾਜਾ॥
ਨਿਰਤਿ ਕਰੇ, ਕਰਿ ਮਨੂਆ ਨਾਚੈ, ਆਣੈ ਘੂਘਰ ਸਾਜਾ॥"

(ਪੰਨਾ 884)

ਆਤਮਿਕ ਆਨੰਦ ਦਾ ਆਕਾਸ਼ ਹੈ। ਅਨੰਤ ਸੁਖਾਂ ਦਾ ਤਲ! ਹੱਥ ਤਬਲੇ ਤੇ ਤਿੰਨ ਤਾਲ ਵਜਾ ਰਹੇ ਹਨ। ਨੈਨ ਹਰਖ ਵਿਚ ਪਖਾਵਜ ਅਤੇ ਮੱਥੇ 'ਚੋਂ ਰੱਬੀ ਰਬਾਬ ਮਧੁਰ ਮਧੁਰ ਵੱਜ ਰਹੀ ਹੈ। ਕੰਨ ਵਿਚ, ਜਿਵੇਂ ਕਾਨ੍ਹ ਦੀ ਬਾਂਸੁਰੀ ਵੱਜ ਉੱਠੇ, ਜਿਹਵਾ ਤੋਂ ਅਨਹਦ ਨਾਦ, ਸਾਰੇ ਮਨ ਤਨ ਵਿਚ ਤਰੰਗਤ ਹੋ ਰਿਹੈ। ਮਨ, ਨਿਰਤ ਕਰ ਰਿਹੈ ਔਰ ਘੁੰਘਰੂ ਦੀ ਛਣਕਾਰ ਸੰਮੋਹਤ ਕਰ ਰਹੀ ਹੈ। ਇਹ ਸੁਰਤਿ ਦਾ ਸ਼ਿਖਰ ਹੈ। ਪਰਮ ਆਨੰਦ ਦੀ ਅਵਸਥਾ। ਆਤਮਾ ਔਰ ਪ੍ਰਮਾਤਮਾ ਦਾ ਸੰਵਾਦ ਸਥਾਪਤ ਹੋ ਗਿਆ ਹੈ। ਦੇਹ ਔਰ ਆਤਮਾ, ਸੰਸਾਰ ਔਰ ਨਿਰੰਕਾਰ, ਸਿਰਜਨ ਅਤੇ ਸਿਰਜਨਹਾਰ ਅਭੇਦ ਹੋ ਗਏ ਹਨ। ਇਸ ਅਵਸਥਾ ਵਿਚ ਮੂੰਹ ਤੋਂ ਨਿਕਲੇ ਬੋਲ "ਆਕਾਸ਼ਬਾਣੀ" ਹੁੰਦੀ ਹੈ। ਇਹਨਾਂ ਬੋਲਾਂ ਦੀ ਕਾਟ, ਪ੍ਰਮੇਸ਼ਵਰ ਵੀ ਨਹੀਂ ਕਰਦਾ।

ਸੰਤ ਆਲ੍ਹਾ ਸਿੰਘ ਦਸਦੇ ਸਨ, ਸਤਿਗੁਰੂਾਂ ਦੇ ਵਿਯੋਗ ਵਿਚ, ਸੰਤ ਜੀਊਣ ਸਿੰਘ ਹੁਰਾਂ ਨੂੰ ਸਰੀਰ ਦੀ ਸੁੱਧ ਨਾ ਰਹਿੰਦੀ। ਰਾਤ ਸਾਰੀ ਦੁਨੀਆ ਸੌਂ ਜਾਂਦੀ, ਸੰਤ ਮੰਜੇ ਦੇ ਪਾਵੇ ਤੇ ਹਿੱਕ ਰੱਖ ਦੇਂਦੇ ਔਰ ਦਰਦ ਭਰੀ ਆਵਾਜ਼ ਦੇਂਦੇ, ਹਾਇ, ਗੁਰੂ ਰਾਮ ਸਿੰਘ! ਉਸੇ ਵੇਲੇ, ਪ੍ਰਦੇਸੀ ਪ੍ਰੀਤਮ, ਪ੍ਰਗਟ ਹੋ ਜਾਂਦੇ, "ਹਾਂ ਬੱਚਾ ਜੀਊਣ!" ਕਿੰਨੀ-ਕਿੰਨੀ ਦੇਰ ਤੱਕ, ਅੰਦਰੋਂ, ਵਾਰਤਾ ਦੀਆਂ ਵਾਜਾਂ ਆਉਂਦੀਆਂ ਰਹਿੰਦੀਆਂ। ਬਹੁਤ ਖਿੱਚ ਸੀ, ਉਹਨਾਂ ਦੇ ਨਾਮ ਵਿਚ! ਸੰਤਾਂ ਲਈ ਸੰਸਾਰ ਕਿਤੇ ਪਿੱਛੇ ਛੁੱਟ ਗਿਆ। ਕੋਲ ਰਹਿ ਗਿਆ, ਸਤਿ-ਸੰਤੋਖ ਔਰ ਗਿਆਨ। ਤਾਂ ਮੇਰੇ ਸਤਿਗੁਰ, ਪੰਜਵੇਂ ਗੁਰੂ ਨਾਨਕ ਕਹਿੰਦੇ—

"ਰਤਨ ਜਵੇਹਰ ਨਾਮ॥ ਸਤੁ ਸੰਤੋਖੁ ਗਿਆਨ॥" (ਪੰਨਾ 893)

ਇਹ ਨਿਰਮੋਲਕ ਰਤਨ ਨਾਮ ਹੈ, ਜਿਹੜਾ ਸਤਿਗੁਰ ਤੋਂ ਮਿਲਿਐ। ਮੌਨ ਦੀ ਗਹਿਰੀ ਘਾਟੀ! ਇੱਥੇ ਬਾਹਰਲੇ ਸੰਸਾਰ ਦੀ, ਕੋਈ ਸ਼ੈਅ ਦੀ ਪਹੁੰਚ ਨਹੀਂ। ਨਾਮ, ਉਸ ਸੁੰਨ ਵਿਚ, ਮੌਨ ਘਾਟੀ ਵਿਚ ਉਤਰ ਜਾਣ ਦਾ ਵਸੀਲਾ ਹੈ। ਇਹ ਪੂਰਨ ਗੁਰੂ ਦਿੰਦਾ ਹੈ, ਪੂਰੇ ਸਿੱਖ ਨੂੰ, ਪਾਤਰ ਜਾਣ ਕੇ।

# ਆਇ ਬਸਹੁ ਘਰ ਦੇਸ ਮਹਿ

ਧਰਤੀ, ਸੂਰਜ, ਚੰਦ, ਨਛੱਤਰ, ਮੰਡਲ ਦੇ ਅਨੇਕਾਂ ਗ੍ਰਹਿ, ਉਪਗ੍ਰਹਿ ਦਿਸਦੇ ਹਨ। ਸਪੇਸ ਸਾਇੰਸ ਨੇ ਕਈਆਂ ਦੀ ਜਾਣਕਾਰੀ ਪ੍ਰਾਪਤ ਕਰ ਲਈ ਹੈ, ਕਈਆਂ ਦੀ ਖੋਜ ਚੱਲ ਰਹੀ ਹੈ। ਇਹਨਾਂ ਸਾਰਿਆਂ ਦੇ ਮੱਧ... ਧਰਤੀ, ਸੂਰਜ, ਚੰਦ ਦੇ ਵਿਚਾਲੇ, ਕਰੋੜਾਂ ਮੀਲਾਂ ਦਾ ਰਿਕਤ ਆਕਾਸ਼ ਹੈ... ਗਗਨ ਮੰਡਲ! ਇਕ ਦਿਨ, ਧਰਤੀ, ਸੂਰਜ, ਚੰਦ ਸਹਿਤ ਸਾਰੇ ਦਿਸਦੇ ਗ੍ਰਹਿ, ਉਪ ਗ੍ਰਹਿ ਨਸ਼ਟ ਹੋ ਜਾਣਗੇ। ਕੁਦਰਤ ਦੀ ਵਿਵਸਥਾ ਵਿਚ... ਗੁਰੁੱਤਵਾ ਕਰਖਣ ਦੇ ਰਿਸ਼ਤੇ ਵਿਚ, ਮਾੜਾ ਜਿਹਾ ਅਸੰਤੁਲਨ, ਸਾਰਿਆਂ ਨੂੰ ਨਸ਼ਟ ਕਰ ਦੇਵੇਗਾ। ਸਿਰਫ ਆਕਾਸ਼ ਰਹਿ ਜਾਏਗਾ, ਅਨੰਤ ਗਗਨ ਮੰਡਲ! ਗਗਨ ਦਾ ਅਰਥ ਹੈ, ਅਵਰੋਧ ਤੋਂ ਹੀਨ, ਗਮਨ ਦਾ ਮਾਰਗ। ਅਬਾਧ ਸੁੰਨ ਮੰਡਲ। ਦਸਮ ਦੁਆਰ ਨੂੰ ਭੀ "ਗਗਨ" ਕਹਿ ਕੇ, ਗੁਰਬਾਣੀ ਵਿਚ, ਕਈ ਥਾਵਾਂ ਤੇ ਸੰਬੋਧਤ ਕੀਤਾ ਗਿਆ ਹੈ—

"ਗਗਨਿ ਨਿਵਾਸਿ, ਸਮਾਧਿ ਲਗਾਵੈ॥" (ਆਸਾ ਮਹਲਾ 1)

ਇਹ ਆਕਾਸ਼... ਇਹ ਗਗਨ, ਬ੍ਰਹਮ ਥਾਂਉ ਹੈ... ਨਿਰੰਕਾਰ ਨਿਵਾਸ। ਇਹ, ਅਨੰਤ ਹੈ। ਇਹ ਅਦਿੱਖ ਆਕਾਸ਼, ਅਮਿੱਟ ਹੈ। ਦਿਸਦੇ ਸਾਰੇ ਲੋਕ ਮਿਟ ਜਾਣਗੇ, ਨਾ ਦਿਸਦਾ, ਇਹ "ਬ੍ਰਹਮ ਠਾਓ" ਸਦਾ ਰਹੇਗਾ। ਭਗਤ ਕਬੀਰ ਜੀ, ਇਸ ਬਾਬਤ ਦਸਦੇ ਹਨ—

"ਆਕਾਸਿ ਗਗਨੁ, ਪਾਤਾਲਿ ਗਗਨ ਹੈ, ਚਹੁ ਦਿਸਿ ਗਗਨ ਰਹਾਇਲੇ॥
ਆਨਦ ਮੂਲੁ ਸਦਾ ਪੁਰਖੋਤਮੁ, ਘਟੁ ਬਿਨਸੈ, ਗਗਨੁ ਨ ਜਾਇਲੇ॥"
(ਪੰਨਾ 870)

ਧਰਤ, ਆਕਾਸ਼, ਪਾਤਾਲ, ਹਰ ਥਾਂ, ਇਹ ਗਗਨ ਵਰਤ ਰਿਹੈ। ਇਕ ਦਿਨ ਸਾਰੇ ਪਿੰਡ, ਪਦਾਰਥ ਮਿਟ ਜਾਣਗੇ, ਇਹ ਗਗਨ ਫੇਰ ਵੀ ਰਹੇਗਾ। ਗੁਰੂਆਂ-ਸੰਤਾਂ ਨੇ, ਇਸ ਆਕਾਸ਼ ਦੀ ਸੀਮਾ ਮਾਪਣ ਦਾ ਸੰਕਲਪ ਕੀਤਾ ਤਾਂ ਵੇਖਿਆ, ਜੀਵ, ਨਿਰਜੀਵ, ਜੜ੍ਹ, ਚੇਤਨ, ਹਰ ਥਾਂ ਇਹ ਸੁੰਨ ਮੰਡਲ, ਆਕਾਸ਼, ਮੌਜੂਦ ਹੈ। ਪੰਜਵੇਂ ਪਾਤਸ਼ਾਹ, ਸੂਹੀ ਰਾਗ ਵਿਚ, ਇਸ ਵਿਸ਼ੇ ਨੂੰ ਖੋਲ੍ਹਦੇ ਹਨ—

"ਸਹਸ ਘਟਾ ਮਹਿ ਏਕੁ ਆਕਾਸੁ॥
ਘਟ ਫੂਟੇ ਤੇ ਓਹੀ ਪ੍ਰਗਾਸ॥" (ਪੰਨਾ 736)

ਹਰ ਘਟ ਵਿਚ ਉਹ ਵਸਦੈ... "ਘਟ ਘਟ ਮੈ ਹਰਿ ਜੂ ਬਸੈ!

ਸਰੀਰ ਮਰ ਗਿਆ, ਘਟ ਫੁਟ ਗਿਆ... ਅੰਦਰਲਾ ਆਕਾਸ਼, ਪਰਮ ਆਕਾਸ਼ ਵਿਚ... ਜੋਤਿ, ਪਰਮਜੋਤਿ ਵਿਚ ਲੀਨ ਹੋ ਗਈ।

ਮਨੁੱਖੀ ਜੀਵਨ! ਕਾਲ ਦਾ ਇਕ ਬਹੁਤ ਛੋਟਾ ਜਿਹਾ ਖੰਡ ਹੈ। ਪਰਮਜੋਤਿ ਤੋਂ ਵਿਛੜੀ, ਕਿਸੇ ਦੇਹ ਦਾ ਆਕਾਰ ਲਿਆ... ਉਮਰ ਹੰਢਾਈ ਔਰ ਮਰ ਗਿਆ। ਜੋਤ ਮੁੜ ਪਰਮਜੋਤਿ ਵਿਚ ਲੀਨ ਹੋ ਗਈ। ਬਸ ਇਤਨੀ ਕੁ ਜੀਵਨ ਕਥਾ ਹੈ—ਸ਼ਾਇਰ ਅਕਬਰ ਇਲਾਹਾਬਾਦੀ ਕਹਿੰਦੈ—

"ਕਿਆ ਕਹੇਂ ਅਹਿਬਾਬ, ਕਿਆ ਕਾਰੇ ਨਿਕਾਯਾ ਕਰ ਗਏ।
ਬੀ.ਏ. ਕੀਆ, ਨੌਕਰ ਹੂਏ, ਪੈਂਸ਼ਨ ਮਿਲੀ ਔਰ ਮਰ ਗਏ।"

ਜੀਵਾਤਮਾ, ਪ੍ਰਭੂ ਲੋਕ ਵਿਚ ਸੁਖੀ ਵਸਦੀ ਸੀ। ਪਤਾ ਨਹੀਂ, ਕਿਹੜੀ ਭੁੱਲ ਹੋਈ, ਮਿਰਤ ਲੋਕ ਤੇ ਸੁੱਟੀ ਗਈ। ਜੁਗ ਬੀਤ ਗਏ। ਜਨਮ-ਦਰ-ਜਨਮ, ਜੂਨ-ਦਰ-ਜੂਨ... ਮੁੱਦਤਾਂ ਲੰਘ ਗਈਆਂ। ਘਰ ਤੋਂ ਬੇਘਰ ਹੋ ਗਈ। ਦੇਸ਼ ਤੋਂ ਨਿਕਾਲਾ ਹੋਇਆ। ਹਾਇ ਵੇ! ਮੈਂ ਪਰਦੇਸਣ ਹੋਈ। ਜਨਮਾਂ-ਜਨਮਾਂ ਦੇ ਦੁਖ, ਸੰਤਾਪ, ਵੈਰ, ਵਿਰੋਧ... ਭਰਿਆ ਜੀਵਨ ਹੰਢਾਇਆ। ਪੰਜਵੇਂ ਪਾਤਸ਼ਾਹ ਕਹਿੰਦੇ ਹਨ—

ਬੈਰ ਬਿਰੋਧ ਕਾਮ ਕ੍ਰੋਧ ਮੋਹ॥ ਝੂਠ ਬਿਕਾਰ ਮਹਾ ਲੋਭ ਧ੍ਰੋਹ॥
ਇਆਹੂ ਜੁਗਤਿ ਬਿਹਾਨੇ ਕਈ ਜਨਮ॥
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥ (ਸੁਖਮਨੀ)

ਦੁਖਿਆਰੀ ਜੀਵਾਤਮਾ—

"ਇਕ ਵਾਰ ਜੋ ਤੈਥੋਂ ਦੂਰ ਹੋਈ, ਫਿਰ ਆਨ ਬਲਾਵਾਂ ਗਲ ਪਈਆਂ।
ਕੀ ਦੱਸਾਂ ਹਾਲ ਪਰਦੇਸਣ ਦਾ, ਕਿਵੇਂ ਕੱਖਾਂ ਦੇ ਵਿਚ ਰੁਲ ਗਈਆਂ।"

ਬਾਹਰ ਦੇ ਸੰਸਾਰ ਦਾ ਤਾਂ ਗਿਆਨ ਬਹੁਤ ਹੋਇਆ। ਧਰਤੀ, ਨਦੀਆਂ, ਪਹਾੜਾਂ, ਖੇਤਾਂ, ਖਨਿਜਾਂ, ਜੰਗਲਾਂ, ਜਾਨਵਰਾਂ ਬਾਬਤ ਬਹੁਤ ਕੁਝ ਜਾਣਦਾ ਹਾਂ, ਪਰ ਆਪਣੇ ਬਾਬਤ ਬਹੁਤ ਅਲਪ, ਬਾਹਰਲੇ ਭੇਖ ਬਾਬਤ, ਨਾਂ, ਜਾਤ, ਗੋਤ ਅਤੇ ਕੁਝ ਕੁ ਡਿਗਰੀਆਂ ਤੋਂ ਇਲਾਵਾ, ਅੱਜ ਤਾਈਂ ਕੁਝ ਨਹੀਂ ਜਾਣ ਸਕਿਆ; ਮੈਂ ਕੌਣ ਹਾਂ? ਆਦਿ ਸ਼ੰਕਰਚਾਰਿਆ, ਨੌਂ ਸਾਲ ਦੀ ਅਲਪ ਆਯੂ ਵਿਚ ਚਾਰੇ ਵੇਦ, ਛੇ ਸ਼ਾਸਤ੍ਰ, ਅਠਾਰਾਂ ਪੁਰਾਣ ਪੜ੍ਹ ਲਏ, ਕੰਠ ਕਰ ਲਏ। ਸਾਰੇ ਧਰਮ ਗ੍ਰੰਥ ਘੋਖ ਲਏ... ਪਰ ਆਪਣੇ ਤੋਂ ਬਾਰ ਬਾਰ ਪੁੱਛਦੇ, "ਕੋ ਆਹਮ?" ਮੈਂ ਕਉਣ ਹਾਂ?

ਬਾਹਰ ਜਾਣਾ ਸਉਖਾ ਹੈ। ਜਗਤ ਨੂੰ ਜਾਨਣਾ, ਕੋਈ ਵੱਡੀ ਗੱਲ ਨਹੀਂ। ਸਕੂਲ-ਕਾਲਜ ਵਿਚ, ਦਸ-ਵੀਹ ਸਾਲ ਦੀ ਸਿੱਖਿਆ ਸਾਰੀ ਜਾਣਕਾਰੀ ਦੇ ਦੇਂਦੀ ਹੈ। ਪਰ ਹਰ ਮਨੁੱਖ ਦੇ ਅੰਦਰ, ਇਕ ਮੰਦਰ... ਮੰਦਰ ਵਿਚ ਨਿਰੰਤਰ ਜਲਦੀ ਇਕ ਜੋਤ ਨਾ ਵੇਖ ਸਕਿਆ। ਮਨੁੱਖ ਕੋਲ ਕੋਈ ਵਸੀਲਾ ਨਹੀਂ! ਅੰਦਰ ਦੀ ਗੱਲ ਅੰਦਰ ਹੀ ਰਹੀ। ਸਤਿਗੁਰ ਦਰਦੀ ਹੈ ਜ਼ਮਾਨੇ ਦਾ। ਮਨੁੱਖ, ਕੋਈ ਲੱਖ ਜੋੜ ਗਿਆ, ਕੋਈ ਕਰੋੜ ਤੇ ਕੋਈ ਕਈ

ਲੱਖ ਕਰੋੜ! ਅੰਤ, ਪੰਡ ਇੱਥੇ ਹੀ ਰਹਿ ਗਈ... ਜੀਅ ਅਨੰਤ ਦੀ ਯਾਤਰਾ 'ਤੇ ਟੁਰ ਗਿਆ। ਪੰਜਵੇਂ ਸਤਿਗੁਰ, ਦਇਆ ਦੇ ਘਰ ਵਿਚ ਆਏ... ਕਹਿੰਦੇ ਹਨ—

"ਆਇ ਬਸਹੁ ਘਰ ਦੇਸ ਮਹਿ, ਇਹ ਭਲੇ ਸੰਜੋਗ॥
ਨਾਨਕ ਪ੍ਰਭ ਸੁਪ੍ਰਸੰਨ ਭਏ, ਲਹਿ ਗਏ ਬਿਓਗ॥ (ਪੰਨਾ 807)

ਹੇ ਜੀਅ, ਆਪਣੇ ਘਰ ਵਿਚ ਆ। ਸੰਤਾਂ, ਸਤਿਗੁਰਾਂ ਨੇ, ਮਨੁੱਖ ਦੀ ਬਾਹਰਮੁਖੀ ਗਤੀ ਨੂੰ ਅੰਤਰਮੁਖੀ ਕਰਨ ਤੋਂ ਪਹਿਲਾਂ, ਨਿਜ ਮੁਖੀ ਕਰਨ ਦਾ ਰਾਹ ਦਸਿਆ। ਮਨੁੱਖ, ਸਾਰਾ ਦਿਨ, ਬਾਹਰ, ਦੁਕਾਨਾਂ, ਫੈਕਟਰੀਆਂ, ਪੈਲੀਆਂ ਤੇ ਬਾਜ਼ਾਰਾਂ ਵਿਚ ਫਿਰਦਾ ਰਹਿੰਦੈ। ਰਾਤ ਸੌਣ ਤੋਂ ਪਹਿਲਾਂ, ਸੋਚਾਂ ਵਿਚ ਅਤੇ ਸੌਣ ਤੋਂ ਬਾਅਦ ਸੁਪਨਿਆਂ ਵਿਚ ਵੀ, ਬਾਹਰਲੀ ਰੂਪਰੇਖਾ ਹੀ ਖਿੱਚਦਾ ਰਹਿੰਦੈ। ਤਾਂ ਪਹਿਲੀ ਜ਼ਰੂਰਤ ਹੈ, ਇਸ ਮਨੁੱਖ ਨੂੰ ਆਪਣੇ ਪ੍ਰਤੀ ਸੁਚੇਤ ਕਰਨ ਦੀ। ਤਾਂ ਹਜ਼ਾਰਾਂ ਸਾਲ ਪਹਿਲਾਂ ਰਿਸ਼ੀਆਂ ਨੇ, ਸੰਤਾਂ ਨੇ, ਪ੍ਰਾਣਾਯਾਮ ਜਿਹੀਆਂ ਯੋਗ ਬਿਧੀਆਂ ਰਾਹੀਂ, ਮਨੁੱਖ ਨੂੰ ਆਪਣੇ ਪ੍ਰਤੀ ਜਾਗ੍ਰਿਤ ਕੀਤਾ। ਸਵਾਸ ਅੰਦਰ ਜਾ ਰਹੇ ਹਨ, ਅੰਦਰੋਂ ਬਾਹਰ ਆ ਰਹੇ ਹਨ। ਇਸ ਕ੍ਰਿਆ ਪ੍ਰਤੀ ਇਕਾਗ੍ਰਤਾ, ਮਨੁੱਖ ਨੂੰ ਆਪਣੇ ਘਰ, ਆਪਣੇ ਸਰੀਰ ਪ੍ਰਤੀ ਸੁਚੇਤ ਕਰਦੀ ਹੈ। ਹੌਲੀ-ਹੌਲੀ... ਇਕਾਗਰਤਾ ਵਧਦੀ ਹੈ ਤਾਂ ਘਰ ਦੇ ਅੰਦਰ, ਇਕ ਹੋਰ ਘਰ ਦਿਖਾਈ ਦਿੰਦਾ ਹੈ, ਇਹ ਨਿਜ ਘਰ ਹੈ। ਇਹ ਇੱਟਾਂ, ਪੱਥਰਾਂ ਦਾ ਘਰ ਨਹੀਂ। ਇਸ ਦਾ ਆਕਾਰ ਨਹੀਂ, ਪਰ ਇਥੇ ਪੁੱਜਿਆਂ ਪਤਾ ਲੱਗਦੈ, ਇਹ ਸੀਮਾ ਤੋਂ ਰਹਿਤ ਹੈ... ਅਸੀਮ ਹੈ। ਸੂਰਜ, ਚੰਦ, ਧਰਤੀ ਸਾਰੇ ਲੋਕ, ਬ੍ਰਹਮਾਂਡ ਇਸ ਵਿਚ ਸਮਾਏ ਹੋਏ ਹਨ। ਤਾਂ ਮੇਰੇ ਸਤਿਗੁਰ ਕਹਿੰਦੇ ਹਨ—

"ਆਇ ਬਸਹੁ ਘਰ ਦੇਸ ਮਹਿ...॥"

ਭਗਵਾਨ ਬੁੱਧ ਨੇ, ਮਨੁੱਖ ਨੂੰ ਆਪਣੀ ਘਰ ਵਾਪਸੀ ਦਾ ਸੰਦੇਸ਼ ਦਿੱਤਾ, "ਵਿਪੱਸਨਾ"। "ਸ੍ਰੀ ਸਤਿਅ ਨਾਰਾਇਣ ਗੋਇਨਕਾ" ਬਰਮਾ ਦੇ ਜੰਗਲਾਂ ਵਿਚ ਬੋਧ ਮੱਠ ਵਿਚ ਸੰਚਾਲਿਤ ਵਿਪੱਸਨਾ ਵਿਧੀ ਨੂੰ, ਦੂਰ-ਦੂਰ ਤੱਕ ਪੁਚਾਇਆ। ਮਹਾਰਾਸ਼ਟਰ ਦੇ ਇਗਤਪੁਰੀ ਦੇ ਵਿਪੱਸਨਾ ਕੇਂਦਰ ਜਾ ਕੇ, ਮੈਂ ਇਸ ਵਿਧੀ ਦਾ ਅਧਿਐਨ ਕੀਤਾ, ਸਾਲ 2010 ਵਿਚ। ਨੱਕ 'ਤੇ ਧਿਆਨ ਇਕਾਗਰ ਕਰਨ ਦਾ ਉਪਰਾਲਾ! ਸਵਾਸਾਂ ਦੇ ਨਾਲ-ਨਾਲ ਫੇਫੜੇ ਤੱਕ, ਹਿਰਦੈ ਤੱਕ ਜਾਣ ਅਤੇ ਮੁੜ ਵਾਪਸ ਬਾਹਰ ਆਉਣ ਦੀ ਗਤੀਵਿਧੀ। ...ਸ਼ਾਇਦ ਕਿਸੇ ਸੁਭਾਗੀ ਵੇਲੇ ਅੰਦਰ ਦਾ ਮੰਦਰ... ਮੰਦਰ ਦੇ ਅੰਦਰ ਜਲਦੀ ਜੋਤਿ ਦੇ ਰੂਬਰੂ ਹੋ ਜਾਈਏ... ਯਾਤਰਾ ਮੁੱਕ ਜਾਏ। ਕਹਿੰਦੇ ਹਨ, ਪੂਰਬਲੇ ਜਨਮਾਂ ਦੇ ਸ਼ੁਭ ਕਰਮ, ਸੰਸਾਰਕ ਬਣ ਕੇ ਜਾਗਦੇ ਹਨ ਤਾਂ ਅੰਤਰ ਪ੍ਰਕਾਸ਼ ਦੀ ਝਲਕ ਮਿਲਦੀ ਹੈ। ਜਾਂ ਫਿਰ, ਸਤਿਗੁਰ ਤੁੱਠੇ, ਮੇਹਰ ਦੀ ਨਦਰ ਨਾਲ, ਉੱਥੇ ਪੁਚਾ ਦੇਵੇ।

ਭਾਈ ਪਾਰੋ ਜੁਲਕਾ, ਡੱਲੇ ਪਿੰਡ, ਕਪੂਰਥਲੇ ਦਾ, ਦੂਜੇ ਪਾਤਸ਼ਾਹ ਦਾ ਜੱਸ ਸੁਣ ਕੇ ਖਡੂਰ ਸਾਹਿਬ ਆਇਆ। ਪਾਤਸ਼ਾਹ, "ਬ੍ਰਹਮ ਗਿਆਨੀ" ਦੀ ਕਥਾ ਸੁਣਾ ਰਹੇ ਸਨ। ਭੋਗ ਉਪਰੰਤ, ਭਾਈ ਪਾਰੋ ਨੇ ਅਰਜ਼ ਕੀਤੀ—ਸਤਿਗੁਰ ਜੀ, ਬ੍ਰਹਮ ਗਿਆਨੀ

ਦੀ ਕੀ ਪਛਾਣ ਹੈ? ਉਸ ਅਵਸਥਾ ਨੂੰ ਕਿਵੇਂ ਪ੍ਰਾਪਤ ਕਰ ਸਕਦੇ ਹਾਂ?

ਸਤਿਗੁਰ ਜੀ ਨੇ, ਆਪਣੇ ਮੁਖਾਰਬਿੰਦ ਤੋਂ ਦੱਸਿਆ—

"ਜਿਵੇਂ ਹੰਸ ਕੋਲ ਨੀਰ–ਛੀਰ ਵਿਵੇਕ ਹੁੰਦੈ। ਦੁੱਧ ਅਤੇ ਪਾਣੀ ਨੂੰ ਵੱਖਰਿਆਂ ਕਰਨ ਦੀ ਜੁਗਤ, ਉਸ ਦੀ ਚੁੰਝ ਵਿਚ ਹੁੰਦੀ ਹੈ। ਚੁੰਝ ਦੁੱਧ ਵਿਚ ਪਾਉਂਦਿਆਂ, ਇਕ ਛਾਰ ਜਿਹਾ ਦ੍ਰਵ ਨਿਕਲਦਾ ਹੈ, ਜਿਹੜਾ ਦੁੱਧ ਨੂੰ ਪਾੜ ਕੇ, ਪਾਣੀ ਵੱਖਰਾ ਕਰ ਦਿੰਦਾ ਹੈ। ਉਵੇਂ ਹੀ ਬ੍ਰਹਮ ਗਿਆਨੀ ਪੁਰਸ਼, ਸਤਿ ਅਤੇ ਅਸਤਿ ਨੂੰ ਵੱਖਰਿਆਂ ਕਰ ਲੈਂਦੇ ਹਨ। ਅਸੱਤ ਸੰਸਾਰ ਤੋਂ ਨਿਰਲੇਪ, ਉਦਾਸੀਨ ਰਹਿ ਕੇ "ਸਤਿ" ਪ੍ਰਮੇਸ਼ਰ ਨਾਲ ਜੁੜੇ ਰਹਿੰਦੇ ਹਨ।"

ਭਾਈ ਪਾਰੋ ਸੁਣ ਕੇ ਕੁਝ ਉਦਾਸ ਜਿਹਾ ਹੋਇਆ। ਬਹੁਤ ਕਠਿਨ ਅਤੇ ਦੀਰਘਕਾਲ, ਕਈ ਜਨਮਾਂ ਦੀ ਸਾਧਨਾ ਉਪਰੰਤ, ਸ਼ਾਇਦ ਪ੍ਰਮੇਸ਼ਰ ਤੁੱਠੇ ਤਾਂ ਇਹ ਥਾਂ ਨਸੀਬ ਹੋਵੇ। ਘਟ–ਘਟ ਦੀ ਜਾਨਣ ਵਾਲੇ ਸਤਿਗੁਰਾਂ, ਭਾਈ ਪਾਰੋ ਦੇ ਸਿਰ 'ਤੇ ਹੱਥ ਰਖਿਆ, ਅੰਤਰ ਦ੍ਰਿਸ਼ਟੀ ਖੋਲ੍ਹ ਦਿੱਤੀ। ਇਕ ਖਿਨ ਵਿਚ ਪਾਰੋ, ਬ੍ਰਹਮ ਗਿਆਨੀ ਹੋਇ ਗਿਆ। ਨਜ਼ਰ ਕਰਦਾ ਤਾਂ ਪਹਾੜ ਇਕ ਪਾਸੇ ਹੋ ਖਲੋਂਦੇ ਸਨ। ...ਆਪਣੇ ਗੁਰੂ ਦੇ ਦੀਦਾਰ ਨੂੰ ਸਣੇ ਘੋੜਾ, ਸਾਉਣ ਭਾਦੋਂ ਦੀ ਹੜ ਨਾਲ ਉਫ਼ਨਦੀ ਬਿਆਸਾ ਵਿਚ, ਛਾਲ ਲਗਾਂਦੇ ਤਾਂ ਬਿਆਸਾ ਖਲੋ ਕੇ ਰਾਹ ਦੇ ਦਿੰਦੀ ਸੀ। ਅੰਤ ਬ੍ਰਹਮ ਗਿਆਨੀ ਵਾਂਗ, ਇੱਛਾ ਮਿਰਤੂ ਨੂੰ ਪ੍ਰਾਪਤ ਹੋਏ।

ਭਗਤ ਪ੍ਰਹਿਲਾਦ ਦੇ ਪਿਤਾ, ਹਰਨਾਕਸ਼, ਮਹਾਨ ਤਪੀਸਰ ਕਸ਼ਯਪ ਰਿਸ਼ੀ ਦੇ ਪੁੱਤਰ ਸਨ। ਮਾਤਾ ਦਿਤੀ, ਯੱਛਰਾਜ ਦੀ ਪੁਤਰੀ ਸੀ। ਮਾਤਾ ਦੇ ਸੰਸਕਾਰ ਪ੍ਰਵੇਸ਼ ਕਰ ਗਏ, ਤਾਂ ਰਿਸ਼ੀ ਬਾਲਕ ਹਰਨਾਕਸ਼ ਅਭਿਮਾਨੀ ਅਸੁਰ ਬਣਿਆ। ਭਲਾ ਸੰਯੋਗ ਬਣਿਆ, ਪ੍ਰਹਿਲਾਦ ਮਾਤਾ ਦੇ ਗਰਭ ਵਿਚ ਸੀ ਤਾਂ ਦੇਵਤਿਆਂ ਅਤੇ ਅਸੁਰ ਹਰਨਾਕਸ਼ ਵਿਚ, ਸੰਗਰਾਮ ਛਿੜ ਗਿਆ। ਸਮੇਤ ਫ਼ੌਜ, ਹਰਨਾਕਸ਼ ਰਣਭੂਮੀ ਵਿਚ, ਕਈ ਦਿਨਾਂ ਤੱਕ ਮਹਿਲ ਤੋਂ ਬਾਹਰ ਰਿਹਾ। ਦੇਵ ਲੋਕ ਵਿਚ ਹਰਨਾਕਸ਼ ਵੱਡੀ ਚਿੰਤਾ ਬਣਿਆ ਹੋਇਆ ਸੀ। ਹੁਣ, ਗਰਭ ਸਥਿਤ ਬਾਲਕ। ਇਸ ਬਾਬਤ ਦੇਵ ਚਰਚਾ ਹੋ ਰਹੀ ਸੀ, ਇਹ ਬਾਲਕ ਜਾਂ ਤਾਂ ਬਹੁਤ ਬਲਵਾਨ ਅਸੁਰ ਰਾਜਾ ਹੋਵੇਗਾ, ਜਾਂ ਬਹੁਤ ਵੱਡਾ ਭਗਤ! ਦੇਵਰਿਸ਼ੀ, ਨਾਰਦ ਨੇ ਜੰਗ ਦੇ ਇਹਨਾਂ ਦਿਨਾਂ ਵਿਚ, ਹਰਨਾਕਸ਼ ਅਤੇ ਫ਼ੌਜ ਦੀ ਗ਼ੈਰ ਹਾਜ਼ਰੀ ਦਾ ਫਾਇਦਾ ਚੁੱਕਿਆ। ਰਾਣੀ ਕਯਾਦੂ ਨੂੰ, ਸੁਰੱਖਿਆ ਦੀ ਪੇਸ਼ਕਸ਼ ਕਰ ਕੇ, ਜੰਗ ਦੇ ਬਿਖਮ ਹਾਲਾਤ ਵਿਚ, ਆਪਣੇ ਨਾਲ ਆਸ਼ਰਮ ਲੈ ਗਏ। ਪੂਰੀ ਸੇਵਾ ਸਤਿਕਾਰ ਨਾਲ ਰਖਿਆ। ਸੰਤਾਂ–ਭਗਤਾਂ ਦੀ ਬਾਣੀ ਅਤੇ ਪ੍ਰਸੰਗ ਸੁਣਾ ਕੇ, ਗਰਭ ਸਹਿਤ ਬਾਲਕ ਦੇ ਜਿੰਸ, (ਸੰਸਕਾਰ) ਬਦਲ ਦਿੱਤੇ। ਦੈਤ ਰਾਜਾ ਹੋਣ ਵਾਲਾ ਬਾਲਕ, ਭਗਤ ਪ੍ਰਹਿਲਾਦ ਜੰਮਿਆ। ਅਸੁਰ ਦਾ ਅਰਥ ਹੈ, ਬੇਸੁਰਾ ਹੋਣਾ। ਮਨ, ਬੁੱਧੀ, ਚਿੱਤ ਅਤੇ ਅਹੰਕਾਰ ਦਾ ਅੰਤਹਕਰਨ ਤੋਂ ਬੇਮੁਖ, ਬੇਸੁਰਾ ਹੋ ਜਾਣਾ। ਦੇਵਰਿਸ਼ੀ ਨੇ, ਆਪਣੀ ਅੰਤਰ ਸ਼ਕਤੀ ਦੇ ਦ੍ਰਿਸ਼ਟੀਪਾਤ

ਨਾਲ, ਸ਼ੁਭ ਸੰਸਕਾਰਾਂ ਯੁਕਤ ਉਹ ਅਵਸਥਾ ਦੇ ਦਿੱਤੀ, ਜਿਸ ਬਾਬਤ ਪੰਜਵੇਂ ਪਾਤਸ਼ਾਹ, ਸੁਖਮਨੀ ਵਿਚ, ਕਹਿੰਦੇ ਹਨ—

"ਮਨ ਤਨ ਰੰਗਿ ਰਤੇ ਰੰਗ ਏਕੈ॥
ਨਾਨਕ ਜਨ ਕੈ ਬਿਰਤਿ ਬਿਬੇਕੈ॥"

ਸੁਰਤ, ਆਪਣੇ ਘਰ ਨਾਲ, ਰੱਬੀ ਜੋਤਿ ਨਾਲ ਜੁੜ ਗਈ।

ਪ੍ਰਾਣੀ, ਪਰਦੇਸ ਵਿਚ ਹੈ। ਇਹ ਸੰਸਾਰ, ਸਾਡਾ ਦੇਸ਼ ਨਹੀਂ। ਪਹਿਲੀ ਸ਼ਰਤ, ਭਗਤ ਲਈ, ਪਰਦੇਸੀ ਦਾ ਭਾਵ ਆ ਜਾਏ... ਫਿਰ ਦੇਸ਼ ਚੇਤੇ ਆਏਗਾ...

"ਹਮ ਤੋ ਹੈਂ ਪਰਦੇਸ ਮੇਂ, ਦੇਸ਼ ਮੇਂ ਨਿਕਲਾ ਹੋਗਾ ਚਾਂਦ॥"

# ਤ੍ਰਿਬਿਧਿ ਜੋਗ

ਯੋਗ ਦਾ ਖੇਤਰ ਬਹੁਤ ਵੱਡਾ ਹੈ। ਆਮ ਜਨ, ਕਪਾਲ ਭਾਂਤੀ, ਇਲੋਮ ਬਿਲੋਮ, ਅਤੇ ਕੁਝ ਆਸਨ ਜਿਹੇ ਕਸਰਤੀ ਕ੍ਰਿਤ ਨੂੰ ਯੋਗ ਸਮਝਦੇ ਹਨ। ਹਜ਼ਾਰਾਂ ਸਾਲ ਪਹਿਲਾਂ, ਮਹਾਂਰਿਸ਼ੀ ਪਤੰਜਲੀ ਨੇ ਯੋਗ ਸੂਤਰ ਲਿਖਿਆ। ਇਸ ਵਿਚ ਸਰੀਰ ਅਤੇ ਇਸ ਦੇ ਸੰਚਾਲਕ ਅੰਗ, ਜਿਵੇਂ ਮਨ, ਬੁੱਧੀ, ਇੰਦ੍ਰੀਆਂ ਨੂੰ ਅਨੁਸ਼ਾਸਤ ਕਰ ਕੇ, ਇਕ ਬਿੰਦੂ ਤੇ ਇਕਾਗਰ ਕਰਨ ਦੀਆਂ, ਕਈ ਵਿਧੀਆਂ ਨੂੰ ਯੋਗ ਵਿਚ ਸ਼ਾਮਲ ਕੀਤਾ ਗਿਆ। ਪੂਰਕ, ਕੁੰਭਕ ਅਤੇ ਰੇਚਕ, ਤਿੰਨ ਵਿਧੀਆਂ, ਚਿੱਤ ਦੀ ਇਕਾਗਰਤਾ ਲਈ ਸਹਾਇਕ ਦੱਸੇ ਗਏ।

ਪੂਰਕ : ਸਵਾਸ, ਪੂਰਾ ਖਿੱਚ ਕੇ ਅੰਦਰ ਲੈ ਜਾਣਾ।

ਕੁੰਭਕ : ਜਿਵੇਂ ਕੁੰਭ ਵਿਚ ਜਲ ਦਾ ਸੰਚੈ ਕਰਦੇ ਹਾਂ; ਉਵੇਂ, ਸਵਾਸਾਂ ਦਾ ਸੰਚੈ, ਫੇਫੜਿਆਂ ਵਿਚ ਕਰਨਾ।

ਰੇਚਕ : ਸਵਾਸਾਂ 'ਚੋਂ ਪ੍ਰਾਣ ਊਰਜਾ ਰੂਪ ਆਕਸੀਜ਼ਨ ਨੂੰ ਫੇਫੜਿਆਂ ਵਿਚ ਸੋਖ ਕੇ, ਬਾਕੀ ਦੀ ਹਵਾ ਨੂੰ ਬਾਹਰ ਕੱਢ ਦੇਣਾ।

ਸਵਾਸ ਲੈਣ ਅਤੇ ਅੰਦਰ ਕੁਝ ਰੱਖ ਕੇ, ਛੱਡਣ ਦਾ ਕਾਰਜ, ਹਰ ਪ੍ਰਾਣੀ ਨਿਰੰਤਰ ਕਰਦਾ ਰਹਿੰਦਾ ਹੈ। ਰਿਸ਼ੀ ਨੇ ਇਸ ਕਾਰਜ ਨੂੰ, ਕੁਝ ਵਿਸ਼ੇਸ਼ ਸਾਵਧਾਨੀ ਅਤੇ ਹੋਸ਼ ਵਿਚ ਰਹਿ ਕੇ ਕਰਨ ਲਈ, ਤਿੰਨ ਨਾਮ ਅਤੇ ਤਿੰਨ ਵਿਧੀਆਂ ਦੇ ਨਾਲ ਜੋੜ ਕੇ, ਯੋਗ ਦਾ ਇਕ ਵੱਖਰਾ ਅਧਿਆਏ ਬਣਾਇਆ।

ਯੋਗ, ਤਿੰਨ ਤਲ ਤੇ ਕ੍ਰਿਆਸ਼ੀਲ ਰਹਿੰਦਾ ਹੈ। ਪਹਿਲਾ, ਸਧਾਰਣ ਵਿਆਯਾਮ ਅਤੇ ਆਸਨਾਂ ਰਾਹੀਂ, ਸਰੀਰ ਦੇ ਅੰਗਾਂ ਵਿਚ ਲਚੀਲਾਪਨ ਲਿਆ ਕੇ, ਸਵੱਸਥ ਸਰੀਰ ਦਾ ਸੰਕਲਪ ਪੂਰਾ ਕੀਤਾ ਜਾਏ।

ਦੂਜਾ ਤੱਲ, ਬਾਹਰੀ ਸੰਸਾਰ ਵੱਲ ਭਟਕਦੀ ਹੋਈਆਂ ਵਿਚਾਰ ਤਰੰਗਾਂ ਨੂੰ ਅੰਤਰਮੁਖੀ, ਆਪਣੇ ਅੰਦਰ ਮੋੜਨ ਦਾ ਪ੍ਰਯਾਸ। ਪ੍ਰਾਣਾਯਾਮ, ਵਿਪੱਸਨਾ ਆਦਿ ਕ੍ਰਿਆਵਾਂ, ਪ੍ਰਾਣੀ ਦਾ ਆਪਣੇ ਪ੍ਰਤੀ ਜਗਿਆਸੂ ਹੋਣ ਦਾ ਅਤੇ ਅੰਦਰਲੀ ਵਿਵਸਥਾ ਨਾਲ ਜਾਣਕਾਰੀ ਪੂਰਨ ਸੰਬੰਧ ਬਣਾ ਲੈਣ ਲਈ, ਇਕ ਵੱਖਰਾ ਅਧਿਆਏ ਹੈ।

ਤੀਜਾ ਤਲ, ਆਪਣੇ ਸਰੀਰ ਦੇ ਅੰਦਰ ਮੌਜੂਦ ਸ਼ਬਦ ਜਾਂ ਪੁਰਖ ਨਾਲ ਸੁਰਤਿ ਜਾਂ ਪ੍ਰਕ੍ਰਿਤੀ ਦਾ ਮਿਲਨ, ਕਰਵਾਉਣ ਦੀ ਪ੍ਰਕਿਰਿਆ। ਇਹ ਯੋਗ ਦਾ ਸਿਖਰ ਹੈ। ਪਤੰਜਲੀ ਇਸ ਯੋਗ ਦੀ ਵਿਆਖਿਆ ਕਰਦੇ ਹਨ—

ਯੋਗਸ ਚਿੱਤ ਵ੍ਰਿਤੀ ਨਿਰੋਧः

"ਤਦਾ ਦ੍ਰਸਟੁ ਸਵਰੂਪੇ ਅਵਸਥਾਨਮੁ"

ਬਾਹਰ ਭਟਕਦੇ ਹੋਏ, ਚਿੱਤ ਦੀਆਂ ਬਿਰਤੀਆਂ ਨੂੰ ਰੋਕ ਕੇ, ਅੰਦਰ ਮੋੜ ਲੈਣਾ। ਇਸ ਕ੍ਰਿਆ ਨੂੰ ਆਪਣੀ ਇਕਾਗਰਤਾ ਅਤੇ ਦ੍ਰਿੜ੍ਹਤਾ ਨਾਲ, ਉਸ ਬਿੰਦੂ ਤੱਕ ਲੈ ਜਾਣਾ, ਪਹਾੜ ਦੇ ਸਿਖਰ ਤੱਕ, ਜਿਥੇ ਸਾਡਾ "ਨਿਜ ਰੂਪ" ਸਾਡੀ ਜੋਤਿ, ਸਾਡੀ ਜੀਵਾਤਮਾ ਬਿਰਾਜਮਾਨ ਹੈ। ਉਸ ਸਿਖਰ ਤੇ ਨਿਜ ਰੂਪ ਦਾ ਦਰਸ਼ਨ ਕਰਨਾ। ਇਹੋ ਥਾਂ, "ਪਰਮ ਪੁਰਖ ਕੀ ਘਾਟੀ", ਬੇਗਮਪੁਰਾ, ਸਵਰਗ ਜਾਂ ਦਿੱਵ ਲੋਕ ਜਿਹੇ ਨਾਵਾਂ ਨਾਲ ਯੋਗੀ ਜਨ ਸੰਬੋਧਤ ਕਰਦੇ ਹਨ।

ਗੁਰੂ ਨਾਨਕ ਪਾਤਸ਼ਾਹ ਨੇ, ਕਈ ਰਾਹਾਂ ਤੋਂ ਯੋਗ ਦੇ ਨਵੇਂ ਆਕਾਸ਼ ਖੋਲ੍ਹੇ। ਕਹਿੰਦੇ ਹਨ, ਰਾਮਕਲੀ ਰਾਗ ਵਿਚ, ਮੇਰੇ ਸਤਿਗੁਰ—

"ਤ੍ਰਿਬਿਧਿ ਲੋਗਾ, ਤ੍ਰਿਬਿਧਿ ਜੋਗਾ॥ ਸਬਦ ਵੀਚਾਰੈ ਚੂਕਸਿ ਸੋਗਾ॥
ਊਜਲੁ ਸਾਚੁ ਸੁ ਸਬਦੁ ਹੋਇ। ਜੋਗੀ ਜੁਗਤਿ ਵੀਚਾਰੇ ਸੋਇ॥"

(ਪੰਨਾ 903)

ਤਿੰਨ ਤਰ੍ਹਾਂ ਦੇ ਲੋਕ ਸੰਸਾਰ 'ਤੇ ਹਨ। ਰਜੋ ਗੁਣੀ, ਸਤੋ ਗੁਣੀ ਅਤੇ ਤਮੋ ਗੁਣੀ। ਇਹਨਾਂ ਤਿੰਨ ਗੁਣਾਂ ਨਾਲ ਸ੍ਰਿਸ਼ਟੀ, ਮਾਇਆ ਨੇ ਬਣਾਈ। ਪੰਜਵੇਂ ਪਾਤਸ਼ਾਹ, ਸੁਖਮਨੀ ਵਿਚ, ਇਹ ਵਿਸ਼ਾ ਖੋਲ੍ਹਦੇ ਹਨ—

"ਰਜ ਗੁਣ ਤਮ ਗੁਣ ਸਤ ਗੁਣ ਕਹੀਐ, ਇਹ ਤੇਰੀ ਸਭ ਮਾਇਆ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ॥"

ਤਿੰਨ ਗੁਣਾਂ-ਸੁਭਾਅ ਵਾਲਾ ਸੰਸਾਰ। ਇਸ ਤੋਂ ਉਪਰ, ਚਉਥੀ ਪਾਇਦਾਨ ਤੇ ਨਿਰਵਾਣ ਪਦ!

ਤਿੰਨ ਤਰ੍ਹਾਂ ਦੇ ਲੋਕ, ਤਿੰਨ ਤਰ੍ਹਾਂ ਦੇ ਕਰਮ, ਤਿੰਨ ਤਰ੍ਹਾਂ ਦੇ ਯੋਗ। ਕਰਮ ਤਿੰਨ ਤਲ ਤੇ ਹੋ ਰਹੇ ਹਨ; ਮਨਸਾ, ਵਾਚਾ, ਕਰਮਣਾ! ਮਨ ਤੋਂ ਕਿਸੇ ਪ੍ਰਤੀ ਮਾੜੀ-ਚੰਗੀ ਸੋਚ! ਬੁੱਧੀ ਤੋਂ ਉਪਜੀ, ਕਿਸੇ ਪ੍ਰਤੀ ਪ੍ਰੀਤ ਦੀ ਸੋਚ ਜਾਂ ਕਿਸੇ ਪ੍ਰਤੀ ਵੈਰੀ ਸੋਚ, ਮਸਤਕ ਜਾਂ ਦਿਮਾਗ ਦੇ ਵਿਚ ਸਥਿਤ ਸੂਖਮ ਸੈੱਲ ਤੰਤੂਆਂ ਵਿਚ, ਰਸਾਇਨਕ ਪ੍ਰਤੀਕ੍ਰਿਆ ਹੁੰਦੀ ਹੈ। ਦਿਮਾਗੀ ਪ੍ਰਤੀਕ੍ਰਿਆ ਸਰੂਪ ਅਸੰਖਾਂ ਵਿਚਾਰ ਤਰੰਗਾਂ, ਵਾਯੂਮੰਡਲ ਵਿਚ ਤਰਦੀਆਂ ਹੋਈਆਂ ਦੂਰ ਤਕ, ਉਸ ਸੱਜਣ ਤੱਕ, ਜਿਸ ਪ੍ਰਤੀ ਸੋਚ ਉਪਜੀ ਹੈ, ਉਸ ਦੇ ਦਿਮਾਗੀ ਤਲ 'ਤੇ ਸਥਿਤ ਸੈੱਲ ਤੰਤੂਆਂ ਤੱਕ ਪਹੁੰਚ ਜਾਂਦੀਆਂ ਹਨ। ਘਰ ਬੈਠਿਆਂ ਹੀ, ਉਸ ਸ਼ਖ਼ਸ ਪ੍ਰਤੀ, ਸਾਡੇ ਵਿਚ ਵੀ ਪ੍ਰੇਮ ਜਾਂ ਘਿਰਨਾ ਦੇ ਭਾਵ ਉਤਪੰਨ ਹੋਣ ਲੱਗਦੇ ਹਨ। ਕੋਈ ਵਿਅਕਤੀ, ਪਹਿਲਾਂ ਕਦੇ ਨਹੀਂ ਮਿਲਿਆ। ਪਹਿਲੀ ਵਾਰ ਮਿਲਦਿਆਂ ਹੀ, ਉਹ ਮਾੜਾ ਜਾਂ ਬਹੁਤ ਪਿਆਰਾ-ਪਿਆਰਾ ਲੱਗਦਾ ਹੈ। ਦੁਨੀਆਂ ਦਾ ਮਸ਼ਹੂਰ ਮਨੋਵਿਗਿਆਨੀ "ਫਰਾਇਡ" ਨੇ 19ਵੀਂ ਸਦੀ ਵਿਚ, ਇਸ ਭਾਵ ਦਾ ਵਿਸ਼ਲੇਸ਼ਣ ਕੀਤਾ ਤਾਂ ਸਪੱਸ਼ਟ ਹੋਇਆ, ਇਸ ਜਨਮ ਵਿਚ ਜਾਂ ਪੂਰਬ ਜਨਮ ਵਿਚ, ਉਸ ਸ਼ਖ਼ਸ ਨੇ, ਮੇਰੇ ਪ੍ਰਤੀ ਬਹੁਤ ਮਾੜੀ ਸੋਚ ਜਾਂ ਵਿਵਹਾਰ ਰੱਖਿਆ। ਉਸ ਦੇ ਦਿਮਾਗੀ ਮੰਡਲ ਤੋਂ ਉਪਜੀਆਂ ਤਰੰਗਾਂ ਨੂੰ, ਤੁਹਾਡੇ ਦਿਮਾਗੀ ਮੰਡਲ ਨੇ ਸੰਚਿਤ ਕਰ ਲਿਆ। ਉਸੇ ਪੂਰਬ

ਆਗ੍ਰਹਿ ਦੇ ਆਧਾਰ 'ਤੇ ਪ੍ਰੀਤ ਜਾਂ ਨਫ਼ਰਤ ਦਾ ਭਾਵ ਤੁਹਾਡੇ ਅੰਦਰ ਉਪਜਿਆ। ਇਹ ਕਰਮ ਦਾ ਪਹਿਲਾ ਤਲ ਹੈ, ਮਨ ਤੋਂ, ਬੁੱਧੀ ਤੋਂ, ਸੋਚ ਦਾ ਤਲ।

ਦੂਜਾ ਤਲ, ਵਚਨਾਂ ਕਰ ਕੇ ਕਿਸੇ ਨਾਲ ਮਾੜਾ ਜਾਂ ਚੰਗਾ ਵਿਵਹਾਰ ਕਰਨਾ। ਬੋਲ ਕੇ ਕਿਸੇ ਨੂੰ ਸੁਖੀ ਕਰਨਾ ਜਾਂ ਦੁਖੀ ਕਰਨਾ। ਮਹਾਂਭਾਰਤ ਦੇ ਅਨੁਸ਼ਾਸਨ ਪਰਵ ਵਿਚ, ਪ੍ਰਸੰਗ ਹੈ, ਜੰਗ ਮੁਕ ਗਈ। ਸਾਰੇ ਕੌਰਵ ਭਾਈ ਅਤੇ ਫੌਜ ਮਾਰੀ ਗਈ। ਧ੍ਰਿਤਰਾਸ਼ਟਰ, ਬਿਦੁਰ ਤੋਂ ਪੁੱਛਦਾ ਹੈ, ਬਿਦੁਰ, ਹਸਤਿਨਾਪੁਰ ਦੇ ਕੌਰਵ ਸਾਮਰਾਜ ਦਾ ਨਾਸ ਕਿਉਂ ਹੋਇਆ? ਤਾਂ ਬਿਦੁਰ ਕਹਿੰਦੇ ਹਨ—

ਰੋਹਿਤੇ ਸਾਇਕੇ ਵਿਧਃ ਬਨਃ ਪਰਸੁਨਾਂ ਹੱਤਮ।
ਵਾਚਾ ਦੁਰੁਕਤਃ ਵਿਭਤਸਃ ਨ ਸਰੋਹਤੀ ਵਾਕ ਛਤਮ॥

ਰਾਜਨ! ਤੀਰਾਂ ਨਾਲ ਦਰੱਖ਼ਤ ਦੇ ਸਾਰੇ ਪੱਤੇ ਝਾੜ ਦਿੱਤੇ ਜਾਣ, ਤਾਂ ਕੁਝ ਸਮੇਂ ਬਾਅਦ, ਉਹ ਦਰੱਖਤ ਫੇਰ ਪੱਤਿਆਂ ਨਾਲ ਭਰ ਜਾਏਗਾ। ਕੁਹਾੜਾ ਲੈ ਕੇ ਜੰਗਲ ਦੇ ਸਾਰੇ ਦਰੱਖਤ ਵੱਢ ਦਿੱਤੇ ਜਾਣ ਤਾਂ ਸਮਾਂ ਪਾ ਕੇ ਉਹਨਾਂ ਦੀਆਂ ਰਹਿ ਗਈਆਂ ਜੜ੍ਹਾਂ ਫਿਰ ਪੁੰਗਰਦੀਆਂ ਹਨ—ਜੰਗਲ ਫਿਰ ਹਰਾ-ਭਰਾ ਹੋ ਜਾਂਦਾ ਹੈ। ਪਰ ਬੋਲੀ ਦੀ ਮਾਰ ਬਹੁਤ ਮਾੜੀ ਹੁੰਦੀ ਏ। ਇੱਕ ਵਾਰ ਕਾਲਜੇ ਵਿਚ ਚੁੱਭ ਜਾਏ, ਫਿਰ ਉਹ ਜ਼ਖ਼ਮ ਨਹੀਂ ਭਰਦਾ। ਦੁਰਯੋਧਨ ਦੇ ਹੰਕਾਰੀ ਬੋਲ ਅਤੇ ਪੁੱਤਰ ਮੋਹ ਕਰ ਕੇ, ਤੁਹਾਡੀ ਚੁੱਪ ਨੇ ਸਵਰਨਾਸ਼ ਕਰ ਦਿੱਤਾ ਹੈ। ਤਾਂ ਦੂਜਾ ਕਰਮ, ਬੋਲਾਂ ਕਰ ਕੇ ਹੁੰਦਾ ਹੈ।

ਤੀਜਾ ਤਲ—ਹੱਥਾਂ ਪੈਰਾਂ ਨਾਲ, ਨੇਤਰਾਂ ਨਾਲ, ਕਿਸੇ ਨਾਲ ਪ੍ਰੀਤ ਕਰਨੀ ਜਾਂ ਝਗੜਾ-ਫ਼ਸਾਦ ਕਰਨਾ। ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਤਿੰਨ ਵੱਖ-ਵੱਖ ਗੁਣਾਂ ਵਾਲੇ, ਰਜੋ ਗੁਣੀ, ਸਤੋ ਗੁਣੀ ਅਤੇ ਤਮੋ ਗੁਣੀ, ਆਪਣੇ ਗੁਣ ਅਤੇ ਉਸੇ ਅਨੁਰੂਪ ਬਣ ਚੁੱਕੇ ਸੁਭਾਅ ਹੇਠ ਕਰਮ ਕਰਦੇ ਹਨ। ਉਹਨਾਂ ਲਈ, ਯੋਗ ਦਾ ਅਰਥ ਭਾਵ ਵੀ ਉਸੇ ਅਨੁਰੂਪ ਹੁੰਦੈ। ਉਹ ਯੋਗ ਵੀ ਸੁਭਾਅ ਅਨੁਸਾਰ, ਕਿਸੇ ਨੂੰ ਮੋਹ ਜਾਲ ਵਿਚ ਫਸਾਉਣ ਲਈ ਜਾਂ ਕਿਸੇ ਪ੍ਰਤੀ ਹਿੰਸਾ ਦੇ ਭਾਵ ਵਿਚ, ਮਾਰੂ ਮੰਤਰਾਂ-ਤੰਤਰਾਂ ਨਾਲ ਯੋਗ ਸਾਧਨਾ ਕਰਦੇ ਹਨ। ਮੇਰੇ ਸਤਿਗੁਰ ਕਹਿੰਦੇ ਹਨ, ਕੋਈ-ਸਤਿਗੁਰ ਦਾ ਸਿੱਖ, ਗੁਰੂ ਤੋਂ ਸਿੱਖਿਆ ਲੈ ਕੇ, ਇਹਨਾਂ ਕਰਮਾਂ ਪ੍ਰਤੀ, ਯੋਗ ਦੀ ਮੂਲ ਭਾਵਨਾ ਪ੍ਰਤੀ ਸੁਚੇਤ ਹੋਵੇਗਾ, ਉਹ ਸੰਸਾਰ ਦੇ ਰਾਗ-ਦਵੇਸ਼ ਤੋਂ, ਹਰਖ-ਸੋਗ ਤੋਂ ਮੁਕਤ ਹੋਵੇਗਾ—

"ਸਬਦੁ ਵੀਚਾਰੈ ਚੂਕਸਿ ਸੋਗਾ॥"

ਯੋਗ, ਮਨੁੱਖ ਨੂੰ ਆਪਣੇ ਨਿਜ ਰੂਪ ਨਾਲ ਜੋੜਨਾ ਅਤੇ ਇਸ ਅੰਤਰ ਬਿਧਿ ਨਾਲ, ਸੰਸਾਰ ਦੇ ਦੁੱਖਾਂ ਤੋਂ ਰਹਿਤ ਕਰਨਾ ਹੈ।

ਰਾਮਾਇਣ ਦਾ ਪ੍ਰਸੰਗ ਹੈ। ਭਗਵਾਨ ਸ੍ਰੀ ਰਾਮ, ਪਿਤਾ ਦੀ ਆਗਿਆ ਲੈ ਕੇ ਬਨਵਾਸ ਨੂੰ ਚਲੇ ਗਏ। ਪਿੱਛੋਂ ਪਿਤਾ ਸ੍ਰੀ ਦੀ ਮੌਤ ਹੋ ਗਈ। ਪਤਾ ਲੱਗਾ, ਬਨਵਾਸ ਕਾਲ ਵਿਚ ਹੀ, ਤਾਂ ਸੋਗ ਕਰਨ ਲੱਗ ਪਏ। ਪਿਤਾ ਵਿਯੋਗ ਤੋਂ ਉਪਜੇ ਸੋਗ ਨੇ, ਸ੍ਰੀ ਰਾਮ ਨੂੰ ਦੁਖੀ ਕਰ ਦਿੱਤਾ। ਤਾਂ ਗੁਰੂ ਵਸ਼ਿਸ਼ਠ ਜੀ ਨੇ, ਸ੍ਰੀ ਰਾਮ ਨੂੰ, ਆਤਮਾ ਅਤੇ

ਪਰਮਾਤਮਾ ਦੇ ਯੋਗ ਦੀ ਸਿੱਖਿਆ ਦਿੱਤੀ। ਇਹ ਸਰੀਰ ਦਾ ਜੀਵਨ ਹੀ ਮਿਲਣ ਵਿਚ ਰੁਕਾਵਟ ਸੀ। ਪਵਨ ਨੇ ਪਵਨ ਨਾਲ ਮਿਲਣਾ ਸੀ, ਜੋਤਿ ਨੇ ਜੋਤਿ ਨਾਲ ਮਿਲਾਪ ਕਰਨਾ ਸੀ। ਇਹ ਸਰੀਰ ਹੀ ਰੁਕਾਵਟ ਬਣਿਆ ਹੋਇਆ ਸੀ। ਸਰੀਰ ਦੀ ਮੌਤ ਤਾਂ ਆਤਮਾ-ਪ੍ਰਮਾਤਮਾ ਦਾ ਯੋਗ ਹੁੰਦੈ। ਇਹੋ "ਯੋਗ ਵਾਸ਼ਿਸ਼ਠ" ਹੈ, ਸੰਸਕ੍ਰਿਤ ਵਿਚ ਰਚਿਆ ਹੋਇਆ ਮਹਾਂਰਾਮਾਇਣ ਗ੍ਰੰਥ!

ਸਾਡੇ ਜੀਵਨ ਦੀ ਬਿਧਿ, ਸੰਸਾਰ ਮੁਖੀ ਹੈ। ਯੋਗ ਦਾ ਅਰਥ ਹੈ, ਬਾਹਰ ਜਾਂਦੀ ਹੋਈ ਸੋਚ ਨੂੰ, ਅੰਤਰ ਮੁਖੀ ਕਰ ਦੇਣਾ। ਇਹ ਸੋਚ ਜਦੋਂ ਅੰਦਰਲੇ ਮੰਦਰ ਵਲ ਆਕਰਸ਼ਤ ਹੋਈ, ਵਧਦੀ ਹੈ ਤਾਂ ਇਹ "ਸੁਰਤਿ" ਬਣ ਜਾਂਦੀ ਹੈ। ਜਿਵੇਂ, ਦੇਵ ਪ੍ਰਯਾਗ ਵਿਖੇ, ਭਾਗੀਰਥੀ ਅਤੇ ਅਲਕਨੰਦਾ, ਦੋ ਵੱਖ-ਵੱਖ ਦਿਸ਼ਾਵਾਂ ਤੋਂ ਆਉਂਦੀਆਂ ਨਦੀਆਂ ਮਿਲਦੀਆਂ ਹਨ, ਤਾਂ ਅੱਗੇ ਦਾ ਪ੍ਰਵਾਹ, "ਗੰਗਾ" ਨਾਂ ਨਾਲ ਸੰਬੋਧਤ ਹੁੰਦੈ।

ਸੰਤਾਂ, ਭਗਤਾਂ ਨੇ, ਯੋਗ ਦੇ ਕਈ ਰਾਹ ਲੱਭ ਲਏ। ਭਗਤੀ ਯੋਗ, ਕਰਮ ਯੋਗ, ਸਾਂਖਿਯ ਯੋਗ, ਗਿਆਨ ਯੋਗ। ਕਿਸੇ ਮਨਭਾਉਂਦੇ ਰਾਹ ਤੋਂ ਚਲੀਏ, ਮੁਕਾਮ ਸਭ ਦਾ ਇੱਕ ਹੈ—"ਨਿਜ ਥਾਂਵ!" ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ, ਕੀਰਤਨ ਨਾਲ ਉਸ ਮੁਕਾਮ ਨੂੰ ਪ੍ਰਾਪਤ ਕਰਨ ਦਾ ਮਾਰਗ ਦਿੱਤਾ। ਜਦੋਂ ਜੁੜਨ ਨੂੰ ਜੀਅ ਲੋਚਦਾ, ਉਦੋਂ ਕਹਿੰਦੇ, "ਮਰਦਾਨਿਆਂ, ਰਬਾਬ 'ਚੋਂ ਕੋਈ ਰੱਬੀ ਸੁਰ ਕੱਢ! ਮਰਦਾਨੇ ਦੇ ਪੋਟੇ, ਰਬਾਬ 'ਤੇ ਥਿਰਕਦੇ, ਕਾਇਨਾਤ ਸੰਗੀਤਮਈ ਹੋਇ ਜਾਂਦੀ ਔਰ ਗੁਰੂ ਨਾਨਕ ਦੇ ਮੁਖੋਂ ਰੱਬੀ ਬਾਣੀ, ਆਲੇ-ਦੁਆਲੇ ਦੇ ਜੀਆਂ ਜੰਤਾਂ ਨੂੰ ਵੀ ਨਿਰੰਕਾਰ ਨਾਲ ਜੋੜ ਦਿੰਦੀ—

"ਰਾਜ ਲੀਲਾ ਤੇਰੈ ਨਾਮਿ ਬਨਾਈ॥
ਜੋਗੁ ਬਨਿਆ, ਤੇਰਾ ਕੀਰਤਨੁ ਗਾਈ॥ (ਪੰਨਾ 385)

ਭਗਤ ਜੈ ਦੇਵ ਜੀ, ਬੀਰਭੂਮ, ਬੰਗਾਲ ਰਹਿੰਦੇ ਸਨ। ਸੰਸਕ੍ਰਿਤ ਅਤੇ ਪ੍ਰਾਕ੍ਰਿਤ ਭਾਸ਼ਾ ਦੇ ਪ੍ਰਕਾਂਡ ਵਿਦਵਾਨ ਸਨ। ਜਿੰਨੀ ਵਿਦਵਤਾ ਸੀ, ਉਤਨੀ ਭਗਤੀ ਵੀ ਹੈ ਸੀ। ਰਾਧਾ-ਕ੍ਰਿਸ਼ਨ ਪ੍ਰੀਤ ਨੂੰ ਚਿਤਰਣ ਵਾਲਾ, ਸੰਸਕ੍ਰਿਤ ਦਾ ਮਹਾਂਕਾਵਿ "ਗੀਤ ਗੋਬਿੰਦ" ਦੇ ਰਚਨਾਕਾਰ। ਭਗਤੀ ਨੂੰ ਯੋਗ ਦਾ ਮਾਰਗ ਬਣਾਇਆ। ਕਹਿੰਦੇ ਹਨ, ਅਸੀਂ, ਹੱਥਾਂ, ਪੈਰਾਂ, ਅੱਖ, ਕੰਨ, ਰਸਨਾ ਨਾਲ ਭਗਤੀ ਕਰਦੇ ਹਾਂ। ਇਹ ਸਾਰੇ ਅੰਗ ਭੌਤਿਕ ਮਿੱਟੀ ਤੋਂ ਬਣੇ ਹੋਏ ਹਨ। ਸਾਰੇ ਆਪਣੇ ਗੁਣ ਸੁਭਾਅ ਅਨੁਸਾਰ, ਭੌਤਿਕ, ਸੰਸਾਰਕ ਪਦਾਰਥਾਂ ਵੱਲ ਖਿੱਚਦੇ ਰਹਿੰਦੇ ਹਨ। ਚਿੱਤ ਵਿਚ ਦਵੰਦ, ਦੋ-ਚਿੱਤੀ ਅਵਸਥਾ ਬਣ ਜਾਂਦੀ ਹੈ। ਬਿਰਤੀ ਇਕਾਗਰ ਨਹੀਂ ਹੁੰਦੀ। ਆਪਣਾ ਅਨੁਭਵ, ਭਗਤ ਜੈ ਦੇਵ ਸਾਂਝਾ ਕਰਦੇ ਹਨ—

"ਹਰਿ ਭਗਤ ਨਿਜ ਨਿਹਕੇਵਲਾ ਰਿਦ ਕਰਮਣਾ ਬਚਸਾ॥
ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ॥" (ਪੰਨਾ 526)

ਭਗਤੀ ਦਾ ਅਰਥ ਹੈ, ਮੇਰਾ ਨਿਜਤੱਵ, ਮੇਰਾ ਨਿਜ ਰੂਪ ਰਹਿ ਜਾਏ... ਹੋਰ ਸਰੀਰ, ਪਰਿਵਾਰ, ਸੰਸਾਰ ਮਿਟ ਜਾਏ। ਮਨ, ਬਚਨ, ਕਰਮ, ਤਿੰਨੇ ਹਿਰਦੇ ਕੋਸ਼ਠ ਵਿਚ

ਮਿਲ ਗਏ। ਕੋਈ ਦਵੰਦ ਨਾ ਰਹੇ, ਖਿੱਚੋਤਾਨ ਨਾ ਰਹੇ। ਯਕੀਨ ਕਰੋ, ਇਸ ਅਵਸਥਾ ਨੂੰ ਜਿਹੜਾ ਭਗਤ ਪ੍ਰਾਪਤ ਹੋ ਗਿਆ, ਉਸ ਨੂੰ ਫਿਰ ਯੋਗ ਦੀ, ਯੱਗ ਦੀ, ਦਾਨ ਦੀ ਜਾਂ ਤਪ ਦੀ, ਕੋਈ ਲੋੜ ਨਹੀਂ ਰਹਿ ਜਾਂਦੀ। ਉਹ ਸਹਜ ਯੋਗ ਨੂੰ ਪ੍ਰਾਪਤ ਹੋ ਜਾਂਦਾ ਹੈ।

ਯੋਗ ਦੀਆਂ ਧਾਰਾਵਾਂ ਵੀ, ਵਗਦੀਆਂ ਹੋਈਆਂ ਨਦੀਆਂ ਵਾਂਗ ਹਨ। ਨਦੀਆਂ, ਕਈ ਵੱਖ-ਵੱਖ ਦਿਸ਼ਾਵਾਂ ਤੋਂ ਵਗਦੀਆਂ, ਅੰਤ ਮਹਾਂਸਾਗਰ ਵਿਚ ਲੀਨ ਹੋ ਰਹੀਆਂ ਹਨ। ਯੋਗ ਵਿਦਿਆ ਵੀ, ਕਈ ਕਲਾਵਾਂ-ਵਿਧਾਵਾਂ ’ਚੋਂ ਵਗਦੀ ਹੋਈ, ਦਸਮ ਦੁਆਰ, ਜਾਂ ਮਹਾਂਘਾਟੀ ਵਿਚ ਜਾ ਮਿਲਦੀ ਹੈ। ਰਾਹ ਅਨੇਕ ਹਨ, ਪਰ ਮੰਜ਼ਿਲ ਇਕ ਹੈ।

ਭਗਤ ਬੇਣੀ ਜੀ, ਤੀਜੇ ਪਾਤਸ਼ਾਹ ਦੇ ਵੇਲੇ, 16ਵੀਂ ਸਦੀ ਦੇ ਵਿਦਵਾਨ, ਧਰਮ ਸ਼ਾਸਤਰਾਂ ਦੇ ਗਿਆਤਾ ਅਤੇ ਪ੍ਰਮੁੱਖ ਵੇਦਾਂਤੀ ਸਨ। ਉਹ “ਕੁੰਡਲਿਨੀ ਯੋਗ” ਦੇ ਮਾਹਿਰ ਵਿਦਵਾਨ ਸਨ। ਹੋਰ ਪ੍ਰਮੁੱਖ ਯੋਗ, ਕੀਰਤਨ, ਕਰਮ, ਭਗਤੀ, ਸਿਮਰਨ ਦੇ ਯੋਗ ਮਾਰਗ, ਨਾਭਿ ਕਮਲ ’ਚੋਂ ਜਾਂ ਹਿਰਦੈ ਕੋਸ਼ਠ ਤੋਂ ਉਠਦੇ ਹਨ ਅਤੇ “ਬ੍ਰਹਮ ਰੰਧਰ” ਵਿਚ ਜਾ ਮਿਲਦੇ ਹਨ। ਕੁੰਡਲਿਨੀ ਯੋਗ, ਸਰੀਰ ਦੇ ਥੱਲੜੇ ਹਿੱਸੇ, ਗੁਦਾ ਦਵਾਰ ਤੋਂ ਥੋੜ੍ਹੀ ਉੱਪਰ, ਸੱਪ ਵਾਂਗ ਕੁੰਡਲੀ ਮਾਰ ਕੇ ਬੈਠੀ ਹੋਈ ਪ੍ਰਾਣਸ਼ਕਤੀ ਨੂੰ ਯੋਗੀ, ਪ੍ਰਬਲ ਇੱਛਾ ਸ਼ਕਤੀ ਅਤੇ ਮੰਤਰ ਸ਼ਕਤੀ ਨਾਲ, ਹਲੂਣਾ ਦੇ ਦੇ ਕੇ ਉਠੌਂਦਾ ਹੈ। ਇਸ ਨੂੰ “ਕੁੰਡਲਿਨੀ ਜਾਗਰਨ” ਕਹਿੰਦੇ ਹਨ। ਇਹ ਆਰੰਭ ਬਹੁਤ ਔਖਾ ਹੁੰਦਾ ਹੈ। ਜਿਵੇਂ ਤੀਰਥ ਯਾਤਰਾ ’ਤੇ ਜਾਣ ਲਈ, ਪੱਕਾ ਮਨ ਬਣਾਉਣਾ, ਯਾਤਰਾ ਦਾ ਸਮਾਂ, ਖਰਚ, ਖੇਚਲ, ਸਾਰਿਆਂ ’ਤੇ ਗਹੁ ਕਰਕੇ ਤਿਆਰ ਹੋਣ ਵਾਂਗ ਹੈ। ਮਨ ਪੱਕਾ ਬਣਾ ਕੇ, ਇਕ ਵਾਰ ਯਾਤਰੀ ਘਰੋਂ ਤੁਰ ਪਵੇ। ਕਈ ਵਾਰ ਵਰ੍ਹਿਆਂ ਦਾ ਸਮਾਂ ਲੰਘ ਜਾਂਦਾ ਹੈ, ਮਨ ਬਣੌਂਦਿਆਂ। ਕੁੰਡਲਿਨੀ ਆਪਣੇ ਮੂਲ ਗੁਫਾ ਵਿਚ, ਕੁੰਡਲ ਮਾਰੇ ਸੱਪ ਵਾਂਗ ਨੀਂਦ ਦੀ ਸਥਿਤੀ ਵਿਚ ਹੁੰਦੀ ਹੈ। ਇਹ ਜਾਗਦੀ ਹੈ, ਸੱਪ ਦਾ ਕੁੰਡਲ ਖੁੱਲ੍ਹਦਾ ਹੈ ਔਰ ਇਹ ਉੱਪਰ ਨੂੰ ਚੜਨਾ ਆਰੰਭ ਕਰਦੀ ਹੈ। ਪਹਿਲਾ ਚੱਕਰ ਮੂਲਾਧਾਰ ਹੈ। ਇਹ ਅਦਿੱਖ ਗੁਫ਼ਾ, ਕੁੰਡਲਿਨੀ ਸ਼ਕਤੀ ਦਾ ਨਿਵਾਸ ਹੁੰਦੀ ਹੈ। ਇੱਛਾ ਸ਼ਕਤੀ ਨਾਲ ਇਸ ਯੋਗ ਦਾ ਸਾਧਕ, ਕੁੰਡਲਿਨੀ ਨੂੰ ਪਹਿਲਾਂ ਇਸ਼ਨਾਨ ਕਰਵੌਂਦਾ ਹੈ। ਮੂਲਾਧਾਰ ਤੋਂ ਬਾਹਰ ਨਿਕਲਦਿਆਂ, ਘਰ ਤੋਂ ਤੁਰਦਿਆਂ ਤ੍ਰਿਵੈਣੀ ਦਿਸਦੀ ਹੈ, ਤਿੰਨ ਨਦੀਆਂ ਦਾ ਸੰਗਮ! ਗੰਗਾ, ਯਮੁਨਾ, ਸਰਸਵਤੀ ਵਾਂਗ! ਮੂਲਾਧਾਰ ਤੋਂ ਨਿਕਲਦਿਆਂ, ਤਿੰਨ ਨਦੀਆਂ ਦਾ ਸੰਗਮ! ਭਗਤ ਬੇਣੀ ਜੀ ਦੀ ਇਹ ਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ—

> “ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥
> ਬੇਣੀ ਸੰਗਮੁ ਤਹ ਪਿਰਾਗ ਮਨੁ ਮਜਨੁ ਕਰੇ ਤਿਥਾਈ॥” (ਪੰਨਾ 974)

ਥੱਲੋਂ, ਜਿੱਥੋਂ ਰੀੜ੍ਹ ਦੀ ਹੱਡੀ ਆਰੰਭ ਹੁੰਦੀ ਹੈ, ਉਸ ਵਿਚ ਇੜਾ ਅਤੇ ਪਿੰਗੁਲਾ ਦੋ ਨਾੜੀਆਂ, ਰੀੜ ਦੇ ਨਾਲ ਨਾਲ ਉੱਪਰ ਜਾ ਰਹੀਆਂ ਹਨ। ਇਹਨਾਂ ਦੋਹਾਂ ਦੇ ਮੱਧ, ਰੀੜ੍ਹ ਦੇ ਅੰਦਰ ਸੁਖਮਨਾ ਨਾੜੀ, ਇਸ ਨੂੰ ਯੋਗੀ ਮਹਾਂਨਦੀ ਵੀ ਕਹਿੰਦੇ ਹਨ। ਇਹਨਾਂ ’ਚੋਂ ਪ੍ਰਾਣੀ ਦੀ ਪ੍ਰਾਣ ਸ਼ਕਤੀ ਪ੍ਰਵਾਹਿਤ ਹੁੰਦੀ ਹੈ। ਯੋਗੀ ਇੱਛਾ ਸ਼ਕਤੀ ਨਾਲ, ਇਸ

ਤ੍ਰਿਵੇਣੀ ਵਿਚ ਇਸ਼ਨਾਨ ਕਰ ਕੇ, ਵਿਕਾਰਾਂ ਦੀ ਮੈਲ ਤੋਂ ਰਹਿਤ ਹੋ ਕੇ, ਉੱਪਰ ਦੀ ਯਾਤਰਾ ਜਾਰੀ ਰੱਖਦਾ ਹੈ। ਅੱਗੇ, ਸਵਧਿਸ਼ਠਾਨ ਚੱਕਰ, ਮਣਿਪੁਰ ਚੱਕਰ, ਅਨਾਹਤ ਚੱਕਰ, ਵਿਸ਼ੁੱਧ ਚੱਕਰ 'ਚੋਂ ਲੰਘ ਕੇ ਇਹ ਕੁੰਡਲਿਨੀ, ਦਸਮ ਦੁਆਰ ਜਾਂ ਸਹਸਤ੍ਰਾਰ ਵਿਚ ਮਿਲ ਕੇ, ਪਰਮ ਸ਼ਕਤੀਮਾਨ ਹੋ ਜਾਂਦੀ ਹੈ। ਇਹ ਯੋਗ ਵਿਧੀ, ਆਮ ਤੌਰ 'ਤੇ, ਅਵਧੂਤ, ਔਘੜ ਜਿਹੇ ਸਾਧੂ ਵਰਤਦੇ ਹਨ।

ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਤਿੰਨ ਤਰ੍ਹਾਂ ਦੇ ਲੋਕ, ਤਿੰਨ ਤਰ੍ਹਾਂ ਦੇ ਯੋਗ ਮਾਰਗ 'ਤੇ ਤੁਰਦੇ ਹਨ। ਮੇਰੇ ਸਤਿਗੁਰ ਕਹਿੰਦੇ ਹਨ, ਇਕ ਪੰਕਤੀ ਵਿਚ, ਯੋਗ ਦੀ ਗੱਲ ਕਰਾਂ ਤਾਂ—

"ਸਬਦੁ ਵੀਚਾਰੈ ਚੂਕਸਿ ਸੋਗਾ॥"

ਸ਼ਬਦ ਹੈ ਤੁਹਾਡੀ ਰੂਹ! ਤੁਹਾਡੀ ਜੀਵਾਤਮਾ! ਸਾਰੇ ਵਿਚਾਰ ਬਾਹਰਲੀਆਂ ਪ੍ਰਾਪਤੀਆਂ, ਪ੍ਰੀਤਾਂ ਜਾਂ ਵੈਰੀਆਂ ਪ੍ਰਤੀ ਦੁਰਭਾਵਨਾ ਨਾਲ ਪ੍ਰੇਰਤ ਹੁੰਦੇ ਹਨ। ਇਹਨਾਂ ਤੋਂ ਪਰ੍ਹੇ, ਆਪਣੇ ਮੂਲ ਦਾ ਵਿਚਾਰ, ਆਪਣੇ ਨਿੱਜ ਰੂਪ ਦਾ ਵਿਚਾਰ, ਆਤਮ-ਆਕਾਸ਼ ਦਾ ਮਾਰਗ ਖੋਲ੍ਹ ਦਿੰਦਾ ਹੈ ਔਰ ਸੁਰਤਿ ਅਨੰਤ ਦੀ ਉਡਾਰੀ ਯੋਗ ਸਮਰੱਥ ਹੋ ਜਾਂਦੀ ਹੈ। ਗੁਰੂ ਨਾਨਕ ਪਾਤਸ਼ਾਹ, ਰਾਮਕਲੀ ਰਾਗ ਵਿਚ, ਮਰਦਾਨੇ ਦੀ ਰਬਾਬ ਸੰਗ ਗਾਉਂਦੇ ਹਨ—

"ਖਟੁ ਮਟੁ ਦੇਹੀ ਮਨੁ ਬੈਰਾਗੀ॥<br>ਸੁਰਤਿ ਸਬਦੁ ਧੁਨਿ ਅੰਤਰਿ ਜਾਗੀ॥"

ਇਕ ਇਲਾਹੀ ਧੁਨਿ, ਜਿਸ ਅਵਸਥਾ ਬਾਬਤ, ਪੰਜਵੇਂ ਪਾਤਸ਼ਾਹ ਕਹਿੰਦੇ ਹਨ, ਆਤਮ ਰਸ ਵਿਚ ਵਿਭੋਰ ਹੋਇਆ ਜੋਗੀ, ਪਰਮ ਆਨੰਦ ਵਿਚ ਝੂਲਦਾ ਹੈ—

ਕਿੰਕੁਰੀ ਅਨੂਪ ਵਾਜੈ... ਜੋਗੀਆ ਮਤਵਾਰੋ ਰੇ॥" (ਪੰਨਾ 74)

# ਸ੍ਰਿਸ਼ਟੀ ਦੀ ਸਮੱਗ੍ਰਤਾ

ਮਿਸਰ ਦੇ ਪਿਰਾਮਿਡ, ਦਜਲਾ ਫੁਰਾਤ ਦੀਆਂ ਘਾਟੀਆਂ, ਰੋਮ ਦੀ ਸਭਿਅਤਾ ਉੱਚੇ ਪਰਬਤ, ਸਿਖਰ, ਇਹ ਧਰਤੀ, ਸਮੁੰਦਰ, ਆਸਮਾਂ, ਇਹ ਸਾਰੇ ਕਿਤੇ ਨਾ ਕਿਤੇ ਆਪਸ ਵਿਚ ਜੁੜੇ ਹੋਏ ਹਨ। ਸੂਰਜ, ਚੰਦ, ਤਾਰੇ ਸਾਰਿਆਂ ਵਿਚ ਖਿੱਚ ਹੈ। ਸੂਰਜ, ਧਰਤੀ ਨੂੰ ਖਿੱਚ ਰਿਹੈ, ਧਰਤੀ ਚੰਦ ਨੂੰ ਅਤੇ ਚੰਦ, ਸਾਗਰ ਨੂੰ ਖਿੱਚ ਰਿਹੈ। ਸਵੇਰ ਦਾ ਸੂਰਜ ਉਦੈ ਹੁੰਦੈ ਔਰ ਧਰਤੀ ਦੇ ਤਲਾਅ ਵਿਚ ਕਮਲ ਖਿੜ ਜਾਂਦੈ। ਪੁੰਨਿਆ ਦੀ ਰਾਤ, ਚੰਦ ਦਾ ਖਿੜਨਾ ਅਤੇ ਸਮੁੰਦਰਾਂ ਦੇ ਜਲ ਵਿਚ ਆਉਂਦਾ ਉਮਾਹ; ਕਿਤੇ ਨਾ ਕਿਤੇ ਧਰਤ-ਆਕਾਸ਼ ਦਾ ਅਦਿੱਖ ਰਿਸ਼ਤਾ ਹੈ। ਸ੍ਰਿਸ਼ਟੀ ਦਾ ਸਿਰਜਨ ਕਦੋਂ ਹੋਇਆ, ਦਾਅਵੇ ਨਾਲ ਕੋਈ ਨਹੀਂ ਦਸ ਸਕਿਆ। ਸਟੀਫ਼ਨ ਹਾਕਿੰਸ ਨੇ ਤਕਰੀਬਨ ਪੰਦਰਾਂ ਕਰੋੜ ਸਾਲ, ਧਰਤੀ ਦਾ ਸਿਰਜਨ ਸਮਾਂ ਦੱਸਿਆ ਹੈ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ—

"ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ॥" (ਪੰਨਾ 4)

ਕੋਈ "ਜੁੱਲਾਜਿਕਲ ਵਿਗਿਆਨੀ" ਜਾਂ ਧਰਤ ਸੰਰਚਨਾ ਦਾ ਮਾਹਿਰ, ਥਿਤਿ, ਵਾਰ, ਜਾਂ ਰੁਤਿ, ਮਹੀਨਾ, ਸਾਲ ਦਾ ਦਾਅਵਾ ਨਹੀਂ ਕਰ ਸਕਦਾ। ਧਰਤੀ ਦੇ ਵਿਕਾਸ ਸਿਧਾਂਤ ਦੀ ਘੋਸ਼ਣਾ, ਕਈਆਂ ਵਿਦਵਾਨਾਂ, ਵਿਗਿਆਨੀਆਂ ਜਾਂ ਜੋਤਿਸ਼ ਵਿਦਿਆ ਦੇ ਮਾਹਰਾਂ ਨੇ ਕੀਤੀ ਹੈ। ਪ੍ਰੋ. ਡਾਰਵਿਨ ਦਾ, ਸ੍ਰਿਸ਼ਟੀ ਦੇ ਕ੍ਰਮਵਾਰ ਵਿਕਾਸ ਸਿਧਾਂਤ ਦੇ ਅਨੁਸਾਰ, ਬਾਂਦਰ ਦਾ ਵਿਕਾਸ ਰੂਪ ਹੀ ਮਨੁੱਖ ਹੈ। ਇਸ ਸਿਧਾਂਤ ਦੀ ਚਰਚਾ ਅਤੇ ਵਿਰੋਧਤਾ ਵੀ ਬਹੁਤ ਹੋਈ। ਇਸੇ ਤਰ੍ਹਾਂ "ਸਟੀਫ਼ਨ ਜੱਾਏ ਗੋਲਡ" ਅਤੇ ਹੋਰ ਕਈਆਂ ਨੇ ਸ੍ਰਿਸ਼ਟੀ ਵਿਕਾਸ ਦੀ ਚਰਚਾ ਕੀਤੀ ਹੈ। ਪਰ, ਗੁਰੂ ਨਾਨਕ ਦਾ, ਤਕਰੀਬਨ ਪੰਜ ਸੌ ਸਾਲ ਪਹਿਲਾਂ ਦਾ ਵਿਕਾਸ ਸਿਧਾਂਤ, ਅੱਜ ਦੁਨੀਆ ਦੇ ਸਾਰੇ ਵਿਗਿਆਨੀ ਅਤੇ ਵਿਦਵਾਨ, ਸਰਬ-ਸੰਮਤੀ ਨਾਲ ਸਵੀਕਾਰ ਕਰਦੇ ਹਨ। ਸਿਰੀ ਰਾਗ ਵਿਚ ਸਿਰਜਨ ਦਾ ਵਿਕਾਸ ਰਹੱਸ ਖੋਲ੍ਹਦੇ ਹਨ—

"ਸਾਚੇ ਤੇ ਪਵਨਾ ਭਇਆ, ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ, ਘਟਿ ਘਟਿ ਜੋਤਿ ਸਮੋਇ॥" (ਪੰਨਾ 19)

ਪਹਿਲਾਂ ਇਕੋ "ਸੱਚ" ਸੀ, ਹੋਰ ਕੁਝ ਨਹੀਂ। ਬ੍ਰਹਮਾਂਡ ਸਿਰਜਣ ਦੀ ਅਜੇ ਕਲਪਨਾ ਵੀ ਨਹੀਂ ਸੀ। ਭੂ-ਵਿਗਿਆਨੀ ਕਹਿੰਦੇ ਹਨ, ਤਕਰੀਬਨ 15 ਕਰੋੜ ਸਾਲ ਪਹਿਲਾਂ, ਇੱਕ ਬਹੁਤ ਵੱਡਾ ਵਿਸਫ਼ੋਟ ਜਾਂ ਧਮਾਕਾ ਹੋਇਆ। ਬਹੁਤ ਤੇਜ਼ ਬਿਜਲੀ ਦੀ ਲਿਸ਼ਕ ਪੈਦਾ ਹੋਈ। ਸ੍ਰੀ ਗੁਰੂ ਨਾਨਕ ਪਾਤਸ਼ਾਹ, ਇਸ ਮਹਾਂ-ਵਿਸਫ਼ੋਟ ਤੋਂ ਉਪਜੀ ਧੁਨੀ ਨੂੰ, ਸਿਰਜਨ ਦਾ ਮੂਲ ਦੱਸਦੇ ਹਨ—

"ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਏ ਲਖ ਦਰੀਆਉ॥"

ਇਕ ਧੁਨੀ, ਇਕ ਆਵਾਜ਼ ਉਤਪੰਨ ਹੋਈ ਔਰ ਉਸ 'ਚੋਂ ਲੱਖਾਂ ਦਰਿਆ, ਧਰਤ, ਪਹਾੜ, ਪਵਨ ਸਿਰਜਤ ਹੋਏ। ਕਈ ਇਸ ਵੇਲੇ ਉਪਜੀ ਰੌਸ਼ਨੀ ਨੂੰ, ਸਿਰਜਨ ਦਾ ਕਾਰਕ ਮੰਨਦੇ ਹਨ।

ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਇਕ ਸੱਚ ਹੈ ਸੀ... ਇਕ ਸੁੰਨ। ਇਹ "ਨਿਰਾਕਾਰ ਬ੍ਰਹਮ" ਨਾਂ ਨਾਲ ਸੰਬੋਧਨ ਹੋਏ। ਫਿਰ ਵਿਸਫ਼ੋਟ ਤੋਂ ਬਾਅਦ, ਵਿਗਿਆਨੀਆਂ ਦੀ ਭੀ ਸੋਚ ਹੈ ਕਿ ਇਸ ਵਿਸਫ਼ੋਟ ਦੀ ਪ੍ਰਤੀਕ੍ਰਿਆ ਵਜੋਂ, ਕਈ ਗੈਸਾਂ ਉਤਪੰਨ ਹੋਈਆਂ ਹੋਣਗੀਆਂ। ਇਹ ਪਵਨ ਸੀ। ਇਸ ਧਮਾਕੇ ਜਾਂ ਵਿਸਫ਼ੋਟ ਤੋਂ ਧਰਤੀ, ਸੂਰਜ, ਚੰਦ, ਸਿਤਾਰੇ, ਸਾਰਾ ਬ੍ਰਹਮਾਂਡ ਸਿਰਜਨ ਹੋਇਆ। ਕੁਝ ਜਿਹੜੇ ਉਦੋਂ ਜੰਮੇ, ਉਹ ਗ੍ਰਹਿ ਕਹੇ ਗਏ ਅਤੇ ਕਈ ਉਹਨਾਂ ਗ੍ਰਹਾਂ 'ਚੋਂ ਨਿਕਲੇ, ਜਿਵੇਂ ਕਿਹਾ ਜਾਂਦੈ ਕਿ ਚੰਦ, ਧਰਤੀ ਤੋਂ ਵੱਖ ਹੋਇਆ। ਤਾਂ ਇਸ ਤਰ੍ਹਾਂ ਦੇ ਪਿੰਡ, ਉਪ ਗ੍ਰਹਿ ਕਹਿਲਾਏ... ਗ੍ਰਹਿ ਤੋਂ ਨਿਕਲੇ ਹੋਏ। ਇਹਨਾਂ ਗੈਸਾਂ 'ਚੋਂ, ਆਕਸੀਜਨ ਅਤੇ ਹਾਈਡ੍ਰੋਜਨ, ਦੋ ਗੈਸਾਂ ਦੇ ਮਿਸ਼ਰਣ ਨਾਲ ਪਾਣੀ ਬਣਿਆ। ਦੋ ਹਿੱਸੇ ਹਾਈਡ੍ਰੋਜਨ ਅਤੇ ਇਕ ਹਿੱਸਾ ਆਕਸੀਜਨ ਦੇ ਮਿਲਣ ਸਰੂਪ! ਤਾਂ ਪਾਣੀ ਦਾ ਨਾਂ $H^2O$ ਪਿਆ। $H^2O$ ਦਾ ਅਰਥ ਦੋ ਹਿੱਸੇ ਹਾਈਡ੍ਰੋਜਨ ਅਤੇ O ਦਾ ਅਰਥ ਇਕ ਹਿੱਸਾ ਆਕਸੀਜਨ ਦਾ ਯੋਗ। ਫਿਰ ਪਾਣੀ ਤੋਂ ਜੀਵ ਦਾ ਜਨਮ ਹੋਇਆ।

ਤਾਂ ਗੁਰੂ ਨਾਨਕ ਪਾਤਸ਼ਾਹ, ਸਿਰੀ ਰਾਗ ਵਿਚ, ਸ਼ਬਦ ਉਚਾਰਨ ਕੀਤਾ.. ਇਹ ਸਿਰਜਨ ਦਾ ਨਿਰਵਿਵਾਦ ਸਿਧਾਂਤ ਰੂਪ ਦੁਨੀਆਂ ਦੇ ਵਿਗਿਆਨ ਨੇ ਸਵੀਕਾਰ ਕੀਤਾ—

ਸੱਚ ਦੇ ਫੁਰਨੇ, ਸੁੰਨ ਦੀ ਰਜ਼ਾ ਤੋਂ ਬਾਅਦ, ਵਿਸਫ਼ੋਟ ਉਪਰੰਤ,
ਪਵਨ ਬਣੀ—"ਸਾਚੇ ਤੇ ਪਵਨਾ ਭਇਆ॥"

ਇਸ ਪਵਨ ਵਿਚ ਮੌਜੂਦ ਗੈਸਾਂ ਦੇ ਯੋਗ ਨਾਲ ਜਲ ਬਣਿਆ। ਜਲ ਤੇ ਤਿੰਨੇ ਲੋਕਾਂ ਦਾ ਜੀਅ ਜਗਤ ਬਣਿਆ ਅਤੇ ਹਰ ਜੀਅ ਵਿਚ, ਪਾਰਬ੍ਰਹਮ ਆਪ ਪ੍ਰਵੇਸ਼ ਕਰ ਗਿਆ—

"ਘਟਿ ਘਟਿ ਜੋਤਿ ਸਮੋਇ॥"

ਪ੍ਰਮੇਸ਼ਰ ਦੇ ਸਿਰਜਨ ਤੋਂ ਪਹਿਲਾਂ, ਗੁਰੂ ਨਾਨਕ ਪਾਤਸ਼ਾਹ, ਰਹੱਸ ਖੋਲ੍ਹਦੇ ਹਨ। ਪ੍ਰਮੇਸ਼ਰ ਨੇ ਆਪਣੇ 'ਚੋਂ ਮਾਇਆ, ਪੈਦਾ ਕੀਤੀ। ਇਸ ਮਾਇਆ ਦਾ ਨਾਂ ਹੀ ਪ੍ਰਕ੍ਰਿਤੀ— ਜੋ ਵੇਦਾਂ, ਸ਼ਾਸਤ੍ਰਾਂ ਵਿਚ ਪ੍ਰਯੋਗ ਹੋਇਆ ਹੈ। ਇਸ ਮਾਇਆ ਦਾ ਨਾਂ ਹੀ ਕੁਦਰਤ ਹੈ। ਇਹ ਸ਼ਬਦ, ਉਰਦੂ, ਫ਼ਾਰਸੀ ਦੇ ਇਸਲਾਮੀ ਧਰਮ ਗ੍ਰੰਥਾਂ ਵਿਚ ਕਈ ਥਾਵਾਂ 'ਤੇ ਪ੍ਰਯੋਗ ਹੋਇਆ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਵੀ, ਆਸਾ ਰਾਗ ਵਿਚ, ਉਚਾਰਣ ਕੀਤੇ ਹੋਏ ਸ਼ਬਦ ਵਿਚ, ਪ੍ਰਮਾਤਮਾ ਜਿਸ ਨੂੰ, ਕਾਦਰ ਕਿਹਾ ਗਿਆ ਹੈ, ਅਤੇ ਕੁਦਰਤ ਦੇ ਗੁਪਤ ਰਹੱਸ ਨੂੰ ਖੋਲ੍ਹਦੇ ਹਨ—

"ਕੁਦਰਤਿ ਦਿਸੈ, ਕੁਦਰਤਿ ਸੁਣੀਐ, ਕੁਦਰਤਿ ਭਉ ਸੁਖ ਸਾਰੁ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥"

ਇਹ ਸਾਰੀ ਸ੍ਰਿਸ਼ਟੀ ਦੇ ਜੀਅ, ਨਿਰਜੀਵ, ਮਨੁੱਖ, ਪਸ਼ੂ, ਪੰਛੀ, ਬਨਸਪਤਿ, ਨਦੀਆਂ, ਪਹਾੜ, ਇਹ ਸਾਰਾ ਕੁਦਰਤ ਦਾ ਪਸਾਰਾ ਦਿਸ ਰਿਹੈ, ਇਹ ਪ੍ਰਮੇਸ਼ਰ 'ਚੋਂ ਹੀ ਉਪਜੇ ਹਨ। ਇਹ ਸਾਰੇ ਪ੍ਰਮੇਸ਼ਰ 'ਚੋਂ ਜੰਮੇ ਹੋਏ ਹਨ ਅਤੇ ਫਿਰ ਪ੍ਰਮੇਸ਼ਰ ਆਪ ਵੀ ਇਹਨਾਂ ਸਾਰਿਆਂ ਵਿਚ ਵਸਿਆ ਹੋਇਆ ਹੈ—

"ਬਲਿਹਾਰੀ ਕੁਦਰਤ ਵਸਿਆ॥
ਤੇਰਾ ਅੰਤੁ ਨ ਜਾਈ ਲਖਿਆ।" (ਪੰਨਾ 469)

ਇਸ ਸ਼ਬਦ ਵਿਚ, ਪ੍ਰਮੇਸ਼ਰ ਦੀ ਖੇਡ ਦਾ ਰਹੱਸ ਉਦਘਾਟਨ ਕੀਤਾ ਹੈ। ਪਹਿਲਾਂ ਇਕ ਸੱਚ! ਵੇਦਾਂਤ ਉਸ ਨੂੰ ਪੁਰਖ ਕਹਿੰਦੈ। ਉਸ ਸੱਚ 'ਚੋਂ ਪ੍ਰਕ੍ਰਿਤੀ ਜਾਂ ਕੁਦਰਤ ਵੀ ਜੰਮੀ। ਇਹ ਦੋਵੇਂ ਮਿਲੇ ਤਾਂ ਸਿਰਜਣ ਆਰੰਭ ਹੋਇਆ। ਜਨਮ ਲਈ, ਇਕ ਪੁਰਸ਼ ਅਤੇ ਇਕ ਇਸਤਰੀ ਦਾ ਮਿਲਣਾ ਜ਼ਰੂਰੀ ਹੈ। ਤਾਂ ਦੋ ਤੱਤ ਪ੍ਰਗਟ ਹੋਏ, ਪੁਰਖ ਅਤੇ ਪ੍ਰਕ੍ਰਿਤੀ। ਇਸ ਬਿੰਬ ਨੂੰ ਅਸੀਂ, ਮਰਦ ਅਤੇ ਔਰਤ ਵੀ ਕਹਿ ਸਕਦੇ ਹਾਂ। ਤਾਂ ਪਹਿਲਾਂ ਸਿਰਜਣ ਕਿਵੇਂ ਹੋਇਆ ਹੋਵੇਗਾ। ਪਹਿਲਾਂ ਇਕ ਪ੍ਰਮਾਤਮਾ! ਅਜੇ ਔਰਤ, ਮਰਦ ਕੋਈ ਨਹੀਂ ਸੀ। ਕਹਿੰਦੇ ਹਨ, ਪ੍ਰਮਾਤਮਾ ਨੇ, ਬ੍ਰਹਮਾ ਜੀ ਨੂੰ ਉਤਪੰਨ ਕੀਤਾ ਅਤੇ ਸਿਰਜਣ ਦਾ ਹੁਕਮ ਦਿੱਤਾ। ਬ੍ਰਹਮਾ ਜੀ ਕੋਲ ਕੋਈ ਔਰਤ ਨਹੀਂ ਸੀ। ਕਿਵੇਂ ਸਿਰਜਣ ਕਰਦੇ। ਤਾਂ ਕਹਿੰਦੇ ਹਨ, ਬ੍ਰਹਮਾ ਜੀ ਨੇ ਆਪਣਾ ਸਰੀਰ, ਅੱਧਾ ਪੁਰਖ ਅਤੇ ਅੱਧੀ ਨਾਰੀ ਰੂਪ ਵਿੱਚ ਵੰਡਿਆ। ਆਪਣੇ ਸਰੀਰ ਵਿਚ ਹੀ ਦੋਹਾਂ ਦਾ ਮੇਲ ਕਰਵਾਇਆ। ਇਸ ਨੂੰ ਅਰਧਨਾਰੀਸ਼ਵਰ ਰੂਪ ਕਿਹਾ ਜਾਂਦਾ ਹੈ। ਅੱਧੀ ਨਾਰੀ, ਅੱਧਾ ਪੁਰਸ਼। ਇਸ ਮਿਲਨ ਤੋਂ ਪਹਿਲੀ ਲੜਕੀ ਦਾ ਜਨਮ ਹੋਇਆ। ਇਹ ਲੜਕੀ, ਸੁਰਸਤੀ ਸੀ। ਹੁਣ ਅੱਗੋਂ ਹੋਰ ਸਿਰਜਣ ਕਰਨਾ ਸੀ। ਤਾਂ ਧਰਮ ਸ਼ਾਸਤਰ ਕਹਿੰਦੇ ਹਨ, ਬ੍ਰਹਮਾ ਜੀ ਨੇ ਆਪ ਹੀ ਜੰਮੀ ਸਿਰਜਣ ਦੀ ਪਹਿਲੀ ਔਰਤ, ਸੁਰਸਤੀ ਨਾਲ ਭੋਗ ਕਰ ਕੇ, ਸਨਤ, ਸਨੰਦਨ ਆਦਿ, ਨਾਰਦ ਜੀ ਅਤੇ ਦੱਛ—ਦਾ ਜਨਮ ਹੋਇਆ। ਇੱਥੋਂ ਅੱਗੇ ਸਿਰਜਣ ਦਾ ਵਿਕਾਸ ਹੋਇਆ। ਕਹਿੰਦੇ ਹਨ, ਆਪਣੀ ਹੀ ਜਾਈ ਪੁਤਰੀ ਨਾਲ, ਭੋਗ ਕਰਨ ਦਾ ਕਲੰਕ ਬ੍ਰਹਮਾ ਜੀ 'ਤੇ ਲੱਗਾ। ਇਸ ਦੋਸ਼ ਕਰ ਕੇ, ਬ੍ਰਹਮਾ ਜੀ ਦਾ ਕਿਤੇ ਪੂਜਾ ਮੰਦਰ ਨਹੀਂ ਹੈ। ਪ੍ਰਮੇਸ਼ਰ ਦੇ ਹੁਕਮ ਨਾਲ, ਸਿਰਜਣ ਦੇ ਮੰਤਵ ਨਾਲ ਇਹ ਕਰਨਾ ਪਿਆ ਤਾਂ ਪੁਸ਼ਕਰ ਵਿਚ, ਇਕ ਪ੍ਰਾਚੀਨ ਮੰਦਰ ਬ੍ਰਹਮਾ ਜੀ ਦਾ ਹੈ।

ਸਿਰਜਣ ਆਰੰਭ ਹੋਇਆ। ਇਸ ਦੇ ਪਿੱਛੇ, ਗੁਰੂ ਨਾਨਕ ਦਾ ਸਿਧਾਂਤ, ਸ੍ਰਿਸ਼ਟੀ ਵਿਕਾਸ ਦਾ ਆਧਾਰ ਹੈ—

"ਘਟਿ ਘਟਿ ਜੋਤਿ ਸਮੋਇ॥"

ਸ੍ਰਿਸ਼ਟੀ ਵਿਚ, ਕੋਈ ਨਿਰਜੀਵ, ਜਨਮ ਦੀ ਸਮਰੱਥਾ ਨਹੀਂ ਰਖਦਾ। ਜੀਵਤ ਜੀਵ, ਜਿਸ ਅੰਦਰ ਪ੍ਰਾਣ ਹੋਵੇ, ਉਹ ਦੂਸਰੇ ਨੂੰ ਜਨਮ ਦੇ ਸਕਦਾ ਹੈ। ਇਹ ਪ੍ਰਾਣ ਹੀ

ਪਰਮੇਸ਼ਵਰ ਹੈ। ਪੁਰਸ਼ ਅਤੇ ਨਾਰੀ, ਦੋਹਾਂ ਵਿਚ ਪਰਮੇਸ਼ਰ ਸਮਾਇਆ। ਦੋਹਾਂ ਨੂੰ ਸਿਰਜਣ ਦੀ ਆਪਣੀ ਸ਼ਕਤੀ ਨਾਲ ਨਿਵਾਜਿਆ ਤਾਂ ਨਰ ਅਤੇ ਮਾਦਾ ਮਿਲ ਰਹੇ ਹਨ। ਦੋਹਾਂ ਵਿਚ ਉਹ ਸਿਰਜਨਕਾਰੀ ਸ਼ਕਤੀ ਮੌਜੂਦ ਹੈ। ਦੋਵੇਂ ਮਿਲ ਕੇ, ਪੁਰਸ਼ ਅਤੇ ਇਸਤ੍ਰੀ, ਰੱਬੀ ਸ਼ਕਤੀ ਨਾਲ, ਬੱਚੇ ਪੈਦਾ ਕਰ ਰਹੇ ਹਨ। ਕਹਿੰਦੇ ਹਨ, ਰੱਬ ਨੇ ਬ੍ਰਹਮਾ ਨੂੰ ਇਕ ਮਾਤਰ ਅਧਿਕਾਰੀ ਬਣਾਇਆ ਸੀ। ਅੱਗੋਂ ਸਾਰੇ ਜੀਅ ਜੰਤ, ਨਰ ਅਤੇ ਮਾਦਾ ਮਿਲ ਕੇ ਸਿਰਜਨ ਕਰ ਰਹੇ ਹਨ। ਸਿਰਜਨ ਸ਼ਕਤੀ ਵਾਲਾ ਰੱਬ, ਹਰ ਜੀਅ ਵਿਚ ਮੌਜੂਦ ਹੈ। ਇਹ ਸਿਰਜਨ ਸਿਧਾਂਤ, ਇਕ ਰੂਪ ਵਿਚ, ਸਾਰੇ ਗਲੋਬ ਤੇ ਵਰਤ ਰਿਹੈ। ਇਕ ਅਦਿੱਖ ਜਿਹੇ ਬੰਧਨ ਵਿਚ, ਜਿਵੇਂ ਸਾਰੀ ਸ੍ਰਿਸ਼ਟੀ ਬੱਧੀ ਹੋਈ ਹੈ, ਇਹੋ ਸ੍ਰਿਸ਼ਟੀ ਦੀ ਸਮੱਗਰਤਾ ਹੈ। ਸਿਰਜਨ ਦੀ ਸੰਪੂਰਨਤਾ ਹੈ।

ਸੰਤ ਮਹਾਂਪੁਰਖ, ਸਾਰੀ ਕਾਇਨਾਤ ਦੀ ਵਿਵਸਥਾ ਨਾਲ ਇਕ ਮਿਕ ਹੋ ਜਾਂਦੇ ਹਨ। ਪੁਰਖ ਵੀ ਅਤੇ ਪ੍ਰਕ੍ਰਿਤੀ ਵੀ, ਦੋਹਾਂ ਦੇ ਅਧਿਕਾਰੀ ਬਣ ਜਾਂਦੇ ਹਨ। ਆਪਣੀ ਰਜ਼ਾ ਅਨੁਸਾਰ, ਕੁਦਰਤ ਨੂੰ ਹੁਕਮ ਦਿੰਦੇ ਹਨ, ਤਾਂ ਉਹ ਪੱਥਰਾਂ, ਪਹਾੜਾਂ 'ਚੋਂ ਵੀ ਦਰਿਆ ਵਗਾ ਦਿੰਦੇ ਹਨ। ਬਿਦਰ ਦੀ ਖੁਸ਼ਕ ਪਹਾੜੀ ਤੇ ਪਾਣੀ ਲਈ ਤਰਸਦੇ ਹੋਏ ਲੋਕਾਂ ਦੀ ਅਰਜ਼ ਤੇ, ਗੁਰੂ ਨਾਨਕ ਪਾਤਸ਼ਾਹ ਨੇ, ਪੈਰ ਦੇ ਇਸ਼ਾਰੇ ਮਾਤਰ ਨਾਲ, ਪਾਣੀ ਪ੍ਰਵਾਹਤ ਕਰ ਦਿੱਤਾ। ਅਜ ਛੇ ਸੌ ਸਾਲ ਹੋ ਗਏ, ਸੁੱਕੀ ਪਹਾੜੀ ਦੀ ਹਿੱਕ 'ਚੋਂ ਅੰਮ੍ਰਿਤ ਜਲ ਆਪਣੀ ਨਿਰੰਤਰਤਾ ਵਿਚ ਵਗ ਰਿਹੈ।

ਅਤਰੀ ਮੁਨੀ ਦੀ ਧਰਮ ਪਤਨੀ, "ਅਨੁਸੂਈਆ" ਦੇ ਪਤੀਵਰਤਾ ਹੋਣ ਦੀ ਚਰਚਾ ਦੇਵ ਲੋਕ ਵੀ ਪੁੱਜੀ। ਪ੍ਰਾਚੀਨ ਸ਼ਾਸਤ੍ਰਾਂ ਵਿਚ ਪ੍ਰਸੰਗ ਹੈ, ਇਕ ਵਾਰ ਅਨੁਸੂਈਆ ਦੇ ਪਤੀਵਰਤ ਧਰਮ ਨਿਸ਼ਠਾ ਦੀ ਪ੍ਰੀਖਿਆ ਲੈਣ ਵਾਸਤੇ, ਆਪ ਤ੍ਰਿਦੇਵ, ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼, ਤਿੰਨੇ ਮੁਨੀ ਦੇ ਆਸ਼ਰਮ ਉਸ ਵੇਲੇ ਪੁੱਜੇ ਜਦੋਂ, ਮੁਨੀ ਜੀ, ਇਸ਼ਨਾਨ ਕਰਨ ਗਏ ਸਨ। ਧਰਮੀ ਅਨੁਸੂਈਆ ਨੇ, ਗ੍ਰਿਹਸਥ ਧਰਮ ਦਾ ਨਿਰਵਾਹ ਕਰਦਿਆਂ, ਸਾਧੂ ਭੇਖ ਵਿਚ, ਆਏ ਅਤਿਥੀਆਂ ਲਈ ਕੁਝ ਛਕਣ ਦੀ ਬੇਨਤੀ ਕੀਤੀ। ਉਹਨਾਂ ਸਾਧੂਆਂ ਨੇ ਛਕਣ ਤੋਂ ਪਹਿਲਾਂ, ਲੋਕ ਲਾਜ ਤਿਆਗ ਕੇ, ਨਿਰਵਸਤਰ ਹੋ ਕੇ, ਪ੍ਰਸ਼ਾਦ ਛਕੌਣ ਦੀ ਸ਼ਰਤ ਰੱਖੀ। ਪਤੀਵਰਤਾ ਇਸਤ੍ਰੀ ਲਈ, ਪਰ-ਪੁਰਸ਼ ਅੱਗੇ, ਇਸ ਰੂਪ ਵਿਚ ਆਉਣਾ ਸੰਭਵ ਨਹੀਂ ਸੀ। ਸ਼ਰਤ ਤੋਂ ਬਗੈਰ, ਅੰਨ ਜਲ ਗ੍ਰਹਿਣ ਕਰਨ ਲਈ ਬੇਨਤੀ ਕਰਦੀ ਰਹੀ। ਸਾਧੂ ਨਹੀਂ ਮੰਨੇ, ਭੁੱਖਿਆਂ ਵਾਪਸ ਜਾਣ ਲੱਗੇ ਤਾਂ, ਅਨੁਸੂਈਆ ਨੇ ਆਪਣੀ ਅੰਤਰਦ੍ਰਿਸ਼ਟੀ ਨਾਲ, ਸਾਧੂ ਭੇਖ ਵਿਚ ਆਏ ਤਿੰਨੇ ਦੇਵਤੇ ਵੇਖ ਲਏ। ਤਾਂ ਅਨੁਸੂਈਆ ਕਹਿੰਦੀ ਹੈ, ਤੁਸੀਂ ਸ਼ਕਤੀਆਂ ਪ੍ਰਾਪਤ ਦੇਵ ਹੋ। ਪ੍ਰੀਖਿਆ ਲੈਣ ਆਏ ਹੋ ਤਾਂ ਅਜ, ਇਕ ਪਤੀਵਰਤਾ ਦੀ ਸ਼ਕਤੀ ਵੀ ਵੇਖ ਲਵੋ। ਆਪਣੀ ਇੱਛਾ ਸ਼ਕਤੀ ਨਾਲ ਤਿੰਨਾਂ ਨੂੰ, ਨਵੇਂ ਜੰਮੇ ਬੱਚੇ ਬਣਾ ਕੇ, ਪੰਘੂੜਿਆਂ ਵਿਚ ਪਾ ਦਿੱਤਾ। ਵੱਧਦੇ ਹੋਏ ਕਾਲ ਚੱਕਰ ਨੂੰ, ਇਸ ਨਾਰੀ ਨੇ ਪੁੱਠਾ ਘੁਮਾ ਦਿੱਤਾ। ਪੂਰਨ ਵਯਸਕ ਤ੍ਰਿਦੇਵ, ਜਨਮ ਦੇ ਕਾਲ ਵਿਚ ਪੁਚਾ ਦਿੱਤੇ। ਇਹ ਵਿਅਕਤੀ ਵਿਚ ਮੌਜੂਦ, ਜੋਤਿ ਸ਼ਕਤੀ ਦੀ ਵਰਤਣ ਕਲਾ ਦਾ ਪ੍ਰਯੋਗ ਹੁੰਦੈ।

ਤਾਂ ਸੰਪੂਰਨ ਸਿਰਜਨ ਆਪਣੀ ਸਮੱਗ੍ਰਤਾ ਵਿਚ ਜੁੜਿਆ ਹੋਇਆ ਹੈ। ਮਨੁੱਖ ਹੈ ਤਾਂ, ਪੁਰਖ-ਪ੍ਰਕਿਰਤੀ ਦੇ ਸੁਮੇਲ ਤੋਂ ਜੰਮਿਆ ਇਕ ਜੀਵ, ਪਰ ਅੰਤਰ ਜੋਤਿ ਦੇ ਰਿਸ਼ਤੇ ਨਾਲ ਜੁੜ ਕੇ, ਕੁਦਰਤ ਤੇ ਅਧਿਕਾਰ ਪ੍ਰਾਪਤ ਕਰ ਸਕਦੈ।

ਮਹਾਂਰਿਸ਼ੀ ਅਰਵਿਦ ਨੇ ਕਿਹਾ ਸੀ, ਮਨੁੱਖ, ਵਿਕਾਸ ਦੇ ਜਿਸ ਤਲ 'ਤੇ ਪਹੁੰਚਿਆ ਹੈ, ਉਹ ਵਿਕਾਸ ਦਾ ਅੰਤਮ ਸਿਖਰ ਨਹੀਂ ਹੈ। ਮਨੁੱਖ, ਜੇ ਚਾਹੇ ਤਾਂ ਅੰਤਰ ਸ਼ਕਤੀ ਨਾਲ ਮਾਨਵ ਤੋਂ ਦੇਵਤਾ ਅਤੇ ਫਿਰ ਦੇਵਤਿਆਂ ਨੂੰ ਬਣਾਉਣ ਵਾਲੀ ਆਦਿ ਸ਼ਕਤੀ ਨੂੰ ਪ੍ਰਾਪਤ ਹੋ ਸਕਦੈ!

# ਸਰਬ ਧਰਮ ਮਹਿ ਸ੍ਰੇਸ਼ਟ ਧਰਮੁ

"ਧਰਮ" ਸ਼ਬਦ, ਸ਼ਾਇਦ ਸੰਸਾਰ ਦਾ ਸਭ ਤੋਂ ਵਿਵਾਦਗ੍ਰਸਤ ਅਤੇ ਵਿਰੋਧਾਭਾਸ਼ੀ ਸ਼ਬਦ ਹੈ। ਲੰਘਦੇ ਹੋਏ ਸਮੇਂ ਦੇ ਨਾਲ, "ਧਰਮ" ਦਾ ਅਰਥ, ਪ੍ਰੀਭਾਸ਼ਾ ਤਬਦੀਲ ਹੁੰਦੀ ਰਹੀ। ਦਸ ਹਜ਼ਾਰ ਸਾਲ ਪਹਿਲਾਂ ਦਾ ਮਨੁੱਖ ਸਮਾਜ, ਮਾਸ ਆਹਾਰੀ ਹੋਵੇਗਾ। ਜਦੋਂ ਅੰਨ ਉਪਲੱਬਧ ਨਾ ਹੋਵੇ, ਖੇਤੀਬਾੜੀ, ਅਨਾਜ ਪੈਦਾਵਾਰ ਦੀ ਤਕਨੀਕ ਇਜਾਦ ਨਹੀਂ ਹੋਈ ਸੀ, ਨਿਸ਼ਚਿਤ, ਮਨੁੱਖ ਕੋਲ ਕੁਝ ਉਪਲੱਬਧ, ਜੜੀਆਂ, ਫੁੱਲ, ਪੱਤੇ, ਕੰਦ ਮੂਲ ਜਾਂ ਕਦੇ ਕਿਤੇ, ਆਪ ਹੀ ਉਗ ਗਏ ਬੇਰ ਆਦਿਕ ਜੰਗਲੀ ਫਲ ਤੋਂ ਬਾਅਦ, ਪੇਟ ਭਰਨ ਲਈ, ਪਸ਼ੂ ਮਾਸ ਹੀ ਵਿਕਲਪ ਰਹਿ ਗਿਆ ਹੋਵੇਗਾ। ਭੁੱਖਾ ਮਨੁੱਖ, ਪਸ਼ੂਆਂ ਤੋਂ ਆਪਣੀ ਰਖਿਆ ਕਰਦਾ, ਪਸ਼ੂਆਂ ਵਾਂਗ ਹੀ ਫੁਰਤੀਲਾ ਅਤੇ ਹਿੰਸਕ ਹੋਵੇਗਾ। ਦੂਜਾ ਕੋਈ ਵਸੀਲਾ, ਸ਼ਾਇਦ ਮਨੁੱਖ ਕੋਲ ਨਹੀਂ ਸੀ। ਸਮੇਂ ਦੇ ਨਾਲ ਵਿਕਸਤ ਹੁੰਦੇ, ਮਨੁੱਖੀ ਸਮਾਜ ਦੇ ਸਿਆਨਿਆਂ, ਚਿੰਤਕਾਂ ਨੇ, ਮਨੁੱਖ ਲਈ ਖਾਣ-ਪੀਣ, ਰਹਿਣ, ਬਸਤਰ ਆਦਿ ਦੀ ਵਿਵਸਥਾ ਮਗਰੋਂ, "ਧਰਮ" ਸ਼ਬਦ ਹੋਂਦ ਵਿਚ ਆਇਆ ਹੋਵੇਗਾ। ਜਿਸ ਨੇ ਸਾਨੂੰ ਧਾਰਿਆ, ਸਾਡੇ ਜੀਊਣ ਜੋਗ, ਮਿੱਟੀ, ਪਾਣੀ, ਹਵਾ, ਅੱਗ ਮੁਹੱਈਆ ਕਰਵਾਈ, ਉਨ੍ਹਾਂ ਤੱਤਾਂ ਪ੍ਰਤੀ ਨਤਮਸਤਕ ਹੋਇਆ। ਤਾਂ ਧਰਤੀ ਮਾਤਾ, "ਪਵਣ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ" ਜਿਹੀ ਸਨਮਾਨਪੂਰਨ ਅਵਧਾਰਨਾ ਨੇ, ਮਨੁੱਖੀ ਸੋਚ ਵਿਚ ਥਾਂ ਲਿਆ। ਸਮਾਜ ਵਿਚ, ਜਮਾਤ ਵਿਚ ਰਹਿੰਦੇ ਮਨੁੱਖ ਬਹੁਤੇ ਸਹਿਯੋਗੀ, ਅਤੇ ਸੁਰੱਖਿਅਤ ਮਹਿਸੂਸ ਕਰਦੇ ਹੋਣਗੇ ਤਾਂ ਸਮਾਜ ਦੀ ਉਪਯੋਗਤਾ ਸਮਝ ਆਈ। ਸਮਾਂ ਹੋਰ ਅੱਗੇ ਵਧਿਆ ਤਾਂ ਸਮਾਜ, ਵਰਣਾਂ, ਜਾਤਾਂ ਅਤੇ ਵਰਗਾਂ ਵਿਚ ਵੰਡਿਆ ਗਿਆ। ਵੱਖ-ਵੱਖ ਦੇਸ਼ਾਂ, ਪ੍ਰਾਂਤਾਂ ਦੇ ਭੂਗੋਲ ਅਤੇ ਜਲਵਾਯੂ ਅਨੁਸਾਰ ਖਾਣ ਪਾਣ, ਪਹਿਰਾਵਾ ਵੀ ਧਾਰਿਆ ਗਿਆ—ਦਸਮ ਪਾਤਸ਼ਾਹ ਸਮੇਂ ਅਤੇ ਭੂਗੋਲ ਅਨੁਸਾਰ, ਮਨੁੱਖ ਦੀ ਬਦਲਦੀ ਹੋਈ ਰਹਿਤ ਬਾਬਤ ਲਿਖਦੇ ਹਨ—

"ਦੇਵਤਾ, ਅਦੇਵ, ਜੱਛ, ਗੰਧ੍ਰਬ, ਤੁਰਕ, ਹਿੰਦੂ,<br>
ਨਿਆਰੇ-ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਓ ਹੈ॥" (ਅਕਾਲ ਉਸਤਤਿ)

ਧਰਮ, ਮਨੁੱਖ ਮਾਤਰ ਨੂੰ, ਪ੍ਰਾਣੀ ਮਾਤਰ ਨੂੰ, ਸੁਖੀ ਰੱਖਣ ਦਾ ਸੰਕਲਪ ਹੈ। ਹੌਲੀ-ਹੌਲੀ, ਸਮਾਜ ਵੰਡਦਾ ਗਿਆ, ਔਰ ਧਰਮ ਵੀ ਉਨ੍ਹਾਂ ਸੰਪ੍ਰਦਾਵਾਂ ਵਿਚ ਵੰਡਦਾ ਗਿਆ। ਆਪਣੀ ਜ਼ਰੂਰਤ ਅਤੇ ਸੁਵਿਧਾ ਅਨੁਸਾਰ, ਧਰਮ ਦੇ ਨਿਯਮ ਤਬਦੀਲ ਹੁੰਦੇ ਗਏ। ਅੱਜ ਧਰਮ ਦਾ ਪ੍ਰਤੀਬਿੰਬ, ਕਈ ਧਰਮ ਸੰਪ੍ਰਦਾਵਾਂ ਵਿਚ ਵੱਖ-ਵੱਖ ਰਹਿਤ, ਖਾਣ-ਪਾਣ ਅਤੇ ਵੱਖ ਪੂਜਾ ਪ੍ਰਣਾਲੀ ਰੂਪ ਵਿਚ ਵਿਖਾਈ ਦਿੰਦੈ। ਜਾਪਦੈ ਦੁਨੀਆ ਵਿਚ, ਕਈ ਧਰਮ ਹੋ ਗਏ ਹਨ। ਪਰ ਯਥਾਰਥ ਵਿਚ, ਧਰਮ ਅੱਜ ਵੀ ਸਭ ਦਾ ਇਕੋ ਹੈ, "ਸਾਰੇ

ਮਨੁੱਖ ਸੁਖੀ ਰਹਿਣ, ਮਨੁੱਖੀ ਅਧਿਕਾਰਾਂ ਦੀ ਰਖਿਆ ਹੋਵੇ ਅਤੇ ਪ੍ਰਮਾਤਮਾ ਮਿਲਨ, ਜੀਵਾਤਮਾ ਦਾ ਅਧਿਕਾਰ ਵੀ, ਉਸ ਦੇ ਅਨੁਕੂਲ ਹੋਵੇ।

1980 ਦੇ ਦਸ਼ਕ ਵਿਚ, ਗੁਲਜ਼ਾਰ ਦਾ ਗੀਤ ਬਹੁਤ ਲੋਕਪ੍ਰਿਯ ਹੋਇਆ—

"ਧਰਮ ਨ ਹਿੰਦੂ ਬੁੱਧ ਹੈ, ਸਿੱਖ ਨ ਮੁਸਲਿਮ ਜੈਨ॥
ਧਰਮ ਚਿੱਤ ਕੀ ਸ਼ੁੱਧਤਾ, ਧਰਮ ਸ਼ਾਂਤੀ ਸੁਖ ਚੈਨ॥"

ਭੂਗੋਲ ਅਤੇ ਸਮੇਂ ਅਨੁਸਾਰ, ਪਾਤਰ ਦਾ ਧਰਮ ਵੀ ਬਦਲ ਜਾਂਦੈ। 1947 ਤੱਕ ਹਿੰਦੂ, ਮੁਸਲਮਾਨ, ਸਿੱਖ, ਸਾਰਿਆਂ ਆਜ਼ਾਦੀ ਦੀ ਲੜਾਈ ਸਾਂਝਿਆ ਰਹਿ ਕੇ ਲੜੀ। 1947 ਦੀ ਵੰਡ ਤੋਂ ਬਾਅਦ, ਸਰਹੱਦ ਦੀ ਲਕੀਰ, ਮਨੁੱਖੀ ਰਿਸ਼ਤਿਆਂ ਵਿਚ ਵੀ ਖਿੱਚੀ ਗਈ। ਇਕ-ਦੂਜੇ ਪ੍ਰਤੀ ਨਫ਼ਰਤ ਦੀ ਨਿਗਾਹ ਵੀ, ਧਰਮ ਦਾ ਅੰਗ ਬਣ ਗਈ। ਧਰਮ ਦੇ ਨਾਂਅ 'ਤੇ ਬਹੁਤ ਅਧਰਮ ਵੀ ਵਾਪਰਿਆ।

ਮਹਾਂਭਾਰਤ ਜੰਗ ਤੋਂ ਬਾਅਦ, ਅਭਿਮਨਯੂ ਦਾ ਪੁੱਤਰ, ਰਾਜਾ ਪ੍ਰੀਛਿਤ ਗੱਦੀ 'ਤੇ ਬੈਠਾ। ਇਕ ਅਵੱਗਿਆ ਹੋ ਗਈ। ਮੌਨ ਵਰਤ ਧਾਰੇ ਹੋਏ, ਤਪ ਕਰਦੇ ਹੋਏ, ਸ਼ਮੀਕ ਰਿਸ਼ੀ ਦੇ ਗਲ਼ ਮਰਿਆ ਹੋਇਆ ਸੱਪ ਪਾ ਦਿੱਤਾ। ਸ਼ਿਕਾਰ ਖੇਡਦੇ ਹੋਏ ਪ੍ਰੀਛਿਤ ਨੇ ਹਿਰਨ ਦਾ ਪਿੱਛਾ ਕਰਦਿਆਂ, ਰਿਸ਼ੀ ਤੋਂ ਪੁੱਛਿਆ, ਹਿਰਨ ਕਿੱਧਰ ਗਈ? ਮੌਨ ਵਰਤ ਅਤੇ ਨੇਤਰਬੰਦ ਰਿਸ਼ੀ ਨੇ ਕੋਈ ਜਵਾਬ ਨਹੀਂ ਦਿੱਤਾ, ਕ੍ਰੋਧ ਵਿੱਚ ਮਰਿਆ ਸੱਪ ਗਲ਼ ਵਿਚ ਪਾ ਦਿੱਤਾ ਔਰ ਅੱਗੇ ਚਲੇ ਗਏ। ਰਿਸ਼ੀ ਸ਼ਮੀਕ ਦੇ ਪੁੱਤਰ, ਸ੍ਰਿੰਗੀ ਰਿਸ਼ੀ ਨੇ, ਪਿਤਾ ਦਾ ਅਪਮਾਨ ਵੇਖ ਸਰਾਪ ਦੇ ਦਿੱਤਾ। ਜਿਸ ਰਾਜਾ ਨੇ, ਮੇਰੇ ਤਪ ਕਰਦੇ ਪਿਤਾ ਦੇ ਗਲ਼, ਮ੍ਰਿਤਕ ਸੱਪ ਪਾਇਆ ਹੈ, ਅੱਜ ਤੋਂ 8ਵੇਂ ਦਿਨ ਤੱਛਕ ਸਰਪ, ਉਸ ਨੂੰ ਡੱਸੇਗਾ, ਔਰ ਉਸ ਦੀ ਮੌਤ ਹੋ ਜਾਏਗੀ। 8ਵੇਂ ਦਿਨ ਸਰਾਪ ਦੇ ਅਨੁਸਾਰ, ਤੱਛਕ ਨੇ ਰਾਜਾ ਨੂੰ ਡੱਸਿਆ, ਪ੍ਰੀਛਿਤ ਦੀ ਮੌਤ ਹੋਈ। ਕ੍ਰੋਧ ਵਿਚ ਪ੍ਰੀਛਿਤ ਦੇ ਪੁੱਤਰ ਰਾਜਾ ਜਨਮੇਜਾ ਨੇ, ਪ੍ਰਕਾਂਡ ਵੈਦਿਕ ਬ੍ਰਾਹਮਣ ਸੱਦ ਕੇ "ਸਰਪਯੱਗ" ਕਰਵਾਇਆ। ਸੰਸਾਰ ਦੇ ਸਾਰੇ ਸਰਪ, ਮੰਤਰ ਦੇ ਖਿੱਚੇ, ਉੱਡਦੇ ਹੋਏ ਆਉਂਦੇ ਔਰ ਹਵਨ ਕੁੰਡ ਵਿਚ ਭਸਮ ਹੁੰਦੇ ਜਾਂਦੇ। ਤੱਛਕ, ਡਰ ਕੇ ਇੰਦਰ ਦੇਵਤਾ ਦੀ ਸ਼ਰਨ ਗਿਆ। ਪਰ ਜ਼ੋਰਦਾਰ ਮੰਤਰ ਸ਼ਕਤੀ ਨਾਲ ਖਿੱਚਿਆ ਜਾਣ ਲੱਗਾ। ਤਾਂ ਸਰਪਰਾਜ ਵਾਸੁਕੀਨਾਥ ਨੇ ਸਤਿਵਾਦੀ, ਆਪਣੇ ਜੀਜਾ, ਆਸਤਿਕ ਅੱਗੇ ਰੱਖਿਆ ਦੀ ਗੁਹਾਰ ਲਾਈ। ਆਸਤਿਕ ਨੇ ਵੇਦ ਮੰਤਰਾਂ ਨਾਲ ਉਸਤਤਿ ਕਰ ਕੇ, ਯੱਗ ਮੰਡਪ ਵਿਚ, ਪ੍ਰਵੇਸ਼ ਕੀਤਾ ਅਤੇ ਯੱਗ ਰੋਕ ਸਰਪ ਵੰਸ਼ ਦੀ ਰਖਿਆ ਦੀ ਮੰਗ ਕੀਤੀ। ਦੋਹਾਂ ਪੱਖਾਂ ਨੇ ਧਰਮ ਦੀ ਦੁਹਾਈ ਦਿੱਤੀ। ਜਨਮੇਜਾ ਕਹਿੰਦੈ, ਮੇਰੇ ਪਿਤਾ ਦੀ ਭੁੱਲ, ਸ਼ਮਿਕ ਰਿਸ਼ੀ ਨੇ ਖਿਮਾ ਕਰ ਦਿੱਤੀ ਸੀ, ਪਰ ਫੇਰ ਵੀ ਤੱਛਕ ਨੇ ਮੇਰੇ ਪਿਤਾ ਨੂੰ ਮਾਰਿਆ। ਮੇਰਾ ਧਰਮ ਹੈ, ਮੈਂ ਪਿਤਾ ਦ੍ਰੋਹੀ ਨੂੰ ਮਾਰਾਂ। ਤੱਛਕ ਕਹਿੰਦੈ, ਸ਼ਮਿਕ ਰਿਸ਼ੀ ਦੇ ਪੁੱਤਰ, ਸ੍ਰਿੰਗੀ ਰਿਸ਼ੀ ਨੇ ਸਰਾਪ ਦਿੱਤਾ ਸੀ ਕਿ 8ਵੇਂ ਦਿਨ ਤੱਛਕ ਦੇ ਡਸਿਆਂ, ਰਾਜਾ ਪ੍ਰੀਛਿਤ ਦੀ ਮੌਤ ਹੋਏਗੀ। ਰਿਸ਼ੀ ਦਾ ਸਰਾਪ ਪੂਰਾ ਕਰਨਾ ਮੇਰਾ ਧਰਮ ਹੈ। ਦੋਹਾਂ ਦੀ ਵੱਖ-ਵੱਖ ਧਰਮ ਪ੍ਰਤੀਬੱਧਤਾ। ਤਾਂ ਨਿਜੀ ਲੋੜ ਅਨੁਸਾਰ ਅਤੇ ਸਮੇਂ ਦੀ ਸੋਚ ਅਨੁਸਾਰ, ਧਰਮ ਦੀ ਮਾਨਤਾ ਬਦਲਦੀ ਰਹੀ ਹੈ।

ਤਾਂ ਪੰਜਵੇਂ ਪਾਤਸ਼ਾਹ, ਧਰਮ ਦੀ ਸਭ ਤੋਂ ਸਰਲ ਅਤੇ ਸਰਵਕਾਲਿਕ, ਸਰਵ ਦੇਸ਼ੀਏ ਪ੍ਰੀਭਾਸ਼ਾ ਦਿੰਦੇ ਹਨ—

"ਸਰਬ ਧਰਮ ਮਹਿ ਸ੍ਰੇਸ਼ਟ ਧਰਮ॥ ਹਰਿ ਕੋ ਨਾਮ ਜਪਿ ਨਿਰਮਲ ਕਰਮ॥"

ਧਰਮ ਸ਼ਾਸਤ੍ਰੀਆਂ ਨੇ, ਜਪ, ਤਪ, ਦਾਨ, ਸ਼ਮ, ਦਮ, ਤਿਤਿੱਛਾ, ਸਤਿ, ਸਵੱਛਤਾ, ...ਧਰਮ ਦੇ ਕਈ ਪੈਰ ਦੱਸਦੇ ਹਨ। ਪਰ ਪੰਜਵੇਂ ਪਾਤਸ਼ਾਹ, ਮਨੁੱਖ ਦੇ ਮੁੱਖ ਦੋ ਅੰਗ ਵੇਖਦੇ ਹਨ, "ਜੀਉ ਪਿੰਡ ਸਭ ਤੇਰੀ ਰਾਸਿ॥"

ਪ੍ਰਭੂ ਦੀ ਦਾਤ, ਆਤਮਾ ਅਤੇ ਸਰੀਰ। ਇਹਨਾਂ ਦੋਹਾਂ ਦੀ ਦੋਹਰੀ ਭੂਮਿਕਾ। ਸਰੀਰ ਕਰ ਕੇ ਕਰਮ ਅਤੇ ਆਤਮਾ ਤੋਂ ਮੁਕਤੀ ਦਾ ਸੰਕਲਪ। ਦੋਹਾਂ ਦਾ ਸਹਿਯੋਗ, ਦੋਹਾਂ ਦੀ ਸਹਿਭਾਗਿਤਾ। ਸਰੀਰ, ਹੱਥ, ਪੈਰ, ਨੇਤਰ, ਕੰਨ, ਰਸਨਾ ਨਾਲ ਲੋਕ ਹਿੱਤ, ਸਰਬੱਤ ਦੇ ਭਲੇ ਜੋਗ, ਸ਼ੁੱਭ ਕਰਮ ਕਰੇ ਅਤੇ ਜਾਗ੍ਰਿਤ ਆਤਮਾ, ਚੈਤਨਯ ਆਤਮਾ, ਨਾਮ ਦੀ ਰੱਬੀ ਧੁਨਿ ਦਾ ਸੰਚਾਰ ਕਰੇ। ਨਾਮ, ਵੇਖਣ ਨੂੰ ਤਾਂ, ਹੱਥ ਵਿਚ ਮਾਲਾ ਚੱਲ ਰਹੀ ਹੈ, ਮੂੰਹ ਵਿਚ ਰਸਨਾ ਚੱਲ ਰਹੀ ਹੈ। ਪਰ ਇਹ ਅਜੇ ਬਾਹਰ-ਬਾਹਰ ਚਲ ਰਿਹੈ। ਅੰਤਰ ਦਾ ਚੁੰਬਕਤਵ, ਅੰਦਰ ਦੀ ਕੋਈ ਗੱਲ, ਅੰਦਰ ਦੀ ਖਿੱਚ, ਬਾਹਰ, ਭੌਤਿਕ ਜ਼ਰੂਰਤਾਂ ਲਈ ਭਟਕ ਰਹੀਆਂ ਇੰਦ੍ਰੀਆਂ ਨੂੰ, ਇਕ ਬਿੰਬ ਦੇ ਅੱਗੇ ਲਿਆ ਖੜਿਆ ਕਰੇ। ਇਹ ਇਕਾਗਰਤਾ ਹੈ। ਤਾਂ ਸ਼ੁੱਭ ਕਰਮ ਅਤੇ ਹਰੀ ਦਾ ਨਾਮ, ਸਮਾਨਾਂਤਰ ਚੱਲਣ! ਦੋ ਵਿਧੀਆਂ ਨਾਲ, ਇਹਨਾਂ ਦੋਹਾਂ ਦਾ ਸੰਤੁਲਤ ਸੁਮੇਲ ਹੋ ਸਕਦਾ ਹੈ।

ਪਹਿਲਾ—ਜਾਂ ਤਾਂ ਸਤਿਗੁਰ ਤੁੱਠੇ, ਮੇਹਰ ਦੀ ਇਕ ਨਜ਼ਰ ਨਾਲ, ਆਤਮਾ ਬਲਵਾਨ ਕਰ ਦੇਵੇ, ਸੰਸਾਰਕ ਭੋਗ ਮੰਗਦੀਆਂ ਇੰਦ੍ਰੀਆਂ, ਇਸ ਦੇ ਅਧੀਨ ਹੋ ਜਾਣ।

ਦੂਜਾ—ਸ਼ੁੱਭ ਕਰਮ ਪ੍ਰਤੀ ਨਿਸ਼ਠਾ, ਇਤਨੀ ਬਲਵਾਨ ਹੋ ਜਾਏ ਕਿ ਇੰਦ੍ਰੀਆਂ ਆਤਮ ਮੁਖੀ ਹੋ ਜਾਣ। ਦੋ ਹੀ ਮਾਰਗ ਹਨ।

ਤਾਂ ਗੁਰੂ ਨਾਨਕ ਪਾਤਸ਼ਾਹ, ਮਨੁੱਖ ਦੀ ਸੋਚ ਨੂੰ ਸੁਹਿਰਦ ਕਰ ਕੇ, ਸ਼ੁੱਭ ਕਰਮਾਂ ਪ੍ਰਤੀ ਪ੍ਰੇਰਦੇ ਦਿਸਦੇ ਹਨ। ਯੋਗੀਆਂ ਨੂੰ, ਪੰਡਿਤਾਂ-ਪੁਜਾਰੀਆਂ ਨੂੰ, ਮੁੱਲੇ, ਮੌਲਵੀ ਅਤੇ ਕਾਜ਼ੀਆਂ, ਹਾਜੀਆਂ ਨੂੰ, ਹਰ ਇਕ ਵਿਚ ਰੱਬ ਦੇ ਦੀਦਾਰ ਜੋਗ ਦ੍ਰਿਸ਼ਟੀ ਵਿਕਸਿਤ ਕਰ ਕੇ, ਸਰਬਹਿੱਤ ਵਿਚ ਕਰਮ ਲਈ ਪ੍ਰੇਰਦੇ ਹਨ। ਯੋਗੀਆਂ ਨੂੰ ਕਹਿੰਦੇ ਹਨ। ਕੰਨ ਦੀ ਮੁੰਦਰਾ, ਬਿੰਬ ਹੈ, ਜੋਗੀ ਦਾ। ਜ਼ਰੂਰ ਧਾਰਨ ਕਰੋ। ਪਰ ਇਹ ਮੁੰਦਰਾ, ਸੰਤੋਖ ਦੀ ਹੋਵੇ। ਜੋਗੀ, ਸਾਧ, ਸੰਤੋਖੀ ਹੋਵੇ। ਝੋਲੀ, ਜਿਸ ਵਿਚ ਘਰ-ਘਰ ਅਨਾਜ ਮੰਗ ਕੇ ਕੱਠਿਆਂ ਕਰਦੇ ਹੋ, ਉਹ ਮੇਹਨਤ ਦੀ, ਦਸਾਂ ਨਹੁੰਆਂ ਦੀ ਕਿਰਤ ਵਾਲੀ ਝੋਲੀ ਹੋਵੇ। ਪਿੰਡ ਤੇ ਬਿਭੂਤ, ਹਰ ਥਾਂ, ਹਰ ਜੀਅ ਵਿਚ, ਪ੍ਰਭੂ ਦੀ ਮੌਜੂਦਗੀ ਦੇ ਭਰੋਸੇ ਨਾਲ ਭਰੀ ਹੋਵੇ। ਇਹ ਸਰੀਰ, ਇਹ ਬਸਤਰ, ਕਾਲ ਦਾ, ਮੌਤ ਦੀ ਸਿਮ੍ਰਿਤੀ ਦਾ ਹੋਵੇ, ਕਾਇਆ, ਚਰਿਤ੍ਰਵਾਨ, ਬ੍ਰਹਮਚਾਰਿਆ ਭਰੀ ਹੋਵੇ, ਗੁਰੂ ਪ੍ਰਮੇਸ਼ਰ ਪ੍ਰਤੀ ਭਰੋਸੇ ਦਾ ਦੰਡ ਹੱਥ ਵਿਚ ਲੈ ਕੇ ਤੁਰੇ। ਹਰ ਵੇਲੇ ਕਰਤਾਰ ਚੇਤੇ ਰਹੇ... ਹਰ ਵੇਲੇ ਮੌਤ ਚੇਤੇ ਰਹੇ... ਹਰ ਵੇਲੇ ਸ਼ੁਭ ਕਰਮਾਂ ਦਾ ਸੰਕਲਪ ਰਹੇ। ਇਹ ਧਰਮ ਹੈ।

ਤ੍ਰੇਤਾ ਯੁੱਗ ਵਿਚ, ਭਗਵਾਨ ਰਾਮ, ਰਾਵਣ ਯੁੱਧ ਹੋਇਆ। ਦੋਵੇਂ ਆਪਣੇ-ਆਪਣੇ ਥਾਂ, ਧਰਮ ਦੇ ਸਿਖਰ ਸਨ। ਭਗਵਾਨ ਸ੍ਰੀ ਰਾਮ, ਨਰ ਅਵਤਾਰ ਸਨ। ਰਾਵਣ, ਪ੍ਰਕਾਂਡ ਪੰਡਿਤ, ਚਾਰੇ ਵੇਦਾਂ ਦਾ ਗਿਆਤਾ ਸੀ। ਵੈਦਿਕ, ਮੰਤਰਾਂ-ਤੰਤਰਾਂ ਦਾ ਪੂਰਨ ਗਿਆਤਾ। ਬਾਹੂ ਬਲ ਅਤੇ ਤੰਤਰ ਬਲ, ਦੋਹਾਂ ਪੱਖੋਂ ਬਲਵਾਨ ਸੀ। ਸਹਸਤ੍ਰਅਰਜਨ ਨੇ ਇਕ ਵਾਰ ਕੈਦ ਕਰ ਲਿਆ। ਉਸ ਨੂੰ ਮਾਰਨ ਲਈ, ਸਾਰੇ ਅਸਤਰ ਸ਼ਸਤਰਾਂ ਦੀ ਵਰਤੋਂ ਕੀਤੀ। ਪਰ ਰਾਵਣ ਨੇ ਕਿਹਾ, ਕੋਈ ਮੈਨੂੰ ਮਾਰ ਨਹੀਂ ਸਕਦਾ। ਸ੍ਰੀ ਰਾਮ ਨੇ ਸਮੁੰਦਰ 'ਤੇ ਸੇਤੂ ਬਣਾ ਲਿਆ। ਜੰਗ ਦੀ ਤਿਆਰੀ ਮੁਕੰਮਲ ਹੋ ਗਈ। ਕੂਚ ਕਰਨ ਤੋਂ ਪਹਿਲਾਂ, ਟੁਰਨ ਤੋਂ ਪਹਿਲਾਂ, ਰਾਮੇਸ਼ਵਰਮ, ਸ਼ਿਵਲਿੰਗ ਦੀ ਸਥਾਪਨਾ ਕਰ ਕੇ, ਸ਼ਿਵ ਸਤ੍ਰੋਤਰ ਉਚਾਰਨ ਕੀਤਾ—

> "ਨਮਾਮੀ ਸ਼ਮੀਸ਼ਾਨ ਨਿਰਵਾਣ ਰੂਪੰ॥
> ਵਿਭੁੰ ਵਿਆਪਕੰ ਬ੍ਰਹਮਵੇਦ ਸਵਰੂਪੰ॥
> ਨਿਜੰ, ਨਿਰਗੁਨੰ, ਨਿਰਵਿਕਲਪੰ, ਨਿਰੀਹੰ॥
> ਚਿਦਾਕਾਸ ਮਾਕਾਸ ਵਾਂਸੰ ਭਜੇ ਅਹਮ॥"

ਭਗਵਾਨ ਸ੍ਰੀ ਰਾਮ ਅਤੇ ਰਾਵਣ, ਦੋਵੇਂ ਸ਼ਿਵਜੀ ਦੇ ਉਪਾਸਕ ਸਨ। ਦੋਹਾਂ ਦੇ ਇਸ਼ਟ ਸ਼ਿਵਜੀ ਸਨ। ਰਾਵਣ ਵੀ, ਸ਼ਿਵਜੀ ਦਾ ਇਤਨਾ ਸ਼ਰਧਾਲੂ ਸੀ ਕਿ ਦਸ ਵਾਰ ਆਪਣਾ ਸਿਰ ਵੱਢ ਕੇ, ਸ਼ਿਵਜੀ ਨੂੰ ਭੇਟ ਕੀਤੇ, ਦਸ ਵਾਰ ਸ਼ਿਵਜੀ ਨੇ, ਰਾਵਣ ਨੂੰ ਸੀਸ ਦਾਨ ਦਿੱਤਾ। ਤਾਂ ਹੀ ਉਸ ਦਾ ਨਾਂ ਦਸ਼ਾਨਨ ਪਿਆ। ਫਰਕ, ਦੋਹਾਂ ਦੀ ਬਿਰਤੀ ਵਿਚ, ਦੋਹਾਂ ਦੀ ਸੁਰਤ, ਸੋਚ ਵਿਚ। ਭਗਵਾਨ ਸ੍ਰੀ ਰਾਮ ਪੂਰਨ ਤਿਆਗੀ! ਚੌਦਾਂ ਸਾਲ ਬਨਵਾਸ ਜਾ ਕੇ ਵੀ, ਜੰਗਲ ਦੇ ਆਦੀਵਾਸੀਆਂ, ਨਿਸ਼ਾਦਾਂ, ਬਾਂਦਰਾਂ, ਰਿੱਛਾਂ, ਭਾਲੂਆਂ ਨਾਲ ਵੀ ਪਿਆਰ ਕਰਨ ਵਾਲੇ, ਸਭ ਦਾ ਭਲਾ ਮੰਗਣ ਵਾਲੇ, ਸਰਵ ਹਿਤਕਾਰੀ ਕਰਮ ਕਰਨ ਵਾਲੇ ਸਨ। ਅੰਤ ਤਕ ਜੰਗ ਨਹੀਂ ਕਰਨਾ ਚਾਹੁੰਦੇ ਸਨ। ਸਮੁੰਦਰ ਲੰਘ ਕੇ ਵੀ, ਅੰਗਦ ਨੂੰ ਸ਼ਾਂਤੀ ਦੂਤ ਬਣਾ ਕੇ ਭੇਜਿਆ। ਪ੍ਰਸਤਾਵ ਭੇਜਿਆ— "ਸੀਤਾ ਨੂੰ ਸਨਮਾਨ ਸਹਿਤ ਵਾਪਸ ਭੇਜ ਦੇ, ਆਪਣੀ ਭੁੱਲ ਦੀ ਖਿਮਾ ਮੰਗ ਲੈ", ਅਜੇ ਵੀ ਯੁੱਧ ਵਿਰਾਮ ਹੋ ਸਕਦੈ। ਪਰ ਰਾਵਣ ਨੇ ਅੰਗਦ ਨੂੰ, ਸ਼ਾਂਤੀ ਦੂਤ ਨੂੰ ਹੀ, ਬੰਦੀ ਬਣਾਉਣਾ ਚਾਹਿਆ। ਤਾਂ ਜੰਗ ਟਲ ਨਾ ਸਕੀ।

ਜਦੋਂ ਭਗਵਾਨ ਸ੍ਰੀ ਰਾਮ, ਸ਼ਿਵ ਉਸਤਤਿ ਵਿਚ, ਸ਼ਿਵ ਸਤ੍ਰੋਤਰ ਉਚਾਰ ਰਹੇ ਸਨ, ਉਸੇ ਵੇਲੇ, ਲੰਕਾ ਵਿਚ ਰਾਵਣ ਵੀ, ਸ਼ਿਵਜੀ ਦੀ ਅਰਾਧਨਾ ਕਰ ਰਿਹਾ ਸੀ। ਉਸ ਨੇ ਵੀ ਆਪਣਾ ਹੀ ਰਚਿਆ "ਸ਼ਿਵ ਤਾਂਡਵ ਸਤ੍ਰੋਤਰ" ਉਚਾਰਨ ਕੀਤਾ ਅਤੇ ਅਰਾਧਨਾ ਵਜੋਂ ਇਹ ਸਤ੍ਰੋਤਰ ਗਾਇਆ—

> "ਜਟਾ ਟਵਿਗਲੱਜਲੇ ਪ੍ਰਵਾਹ ਪਾਵ ਤਸਥਲੇ।
> ਗਲੇ ਅਵਲੰਬਿਅ ਲੰਬਿਤਾ, ਭੁਜੰਗ ਤੁੰਗ ਮਾਲਿਕਮ"

ਇਹ ਸਤ੍ਰੋਤਰ ਬਹੁਤ ਖ਼ੂਬਸੂਰਤ ਹੈ, ਲੰਬਾ ਹੈ, ਲੇਖ ਲੰਬਾ ਹੋ ਜਾਣ ਦੀ ਸੋਚ ਕਰ ਕੇ

ਸਾਰਾ ਨਹੀਂ ਲਿਖਦਾ। ਬਹੁਤ ਮਸ਼ਹੂਰ, ਵੈਦਿਕ ਸੰਸਕ੍ਰਿਤ ਵਿਚ ਰਚਿਆ ਹੋਇਆ ਸਤ੍ਰੋਤਰ! ਇਤਨਾ ਵੱਡਾ ਵਿਦਵਾਨ, ਬ੍ਰਾਹਮਣ, ਵੇਦਾਂਤੀ, ਬਹਾਦਰ! ਇਕ ਕਰਮ ਕਰ ਕੇ, ਅਸ਼ੁੱਧ ਸੁਰਤ, ਸੋਚ ਕਰਕੇ ਮਾਰਿਆ ਗਿਆ। ਉੱਪਰ ਦੀਆਂ ਦੋ ਪੰਕਤੀਆਂ, ਰਾਵਣ ਰਚਿਤ ਸਤ੍ਰੋਤਰ ਦਾ ਅਰਥ ਕਰਾਂ—

"ਹੇ ਮਹਾਂਦੇਵ! ਤੇਰੀਆਂ ਸੋਹਣੀਆਂ ਜਟਾਵਾਂ ਦੇ ਵਿੱਚ, ਗੰਗਾ ਨੇ ਸ਼ਰਣ ਲਈ। ਉਸੇ ਥਾਂ ਤੋਂ ਪ੍ਰਵਾਹਿਤ ਹੋਈ, ਜਗ ਦਾ ਕਲਿਆਣ ਕੀਤਾ। ਤੇਰੇ ਗਲੇ ਵਿਚ, ਮਾਲਾ ਵਾਂਗ ਲਟਕਿਆ ਸ਼ੇਸ਼ਨਾਗ ਸ਼ੁਭਾਇਮਾਨ ਹੋ ਰਿਹੈ।" ਕਰਮਾਂ ਹੱਥੋਂ ਹਾਰ ਗਿਆ।

ਦਸਮ ਪਾਤਸ਼ਾਹ, ਦੇਵਤੇ ਅਤੇ ਦੈਂਤਾਂ ਦੀ ਪਛਾਣ, ਕਰਮਾਂ ਦੇ ਅਧਾਰ 'ਤੇ ਕੀਤੀ ਹੈ—

"ਕੁਕ੍ਰਿਤ ਕਰਮ ਜੋ ਜਗ ਮੈ ਕਰਹੀਂ॥
ਨਾਮ ਅਸੁਰ ਤਿਨ ਕੋ ਸਭ ਧਰਹੀਂ॥"
ਚੰਗੇ ਕਰਮ ਤਾਂ ਦੇਵਤਾ, ਮਾੜੇ ਕਰਮ ਤਾਂ ਦੈਂਤ!

ਤਾਂ ਪੰਜਵੇਂ ਪਾਤਸ਼ਾਹ ਕਹਿੰਦੇ ਹਨ—

"ਸਰਬ ਧਰਮ ਮਹਿ ਸ੍ਰੇਸ਼ਟ ਧਰਮੁ॥
ਹਰਿ ਕੋ ਨਾਮ ਜਪਿ, ਨਿਰਮਲ ਕਰਮ॥"
ਜੀਆਂ ਪ੍ਰਤੀ ਘਿਰਨਾ, ਤਾਂ ਕਰਮਾਂ ਵਿਚ ਜ਼ਹਿਰ ਭਰ ਜਾਏਗਾ।
ਜੀਆਂ ਪ੍ਰਤੀ ਦਇਆ ਕਰੁਣਾ ਤਾਂ ਲੋਕ ਭਲਾਈ ਦੇ ਕਰਮ!

ਕਾਲੀਦਾਸ ਦੀ ਅਮਰ ਕਾਵਿ-ਰਚਨਾ, "ਰਘੂਵੰਸ਼ਮ" ਵਿਚ, ਰਾਜਾ ਅਜ ਅਤੇ ਦੇਵ ਅਪਸਰਾ ਇੰਦੂਮਤੀ ਦੇ ਪ੍ਰੇਮ ਵਿਆਹ ਦਾ ਕਰੁਣਾਮਈ ਵਰਨਣ ਕੀਤਾ ਹੈ। ਇੰਦੂਮਤੀ ਚੜ੍ਹਾਈ ਕਰ ਜਾਂਦੀ ਹੈ ਤਾਂ ਰਾਜਾ ਅਜ ਦਾ ਪ੍ਰੇਮ ਵਿਛੋਹ, ਕਾਲੀਦਾਸ ਨੇ ਸਜੀਵ ਕਰ ਦਿੱਤਾ ਹੈ। ਲਿਖਦਿਆਂ ਕਵੀ ਰੋਇਆ ਹੋਵੇਗਾ, ਪੜ੍ਹਦਿਆਂ ਪਾਠਕ ਰੋਂਦਾ ਹੈ। ਫਿਰ, ਇਕ ਵਾਰ, ਤਪ ਕਰਦੇ ਹੋਏ, ਸ਼ਿਵਜੀ ਦਾ ਤਪ ਭੰਗ ਕਰਨ ਲਈ ਕਾਮਦੇਵ, ਇੰਦਰ ਦੇ ਹੁਕਮ ਨਾਲ ਆਉਂਦੈ। ਕਾਮ ਉਤੇਜਕ, ਫੁੱਲਾਂ ਦੇ ਪ੍ਰਹਾਰ ਨਾਲ ਬਿਰਤੀ ਭੰਗ ਕਰ ਦਿੰਦਾ ਹੈ। ਕ੍ਰੋਧ ਵਿਚ ਤੀਜਾ ਨੇਤਰ ਖੁੱਲ੍ਹਦਾ ਹੈ, ਕਾਮਦੇਵ ਜਲ ਕੇ ਭਸਮ ਹੋ ਜਾਂਦਾ ਹੈ। ਕਾਮਦੇਵ ਦੀ ਧਰਮ ਪਤਨੀ ਰਤੀ, ਭਸਮ ਹੋਏ ਪਤੀ ਕੋਲ ਵਿਲਾਪ ਕਰਦੀ ਹੈ... ਕਵੀ ਦਾ ਕਰੁਣਾ ਭਾਵ, ਪਾਠਕ ਦੇ ਨੇਤਰ ਵਿਯੋਗ ਦੇ ਹੰਝੂਆਂ ਨਾਲ ਭਰ ਦਿੰਦੈ। ਸੰਨ 1961 ਵਿਚ, ਪ੍ਰਮੁੱਖ ਕਵੀ ਨਾਗਾਰਜੁਨ ਨੇ, ਕਾਲੀਦਾਸ ਦੀ ਕਾਵਿ-ਰਚਨਾ ਦਾ ਮੁਲਾਂਕਣ ਕੀਤਾ ਹੈ—

"ਕਾਲੀਦਾਸ ਔਂ ਕਾਲੀਦਾਸ! ਕਾਲੀਦਾਸ ਔਂ ਕਾਲੀਦਾਸ!
ਕਾਲੀਦਾਸ, ਤੁਮ ਸੱਚ ਬਤਲਾਨਾ।
ਇੰਦੂਮਤੀ ਕੇ ਮਿਰਤੂ ਸ਼ੋਕ ਪਰ, ਅਜ ਰੋਇਆ
ਯਾ ਤੁਮ ਰੋਏ ਥੇ।"

ਸੱਚ ਦੱਸੀਂ ਕਾਲੀਦਾਸ! ਇੰਦੂਮਤੀ ਜਦੋਂ ਮਰੀ ਤਾਂ ਰਾਜਾ ਅਜ ਰੋਇਆ ਸੀ, ਜਾਂ ਤੂੰ ਰੋਇਆ ਸੈਂ?

ਫਿਰ ਕਹਿੰਦੈ—

"ਸ਼ਿਵ ਜੀ ਕੀ ਨੇਤ੍ਰ ਜਵਾਲਾ ਮੇਂ, ਕਾਮਦੇਵ ਜਬ ਭਸਮ ਹੂਆ ਤੋ,
ਰਤੀ ਰੋਈ ਯਾ ਤੁਮ ਰੋਏ ਥੇ॥"

ਸ਼ਿਵਜੀ ਦੀ ਤੀਜੀ ਅੱਖ ਦੀ ਪ੍ਰਬਲ ਜਵਾਲਾ ਵਿਚ, ਜਦੋਂ ਕਾਮਦੇਵ ਭਸਮ ਹੋਇਆ, ਉਦੋਂ ਰਤੀ ਰੋਈ ਸੀ, ਜਾਂ ਤੂੰ ਰੋਇਆ ਸੈਂ?

ਇਹ ਦਇਆ ਦੀਆਂ ਗੱਲਾਂ ਹਨ... ਕਰੁਣਾ ਭਰੀਆਂ ਬਾਤਾਂ ਹਨ, ਕੋਈ ਧਰਮੀ ਕਰੇਗਾ ਜਾਂ ਸੁਣੇਗਾ... ਸਰਬ ਧਰਮ ਮਹਿ ਸ੍ਰੇਸ਼ਟ ਧਰਮੁ...।

# ਜੈਸੀ ਦ੍ਰਿਸਟਿ ਕਰੇ ਤੈਸਾ ਹੋਇ

ਦ੍ਰਿਸ਼ਟਿ ਬਹੁਤ ਮਹੱਤਵਪੂਰਨ ਹੈ। ਜਗਤ ਦਾ ਰੂਪ ਰੰਗ, ਪਛਾਣ ਦਾ ਵਸੀਲਾ ਦ੍ਰਿਸ਼ਟਿ ਹੈ। ਗਿਆਨ ਲਈ ਦ੍ਰਿਸ਼ਟਿ ਤੋਂ ਮਗਰੋਂ ਕੰਨ, ਨੱਕ, ਰਸਨਾ ਜਾਂ ਚਮੜੀ ਦਾ ਸਥਾਨ ਆਉਂਦੈ। ਦੇਖ ਕੇ ਅਸੀਂ, ਉਸ ਜੀਅ ਜਾਂ ਪਦਾਰਥ ਬਾਬਤ ਪ੍ਰੀਚੈ ਨਿਰਧਾਰਤ ਕਰਦੇ ਹਾਂ। ਆਪਣਾ ਜਾਂ ਬੇਗਾਨਾ, ਸਾਡੇ ਅਨੁਕੂਲ ਜਾਂ ਪ੍ਰਤੀਕੂਲ ਹੈ। ਇਹ ਵਿਚਾਰ ਦ੍ਰਿਸ਼ਟਿ ਦੀ ਸੂਚਨਾ ਅਨੁਸਾਰ ਸਥਾਪਤ ਹੁੰਦੀ ਹੈ। ਤਾਂ ਕਹਿ ਸਕਦੇ ਹਾਂ ਕਿ ਦ੍ਰਿਸ਼ਟਿ ਹੀ ਜਗ ਦੀ ਪ੍ਰੀਚਾਇਕ ਹੈ। ਸਾਡੀ ਨਜ਼ਰ ਅਤੇ ਸਾਡਾ ਨੱਜ਼ਰੀਆ, ਕਿਸੇ ਵਿਅਕਤੀ ਜਾਂ ਪਦਾਰਥ ਬਾਬਤ, ਸਾਡਾ ਨੱਜ਼ਰੀਆ ਜਾਂ ਅਵਧਾਰਨਾ ਦੇ ਪਿਛੋਕੜ, ਸਾਡਾ ਮਨ ਪ੍ਰੇਰਕ ਹੁੰਦੈ। ਜਿਸ ਨੂੰ ਮਨ ਚਾਹੁੰਦੈ, ਅਸੀਂ ਉਹ ਵੇਖਣਾ ਚਾਹੁੰਦੇ ਹਾਂ। ਫ਼ਿਲਮ ਜਗਤ ਦੇ ਪਾਤਰਾਂ ਦੇ ਪਿੱਛੇ ਦੀਵਾਨੇ ਲੋਕ, ਕਿਸੇ ਸੰਤ ਦੇ ਦਰਸ਼ਨ ਨੂੰ ਨਹੀਂ ਲੋਚਦੈ। ਜੇ ਸੰਤ ਕਿਤੇ, ਦਿਸਦੇ ਵੀ ਹਨ, ਤਾਂ ਢੋਂਗੀ ਹੀ ਲਗਦੇ ਹਨ। ਇਹ ਯਥਾਰਥ ਹੈ ਕਿ ਢੌਂਗੀ ਬਾਬੇ ਤੇ ਸੰਤ ਭੇਖਧਾਰੀ ਲੋਭੀ ਵੀ ਸੰਸਾਰ ਵਿਚ ਵਿਚਰ ਰਹੇ ਹਨ। ਪਰ ਇਸ ਦਾ ਇਹ ਅਰਥ ਤਾਂ ਨਹੀਂ ਕਿ ਸਾਧ, ਅਸਾਧ, ਸਾਰਿਆਂ ਨੂੰ ਵਿਚਾਰਾਂ ਦੇ ਇਕੋ ਵਰਗ ਵਿਚ ਰੱਖ ਦਿੱਤਾ ਜਾਏ। ਇਸ ਤਰ੍ਹਾਂ ਕਰ ਕੇ, ਅਸੀਂ ਸਤਿ ਦੀ ਭਾਲ ਦਾ ਮਾਰਗ ਹੀ ਬੰਦ ਕਰ ਦਿਆਂਗੇ। ਹਰ ਮਨੁੱਖ ਵਿਚ, ਖੋਜ ਭਰੀ ਜਗਿਆਸਾ ਚਲ ਰਹੀ ਹੈ। ਇਹ, ਭਾਵੇਂ ਧੀਮੀ ਚਾਲ ਨਾਲ, ਪਰ ਜਨਮਾਂ ਤੋਂ ਚੱਲ ਰਹੀ ਹੈ ਔਰ ਜੀਵਾਤਮਾ ਨੂੰ ਧੁੰਧਲੀ ਜਿਹੀ ਆਸ ਬੱਝੀ ਰਹਿੰਦੀ ਹੈ :

> "ਮਿਲੇ ਕੋਈ ਐਸਾ ਸੰਤ ਫਕੀਰ॥
> ਪਹੁੰਚਾ ਦੇ ਭਵ ਨਦੀਆ ਕੇ ਤੀਰ॥"

ਮਰਾਠੀ ਸੰਤ ਤੁਕੜੇ ਜੀ ਦੇ ਇਹ ਬੋਲ, ਹਰਿ ਜੀਵਾਤਮਾ ਦੀ ਅਰਦਾਸ ਦਾ ਪ੍ਰਗਟਾਵਾ ਹੈ। ਤਾਂ ਸੰਸਾਰ ਸਦਾ, ਉਹ ਵੇਖਣਾ ਚਾਹੁੰਦੈ, ਜੋ ਉਹ ਚਾਹੁੰਦੈ।

ਸਵਿੱਸ ਦਾ, ਸੰਸਾਰ ਪ੍ਰਸਿੱਧ ਮਨੋਵਿਗਿਆਨੀ "ਕਾਰਲ ਜੁੰਗ" ਕਹਿੰਦੈ, "ਅਸੀਂ ਉਹ ਨਹੀਂ ਦੇਖਦੇ; ਜੋ ਹੈ... ਅਸੀਂ ਉਹ ਦੇਖਦੇ ਹਾਂ, ਜੋ ਅਸੀਂ ਚਾਹੁੰਦੇ ਹਾਂ।" ਬਾਗ ਦੇ ਸੁੰਦਰ ਫੁੱਲ ਨੂੰ ਵੇਖਦੇ ਹਾਂ, ਸੁੰਦਰ ਇਸਤ੍ਰੀ ਵੇਖਦੇ ਹਾਂ ਤਾਂ ਪ੍ਰਮਾਤਮਾ ਦੇ ਵਿਸਮਾਦੀ ਸਿਰਜਨ ਕਲਾ ਦੀ ਸਿਫ਼ਤ ਮੂੰਹੋਂ ਨਿਕਲਦੀ ਹੈ। ਇਹੋ ਕੋਈ ਭੋਗੀ ਵੇਖੇ ਤਾਂ ਵਾਸਨਾ ਪੂਰਤੀ ਦੀ ਸ਼ੈਅ ਦੇਖਦੈ। ਮਨੁੱਖ ਜੋ ਚਾਹੁੰਦੈ ਉਹ ਵੇਖਦੈ, ਉਹ ਸ਼ਖ਼ਸ ਨੂੰ ਜਾਂ ਸ਼ੈਅ ਨੂੰ ਸਦਾ ਸੰਗ ਰਖਣਾ ਚਾਹੁੰਦੈ।

ਹਸਤਿਨਾਪੁਰ ਦਰਬਾਰ ਵਿਚ ਭੀਸ਼ਮ ਪਿਤਾਮਾ, ਦ੍ਰੋਣਾਚਾਰਿਆ, ਕ੍ਰਿਪਾਚਾਰਿਆ,

ਬਿਦੁਰ, ਕੋਈ ਵੀ, ਮਾਮੇ ਸ਼ਕੁਨੀ ਨੂੰ ਪਸੰਦ ਨਹੀਂ ਕਰਦੇ ਸਨ। ਉਹ ਕਪਟੀ, ਕੁਟਿਲ ਸੋਚ ਵਾਲਾ ਸ਼ਕੁਨੀ, ਸਭ ਨੂੰ ਰੜਕਦਾ ਸੀ। ਪਰ ਦੁਰਯੋਧਨ ਸਾਰੇ ਕਾਰਜ, ਉਸ ਦੀ ਸਲਾਹ ਨਾਲ ਕਰਦਾ ਸੀ। ਕਹਿੰਦੇ ਹਨ—

"ਜੋ ਜਾ ਕੋ ਗੁਣ ਜਾਣਹੀ ਸੋ ਤਹਿ ਆਦਰ ਦੇਤ॥
ਕੋਕਿਲ ਅੰਬਹਿ ਲੇਤ ਹੈ, ਕਾਗ ਨਿਬੌਰੀ ਦੇਤ॥"

ਜੋ ਜਿਸ ਦਾ ਗੁਣ ਪਸੰਦ ਕਰਦਾ ਹੈ, ਉਸ ਨੂੰ ਸਨਮਾਨ ਦਿੰਦਾ ਹੈ। ਕੋਇਲ ਨੂੰ ਅੰਬ ਪਸੰਦ ਹੈ, ਅੰਬਾਂ ਦੇ ਦਰਖ਼ਤਾਂ 'ਤੇ ਚਹਿਕਦੀ ਕੂਕਦੀ ਹੈ। ਕਾਂ ਦਾ ਸੁਭਾਅ ਕੌੜਾ ਹੈ, ਕੁਰੱਖ਼ਤ ਹੈ, ਉਹ ਨਿੰਮ 'ਤੇ ਡੇਰਾ ਰੱਖਦਾ ਹੈ।

ਅੱਖਾਂ ਵਿਚ ਭੇਦ ਹੁੰਦੈ। ਪਾਪੀ ਨੂੰ, ਅਪਰਾਧੀ ਨੂੰ, ਸਾਰੇ ਨਫ਼ਰਤ ਕਰਦੇ ਹਨ। ਲੋਗ, ਉਸ ਅੰਦਰ ਹਿੰਸਕ ਸੋਚ ਨੂੰ ਵੇਖਦੇ ਹਨ। ਸੰਤ ਉਸ ਪਾਪੀ ਅੰਦਰਲੀ ਜੀਵਆਤਮਾ ਨੂੰ ਵੇਖਦੇ ਹਨ। ਕਲਿਆਣ ਦਾ ਰਾਹ ਵਿਖਾ ਕੇ, ਮੁਕਤੀ ਮਾਰਗ 'ਤੇ ਤੋਰ ਦਿੰਦੇ ਹਨ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਤਾਂ, ਦੁਨੀਆਂ ਦੀਆਂ ਯਾਤਰਾਵਾਂ ਦਰਮਿਆਨ, ਸ਼ਾਂਤੀ, ਸੁਲਾਕੁਨ ਬਿਰਤੀ ਭਰੇ ਸੰਦੇਸ਼ ਖੁਲ੍ਹੇ ਹੱਥ ਵੰਡੇ। ਵੱਡੇ ਵੱਡੇ ਹੰਕਾਰੀਆਂ, ਪਾਪੀਆਂ, ਅਪਰਾਧੀਆਂ ਨੂੰ ਦੇਵ ਪੁਰਖ ਬਣਾ ਦਿੱਤਾ। ਬਿਹਾਰ ਤੋਂ ਅੱਗੇ, ਬੰਗਾਲ, ਆਸਾਮ ਵੱਲ ਤੁਰੀ ਜਾਂਦੇ ਸਨ। ਰਸਤੇ ਵਿਚ, ਰਾਹਗੀਰਾਂ ਅਤੇ ਸਥਾਨਕ ਨਿਵਾਸੀਆਂ ਨੇ, ਜਾਦੂਗਰਨੀਆਂ ਦੇ ਭਿਆਨਕ ਕਾਰਨਾਮਿਆਂ ਦਾ ਵਖਿਆਨ ਕਰ ਕੇ, ਅੱਗੇ ਜਾਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ। ਗੁਰੂ ਨਾਨਕ ਨੂੰ, ਸ਼ਾਇਦ ਰਾਣੀ ਜਾਦੂਗਰਨੀ ਦੀ ਜੀਵਆਤਮਾ ਖਿੱਚ ਪਾ ਰਹੀ ਸੀ। ਪਾਪੀ ਤਾਂ ਪਾਪ ਕਮਾਉਂਦੈ, ਕਿਉਂਕਿ ਉਸ ਦਾ ਮਨ, ਉਸ ਦੀ ਸੋਚ ਦ੍ਰਿਸ਼ਟਿ ਵੀ ਪਾਪ ਲਈ ਪ੍ਰੇਰਕ ਬਣੀ ਹੈ। ਪਰ... ਉਸ ਦੀ ਜੀਵਆਤਮਾ ਤਾਂ ਬੇਦੋਸ਼ੀ ਹੈ। ਉਹ ਜਨਮਾਂ ਤੋਂ ਉਡੀਕਦੀ ਹੈ, ਕੋਈ ਸੰਤ ਮਿਲ ਜਾਏ, ਮੇਰੀ, ਇਕ ਸਰੀਰ ਤੋਂ ਦੂਜੇ ਸਰੀਰ ਦੀ ਭਟਕਣਾ ਮਿਟ ਜਾਏ। ਉਸ ਪਰਮੇਸ਼ਰ ਪਿਆਰੇ ਸੰਤ ਦੀ ਛੋਹ ਵਿਚ, ਸ਼ਾਇਦ ਮੈਨੂੰ ਧਾਰਨ ਕਰਨ ਵਾਲਾ ਦੇਹਧਾਰੀ, ਉਸ ਦਾ ਮਨ, ਚਿੱਤ ਦਾ ਮਾਰਗ ਤਬਦੀਲ ਹੋ ਜਾਏ। ਪੰਜਵੇਂ ਪਾਤਸ਼ਾਹ, ਆਤਮ ਭਾਵ ਨੂੰ ਪ੍ਰਗਟ ਕਰਦੇ ਹਨ—

"ਸੰਤਸੰਗ ਅੰਤਰਿ ਪ੍ਰਭੁ ਡੀਠਾ॥
ਨਾਮੁ ਪ੍ਰਭੂ ਕਾ ਲਾਗਾ ਮੀਠਾ॥" (ਸੁਖਮਨੀ)

ਤਾਂ, ਪੰਜਵੇਂ ਪਾਤਸ਼ਾਹ, ਗਉੜੀ ਰਾਗ ਵਿਚ, ਸੁਰਬੱਧ ਸੰਦੇਸ਼ ਸ਼ਬਦ ਉਚਾਰਦੇ ਹਨ—

"ਜੈਸੀ ਦ੍ਰਿਸਟਿ ਕਰੇ ਤੈਸਾ ਹੋਇ॥
ਆਪੇ ਆਪਿ ਆਪਿ ਪ੍ਰਭੁ ਸੋਇ॥" (ਪੰਨਾ 279)

ਵੇਖਣ ਦੀ ਵਿਧੀ, ਮਨੁੱਖ ਦੀ ਸ਼ਖਸੀਅਤ ਤੋਂ ਉਪਜਦੀ ਹੈ। ਉਸ ਦੀ ਵੇਖਣੀ, ਉਸ ਦੀ ਜੀਵਨ ਦਸ਼ਾ ਦੀ ਪ੍ਰੀਚਾਇਕ ਹੁੰਦੀ ਹੈ। ਭਗਵਾਨ ਕ੍ਰਿਸ਼ਨ ਕੋਲ, ਮਹਾਂਭਾਰਤ ਜੰਗ ਤੋਂ ਪਹਿਲਾਂ, ਦੁਰਯੋਧਨ ਅਤੇ ਯੁਧਿਸ਼ਠਿਰ ਦੋਵੇਂ ਆਏ। ਸ੍ਰੀ ਕ੍ਰਿਸ਼ਨ ਨੇ ਦੁਰਯੋਧਨ

ਨੂੰ ਕਿਹਾ, ਤੂੰ ਸ਼ਾਮ ਤੱਕ ਕੋਈ ਭਲਾ ਪੁਰਸ਼ ਲੱਭ ਕੇ ਲਿਆ। ਯੁਧਿਸ਼ਠਿਰ ਨੂੰ ਕਿਹਾ, ਤੂੰ ਸ਼ਾਮ ਤੱਕ ਕੋਈ ਮਾੜਾ, ਬੁਰਾ ਵਿਅਕਤੀ ਲੱਭ ਲਿਆ। ਕਹਿੰਦੇ ਹਨ, ਸ਼ਾਮ ਨੂੰ, ਦੋਵੇਂ ਖਾਲੀ ਹੱਥ ਪਰਤ ਆਏ। ਦੁਰਯੋਧਨ ਕਹਿੰਦੈ, ਸਾਰੇ ਕਪਟੀ, ਮਾੜੇ ਮਿਲੇ, ਕੋਈ ਭਲਾ ਪੁਰਸ਼ ਨਹੀਂ ਮਿਲਿਆ। ਯੁਧਿਸ਼ਠਿਰ ਕਹਿੰਦੈ, ਜਿੰਨੇ ਮਿਲੇ, ਸਾਰਿਆਂ ਵਿਚ ਕੁਝ ਨਾ ਕੁਝ ਚੰਗਿਆਈ ਸੀ। ਸਾਰੇ ਚੰਗੇ ਲੱਗੇ, ਕੋਈ ਮਾੜਾ ਦਿਸਿਆ ਹੀ ਨਹੀਂ। ਇਕ ਕਹਿੰਦੈ, ਮੈਨੂੰ ਛੱਡ ਕੇ ਸਾਰੇ ਹੀ ਚੰਗੇ। ਮੈਂ ਹੀ ਅਵਗੁਣਾਂ ਦਾ ਭਰਿਆ ਹਾਂ। ਇਕ ਕਹਿੰਦੇ, ਮੈਂ ਚੰਗਾ, ਹੋਰ ਸਾਰਾ ਜਗ ਮੰਦਾ।

ਦ੍ਰਿਸ਼ਟਿ ਦਾ ਕਮਾਲ ਹੈ। ਚੋਰ, ਚੋਰ ਨੂੰ ਲੱਭ ਲੈਂਦੈ, ਨਸ਼ੇ ਦਾ ਸ਼ੌਕੀਨ ਨਸ਼ੇੜੀ ਨੂੰ ਲੱਭ ਲੈਂਦੈ। ਸਾਰੇ, ਆਪਣੀ ਜ਼ਰੂਰਤ ਅਨੁਸਾਰ, ਸ਼ੈਅ ਦੀ ਭਾਲ ਕਰਦੇ ਹਨ। ਕਿਸੇ ਭਰੇ ਹੋਏ ਸਟੋਰ ਵਿਚ ਨਜ਼ਰਾਂ, ਲੋੜ ਦੀ ਸ਼ੈਅ ਲੱਭ ਲੈਂਦੀਆਂ ਹਨ। ਇਕ ਵਾਰ, ਦ੍ਰੋਣਾਚਾਰਿਆ, ਜੰਗਲ ਵਿਚ ਵਿਚਰ ਰਹੇ ਸਨ। ਇਕ, ਤੇਜਮਈ ਮੁਖੜੇ ਵਾਲਾ ਯੁਵਕ, ਸੰਧਿਆ ਪੂਜਨ ਕਰ ਰਿਹਾ ਸੀ। ਹੱਥ ਜੋੜ ਬੰਦ ਨੇਤਰਾਂ ਨਾਲ, ਅਰਚਨਾ ਕਰ ਰਿਹਾ ਸੀ। ਦੂਰ, ਇਕ ਕੁੱਤਾ, ਭੌਂਕ ਰਿਹਾ ਸੀ। ਯੁਵਕ ਦੀ ਪ੍ਰਾਰਥਨਾ ਵਿਚ ਵਿਘਨ ਜਿਹਾ ਪੈ ਰਿਹਾ ਸੀ। ਦ੍ਰੋਣਾਚਾਰਿਆ ਨੇ ਵੇਖਿਆ, ਸੂਰਵੀਰ ਨੇ ਇਕ ਤੀਰ ਧਨੁੱਖ ਤੇ ਰੱਖ, ਮਾਰਿਆ। ਕਮਾਲ ਦੀ ਤੀਰਅੰਦਾਜ਼ੀ! ਕੁੱਤਾ, ਮਾਰਿਆ ਨਹੀਂ, ਉਸ ਦੇ ਮੂੰਹ ਵਿਚ ਜਾ ਫਸਿਆ। ਮੂੰਹ ਖੁੱਲੇ ਦਾ ਖੁੱਲ੍ਹਾ ਰਹਿ ਗਿਆ। ਹੁਣ ਉਹ ਭੌਂਕਣ ਜੋਗਾ ਨਾ ਰਿਹਾ। ਦੂਜੇ ਦਿਨ, ਹਸਤਿਨਾਪੁਰ, ਕੌਰਵਾਂ, ਪਾਂਡਵਾਂ, ਦੋਹਾਂ ਧਿਰਾਂ ਦੇ ਰਾਜਕੁਮਾਰਾਂ ਤੋਂ ਸ਼ਸਤਰ ਵਿਦਿਆ ਦੀ ਪ੍ਰੀਖਿਆ ਲੈਣੀ ਸੀ। ਸਭਾ ਵਿਚ ਦ੍ਰੋਣ, ਸਿੱਖਿਆ ਸੰਬੰਧੀ ਸੰਦੇਸ਼ ਦੇ ਰਹੇ ਸਨ। ਉਹੋ ਯੁਵਕ, ਜਿਸ ਦਾ ਸ਼ਸਤ੍ਰ ਕੌਸ਼ਲ ਕੱਲ੍ਹ ਹੀ ਜੰਗਲ ਵਿਚ ਵੇਖ ਚੁੱਕੇ ਸਨ, ਉਹ ਆਇਆ ਅਤੇ ਗੁਰੂ ਦ੍ਰੋਣ ਅੱਗੇ ਵਿਦਿਆਰਥੀ ਬਣਨ ਲਈ ਨਿਵੇਦਨ ਕੀਤਾ। ਅਚਾਰਿਆ, ਅਰਜਨ ਤੋਂ ਵੱਧ, ਸ਼ਸਤ੍ਰ ਵਿਦਿਆ ਦਾ ਪਾਰੰਗਤ, ਕੋਈ ਹੋਰ ਨਹੀਂ ਚਾਹੁੰਦੇ ਸੀ। ਹੋਣਹਾਰ ਵਿਦਿਆਰਥੀ ਅਤੇ ਤਪ ਤੇਜ਼ ਨਾਲ ਭਰਿਆ ਸੂਰਮਾ! ਕੋਈ ਵੀ ਅਚਾਰਿਆ, ਸ਼ਾਇਦ, ਇਸ ਸਮੇਂ ਮਾਣ ਮਹਿਸੂਸ ਕਰਦਾ। ਪਰ ਅਰਜਨ ਸਰਵੋਤਮ ਕਿਵੇਂ ਬਣੇਗਾ? ਧਰਮ ਸੰਕਟ ਵਿਚ ਪੈ ਗਏ। ਉਹਨਾਂ ਦੀ ਦ੍ਰਿਸ਼ਟਿ ਨੇ ਕੱਲ੍ਹ ਜੋ ਵੇਖਿਆ ਸੀ, ਉਸ ਅਨੁਸਾਰ ਇਹ ਯੁਵਕ, ਅਰਜਨ ਲਈ ਚੁਣੌਤੀ ਬਣੇਗਾ। ਸੋਚਿਆ ਤੇ ਜਵਾਬ ਦਿੱਤਾ—ਪਹਿਲਾਂ ਆਪਣਾ ਪ੍ਰੀਚੈ ਦੇ ਜਵਾਨ! ਕਿਸ ਜਾਤੀ ਵਰਣ ਦਾ ਹੈਂ? ਮੇਰਾ ਸੰਕਲਪ ਹੈ, ਮੈਂ ਸਿਰਫ ਰਾਜਿਆਂ ਦੇ ਰਾਜਕੁਮਾਰਾਂ ਨੂੰ ਹੀ ਸਿੱਖਿਆ ਦਿਆਂਗਾ। ਤੂੰ ਕਿਸ ਪ੍ਰਦੇਸ਼ ਦਾ ਰਾਜਾ ਜਾਂ ਰਾਜਕੁਮਾਰ ਹੈਂ?

ਉਹ ਯੁਵਕ ਕਰਣ ਸੀ। ਕੁੰਤੀ ਦਾ ਕੁਆਰੀ ਹੁੰਦਿਆਂ, ਸੂਰਜ ਨਾਲ ਸੰਜੋਗ ਹੋਇਆ। ਬਾਲਕ ਜੰਮਿਆ। ਲਕੜੀ ਦੀ ਪੇਟੀ ਵਿਚ ਪਾ ਕੇ ਨਦੀ ਵਿਚ ਰੋੜ੍ਹ ਆਈ। ਇਕ ਮਲਾਹ ਦੰਪਤੀ, ਸੰਤਾਨ ਤੋਂ ਹੀਨ ਸਨ। ਉਹਨਾਂ ਦੀ ਨਜ਼ਰ ਰੁੜ੍ਹਦੀ ਪੇਟੀ 'ਤੇ

ਪਈ। ਬਾਹਰ ਲਿਆ, ਖੋਲ੍ਹਿਆ ਤਾਂ ਸੁੰਦਰ, ਸੱਜਰਾ ਜੰਮਿਆ ਬਾਲਕ ਸੀ। ਸਾਨੂੰ ਰੱਬ ਨੇ ਹੀ, ਇਹ ਪੁੱਤਰ ਦਿੱਤਾ ਹੈ, ਐਸਾ ਸੋਚ ਪਾਲਿਆ। ਵੀਰਤਾ ਦੇ ਗੁਣ, ਸੰਸਕਾਰ ਖ਼ੂਨ ਵਿਚ ਹੈ ਸਨ। ਬਾਲਪਨ ਤੋਂ ਹੀ ਧਨੁਖ ਵਿਦਿਆ ਦਾ ਸ਼ੌਕੀਨ ਸੀ। ਪਹਿਲਾਂ ਪਰਸ਼ੂ ਰਾਮ ਤੋਂ ਵਿਦਿਆ ਲਈ। ਇਕਾਗ੍ਰਚਿੱਤ ਅਤੇ ਸ਼ਸਤ੍ਰ ਵਿਦਿਆ ਯੋਗ ਪਾਤਰ ਜਾਣ ਕੇ, ਪਰਸ਼ੂ ਰਾਮ ਨੇ ਖੁੱਲ੍ਹ ਕੇ ਯੁੱਧ ਕਲਾ ਦੀ ਸਿੱਖਿਆ ਦਿੱਤੀ। ਪਰ ਇਕ ਦਿਨ, ਜਦੋਂ ਇਹ ਜਾਣਿਆ ਕਿ ਇਹ ਯੁਵਕ, ਬ੍ਰਾਹਮਣ ਨਹੀਂ, ਖੱਤਰੀ ਹੈ, ਤਾਂ ਉਹਨਾਂ ਆਸ਼੍ਰਮ 'ਚੋਂ ਬਾਹਰ ਕੱਢ ਦਿੱਤਾ। ਨਾਲ ਹੀ ਸ੍ਰਾਪ ਵੀ ਦਿੱਤਾ, ਜਿਹੜੀ ਬ੍ਰਹਮਅਸਤ੍ਰ ਦੀ ਸਿੱਖਿਆ ਤੈਨੂੰ ਦਿੱਤੀ ਹੈ, ਉਹ ਸਮਾਂ ਆਉਣ 'ਤੇ, ਜੰਗ ਵਿਚ ਤੂੰ ਭੁੱਲ ਜਾਏਂਗਾ। ਤੇਰੇ ਕੰਮ ਨਹੀਂ ਆਵੇਗੀ। ਹੁਣ ਗੁਰੂ ਦ੍ਰੋਣ ਕੋਲ ਬਹੁਤ ਆਸ ਲੈ ਕੇ ਆਇਆ। ਉਹਨਾਂ ਰਾਜਘਰਾਨੇ ਦੀ ਸ਼ਰਤ ਰੱਖ ਦਿੱਤੀ। ਸਭਾ ਘਰ ਦੇ ਅੰਦਰਲੇ ਕੋਸ਼ਠ ਵਿਚ, ਪਰਦੇ ਪਿੱਛੇ ਕੁੰਤੀ (ਮਾਂ) ਬੈਠੀ ਸੁਣ ਰਹੀ ਸੀ। ਕਾਲਜਾ ਧੱਕ-ਧੱਕ ਕਰਨ ਲੱਗਾ। ਆਂਦਰਾਂ ਵਿਚ ਉਮਾਹ ਆ ਗਿਆ। ਇਹ ਤਾਂ ਮੇਰਾ ਹੀ ਜਾਇਆ ਪੁੱਤਰ ਹੈ। ਪਰ ਸਭਾ ਵਿਚ, ਕੁਆਰੇਪਨ ਦੀ ਘਟਨਾ ਤੋਂ ਪਰਦਾ ਚੁੱਕਣ ਦੀ ਹਿੰਮਤ ਨਾ ਪਈ। ਅੰਦਰੇ ਅੰਦਰ ਤੜਫ਼ਦੀ-ਸਿਸਕਦੀ ਰਹੀ। ਸਾਰੀ ਸਭਾ ਵਿਚ ਮੌਨ ਛਾ ਗਿਆ। ਦੁਰਯੋਧਨ ਦੀਆਂ ਅੱਖਾਂ ਨੇ ਵੇਖ ਲਿਆ। ਇਹ ਅਰਜਨ ਨੂੰ ਸ਼ਿਕੱਸਤ ਦੇ ਸਕਦਾ ਹੈ। ਅਰਜਨ ਮੇਰਾ ਦੁਸ਼ਮਨ ਹੈ। ਕਹਿੰਦੇ ਹਨ, ਦੁਸ਼ਮਨ ਦੇ ਦੁਸ਼ਮਨ ਨੂੰ ਮਿੱਤਰ ਬਣਾ ਲਉ, ਬਹੁਤ ਲਾਹੇਵੰਦ ਹੁੰਦਾ ਹੈ। ਦੁਰਯੋਧਨ ਨੇ ਸਭਾ ਵਿੱਚ ਖਲੋ ਕੇ ਘੋਸ਼ਣਾ ਕੀਤੀ, ਇਹ ਅੰਗੇਸ਼ ਹੈ, ਅੰਗ ਪ੍ਰਦੇਸ਼ ਦਾ ਰਾਜਾ। ਮੈਂ ਅੰਗਪ੍ਰਦੇਸ਼ ਦਾ ਰਾਜਾ, ਇਸ ਯੁਵਕ "ਕਰਣ" ਨੂੰ ਘੋਸ਼ਿਤ ਕਰਦਾ ਹਾਂ। ਇਸ ਦੇ ਨਾਲ ਹੀ, ਉਸ ਨੇ ਆਪਣਾ ਮੁਕਟ ਸਿਰ ਤੋਂ ਲਾਹ ਕੇ, ਕਰਣ ਦੇ ਸਿਰ ਰੱਖ ਦਿੱਤਾ। ਬਸ ਇਹੋ ਖਿਨ ਸੀ, ਜੋ ਕਰਣ, ਦੁਰਯੋਧਨ ਦਾ ਕਰਜਾਈ ਬਣ ਗਿਆ। ਐਸੀ ਮਿੱਤਰਤਾ ਨਿਭਾਈ ਕਿ, ਅੱਧੀ ਰਾਤ ਕੁੰਤੀ, ਕਰਣ ਦੇ ਸ਼ਿਵਰ ਵਿਚ, ਚਾਦਰ ਦੀ ਬੁੱਕਲ ਮਾਰ ਆਈ। ਕੁਆਰਿਆਂ ਵੇਲੇ ਦੀ ਸੂਰਜ ਮਿਲਾਪ, ਪੁੱਤਰ ਰੂਪ ਵਿਚ ਕਰਣ ਦਾ ਜੰਮਣਾ ਅਤੇ ਕਲੰਕ ਦੇ ਭੈਅ ਨਾਲ ਪੇਟੀ ਵਿਚ ਬੰਦ ਕਰ ਕੇ, ਨਦੀ ਵਿਚ ਰੋੜ੍ਹ ਆਉਣ ਦਾ ਸਾਰਾ ਬ੍ਰਿਤਾਂਤ ਸੁਣਾ ਕੇ, ਪਾਂਡਵ ਭਰਾਵਾਂ ਦੇ ਨਾਲ, ਦੁਰਯੋਧਨ ਵਲੋਂ ਹੋ ਕੇ ਜੰਗ ਨਾ ਲੜਨ ਦੀ ਝੋਲੀ ਅੱਡੀ। ਫਿਰ ਭਗਵਾਨ ਕ੍ਰਿਸ਼ਨ ਨੇ, ਜਦੋਂ ਹਸਤਿਨਾਪੁਰ ਸਭਾ ਵਿਚ, ਵਿਰਾਟ ਰੂਪ ਵਿਖਾਇਆ ਔਰ ਬੰਦੀ ਬਣਾਉਣ ਲਈ ਤਿਆਰ, ਦੁਰਯੋਧਨ ਨੂੰ ਜੰਗ ਦੀ ਲਲਕਾਰ ਦੇ ਕੇ ਨਿਕਲੇ ਤਾਂ, ਕਰਣ ਰਥ ਦਾ ਸਾਰਥੀ ਬਣ, ਸ਼ਹਿਰ ਤੋਂ ਬਾਹਰ ਤੱਕ ਲੈ ਜਾਣ ਦਾ ਸ਼ਿਸ਼ਟਾਚਾਰ ਨਿਭਾਇਆ। ਰਥ 'ਤੇ ਜਾਂਦਿਆਂ, ਭਗਵਾਨ ਸ੍ਰੀ ਕ੍ਰਿਸ਼ਨ ਨੇ ਕਰਣ ਅੱਗੇ, ਪਾਂਡਵਾਂ ਦਾ ਵੱਡਾ ਭਰਾ ਹੋਣ ਕਰ ਕੇ, ਮਿਲ ਕੇ ਇਹ ਜੰਗ ਜਿੱਤਣ ਅਤੇ ਜੰਗ ਤੋਂ ਮਗਰੋਂ, ਕਰਣ ਨੂੰ ਹਸਤਿਨਾਪੁਰ ਦਾ ਰਾਜਾ ਬਣੌਨ ਦੀ ਪੇਸ਼ਕਸ਼ ਕੀਤੀ। ਪਰ ਕਰਣ ਨੇ ਉਹ ਸਾਰੀਆਂ, ਸੰਵੇਦਨਾਵਾਂ ਅਤੇ ਪ੍ਰਸਤਾਵਨਾਵਾਂ ਠੁਕਰਾ ਦਿੱਤੀਆਂ, ਇਹ ਆਖ ਕੇ ਕਿ ਉਸ ਸਭਾਗਾਰ

ਵਿਚ, ਜਦੋਂ ਮੈਨੂੰ ਸੂਤ-ਪੁੱਤਰ ਅਤੇ ਰਾਜਹੀਨ, ਗਰੀਬ ਆਖ ਕੇ ਅਪਮਾਨਤ ਕੀਤਾ ਗਿਆ, ਉਦੋਂ ਦੁਰਯੋਧਨ ਨੇ ਮੈਨੂੰ ਆਪਣਾ ਭਰਾ, ਮਿੱਤਰ ਅਤੇ ਬਰਾਬਰੀ ਦਾ ਰਾਜਾ ਘੋਸ਼ਿਤ ਕੀਤਾ। ਮੈਂ ਉਹ ਕਰਜ਼, ਜਾਨ ਦੇ ਕੇ ਵੀ ਲਾਹਾਂਗਾ। ਤਾਂ ਗੱਲ ਅੱਖ ਦੀ ਕਰੀਏ, ਦ੍ਰਿਸ਼ਟਿ ਦੀ ਕਰੀਏ। ਉਦੋਂ, ਪਾਂਡਵ ਪੁੱਤਰਾਂ ਕੁਝ ਹੋਰ ਵੇਖਿਆ, ਕੁੰਤੀ ਨੇ ਕੁਝ ਹੋਰ ਵੇਖਿਆ, ਗੁਰੂ ਦ੍ਰੋਣ ਨੇ ਕੁਝ ਹੋਰ ਵੇਖਿਆ। ਪਰ ਦੁਰਯੋਧਨ ਨੇ ਕਰਣ ਵਿਚ, ਜੰਗ ਦਾ ਰੁਖ ਬਦਲ ਦੇਣ ਵਾਲਾ ਸੂਰਮਾ ਵੇਖਿਆ। ਜੇ ਇਹ ਮਿੱਤਰ ਬਣ ਜਾਏ ਤਾਂ ਮਹਾਂਭਾਰਤ ਦੀ ਜਿੱਤ ਪੱਕੀ। ਇਹ ਬਿਲਕੁੱਲ ਸਤਿ ਉਸ ਵੇਖਿਆ ਸੀ। ਲਹੂ ਦੇ ਚਿੱਕੜ ਵਿਚ ਰੱਥ ਦਾ ਫਸਿਆ ਚੱਕਾ ਕੱਢਣ ਲਈ, ਤੀਰ ਧਨੁੱਖ ਰੱਖ ਕੇ, ਜਦੋਂ ਨਿਹੱਥਾ ਕਰਣ, ਰਥ ਤੋਂ ਉਤਰਿਆ। ਚੱਕਾ ਚਿੱਕੜ 'ਚੋਂ ਕੱਢਦਿਆਂ, ਮਹਾਂਭਾਰਤ ਵਿਚ ਇਹ ਪ੍ਰਸੰਗ ਲਿਖਿਐ ਕਿ ਭਗਵਾਨ ਸ੍ਰੀ ਕ੍ਰਿਸ਼ਨ ਨੇ ਅਰਜਨ ਨੂੰ ਕਿਹਾ, ਅਰਜਨ! ਇਹੋ ਮੌਕਾ ਹੈ, ਮਾਰ ਤੀਰ... ਖਤਮ ਕਰ ਦੇ ਕਰਣ ਨੂੰ। ਤੂੰ ਇਸ ਨਾਲ ਜੰਗ ਵਿਚ ਕਦੇ ਨਹੀਂ ਜਿੱਤ ਸਕਦਾ। ਔਰ, ਉਹ ਬਦਨੁਮਾ ਕਾਲਖੰਡ, ਨਿਹੱਥੇ ਯੋਧਾ ਦੀ ਮੌਤ ਦਾ ਗਵਾਹ ਬਣ ਗਿਆ।

ਲੋਕੀ ਮਜਨੂੰ ਨੂੰ ਕਹਿੰਦੇ, ਓ ਮਜਨੂੰ! ਤੇਰੀ ਲੈਲਾ ਤਾਂ ਕਾਲੀ ਏ।
ਅੱਗੋਂ ਕਹਿੰਦਾ ਮਜਨੂੰ, "ਤੇਰੀ ਅੱਖ ਨਹੀਂ ਵੇਖਣ ਵਾਲੀ ਏ।"

ਅੱਖ-ਅੱਖ ਵਿਚ ਫਰਕ ਹੁੰਦੈ। ਇਕ ਵੇਖਦੇ ਹਨ, ਇਹ ਦੁਨੀਆ ਕਾਲਖ ਦੀ ਕੋਠਰੀ ਹੈ। ਦੁੱਖਾਂ ਭਰਿਆ ਸੰਸਾਰ ਹੈ। ਸ੍ਰੀ ਗੁਰੂ ਅੰਗਦ ਦੇਵ ਪਾਤਸ਼ਾਹ, ਕਹਿੰਦੇ ਹਨ—

"ਇਹੁ ਜਗੁ ਸਚੈ ਕੀ ਹੈ ਕੋਠੜੀ, ਸਚੇ ਕਾ ਵਿਚਿ ਵਾਸੁ॥"(ਪੰਨਾ 463)

ਸੰਨਿਆਸੀ, ਸੰਸਾਰ ਨੂੰ ਅਸੱਤਿ ਕਹਿੰਦੈ। ਪਰ ਇਕ ਬ੍ਰਹਮਗਿਆਨੀ, ਤੱਤ ਗਿਆਨੀ ਸਤਿਗੁਰ ਕਹਿੰਦੇ ਹਨ—ਪ੍ਰਮੇਸਰ ਵੀ ਸਤਿ ਹੈ ਅਤੇ ਉਸ ਦੀ ਸਿਰਜੀ ਹੋਈ ਸ੍ਰਿਸ਼ਟਿ ਵੀ ਸਤਿ ਹੈ... ਵੇਖਣ ਵਾਲੀ ਅੱਖ ਦਾ ਭੇਦ ਹੈ। ਪੰਜਵੇਂ ਪਾਤਸ਼ਾਹ ਕਹਿੰਦੇ ਹਨ—

ਆਪਿ ਸਤਿ ਕੀਆ ਸਭੁ ਸਤਿ॥
ਤਿਸੁ ਪ੍ਰਭ ਤੇ ਸਗਲੀ ਉਤਪਤਿ॥" (ਪੰਨਾ 294)

ਜੇਬਲ ਨਿਸ਼ਾ, ਔਰੰਗਜ਼ੇਬ ਬਾਦਸ਼ਾਹ ਦੀ ਲੜਕੀ ਸੀ। ਬਹੁਤ ਸੁਹਿਰਦ ਸੰਵੇਦਨਸ਼ੀਲ ਵਿਦੁਸ਼ੀ, ਕਵਿਤ੍ਰੀ! ਇਕ ਵਾਰ ਗਰਮੀ ਦੀ ਰੁੱਤ ਵਿਚ, ਜੇਬਲ ਨਿਸ਼ਾ ਬਾਗ ਵਿਚ ਟਹਿਲਣ ਲੱਗੀ। ਵੇਖਦੀ ਹੈ, ਇਕ ਬੁਲਬੁੱਲ, ਦਰਖ਼ਤਾਂ ਦੀਆਂ ਸੁੱਕੀਆਂ ਹੋਈਆਂ ਸ਼ਾਖਾਂ 'ਤੇ ਨੱਚਦੀ-ਟੱਪਦੀ ਕੋਈ ਗੀਤ ਗਾਉਂਦੀ ਸੀ। ਰਾਜ ਕੁਮਾਰੀ ਵੇਖ ਕੇ ਹੈਰਾਨ ਹੋਈ। ਬੁਲਬੁਲ ਨੂੰ ਸੰਬੋਧਤ ਕਰਕੇ ਕਹਿੰਦੀ ਹੈ—

ਸ਼ਉਕੇ ਬੁਲਬੁਲ! ਕਮ ਨ ਗਰਨਦ
ਗ਼ਰ ਰਵਦ, ਗੁਲ ਅਜ ਚਮਨ॥

ਐ ਨਾਦਾਨ ਬੁਲਬੁਲ! ਗਰਮੀ ਦੀ ਰੁਤੇ, ਝੜੇ ਹੋਏ ਪੱਤਿਆਂ ਵਾਲੇ ਠੂੰਠ ਦਰੱਖ਼ਤਾਂ

ਤੇ ਤੇਰਾ ਨੱਚਣਾ, ਗਾਉਣਾ ਬੜਾ ਹੈਰਾਨਕੁਨ ਹੈ। ਤਾਂ ਬੁਲਬੁਲ ਅਗੋਂ ਬੋਲੀ—

ਐ ਰਾਜਕੁਮਾਰੀ, ਤੁਹਾਡੀ ਮਨੁੱਖ ਜ਼ਾਤ ਵਿਚ ਸ਼ਾਇਦ—ਮਤਲਬ ਦੀ ਯਾਰੀ ਹੋਵੇਗੀ। ਇਸ਼ਕ ਵੀ, ਜਵਾਨ ਜਹਾਨ, ਲੋੜਾਂ ਪੂਰੀਆਂ ਕਰਨ ਵਾਲਿਆਂ ਨਾਲ ਹੀ ਹੁੰਦਾ ਹੋਵੇਗਾ। ਪਰ ਐ ਸ਼ੋਖ ਸ਼ਹਿਜ਼ਾਦੀ—

"ਹੁਸਨ ਬੇਬੁਨਿਆਦ ਅਸਤ॥ ਇਸ਼ਕ ਬੇਬੁਨਿਆਦ ਨੇਸਤ॥"

ਹੁਸਨ, ਖ਼ੂਬਸੂਰਤੀ ਬੇਬੁਨਿਆਦ ਹੁੰਦੀ ਹੈ... ਚਾਰ ਦਿਨ ਦੀ ਚਾਂਦਨੀ। ਪਰ ਇਸ਼ਕ ਤਾਂ ਰੂਹਾਂ ਨਾਲ ਹੁੰਦੈ। ਇਹ ਰੂਹਾਂ ਦਾ ਇਸ਼ਕ ਚਿਰ-ਜੀਵੀ ਹੁੰਦੈ, ਅਖੀਰਲੀਆਂ ਸੁਆਸਾਂ ਨਾਲ ਇਹ ਰੀਤ ਨਿਭਾਈ ਜਾਂਦੀ ਹੈ। ਸਮਾਂ ਪਾਸਾ ਪਰਤੇ ਤਾਂ ਇਸ਼ਕ, ਅੱਖਾਂ ਨਹੀਂ ਬਦਲਦਾ।

ਤਾਂ, ਪੰਜਵੇਂ ਪਾਤਸ਼ਾਹ, ਮਨੋਵਿਗਿਆਨ ਦੀਆਂ ਗਹਿਰੀਆਂ ਪਰਤਾਂ ਖੋਲ੍ਹਦੇ ਹਨ-

"ਜੈਸੀ ਦ੍ਰਿਸਟਿ ਕਰੇ ਤੈਸਾ ਹੋਇ..."

# ਕਿਵ ਸਚਿਆਰਾ ਹੋਈਐ

ਹਰ ਮਨੁੱਖ, ਇਕ ਪ੍ਰਸ਼ਨ ਲੈ ਕੇ ਜੰਮਦਾ ਹੈ। ਮਨੁੱਖ, ਜਨਮ ਤੋਂ ਪਹਿਲਾਂ ਹਰੇਕ ਪ੍ਰਾਣੀ ਨੂੰ, ਜੀਵਾਤਮਾ ਨੂੰ, ਇਸ ਆਤਮਬੋਧ ਦੇ ਨਾਲ ਭੇਜਿਆ ਜਾਂਦਾ ਹੈ—

"ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥"

ਲੱਖਾਂ ਜੀਵਨ ਦੀ ਦੁਖ ਭਰੀ ਯਾਤਰਾ ਤੋਂ ਬਾਅਦ, ਇਕ ਵਿਵੇਕਪੂਰਨ ਪੜਾਅ! ਕਰਮਾਂ ਕਰ ਕੇ, ਪ੍ਰਭੂ ਦੇ ਦੇਸ਼ ਤੋਂ ਨਿਕਾਲਾ ਹੋਇਆ, ਹੁਣ ਕਰਮਾਂ ਕਰ ਕੇ ਹੀ ਮਿਲਨ ਹੋਵੇਗਾ। ਅਨੇਕਾਂ ਜਨਮ ਬਿਤੀਤ ਹੋ ਗਏ। ਬਹੁਤੇ ਕਰਮ ਕੀਤੇ, ਦਾਨ, ਤੱਪ, ਸੇਵਾ, ਸਿਮਰਨ! ਜਗ ਵਿਚ ਬਹੁਤ ਜੱਸ ਵੀ ਖਟਿਆ। ਚਾਰੇ ਪਾਸੇ ਵਾਹ-ਵਾਹੀ ਵੀ ਹੋਈ। ਪਰ ਮੌਤ ਤੋਂ ਬਾਅਦ ਦਰਗਾਹ ਵਿਚ, ਕੂੜ ਦੀ ਹੋਰ ਪੰਡ ਭਾਰੀ ਹੋ ਗਈ। ਇਹ ਘਟਨਾ, ਸਾਡੇ ਸਾਰਿਆਂ ਨਾਲ ਘਟ ਰਹੀ ਹੈ। ਬਹੁਤ ਤੀਰਥ, ਬਰਤ ਅਰ ਦਾਨ ਕਰ ਕੇ ਵੀ, ਕੂੜ ਦੀ ਪੰਡ ਹੋਰ ਭਾਰੀ ਹੁੰਦੀ ਜਾ ਰਹੀ ਹੈ। ਤਪ ਕਰ ਕੇ ਵੀ ਭਸਮਾਸੁਰ, ਸ਼ਿਵਜੀ ਦੇ ਤੀਜੇ ਨੇਤਰ ਨਾਲ ਭਸਮ ਹੋਇਆ। "ਓਮ ਸ਼ਿਵਾਇ ਨਮਹ" ਦਾ ਕਈ ਵਰ੍ਹਿਆਂ ਜਾਪ ਕੀਤਾ, ਕਠਿਨ ਤਪ ਕੀਤਾ। ਮਹਾਂਦੇਵ ਪ੍ਰਸੰਨ ਹੋਏ, ਵਰ ਮੰਗਣ ਲਈ ਕਿਹਾ। ਭਸਮਾਸੁਰ ਨੇ ਵਰ ਮੰਗਿਆ, ਜਿਸ ਦੇ ਸਿਰ 'ਤੇ ਮੈਂ ਹੱਥ ਰੱਖ ਦਿਆਂ, ਉਹ ਭਸਮ ਹੋ ਜਾਏ। ਸ਼ਿਵਜੀ ਨੇ ਵਚਨ ਦੇ ਦਿੱਤਾ। ਮੰਗ ਬੜੀ ਅਟਪਟੀ ਸੀ, ਪਰ "ਏਵਮ ਅਸਤੁ" ਕਹਿਣਾ ਪਿਆ। ਵਰ ਤਾਂ ਦੇ ਦਿੱਤਾ, ਪਰ ਸ਼ਿਵਜੀ ਦੇ ਅੰਦਰ ਇਕ, ਅਪਰਾਧ ਬੋਧ ਆ ਗਿਆ। ਮਾਰੂ ਸ਼ਕਤੀ ਦੇ ਮਦ ਵਿਚ, ਭਸਮਾਸੁਰ, ਲੋਕਾਂ ਦੇ ਸਿਰ 'ਤੇ ਹੱਥ ਰੱਖ, ਭਸਮ ਕਰਨ ਲੱਗ ਪਿਆ। ਸ਼ਿਵਜੀ ਚਿੰਤਤ ਹੋ ਗਏ। ਆਪ ਹੀ ਇਕ ਪ੍ਰਯੋਗ ਕੀਤਾ। ਇਕ ਸੁੰਦਰ ਨਾਰੀ ਦਾ ਭੇਖ ਧਾਰ, ਭਸਮਾਸੁਰ ਦੇ ਸਾਹਮਣੇ ਆ ਗਏ। ਆਪਣੀ ਮੋਹਨੀ ਚਿਤਵਨ ਨਾਲ ਮਨ ਮੋਹ ਲਿਆ। ਭਸਮਾਸੁਰ, ਰੂਪਵਤੀ ਨਾਲ ਪ੍ਰੀਤ ਕਰਨੀ ਚਾਹੁੰਦਾ ਸੀ। ਇਸਤਰੀ ਰੂਪ, ਸ਼ਿਵਜੀ ਨੇ, ਆਪਣੇ ਸਿਰ 'ਤੇ ਹੱਥ ਰੱਖ ਕੇ ਨ੍ਰਿਤ ਕਰ ਵਿਖਾਇਆ। ਪਹਿਲਾਂ ਇਸ ਤਰ੍ਹਾਂ, ਨੱਚ ਕੇ ਮੈਨੂੰ ਪ੍ਰਸੰਨ ਕਰ, ਮੈਂ ਤੇਰੀ ਹੋ ਜਾਵਾਂਗੀ। ਕਾਮ ਵਿਚ ਅੰਨ੍ਹਾ ਹੋਇਆ, ਉਹ ਭਸਮਾਸੁਰ, ਸਭ ਕੁਝ ਭੁਲ ਕੇ ਨ੍ਰਿਤ ਕਰਨ ਲਈ, ਜਿਵੇਂ ਆਪਣਾ ਹੱਥ ਸਿਰ 'ਤੇ ਰੱਖਿਆ, ਸ਼ਿਵਜੀ ਤੋਂ ਮਿਲੇ ਹੋਏ ਵਰ ਨਾਲ ਭਸਮ ਹੋ ਗਿਆ। ਸ਼ਾਇਦ ਸਾਡੇ ਸਾਰਿਆਂ ਨਾਲ, ਇਹ ਘਟਨਾ ਘਟ ਰਹੀ ਹੈ। ਪੂਜਾ, ਪਾਠ, ਸਿਮਰਨ ਕਰਦੇ ਹਾਂ, ਗੁਰੂ ਤੋਂ, ਪ੍ਰਮੇਸ਼ਰ ਤੋਂ ਸੰਸਾਰ ਦੀ ਕੋਈ ਸ਼ੈਅ, ਤਨ, ਧਨ, ਪ੍ਰੀਵਾਰ, ਮਾਨ-ਸਨਮਾਨ ਮੰਗ ਲੈਂਦੇ ਹਾਂ। ਮਰ ਕੇ ਮੜ੍ਹੀਆਂ ਵਿਚ, ਭਸਮ ਹੋ ਰਹੇ ਹਾਂ ਅਤੇ ਕਰਮਾਂ ਅਨੁਸਾਰ, ਅਗਲੇ ਜਨਮ ਸਾਡੀ ਦੇਹ ਭਾਵੇਂ ਕੋਈ ਹੋਵੇ, ਪਰ ਅੰਦਰ ਭਸਮਾਸੁਰ ਦੀ ਮਾਨਸਿਕਤਾ ਨਾਲ ਹੀ ਜੰਮਦੀ ਹੈ।

ਤਾਂ ਸ੍ਰੀ ਗੁਰੂ ਨਾਨਕ ਪਾਤਸ਼ਾਹ, ਪ੍ਰਾਣੀ ਨੂੰ ਧੁਰੋਂ ਮਿਲਿਆ ਪ੍ਰਸ਼ਨ, ਚੇਤੇ ਕਰਵਾਂਦੇ ਹਨ—

"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥" (ਜਪੁਜੀ)

ਪਿਛਲਿਆਂ ਜਨਮਾਂ ਦੀ ਸੰਚਿਤ ਸੰਪਤੀ ਅਤੇ ਪ੍ਰੀਵਾਰ ਦਾ ਵੇਰਵਾ, ਇਕ ਥਾਂ ਰੇਖਾਂਕਤ ਕਰ ਸਕੀਏ ਤਾਂ ਯਕੀਨ ਕਰੋ, ਦੁਨੀਆ ਦੇ ਸ਼ਾਇਦ, ਸਾਰੇ ਬਾਦਸ਼ਾਹਾਂ ਦੇ ਦਰਬਾਰ ਅਤੇ ਖਜ਼ਾਨੇ ਛੋਟੇ ਪੈ ਜਾਣ। ਵਿਗਤ ਨੂੰ, ਅਤੀਤ ਨੂੰ, ਆਤਮਾ ਦ੍ਰਿਸ਼ਟੀ ਨਾਲ ਵੇਖਿਆ ਜਾ ਸਕਦੈ।

ਮਨੁੱਖ ਜਨਮ ਮਿਲਿਆ। ਇਕ ਮਨੁੱਖ, ਦੋ ਵਜੂਦ ਨਾਲ ਲਈ ਫਿਰਦੈ। ਇਕ ਵਜੂਦ ਦੇਹ ਹੈ, ਜੋ ਕਰਮ ਕਰਦੀ ਹੈ। ਮੰਦਰ ਜਾਏ ਜਾਂ ਮਯਖਾਨੇ, ਰਾਮ ਨਾਲ ਆਸਕਤ ਹੁੰਦੈ ਜਾਂ ਕਾਮ ਨਾਲ, ਇਹ ਪ੍ਰਸ਼ਨ ਚੇਤੇ ਨਹੀਂ ਤਾਂ ਅੰਜਾਮ ਉਹੀ, ਭਸਮਾਸੁਰ ਜਿਹਾ ਅੰਤ!

ਜੀਵਨ ਦਾ ਮੰਦਭਾਗਾ ਪੱਖ ਇਹ ਹੈ ਕਿ ਮਨੁੱਖ ਦੀ ਸੋਚ, ਸੰਸਾਰ ਮੁਖੀ ਹੈ। ਸੋਚਣ ਯੋਗ, ਪ੍ਰੇਰਕ ਤੱਤ, ਮਨ, ਬੁੱਧੀ, ਇੰਦ੍ਰੀਆਂ, ਸੰਸਾਰਕ ਹਨ, ਭੌਤਿਕ ਹਨ। ਸੰਸਾਰ ਵੀ ਭੌਤਿਕ ਹੈ। ਤਾਂ ਇਹਨਾਂ ਦੇ ਜਿਸ ਭੌਤਿਕ ਹੋਣ ਕਰ ਕੇ, ਸੁਭਾਵਕ ਸੰਸਾਰਕ ਪਦਾਰਥਾਂ ਪ੍ਰਤੀ ਆਸਕਤ ਹੁੰਦੇ ਹਨ। ਮੰਦਰਾਂ, ਧਰਮ ਸਥਾਨਾਂ ਤੇ ਤਨਖਾਹ ਲੈ ਕੇ ਪੂਜਾ ਕਰਨ ਵਾਲੇ, ਪੈਸੇ ਬਦਲੇ ਵਿਦਿਆ ਵੇਚਣ ਵਾਲੇ ਧਰਮ ਪ੍ਰਚਾਰਕ, ਕਥਾ ਵਾਚਕ, ਕੀਰਤਨੀਏ, ਸਾਰੇ ਜਜਮਾਨ ਦੀ ਜ਼ਰੂਰਤ ਅਤੇ ਅਵਸਰ ਅਨੁਸਾਰ, ਧਰਮ ਵਾਰਤਾ ਸੁਣਾਂਦੇ ਹਨ। ਹਰ ਧਰਮ ਕਰਮ, ਅਨੁਸ਼ਠਾਨ ਤੋਂ ਮਨੋਬਾਂਛਤ ਫਲ, ਪੁੱਤਰ, ਨਿਰੋਗਤਾ, ਵਾਪਾਰ ਵਿਚ ਵਾਧਾ, ਸਮਾਜ ਜਾਂ ਸਿਆਸਤ ਵਿਚ ਸਫ਼ਲਤਾ, ਪ੍ਰਤਿੱਸ਼ਠਾ ਵਿਚ ਵਾਧੇ ਦਾ ਖੁੱਲ੍ਹਾ ਪ੍ਰਲੋਭਨ ਦਿੰਦੇ ਹਨ। ਸ੍ਰੋਤਾ, ਵਕਤਾ, ਸਾਰੇ ਇਕੋ ਮਾਨਸਿਕਤਾ ਤੋਂ ਪ੍ਰੇਰਤ ਹਨ। ਇਸ ਰੌਲੇ ਵਿਚ, ਭੌਤਿਕ ਦੌੜ ਵਿਚ, ਪ੍ਰਾਣੀ ਦਾ ਮੂਲ ਪ੍ਰਸ਼ਨ ਗਵਾਚ ਗਿਆ ਜਾਂ ਧਰਮ ਪੁਰੋਹਤਾਂ ਵੱਲੋਂ ਤਥਾਕਥਿਤ, ਪੁਜਾਰੀਆਂ ਵੱਲੋਂ, ਬੜੀ ਚਲਾਕੀ ਨਾਲ, ਲਾਂਭੇ ਕਰ ਦਿੱਤਾ ਗਿਆ। ਸੰਸਾਰ ਦਾ ਸੁਖ, ਜੀਵਨ ਦਾ ਮੰਤਵ ਬਣਾ ਦਿੱਤਾ ਗਿਆ। ਸਿਆਸਤ ਵਿਚ ਤਾਂ ਇਹ ਖੇਡ, ਜਨਤਾ ਨਾਲ ਆਮ ਖੇਡੀ ਜਾਂਦੀ ਹੈ। ਮੁਲਕ ਦੀ ਭੁੱਖ, ਗਰੀਬੀ, ਬੇਰੁਜ਼ਗਾਰੀ, ਕਾਨੂੰਨ ਵਿਵਸਥਾ, ਮਨੁੱਖੀ ਅਧਿਕਾਰਾਂ ਦੇ ਪ੍ਰਸ਼ਨ, ਲਾਂਭੇ ਕਰ ਦਿੱਤੇ ਜਾਂਦੇ ਹਨ। ਪੜੋਸੀ ਮੁਲਕ ਨਾਲ ਸਰਹੱਦ 'ਤੇ ਤਨਾਅ, ਜੰਗ ਦਾ ਖਤਰਾ, ਦੇਸ਼ ਦੀ ਗੌਰਵ ਗਾਥਾ, ਮਨ ਪਰਚਾਂਦੇ ਸੋਹਲੇ ਪੜ੍ਹੇ ਜਾਂਦੇ ਹਨ। ਜਾਂ ਮੰਦਰ, ਮਸਜਿਦ, ਧਰਮ ਤੇ ਖਤਰੇ ਦੀ ਦੁਹਾਈ ਦੇ ਕੇ, ਮੁਲਕ ਦੇ ਮੂਲ ਪ੍ਰਸ਼ਨ ਤੋਂ ਭਟਕਾ ਦਿੱਤਾ ਜਾਂਦੈ। ਸੱਚਾਈ ਤਾਂ ਇਹ ਹੈ ਕਿ ਆਜ਼ਾਦੀ ਤੋਂ ਪਹਿਲਾਂ, ਅੰਗਰੇਜ਼ੀ ਸ਼ਾਸਕਾਂ ਵੱਲੋਂ ਖੋਲ੍ਹੇ ਗਏ, ਬੁੱਚੜਖਾਨਿਆਂ ਵਿਚ ਰੋਜ਼ ਔਸਤਨ ਦੋ ਹਜ਼ਾਰ ਗਊਆਂ ਵੱਢੀਆਂ ਜਾਂਦੀਆਂ ਸਨ। ਅੱਜ ਆਜ਼ਾਦ ਭਾਰਤ ਵਿਚ, ਕੇਂਦਰ ਦੀ ਸਰਕਾਰ ਅਤੇ ਰਾਜ ਦੀਆਂ ਆਪਣੀਆਂ ਸਰਕਾਰਾਂ ਵਲੋਂ ਪ੍ਰਮਾਣਿਤ ਬੁੱਚੜਖਾਨਿਆਂ ਵਿਚ, ਹਰ ਰੋਜ਼, ਔਸਤਨ ਦੋ ਲੱਖ ਗਊਆਂ ਦਾ ਕਤਲ ਹੋ ਰਿਹੈ। ਪਰ ਲੋਕਾਂ ਦਾ ਧਿਆਨ ਮੂਲ ਪ੍ਰਸ਼ਨ ਤੋਂ ਭਟਕੌਣ ਲਈ, ਧਰਮ ਦੀ ਦੁਹਾਈ ਦਿੰਦੇ ਹਨ।

"ਦਿਲ ਬਹਲਾਨੇ ਕੋ ਗ਼ਾਲਿਬ ਯਹ ਖਿਆਲ ਅੱਛਾ ਹੈ।"

ਤਾਂ ਧਰਮ ਅਦਾਰਿਆਂ ਵੱਲੋਂ, ਤੀਰਥ, ਬਰਤ, ਜਾਪ, ਯੱਗ ਦੇ ਨਾਂ 'ਤੇ ਮਨਘੜਤ ਸਾਖੀਆਂ ਰਾਹੀਂ, ਤਰ੍ਹਾਂ-ਤਰ੍ਹਾਂ ਦੇ ਵਹਿਮ, ਭਰਮ ਅਤੇ ਭੈਅ ਦਾ ਪ੍ਰਚਾਰ ਕੀਤਾ ਜਾਂਦੈ। ਇਹ ਵਰਤ ਜਿਸ ਨੇ ਕੀਤਾ, ਉਸ ਦੇ ਵਾਰੇ ਨਿਆਰੇ ਹੋ ਗਏ, ਧੰਨ, ਧਾਨ ਦੀ ਪ੍ਰਚੂਰਤਾ ਹੋ ਗਈ, ਜਿਸ ਨੇ ਵਿਚਾਲੇ ਤੋੜਿਆ, ਉਸ ਦੀ ਬਰਬਾਦੀ ਦੀ ਕਹਾਣੀ। ਇਹਨਾਂ ਰੌਲਿਆਂ ਖੱਪਿਆਂ ਵਿਚ ਮੂਲ ਪ੍ਰਸ਼ਨ, ਕਿਤੇ ਅੰਦਰ, ਦਬਿਆ ਰਹਿ ਗਿਆ। ਜੀਵਾਤਮਾ ਅਤੇ ਦੇਹ, ਦੋ ਵਜੂਦਾਂ ਦੀ ਕਮਿਸਟਰੀ, ਦੋ ਦਾ ਸੁਮੇਲ ਕਰ ਕੇ ਮਨੁੱਖ ਬਣਾਇਆ ਸੀ। ਪ੍ਰਸ਼ਨ, ਸਚਿਆਰ ਹੋ ਕੇ, ਸੁਰਖਰੂ ਹੋ ਕੇ, ਪ੍ਰਭੂ ਦਰਬਾਰ ਵਿਚ ਕਿਵੇਂ ਪੁੱਜਾਂ? ਮੋਕਸ਼ ਜਾਂ ਮੁਕਤਿ ਤਾਂ ਆਤਮਾ ਨੇ ਹੋਣਾ ਹੈ। ਦੇਹ ਦੇ ਤੱਤ ਤਾਂ, ਮਿੱਟੀ, ਪਾਣੀ, ਹਵਾ, ਅਗਨੀ, ਮੌਤ ਤੋਂ ਬਾਅਦ, ਆਪਣੇ ਮੂਲ ਸ੍ਰੋਤ ਵਿਚ ਰਲ ਜਾਣਗੇ। ਪਰ ਆਤਮਾ ਤਾਂ ਪ੍ਰਮਾਤਮਾ ਤੋਂ ਵਿੱਛੜ ਕੇ ਆਈ। ਇਹ ਕਿਵੇਂ ਸਚਿਆਰ ਹੋਵੇਗੀ? ਤਥਾਕਥਿਤ ਧਰਮ ਦੇ ਨਾਂਅ 'ਤੇ ਉਪਚਾਰਕ, ਬਾਹਰੀ ਇੰਦ੍ਰੀਆਂ, ਹੱਥਾਂ-ਪੈਰਾਂ, ਮੂੰਹ ਨਾਲ ਮੰਤਰ ਪੜ੍ਹੇ, ਕਰਮਕਾਂਡੀ ਅਨੁਸ਼ਠਾਨ ਕੀਤੇ ਔਰ ਸੰਸਾਰਕ ਪਦਾਰਥ ਮੰਗੇ। ਕਈ ਜਨਮ ਲੰਘ ਗਏ, ਪ੍ਰਸ਼ਨ ਅਣਉਤਰਿਤ ਰਹਿ ਗਿਆ।

ਗੁਰੂ ਨਾਨਕ ਪਾਤਸ਼ਾਹ ਦਾ ਇਹ ਪ੍ਰਸ਼ਨ, ਆਤਮਾ ਦੀ ਪੁਕਾਰ ਹੈ। ਆਤਮਾ ਮੌਨ ਹੈ। ਅਕਰਮਨਯ ਹੈ। ਕਰਮ ਕਰਨ ਨੂੰ ਸਮਰੱਥ ਨਹੀਂ। ਉਸ ਅੱਗੇ, ਪ੍ਰਮਾਤਮਾ ਨੇ ਇਕ ਸ਼ਰਤ, ਇਕ ਕੰਡੀਸ਼ਨ ਰੱਖੀ ਹੈ। ਜੇ ਆਤਮਾ ਦੇ ਕੇਂਦਰ ਤੋਂ ਉੱਠੀ ਇੱਛਾ ਤਰੰਗ, ਅੰਤਰਆਤਮਾ 'ਚੋਂ ਲੰਘ ਕੇ ਮਨ, ਬੁੱਧੀ ਨੂੰ ਪ੍ਰੇਰ ਸਕੇ ਤਾਂ, ਬੁੱਧੀ ਤੋਂ ਨਿਰਦੇਸ਼ ਲੈ ਕੇ, ਇੰਦ੍ਰੀਆਂ, ਸ਼ੁਭ ਕਰਮ ਲਈ ਸਕ੍ਰਿਅ ਹੁੰਦੀਆਂ ਹਨ। ਇਥੇ ਵੀ ਉਹ ਪ੍ਰਸ਼ਨ ਜੀਂਵਦਿਆਂ ਰਹਿਣਾ ਚਾਹੀਦੈ, "ਕਿਵ ਸਚਿਆਰਾ ਹੋਈਐ?" ਕਿਸੇ ਕਰਮ ਜਾਂ ਧਰਮ ਦਾ ਮੁੱਲ, ਸੰਸਾਰਕ ਪਦਾਰਥਾਂ ਨਾਲ ਨਾ ਜੋੜਿਆ ਜਾਏ। ਮੈਂ ਜੀਵਾਤਮਾ ਹਾਂ... ਮੈਂ ਸਰੀਰ ਨਹੀਂ। ਸਰੀਰ ਮਰੇਗਾ, ਮੈਂ ਨਹੀਂ। ਮੇਰੇ ਕਰਮ ਅਨੁਸਾਰ, ਅਗਲਾ ਪੁਨਰ ਜੀਵਨ, ਪ੍ਰਮੇਸ਼ਰ ਵਲੋਂ ਉਲੀਕਿਆ ਜਾਣਾ ਹੈ। ਬਸ ਇਹ ਜੀਵਨ, ਮੇਰਾ ਅੰਤਮ ਆਵਾਗਮਨ ਹੋਵੇ। ਭਗਤ ਕਬੀਰ ਜੀ ਦੀ ਜ਼ੁਬਾਨੀ—

"ਕਹੈ ਕਬੀਰੁ ਸੁਨਹੁ ਰੇ ਸੰਤਹੁ ਖੇਤ ਹੀ ਕਰਹੁ ਨਿਬੇਰਾ॥
ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ॥"

(ਪੰਨਾ 1104)

ਆਦਿ ਕਾਲ ਤੋਂ, ਸੰਸਕ੍ਰਿਤ ਵਿਚ ਹੀ, ਸਾਰੇ ਪ੍ਰਾਚੀਨ ਧਰਮ ਗ੍ਰੰਥ ਰਚੇ ਗਏ ਅਤੇ ਸੰਸਕ੍ਰਿਤ ਤੇ ਬ੍ਰਾਹਮਣ ਵਰਣ ਦਾ ਪੂਰਨ ਅਧਿਕਾਰ ਸੀ। ਤਾਂ ਧਰਮ ਸ਼ਾਸਤਰ ਦਾ ਅਧਿਐਨ ਕਰਨਾ, ਅਰਥ ਵਿਆਖਿਆ, ਅਨੁਵਾਦ, ਸਾਰਾ ਅਧਿਕਾਰ, ਇਸੇ ਵਰਣ ਦੇ ਵਿਦਵਾਨਾਂ ਦਾ ਮੁਹਤਾਜ ਰਹਿ ਗਿਆ। ਵੇਦਾਂ ਦੇ ਅਰਥ ਵੀ, ਆਪਣੀ ਸੋਚ, ਸ਼ਰਤ ਅਨੁਸਾਰ ਘੜੇ ਗਏ। ਰਿਗ ਵੇਦ ਵਿਚ ਇਕ ਸ਼ਲੋਕ ਹੈ—

"ਓਮ ਤ੍ਰਿਯੰਬਕੰ ਯਜਾਮਹੇ ਸੁਗੰਧਿੰ ਪੁਸਟੀ ਵਰਧਨਮ॥

ਉਰਵਾ ਰੁਕਮਇਵ ਬੰਧਨਾਨ ਮ੍ਰਿਤਯੋਰ ਮੁਕਤੀਯ ਮਾ ਅਮ੍ਰਿਤਾਤ॥"

"ਹੇ ਤ੍ਰਿਯੰਬਕੰ, ਤਿੰਨ ਨੇਤਰਾਂ ਨਾਲ, ਭੂਤ, ਭਵਿੱਖ, ਵਰਤਮਾਨ, ਤਿੰਨੇ ਕਾਲਾਂ ਨੂੰ ਵੇਖਣ ਵਾਲੇ... ਤਨ, ਮਨ, ਬੁੱਧੀ ਨੂੰ ਪਵਿੱਤਰ ਕਰ ਕੇ, ਸ਼ੁੱਭ ਕਰਮਾਂ ਦੀ ਖ਼ੁਸ਼ਬੋ ਖਿਲਾਰਨ ਵਾਲੇ, ਦੇਹ-ਆਤਮਾ ਨੂੰ ਸਿਹਤਮੰਦ ਕਰਨ ਵਾਲੇ ਭਗਵਾਨ ਸ਼ਿਵਜੀ, ਮੈਂ ਤੁਹਾਡੀ ਪੂਜਾ, ਅਰਚਨਾ ਕਰਦਾ ਹਾਂ।

ਜਿਵੇਂ ਖਰਬੂਜ਼ਾ (ਜਾਂ ਕੋਈ ਫਲ) ਪੂਰੀ ਤਰ੍ਹਾਂ ਪੱਕ ਜਾਣ ਤੇ, ਆਪ ਹੀ ਆਪਣੀ ਵੇਲ ਤੋਂ ਟੁੱਟ ਕੇ ਵੱਖਰਿਆਂ ਹੋ ਜਾਂਦਾ ਹੈ, ਉਵੇਂ ਮੈਨੂੰ ਵੀ ਵਿਵੇਕ ਨਾਲ ਪੂਰਨ ਪ੍ਰਪੱਕ ਹੋ ਕੇ, ਜੀਵਨ ਰੂਪੀ ਵੇਲ ਤੋਂ ਵੱਖਰਿਆਂ ਕਰ ਕੇ, ਮੋਕਸ਼ ਦੀ ਆਗਿਆ ਬਖ਼ਸ਼ੋ... ਮੈਂ ਅਮਰਤੱਵ ਨੂੰ ਪ੍ਰਾਪਤ ਹੋਵਾਂ... ਆਵਾਗਮਨ ਤੋਂ ਮੁਕਤ ਹੋਵਾਂ।" ਇਸ ਸਲੋਕ ਨੂੰ "ਮਹਾਂਮ੍ਰਿਤੰਜਯ ਮੰਤਰ", ਕਿਹਾ ਜਾਂਦੈ। ਮੌਖਿਕ ਕਥਾ ਰੂਪ ਵਿਚ, ਪ੍ਰਸੰਗ ਪ੍ਰਚਲਿਤ ਹੋਇਆ—

ਮ੍ਰਿਕੰਡੂ ਰਿਸ਼ੀ ਅਤੇ ਉਸ ਦੀ ਧਰਮ ਪਤਨੀ ਮ੍ਰਿਦੂਵਤੀ, ਬੇਔਲਾਦ ਸਨ। ਇਕ ਵਾਰ ਸ਼ਿਵਜੀ ਦੀ ਕਠਿਨ ਅਰਾਧਨਾ, ਤਪ ਕੀਤਾ। ਵਰ ਵਿਚ ਪੁੱਤਰ ਮੰਗਿਆ। ਮਾਰਕੰਡੇ, ਪੁੱਤਰ ਜੰਮਿਆ। ਜੋਤਿਸ਼ੀ ਨੇ ਗ੍ਰਹਿ ਗਣਨਾ ਕਰ ਕੇ ਦੱਸਿਆ, ਕਰਮਾਂ ਅਨੁਸਾਰ, ਬਾਲਕ 16 ਵਰ੍ਹੇ ਹੀ ਪੂਰਾ ਕਰਦਿਆਂ, ਚੜ੍ਹਾਈ ਕਰ ਜਾਏਗਾ। ਬਾਲਕ ਨੂੰ ਛੋਟਿਆਂ ਤੋਂ ਸ਼ਿਵਜੀ ਪ੍ਰਤੀ ਲਗਨ ਸੀ। ਪੂਰੀ ਨਿਸ਼ਠਾ ਅਤੇ ਪ੍ਰੀਤ ਨਾਲ, ਸ਼ਿਵ ਅਰਚਨਾ ਕਰਦਾ ਸੀ। 16 ਵਰ੍ਹੇ ਪੂਰੇ ਹੋਣ 'ਤੇ, ਯਮਰਾਜ ਨੇ ਦੂਤ ਭੇਜਿਆ, ਬਾਲਕ ਮਾਰਕੰਡੇ ਨੇ, ਸ਼ਿਵਲਿੰਗ ਨੂੰ ਜੱਫੀ ਪਾ ਕੇ, ਇਹ ਸਤੋਤਰ ਉਚਾਰਣ ਕੀਤਾ।

ਰਿਗ ਵੇਦ ਦਾ ਉਹੀ ਸ਼ਲੋਕ :

"ਓਮ ਤ੍ਰਿਯੰਬਕੰ ਯਜਾਮਹੇ, ਸੁਗੰਧਿੰ ਪੁਸਟੀ ਵਰਧਨਮ..."

ਇਸ ਨੂੰ ਮੌਤ ਤੇ ਵਿਜੈ ਪ੍ਰਾਪਤ ਕਰਨ ਵਾਲਾ ਮੰਤਰ, "ਮਹਾਂਮ੍ਰਿਤੁੰਜਯ ਮੰਤ੍ਰ" ਕਿਹਾ ਗਿਆ। ਜਿਹੜੇ ਧਨ ਪੱਖੋਂ ਸਮਰੱਥਾਵਾਨ ਹੁੰਦੇ ਹਨ ਅਤੇ ਮਰਨਾ ਨਹੀਂ ਚਾਹੁੰਦੇ, ਉਹ ਬ੍ਰਾਹਮਣ ਪਾਠੀਆਂ ਨੂੰ ਬੁਲਾ ਕੇ, ਇੱਕੀ ਹਜ਼ਾਰ, ਇਕਵੰਜਾ ਹਜ਼ਾਰ ਜਾਂ ਸਵਾ ਲੱਖ ਪਾਠ ਕਰਵੌਂਦੇ ਹਨ। ਭਾਵੇਂ ਮਰਦੇ ਫੇਰ ਵੀ ਹਨ, ਕੋਈ ਅਮਰ ਨਹੀਂ ਹੋਇਆ। ਪਰ ਜੀਵਨ ਦੀ ਲਾਲਸਾ ਵਿਚ, ਜੀਵਨ ਦਾ ਮੂਲ ਪ੍ਰਸ਼ਨ ਕਿਤੇ ਦੱਬ ਦਿੱਤਾ ਗਿਆ।

ਕੋਈ, ਆਤਮਿਕ ਤਲ ਤੇ ਜਾਗਿਆ ਹੋਇਆ, ਬੁੱਧ ਪੁਰਸ਼, ਕੋਈ ਗੁਰੂ ਨਾਨਕ ਪਾਤਸ਼ਾਹ, ਪ੍ਰਾਣੀ ਨੂੰ, ਪ੍ਰਭੂ ਲੋਕ ਤੋਂ ਪ੍ਰਾਪਤ, ਪ੍ਰਸ਼ਨ ਚੇਤੇ ਕਰਵਾਇਆ—

"ਕਿਵ ਸਚਿਆਰਾ ਹੋਈਐ?"

# ਇਹ ਜੁ ਦੁਨੀਆ ਸਿਹਰ ਮੇਲਾ

ਕੈਸੀ ਖੇਡ ਰਚਾਈ ਵੇ ਰੱਬਾ! ਜੀਂਵਦਿਆਂ ਚਾਹੁੰਦੇ ਹਾਂ ਕਿ ਸਾਰਾ ਸੰਸਾਰ ਮੁੱਠੀ ਵਿਚ ਆ ਜਾਏ... ਮੋਇਆਂ ਸਰੀਰ ਵੀ ਛੁੱਟ ਜਾਂਦੈ। ਵਿਸਥਾਰਵਾਦ, ਬਸਤੀਵਾਦ ਜਿਹੇ ਸ਼ਬਦ, ਉਨ੍ਹਾਂ ਹਕੂਮਤਾਂ ਲਈ ਵਰਤੇ ਜਾਂਦੇ ਹਨ, ਜਿਨ੍ਹਾਂ ਨੇ ਦੂਸਰੇ ਮੁਲਕਾਂ ਤੇ ਕਬਜ਼ਾ ਕਰ ਲਿਆ। ਪਰ ਯਥਾਰਥ ਤਾਂ ਇਹ ਹੈ ਕਿ ਹਰ ਮਨੁੱਖ, ਸੁਭਾਅ ਤੋਂ ਵਿਸਥਾਰਵਾਦੀ ਹੁੰਦੈ। ਜੇ ਹੱਥ ਪੈਂਦਾ ਹੋਵੇ ਤਾਂ ਨਾਲ ਲੱਗਦੀ ਜ਼ਮੀਨ ਲੈ ਕੇ ਘਰ ਵੱਡਾ ਕਰ ਲਈਏ। ਨਾਲ ਦੀ ਪੈਲੀ ਜਾਂ ਨਾਲ ਲੱਗਦੀ ਦੁਕਾਨ 'ਤੇ ਹਮੇਸ਼ਾ ਨਜ਼ਰ ਰਖਦੇ ਹਾਂ, ਜੇ ਮਿਲ ਜਾਏ ਤਾਂ ਲੈ ਲਈਏ। ਕੱਲ੍ਹ ਨੂੰ ਸੁਖ ਨਾਲ ਪਰਿਵਾਰ ਵੱਡਾ ਹੋ ਰਿਹੈ, ਜ਼ਰੂਰਤ ਪਵੇਗੀ। ਇਹ ਮਾਨਸਿਕਤਾ, ਧਰਮ ਸੰਪਰਦਾਵਾਂ ਵਿਚ ਵੀ ਕ੍ਰਿਆਸ਼ੀਲ ਹੁੰਦੀ ਹੈ। ਸਾਰੇ ਚਾਹੁੰਦੇ ਹਨ, ਸਾਡਾ ਧਰਮ ਵੱਧੇ, ਸਾਡਾ ਪੰਥ ਵੱਧੇ। ਇਹ ਸੁਭਾਵਕ ਹੋ ਰਿਹੈ। ਕਿਸੇ ਦੀ ਆਲੋਚਨਾ, ਸਮਾਲੋਚਨਾ ਦਾ ਕੋਈ ਅਰਥ ਨਹੀਂ। ਟਰੇਨ ਦੇ ਲੰਬੇ ਸਫ਼ਰ 'ਤੇ ਤੁਰਿਆ ਮੁਸਾਫ਼ਰ, ਸੀਟ ਦੇ ਥੱਲੇ, ਉੱਤੇ, ਜਿੱਥੇ ਥਾਂ ਦੀ ਗੁੰਜਾਇਸ਼ ਦਿਸਦੀ ਹੈ, ਸਮਾਨ ਟਿਕਾ ਦਿੰਦਾ ਹੈ। ਇਹ ਸੁਭਾਵਕ ਹੈ। ਪਰ ਸਮਝਦਾਰ ਮੁਸਾਫ਼ਰ ਉਹ ਹੈ, ਜਿਹੜਾ, ਮੰਜ਼ਿਲ 'ਤੇ, ਡੈਸਟੀਨੇਸ਼ਨ 'ਤੇ ਪੁੱਜਣ ਤੋਂ ਇਕ ਸਟੇਸ਼ਨ ਪਹਿਲਾਂ, ਸਮਾਨ ਸਮੇਟਣਾ ਆਰੰਭ ਕਰ ਦੇਵੇ। ਇਹ ਟ੍ਰੇਨ, ਇਹ ਦੁਨੀਆਂ ਕਿਸੇ ਦੀ ਨਹੀਂ ਹੋਈ। ਧਰਮ ਸ਼ਾਸਤਰ, ਸੁੱਤੀ, ਭੁੱਲੀ, ਚੇਤਨਾ ਜਾਗ੍ਰਿਤ ਕਰਨ ਦਾ ਉਪਰਾਲਾ ਕਰਦੇ ਹਨ।

ਭਗਤ ਕਬੀਰ ਜੀ, ਇਸੇ ਸੰਦਰਭ ਵਿਚ ਕਹਿੰਦੇ ਹਨ—

"ਬੰਦੇ ਖੋਜੁ ਦਿਲ ਹਰ ਰੋਜ, ਨਾ ਫਿਰੁ ਪਰੇਸਾਨੀ ਮਾਹਿ॥
ਇਹ ਜੁ ਦੁਨੀਆ ਸਿਹਰੁ ਮੇਲਾ, ਦਸਤਗੀਰੀ ਨਾਹਿ॥" (ਪੰਨਾ 727)

ਦੁਨੀਆਂ, ਸਿਹਰ ਮੇਲਾ ਹੈ; ਕਿਸੇ ਤਮਾਸ਼ਾਈ ਵਲੋਂ, ਕਿਸੇ ਬਾਜ਼ੀਗਰ ਵਲੋਂ ਪਸਾਰੀ ਹੋਈ ਖੇਡ ਸਮੱਗਰੀ! ਇਹ ਸੰਸਾਰ, ਮਦਾਰੀ ਦੇ ਤਮਾਸ਼ੇ ਵਾਂਗ। ਮੇਲੇ ਵਿਚ, ਭੀੜ ਹੈ, ਤਮਾਸ਼ੇ ਦੇ ਸ਼ੈਦਾਈ ਹਨ। ਖੇਡ ਵੇਖ ਲਵੋ ਔਰ ਤੁਰ ਪਵੋ। ਇਥੇ ਜਿਹੜੇ ਜਾਦੂ ਨਾਲ ਪੈਸੇ ਬਣਾਏ ਜਾ ਰਹੇ ਹਨ, ਕਿਸੇ ਨੂੰ ਮਾਰ ਦਿੰਦੇ ਹਨ, ਫਿਰ ਜਿਵਾ ਦਿੰਦੇ ਹਨ—

ਕਬੀਰ ਜੀ ਕਹਿੰਦੇ ਹਨ—

"ਇਹ ਜੁ ਦੁਨੀਆ ਸਿਹਰ ਮੇਲਾ, ਦਸਤਗੀਰੀ ਨਾਹਿ॥"

ਦਸਤ ਦਾ ਅਰਥ ਹੈ, ਹੱਥ! ਕਿਸੇ ਦੇ ਹੱਥ ਇੱਥੇ ਕੁਝ ਨਹੀਂ ਆਉਂਦਾ। ਸਾਰੇ ਖਾਲੀ ਗਏ।

ਸਿਕੰਦਰ, ਦੁਨੀਆਂ ਜਿੱਤਣ ਦੇ ਮਨਸੂਬੇ ਨਾਲ, ਯੂਨਾਨ ਤੋਂ ਵੱਡੀ ਫੌਜ ਲੈ ਕੇ ਤੁਰਿਆ। ਕਹਿੰਦੇ ਹਨ, ਪੰਜਾਬ ਵਿਚ ਬਿਆਸਾ ਦੇ ਕੰਢੇ, ਸਿਆਲ ਦੀ ਇਕ ਸੱਜਰੀ

ਸਵੇਰੇ, ਇਕ ਅਲਮਸਤ ਫ਼ਕੀਰ ਮਿਲ ਗਿਆ। ਸੈਨਾਪਤੀ ਸੈਲਯੁਕਸ਼ ਨੇ ਕਿਹਾ, ਸੁਣਿਐ ਹਿੰਦੁਸਤਾਨ ਦੇ ਸੰਤ, ਫ਼ਕੀਰ ਬੜੇ ਕਰਿਸ਼ਮਈ ਹੁੰਦੇ ਹਨ। ਜੇ ਕੋਈ ਰਾਜ਼ੀ ਹੋ ਜਾਏ ਤਾਂ ਨਾਲ ਲੈ ਚਲੀਏ। ਦੋ ਘੋੜੇ ਫ਼ਕੀਰ ਸਾਹਮਣੇ ਜਾ ਖੜੇ ਹੋਏ; ਇਕ 'ਤੇ ਬਾਦਸ਼ਾਹ ਸਿਕੰਦਰ, ਇਕ 'ਤੇ ਸੈਨਾਪਤੀ।

ਸੈਲਯੁਕਸ਼ ਕਿਹਾ, ਐ ਫ਼ਕੀਰ ਜੀ! ਮਹਾਨ ਸਿਕੰਦਰ ਤੇਰੇ ਸਾਹਮਣੇ ਹੈ, ਉਠ, ਇਸਤਕਬਾਲ ਕਰ! ਅਲਮਸਤ ਫ਼ਕੀਰ ਨੇ ਕਿਹਾ, ਸਰਦ ਰੁੱਤ ਦੀ ਸਵੇਰ ਹੈ। ਸਾਹਮਣੇ ਸੂਰਜ ਮੈਨੂੰ ਨਿੱਘ ਦੇ ਰਿਹੈ। ਤੂੰ ਬਸ ਇਤਨੀ ਮੇਹਰਬਾਨੀ ਕਰ, ਮੇਰੇ ਅਤੇ ਸੂਰਜ ਦੇ ਦਰਮਿਆਨ ਰੁਕਾਵਟ ਨਾ ਬਣ.. ਇਥੋਂ ਚਲਾ ਜਾ। ਹੰਕਾਰ ਦਾ ਲੱਕ ਟੁੱਟ ਗਿਆ। ਨਿਰਵਸਤਰ ਨੰਗ ਧੜੰਗ ਫ਼ਕੀਰ! ਇਤਨੀ ਬੇਪਰਵਾਹੀ ਤਾਂ ਕਿਸੇ ਬਾਦਸ਼ਾਹ ਦੀ ਨਹੀਂ ਵੇਖੀ। ਘੋੜੇ ਤੋਂ ਉੱਤਰ ਗਿਆ। ਨਿਰਮਾਣ ਹੋਇਆ ਤੇ ਅਰਜ਼ ਕੀਤੀ, ਮੈਂ ਦੁਨੀਆਂ ਜਿੱਤਣ ਨਿਕਲਿਆ ਹਾਂ। ਅਸ਼ੀਰਵਾਦ ਦਿਓ। ਫ਼ਕੀਰ ਨੇ ਹੁਣ ਅੱਖਾਂ ਚੁੱਕੀਆਂ ਤੇ ਬੋਲਿਆ—

"ਅੱਛਾ ਇਹ ਦਸ, ਸਾਰੀ ਦੁਨੀਆਂ ਜਿੱਤ ਲਵੇਂਗਾ, ਦੁਨੀਆਂ ਦੀ ਸਾਰੀ ਦੌਲਤ ਇਕੱਠੀ ਕਰ ਲਵੇਂਗਾ, ਫਿਰ ਕੀ ਹੋਵੇਗਾ? ਫਿਰ ਮੈਂ ਸੁੱਖ ਲਵਾਂਗਾ।" ਸਿਕੰਦਰ ਨੇ ਕਿਹਾ, ਆਰਾਮ ਦੀ ਜ਼ਿੰਦਗੀ ਬਿਤੀਤ ਕਰਾਂਗਾ। ਮੈਂ ਸਾਰਿਆਂ ਨੂੰ ਜਿੱਤ ਚੁੱਕਿਆ ਹੋਵਾਂਗਾ, ਕਿਸੇ ਦਾ ਮੈਨੂੰ ਡਰ ਨਹੀਂ ਹੋਵੇਗਾ। ਸੁਖ-ਚੈਨ ਦੀ ਜ਼ਿੰਦਗੀ ਜੀਵਾਂਗਾ।

"ਐ ਮੂਰਖ ਸਿਕੰਦਰ! ਫਿਰ, ਹੁਣੇ ਸੁਖ ਲੈ। ਇਹ ਬਿਆਸਾ ਦਾ ਜਲ, ਜੰਗਲਾਂ ਦੀ ਹਰਿਆਵਲ 'ਚੋਂ ਲੰਘ ਕੇ ਆਉਂਦੀ ਹਵਾ... ਸੂਰਜ ਦਾ ਨਿੱਘ! ਇਥੇ ਬਹਿ ਜਾ, ਕੋਈ ਤੇਰਾ ਵੈਰੀ ਨਹੀਂ, ਕਿਸੇ ਦਾ ਭੈਅ ਨਹੀਂ। ਇਹ ਸਾਰੇ ਦੁਸ਼ਮਣ ਤੂੰ ਆਪ ਬਣਾਏ ਹਨ। ਆ ਸੁੱਖ ਲੈ। ਸਾਖਿਆਤ ਰੱਬ, ਇਥੇ ਕੁਦਰਤ ਬਣ ਕੇ ਖੇਡ ਕਰਦੈ। ਜੇ ਸੁਖ ਲੈਣੈ ਤਾਂ ਇਹ ਪਲ ਤੇਰਾ ਹੈ, ਸੁਖ ਲੈ ਲੈ। ਅਗਲੇ ਪਲ ਦਾ ਕੀ ਪਤਾ, ਪ੍ਰਮਾਤਮਾ ਕਿਵੇਂ ਦੀ ਖੇਡ, ਖੇਡ ਜਾਏ। ਸਾਰਾ ਜਿੱਤਿਆ ਮਾਲ ਅਸਬਾਬ, ਇਥੇ ਰਹਿ ਜਾਏ ਔਰ ਤੂੰ ਮਈਅਤ ਦੀ ਸ਼ੈਅ ਬਣ ਜਾਏਂ।"

ਕਹਿੰਦੇ ਹਨ, ਉਸ ਫ਼ਕੀਰ ਦੀ ਨਸੀਹਤ, ਅੰਦਰ ਤੱਕ ਵਿੰਨ੍ਹ ਗਈ। ਸਿਕੰਦਰ ਦੀ ਸੋਚ ਵਿਚ, ਉਸ ਫ਼ਕੀਰ ਦੀ ਗਹਿਰੀ ਲਕੀਰ ਖਿੱਚੀ ਗਈ। ਸਾਧੂ ਬਚਨਾਂ ਦਾ ਹੀ ਕਰਿਸ਼ਮਾ ਸੀ ਕਿ ਮਰਨ ਲੱਗਿਆਂ, ਯੂਨਾਨੀ ਬਾਦਸ਼ਾਹ ਸਿਕੰਦਰ ਕਹਿੰਦੈ, ਮੇਰਾ ਜਨਾਜ਼ਾ ਨਿਕਲੇ ਤਾਂ ਹੱਥ ਬਾਹਰ ਕੱਢ ਦਿਓ। ਦੁਨੀਆਂ ਵਿਚ ਇਹ ਸੁਨੇਹਾ ਜਾਏ—ਦੁਨੀਆਂ ਨੂੰ ਜਿੱਤਣ ਦਾ ਮਨਸੂਬਾ ਰੱਖਣ ਵਾਲਾ ਸਿਕੰਦਰ, ਖਾਲੀ ਹੱਥ ਜਾ ਰਿਹੈ।

ਗੁਰੂ ਨਾਨਕ ਪਾਤਸ਼ਾਹ, ਸਿਰੀ ਰਾਗ ਵਿਚ ਕਹਿੰਦੇ ਹਨ—

"ਗੋਇਲ ਆਇਆ ਗੋਇਲੀ, ਕਿਆ ਤਿਸੁ ਡੰਫ ਪਸਾਰੁ॥
ਮੁਹਲਤਿ ਪੁੰਨੀ ਚਲਣਾ ਤੂੰ ਸੰਮਲੁ ਘਰ ਬਾਰੁ॥" (ਪੰਨਾ 50)

ਇਕ ਅਯਾਲੀ, ਭੇਡਾਂ ਚਾਰਨ ਵਾਲਾ ਗਡਰੀਆ, ਭੇਡਾਂ ਬੱਕਰੀਆਂ ਲੈ ਕੇ ਚਾਰਨ

ਲਈ ਜੰਗਲ ਵੱਲ ਜਾਂਦੈ। ਹਰੀ-ਭਰੀ ਘਾਹ ਦੇ ਮੈਦਾਨ, ਫੁੱਲ, ਪੱਤੀਆਂ, ਨਜ਼ਾਰਿਆਂ ਭਰਿਆ ਥਾਂ। ਪਰ ਅਯਾਲੀ ਮਵੇਸ਼ੀ ਚਾਰਦੈ, ਸ਼ਾਮ ਨੂੰ ਸਾਰਿਆਂ ਨਾਲ ਪਰਤ ਔਂਦੈ। ਇਹ ਸੰਸਾਰ, ਇਕ ਚਾਰਾਗਾਹ ਹੈ। ਛੱਕਣ ਛਕੌਣ ਲਈ, ਨਜ਼ਾਰਿਆਂ ਭਰੇ ਸੰਸਾਰ ਵਿਚ, ਬਹੁਤ ਕੁਝ ਹੈ, ਪਰ ਪੰਡ ਬੰਨ੍ਹ ਕੇ, ਨਾਲ ਲਿਜਾਣ ਦੀ ਇਜਾਜ਼ਤ ਨਹੀਂ। ਇੱਥੇ ਧਨ ਸਮੱਗਰੀ ਦੀ ਪੰਡ ਬੰਨ੍ਹਣ ਦੀ ਭੁੱਲ, ਕਈ ਭੋਲੇ ਲੋਗ ਕਰਦੇ ਹਨ। ਸਮਾਂ ਆਉਂਦੈ, ਸਰੀਰ ਵੀ ਇੱਥੇ ਛੱਡ ਜਾਂਦੇ ਹਨ। ਤਾਂ, ਗੁਰੂ ਨਾਨਕ ਪਾਤਸ਼ਾਹ, ਉਤਕਲ ਨਰੇਸ਼, ਰਾਜਾ ਪਰਤਾਪੁਰਦੇਵ ਨੂੰ ਕਹਿੰਦੇ ਹਨ—

"ਗਚੁ ਜਿ ਲਗਾ ਗਿੜਵੜੀ ਸਖੀਏ ਧਉਲ ਹਰੀ॥
ਸੇ ਭੀ ਢਹਦੇ ਡਿਠੁ ਮੈਂ, ਮੁੰਧ ਨ ਗਰਬ ਥਣੀ॥ (ਪੰਨਾ 1410)

ਰਾਜਨ! ਮੈਂ ਸੰਗਮਰਮਰ ਦੇ ਵੱਡੇ-ਵੱਡੇ ਮਹਿਲ ਵੀ ਢਹਿੰਦੇ ਵੇਖੇ ਹਨ। ਕਾਰੂ ਜਿਹੇ, ਵਿਪੁਲ ਖਜ਼ਾਨੇ ਵਾਲੇ ਬਾਦਸ਼ਾਹ ਵੀ ਖ਼ਾਕ ਵਿਚ ਰੁਲਦੇ ਵੇਖੇ ਹਨ। ਇਹਨਾਂ ਮਹਿਲਾਂ ਦਰਬਾਰੀਆਂ ਦਾ ਮਾਨ ਨਾ ਕਰੀਂ। ਇਹਨਾਂ ਦਾ ਇਕ ਘੜੀ ਭਰੋਸਾ ਨਹੀਂ... ਅਜ ਤੇਰੇ, ਕਲ੍ਹ ਕਿਸੇ ਹੋਰ ਦੇ ਹੋ ਜਾਣਗੇ। ਇਹਨਾਂ ਦਾ ਹੰਕਾਰ ਬੇਅਰਥ ਹੈ। ਤਾਂ ਭਗਤ ਕਬੀਰ ਜੀ, ਦੁਹਾਈ ਦਿੰਦੇ ਹਨ—

"ਇਹ ਜੁ ਦੁਨੀਆ ਸਿਹਰ ਮੇਲਾ, ਦਸਤਗੀਰੀ ਨਾਹਿ॥"

ਕਰਤਾਰ ਨੇ ਸੰਸਾਰ ਬਣਾਇਆ ਤਾਂ ਦਵੈਤ ਉਦੋਂ ਹੀ ਬਣ ਗਈ। ਸੰਸਾਰ ਹੋਰ, ਕਰਤਾਰ ਹੋਰ। ਸਿਰਜਨ ਅਤੇ ਸਿਰਜਨਹਾਰ ਨੂੰ ਦੋ ਕਰ ਕੇ ਵੇਖਣਾ, ਦਵੈਤ ਹੈ। ਧਰਮ ਸ਼ਾਸਤ੍ਰ, ਗੁਰਬਾਣੀ ਕਹਿੰਦੀ ਹੈ, ਨਿੱਕੀ ਕੀੜੀ ਤੋਂ ਵੱਡੇ ਕੁੰਚਰ ਤੱਕ, "ਸਭੈ ਘਟ ਰਾਮ ਬੋਲੈ...॥"

ਵਿਗਿਆਨ ਵੀ, ਸ੍ਰਿਸ਼ਟੀ ਪ੍ਰਤੀ, ਇਸ ਧਰਮ ਸਿਧਾਂਤ ਨੂੰ ਪੂਰੀ ਤਰ੍ਹਾਂ ਸਵੀਕਾਰ ਕਰਦੈ ਅਤੇ ਕਹਿੰਦੈ—ਹਰ ਪੱਥਰ ਵਿਚ, ਹਰ ਪਦਾਰਥ ਵਿਚ, ਜੀਵ, ਨਿਰਜੀਵ ਹਰ ਪਿੰਡ ਦੇ ਕੇਂਦਰ ਵਿਚ ਮੌਜੂਦ ਪ੍ਰੋਟ੍ਰੋਨ ਨੂੰ ਤੋੜਿਆ ਜਾਵੇ, ਖੰਡਿਤ ਕੀਤਾ ਜਾਏ ਤਾਂ ਛੋਟੇ ਜਿਹੇ ਉਸ ਪਿੰਡ 'ਚੋਂ ਅਸੀਮ ਊਰਜਾ, ਉਤਸਰਜਿਤ ਹੁੰਦੀ ਏ... ਇਹੋ ਗੱਾਡ ਪਾਰਟੀਕਲ ਹੈ, ਇਹੋ ਰੱਬ ਹੈ। ਕੋਈ ਦੋ ਨਹੀਂ, ਕੋਈ ਦਵੈਤ ਨਹੀਂ। ਪਰ ਬਦਕਿਸਮਤੀ ਨਾਲ, ਦਵੈਤ, ਦੁਈ ਦਾ ਭਾਅ, ਸਾਡੇ ਵਿਚ ਗਹਿਰਾ ਬੈਠ ਗਿਐ। ਹਰ ਥਾਂ ਇਹ ਦੂਜਾਪਨ, ਇਹ ਵੱਖ ਹੋਣ ਦਾ ਭਾਵ, ਭਾਈ-ਭਾਈ ਵਿਚ, ਪਤੀ-ਪਤਨੀ ਵਿਚ, ਘਰ-ਘਰ ਵਿਚ ਕਲੇਸ਼ ਹੋਇਆ ਦਿਸਦੈ। ਇਹ ਦੂਜਾਪਨ, ਮਨੁੱਖ ਦੀ ਕਮਜ਼ੋਰੀ ਬਣ, ਬੁਰੇ ਵਕਤ ਦੀ ਸੁਰੱਖਿਆ ਦੇ ਬਹਾਨੇ ਧਨ, ਸੰਪਤੀ ਸੰਗ੍ਰਹਿ ਲਈ ਪ੍ਰੇਰਦੈ। ਸੰਤ ਦੂਰ ਅੰਦੇਸ਼ ਹੁੰਦੇ ਹਨ, ਮੌਤ ਤੋਂ ਅੱਗੇ ਦੇ ਅਨੰਤ ਜੀਵਨ ਨੂੰ ਵੀ ਵੇਖ ਸਕਦੇ ਹਨ। ਧਰਮ, ਉਹਨਾਂ ਦਾ ਵਿਸ਼ਾ ਹੈ। ਸਤਿਗੁਰ ਤੇ ਸਿਦਕ ਵਾਲਿਆਂ ਦਾ ਵਿਚਾਰ ਵਿਸ਼ਾ ਹੈ, ਧਰਮ, ਕਰਮ, ਸੰਸਾਰ ਅਤੇ ਕਰਤਾਰ! ਮੈਂ ਕਉਣ? ਮੇਰਾ ਕੀ? ਇਹਨਾਂ ਦਾ ਚਿੰਤਨ, ਮਨਨ ਕਰਦਿਆਂ, ਸਾਰੇ "ਇਕ" ਤਕ ਪੁਚਾ ਦਿੰਦੇ ਹਨ, ੧ਓ, ਇਕ ਨਿਰੰਕਾਰ! ਫੇਰ ਕਿਹੜਾ ਆਪਣਾ, ਕਿਹੜਾ ਪਰਾਇਆ। ਕਿਸ ਲਈ ਜਮ੍ਹਾਂਖੋਰੀ? ਤਾਂ ਭਗਤ ਕਬੀਰ ਜੀ, ਚੇਤੇ ਕਰਵਾਉਂਦੇ ਹਨ—

"ਇਹ ਜੁ ਦੁਨੀਆ, ਸਿਹਰ ਮੇਲਾ ਦਸਤਗੀਰੀ ਨਾਹਿ॥"
ਇਹ ਦੁਨੀਆ ਕਿਸੇ ਦੇ ਹੱਥ ਨਾ ਆਈ।

ਪੰਜਵੇਂ ਪਾਤਸ਼ਾਹ, ਪ੍ਰਾਣੀ ਦੀ ਸੰਸਾਰ ਯਾਤਰਾ ਬਾਬਤ, ਗੂਜਰੀ ਰਾਗ ਵਿਚ ਕਹਿੰਦੇ ਹਨ—

"ਪ੍ਰਥਮੇ ਗਰਭ ਮਾਤਾ ਕੈ ਵਾਸਾ, ਊਹਾ ਛੋਡਿ ਧਰਨਿ ਮਹਿ ਆਇਆ॥
ਚਿਤ੍ਰ ਸਾਲ ਸੁੰਦਰ ਬਾਗ ਮੰਦਰ, ਸੰਗਿ ਨ ਕਛਹੂ ਜਾਇਆ॥"
(ਪੰਨਾ 497)

ਮਾਤਾ ਦੇ ਗਰਭ 'ਚੋਂ ਜੰਮਿਆ। ਸੰਸਾਰ ਵਿਚ ਪ੍ਰਵਿਸ਼ਟ ਹੋਇਆ। ਜ਼ਿੰਦਗੀ ਦੀ ਦੌੜ... ਬਾਗ, ਬੰਗਲੇ, ਰਿਸ਼ਤੇ, ਰਸੂਖ... ਪਾਤਸ਼ਾਹ ਕਹਿੰਦੇ ਹਨ :

"ਸੰਗ ਨ ਕਛਹੂ ਜਾਇਆ।"
"ਦੇਹੁਰੀ ਬੈਠੀ ਮਾਤਾ ਰੋਵੈ, ਖਟੀਆ ਲੇ ਗਏ ਭਾਈ॥
ਲਟ ਛਿਟਕਾਏ ਤਿਰੀਆ ਰੋਵੈ, ਹੰਸੁ ਇਕੇਲਾ ਜਾਈ॥" (ਪੰਨਾ 477)

ਅਦਿੱਖ ਆਤਮਾ, ਉਹ ਹੰਸ, ਇਕੱਲਾ ਉਡਾਰੀ ਮਾਰ ਗਿਆ।

ਭਗਤ ਕਬੀਰ ਜੀ, ਬਨਾਰਸ ਰਹਿੰਦੇ ਸੀ। ਸਾਰਾ ਜੀਵਨ ਕਾਸ਼ੀ ਬਿਤਾਇਆ। ਮਿਥਿਹਾਸ ਰੂਪ ਵਿਚ, ਲੋਕ ਕਥਾਵਾਂ ਪ੍ਰਚਲਿਤ ਸਨ ਕਿ ਜਿਹੜਾ ਕਾਸ਼ੀ ਵਿਚ ਮਰੇਗਾ, ਇਸ ਸ਼ਿਵ ਨਗਰੀ ਦੇ ਪ੍ਰਭਾਅ ਨਾਲ ਸਿੱਧਾ, ਸਵਰਗ ਨੂੰ ਜਾਂਦੈ। ਇਕ ਸ਼ਰਧਾਲੂ ਨੇ ਕਿਹਾ, ਬਹੁਤ ਚੰਗਾ ਹੈ, ਭਗਤ ਜੀ, ਸ਼ਿਵਜੀ ਦੇ ਤ੍ਰਿਸ਼ੂਲ 'ਤੇ ਵਸੀ ਹੋਈ "ਕਾਸ਼ੀ" ਵਿਚ ਸਰੀਰ ਤਿਆਗੇ, ਉਹ ਮੁਕਤ ਹੋ ਜਾਂਦੈ। ਕਬੀਰ ਜੀ ਨੇ ਲੋਗਾਂ ਵਿਚ ਪ੍ਰਚਲਿਤ, ਇਸ ਮਿੱਥਿਆ ਭ੍ਰਮ ਨੂੰ ਤੋੜਨਾ, ਜ਼ਰੂਰੀ ਸਮਝਿਆ। ਜੀਅ ਤਾਂ ਬ੍ਰਹਮ ਦਾ ਅੰਸ਼ ਹੈ। ਇਹ ਧੁਰੋਂ ਮੁਕਤ ਹੁੰਦੈ। ਸਰੀਰ ਵਿਚ ਪ੍ਰਵੇਸ਼ ਹੋਇਆ, ਸਮਝਦਾਰੀ ਪੂਰਨ ਜੀਵਨ ਬਿਤੀਤ ਹੋਇਆ। ਸਰੀਰ ਛੁੱਟਿਆ, ਬੰਧਨ ਮੁਕਤ ਹੋਇਆ, ਮੁੜ ਬ੍ਰਹਮ ਵਿਚ ਲੈਅ ਹੋਇਆ। ਇਹ ਵਿਚ, ਕਾਸ਼ੀ ਕਿਥੋਂ ਆ ਗਈ? ਤਾਂ ਇਕ ਸੇਵਕ ਨੂੰ ਆਖਿਆ, ਮੈਨੂੰ "ਮਗਹਰ" ਲੈ ਚਲੋ। ਉਦੋਂ ਮਗਹਰ ਬਦਨਾਮ ਸੀ। ਪ੍ਰਸੰਗ ਪ੍ਰਚਲਿਤ ਸੀ, ਜਿਹੜਾ ਮਗਹਰ ਮਰੇ, ਉਹ ਨਰਕ ਵਿਚ ਜਾਂਦੈ। ਕਬੀਰ ਜੀ, ਜ਼ਿੱਦ ਕਰ ਕੇ ਮਗਹਰ ਪੁੱਜੇ। ਮੈਂ ਸੰਸਾਰ ਨੂੰ ਫੜਿਆ ਨਹੀਂ, ਮੋਹ ਨਹੀਂ ਰੱਖਿਆ, ਬੰਧਨ ਨਹੀਂ ਬਣਨ ਦਿੱਤਾ, ਹੁਣ ਸਰੀਰ ਤਿਆਗ, ਭਾਵੇਂ ਮਗਹਰ ਮਰਾਂ, ਵੇਖਦਾ ਹਾਂ 'ਧਰਮਰਾਜ' ਕਿਵੇਂ ਮੈਨੂੰ ਬ੍ਰਹਮਲੀਨ ਹੋਣ ਤੋਂ ਰੋਕ ਸਕਦੈ? ਕਹਿੰਦੇ ਹਨ—

"ਜੈਸਾ ਮਗਹਰੁ ਤੈਸੀ ਕਾਸੀ, ਹਮ ਏਕੈ ਕਰਿ ਜਾਨੀ॥" (ਪੰਨਾ 169)

ਕਹਿੰਦੇ ਹਨ, ਭਗਵਾਨ ਬੁੱਧ, ਚੀਨ ਦੀ ਯਾਤਰਾ 'ਤੇ ਗਏ। ਵੇਲੇ ਦਾ ਰਾਜਾ ਬਰੂ, ਸੁਣ ਕੇ ਬਹੁਤ ਖੁਸ਼ ਹੋਇਆ। ਪੁੱਜੇ ਹੋਏ ਸੰਤ, ਘਰ ਚਰਣ ਪੌਣਗੇ, ਹੋਰ ਬਰਕਤਾਂ ਪੈਣਗੀਆਂ। ਚੀਨ ਦੀ ਸੀਮਾ ਤੋਂ, ਸਰਹੱਦ ਤੋਂ ਮਹਿਲ ਤੱਕ ਗਲੀਚਾ ਵਿਛਾਇਆ। ਬਹੁਤ ਮਾਣ-ਸਤਿਕਾਰ ਨਾਲ ਮਹਿਲ ਵਿਚ, ਵਿਸ਼ੇਸ਼ ਅਤਿਥੀ ਕੱਛ ਵਿਚ ਡੇਰਾ

ਲਵਾਇਆ। ਰਾਤ ਹੋਈ, ਰਾਜਾ ਆਪ, ਮੁੱਠੀ ਚਾਪੀ ਕਰਨ ਲੱਗਾ। ਘੁੱਟਨ ਲੱਗਾ। ਚੰਗਾ ਮੌਕਾ ਜਾਣ ਕੇ ਅਰਜ਼ ਕੀਤੀ, "ਬੋਧੀਸਤਵ! ਮੇਰੇ 'ਤੇ ਖੁਸ਼ ਹੋ ਨਾ... ਮੈਂ ਯਥਾ ਸ਼ਕਤੀ—ਤੁਹਾਡੀ ਚੰਗੀ ਆਵ-ਭਗਤ ਕੀਤੀ ਹੈ। ਕਿਰਪਾ ਕਰੋ, ਦੱਸੋ, ਹੁਣ ਮੈਂ ਸਵਰਗ ਜਾਵਾਂਗਾ ਨਾ?

ਭਗਵਾਨ, ਲੇਟੇ ਹੋਏ, ਉਠ ਖਲੋਤੇ। "ਪਾਪੀ, ਤੂੰ ਅਵੱਸ਼ ਨਰਕ ਵਿਚ ਜਾਵੇਂਗਾ।" ਮੰਗ ਰਖ ਕੇ, ਲੋਭ ਰਖ ਕੇ, ਸੇਵਾ ਕੀਤੀ, ਤਾਂ ਵਾਪਾਰ ਕੀਤਾ। ਬਸ ਵਸਤੂ ਵਟਾ ਲਈ। ਸੇਵਾ ਦਿੱਤੀ, ਸਵਰਗ ਮੰਗਿਆ। ਵਸਤੂਆਂ ਦਾ ਵਿਨਿਮਯ, ਵਸਤੂਆਂ ਦਾ ਆਦਾਨ-ਪ੍ਰਦਾਨ। ਕਹਿੰਦੇ ਭਗਵਾਨ ਉਸੇ ਵੇਲੇ, ਇਕੱਲੇ, ਰਾਤ ਦੇ ਹਨੇਰੇ ਵਿਚ, ਮਹਿਲ ਤੋਂ ਬਾਹਰ ਹੋ ਗਏ। ਲੋਭੀ ਵਿਅਕਤੀ, ਸੰਸਾਰ ਵਿਚ ਰਾਜਾ ਬਣ ਕੇ ਰਿਹਾ, ਮੌਤ ਤੋਂ ਬਾਅਦ, ਸਵਰਗ ਵਿਚ ਵੀ, ਰਾਜਿਆਂ ਵਾਂਗ ਰਹਿਣ ਦਾ ਲੋਭ...। ਐਸੇ ਪ੍ਰਾਣੀ ਦਾ ਅੰਨ ਖਾ ਕੇ, ਸਾਧ ਅੰਦਰ ਵੀ ਅਸ਼ਾਂਤ ਤਰੰਗਾਂ, ਉੱਠਦੀਆਂ ਹਨ। ਇੱਥੇ ਨਹੀਂ ਰਹਿਣਾ।

ਤਾਂ, ਭਗਤ ਕਬੀਰ ਜੀ ਕਹਿੰਦੇ ਹਨ, ਸੰਸਾਰ ਕੁਦਰਤ ਵੱਲੋਂ ਸਿਰਜਿਆ, ਇਕ ਤਿਲਸਮ ਹੈ। ਇਕ ਰਹੱਸਮਈ ਲੋਕ, ਇਕ ਸਿਹਰ ਮੇਲਾ! ਰੇਗਿਸਤਾਨ ਵਿਚ, ਮ੍ਰਿਗ-ਤ੍ਰਿਸ਼ਨਾ, ਪਾਣੀ ਹੋਣ ਦਾ ਭਰਮ, ਮ੍ਰਿਗ ਪਿਆਸਾ ਮਰ ਜਾਂਦੈ, ਪਾਣੀ ਹੱਥ ਨਹੀਂ ਆਉਂਦਾ। ਸੰਸਾਰ, ਅਸਾਰ, ਇਹ ਕਿਸੇ ਦਾ ਨਾ ਹੋਇਆ।

# ਪੂਰੇ ਗੁਰ ਕਾ ਸੁਨਿ ਉਪਦੇਸੁ

ਪ੍ਰਾਣੀ ਅਤੇ ਪਰਮੇਸ਼ਰ, ਦੋ ਹੀ ਆਯਾਮ ਹਨ। ਪ੍ਰਾਣ ਅਤੇ ਪ੍ਰਣਵ, ਦੋਵੇਂ ਅਦਿੱਖ ਹਨ। ਜੀਵ ਨੂੰ, ਦੇਹ ਦੇ ਵਸਤਰ ਨੇ ਢੱਕ ਰੱਖਿਐ। ਕੈਸੀ ਵਿਡੰਬਨਾ ਹੈ, ਦੇਹ ਦਿਸਦੀ ਹੈ, ਜੀਵ ਨਹੀਂ ਦਿਸਦਾ। ਜਗਤ ਦਿਸਦਾ ਹੈ, ਇਸ ਦੇ ਹਰ ਜ਼ੱਰੇ ਵਿਚ ਵਿਆਪਤ ਜਗਦੀਸ਼ ਨਹੀਂ ਦਿਸਦਾ। ਤਾਂ ਸ਼ਾਸਤ੍ਰ ਕਹਿੰਦੇ ਹਨ, ਪ੍ਰਾਣ ਅਤੇ ਪਰਮੇਸ਼ਵਰ, ਆਤਮਾ ਅਤੇ ਪ੍ਰਮਾਤਮਾ, ਦੋਵੇਂ ਇਕੋ ਮਾਰਗ ਦੇ ਪੜਾਅ ਹਨ। ਆਤਮ ਅਦਾਰੇ ਵਿਚ, ਪਹੁੰਚਦਿਆਂ, ਪ੍ਰਮਾਤਮਾ ਲੋਕ ਤੋਂ ਚਲਦੀ ਬਸੰਤੀ ਬਯਾਰ, ਤਨ ਮਨ ਨੂੰ ਨਿਵੇਕਲੀ ਜਿਹੀ ਆਨੰਦ ਅਨੁਭੂਤੀ ਨਾਲ ਰੋਮਾਂਚਿਤ ਕਰਨ ਲੱਗਦੀ ਹੈ। ਅੰਤਰ ਆਤਮਾ ਵਿਚ ਪਹੁ ਫੁੱਟਣ ਲੱਗਦੀ ਹੈ। ਪਰਮ ਜੋਤ ਦੀ ਸੁਰਯੋਦੈ ਤੋਂ ਪੂਰਬ ਦੀ ਲਾਲੀ, ਆਤਮਾ ਦੀ ਆਹਲਾਦਕਤਾ ਨੂੰ ਸਰਾਬੋਰ ਕਰ ਦਿੰਦੀ ਹੈ। ਅਜੇ ਪ੍ਰਭੂ ਲੋਕ ਵਿਚ ਪ੍ਰਵੇਸ਼ ਨਹੀਂ ਹੋਇਆ। ਅਜੇ ਆਤਮ ਲੋਕ ਵਿਚ ਪੁੱਜੇ ਹਾਂ, ...ਪ੍ਰਭੂ ਦੇ ਦੁਆਰ 'ਤੇ। ਇਸੇ ਥਾਂ 'ਤੇ ਪੁੱਜ ਕੇ, ਭਗਤ ਕਬੀਰ ਜੀ, ਫਰਿਆਦ ਕਰਦੇ ਹਨ—

"ਦਰਮਾਦੇ ਠਾਢੇ ਦਰਬਾਰਿ॥
ਤੁਝ ਬਿਨੁ ਸੁਰਤਿ ਕਰੈ ਕੋ ਮੇਰੀ,
ਦਰਸਨੁ ਦੀਜੈ ਖੋਲਿ੍ ਕਿਵਾਰ॥" (ਬਿਲਾਵਲ, ਕਬੀਰ, ਪੰਨਾ 856)

ਇਹ ਆਤਮ ਪ੍ਰਦੇਸ ਹੈ, ਪ੍ਰਭੂ ਦਾ ਉਪਵਾਸ ਸਥਾਨ! ਵੇਦਾਂਤ ਨੇ, ਸਾਰੇ ਸੰਸਾਰਕ ਭੋਗ ਪਦਾਰਥਾਂ ਤੋਂ ਵਿਰਕਤ ਹੋ ਜਾਣ ਯੋਗ, ਇਸ ਆਤਮ-ਅਨੁਭੂਤੀ ਦੇ ਪੜਾਅ ਨੂੰ "ਉਪਵਾਸ" ਕਹਿ ਕੇ ਸੰਬੋਧਤ ਕੀਤਾ ਹੈ। ਕਰਤਾਰ ਦਾ ਉਪਵਾਸ! ਪ੍ਰਭੂ-ਲੋਕ ਤੋਂ ਪੂਰਬ ਦਾ ਲੋਕ! ਪੰਡਤਾਂ ਨੇ ਉਪਵਾਸ ਦਾ ਅਰਥ, "ਭੁੱਖਿਆਂ ਰਹਿਣਾ" ਕਰ ਦਿੱਤਾ। ਮੱਸਿਆ, ਪੁੰਨਿਆ, ਏਕਾਦਸ਼ੀ, ਗ੍ਰਹਿਣ, ਜਿਹੇ ਦਿਹਾੜੇ, ਅੰਨ-ਜਲ ਤਿਆਗ, ਨੂੰ ਉਪਵਾਸ ਕਹਿ ਕੇ ਪ੍ਰਚਾਰਤ ਕੀਤਾ। ਪ੍ਰਭੂ ਲੋਕ ਤੋਂ ਵੱਗੀ ਪੁਰਵਈਆ ਨੂੰ, ਕਰਮਕਾਂਡ ਵਿਚ ਕੈਦ ਕਰ ਛੱਡਿਆ। ਪੰਜਵੇਂ ਪਾਤਸ਼ਾਹ, ਇਸ ਆਤਮ ਅਦਾਰੇ ਦੀ ਮਹਿਮਾ ਦਸਦੇ ਹਨ—

"ਆਤਮ ਰਸੁ ਜਿਹ ਜਾਨਿਆ, ਹਰਿ ਰੰਗ ਸਹਜੇ ਮਾਣੁ॥
ਨਾਨਕ ਧਨਿ ਧਨਿ ਧੰਨਿ ਜਨ, ਆਏ ਤੇ ਪਰਵਾਣ॥ (ਪੰਨਾ 252)

ਪ੍ਰਭੂ ਲੋਕ ਵਿਚ ਸੁਖੀ ਵਸਦੀ ਜੀਵਾਤਮਾ! ਪਤਾ ਨਹੀਂ, ਕਿਹੜੀ ਭੁੱਲ ਹੋ ਗਈ, ਮਿਰਤੁ ਲੋਕ ਤੇ ਧੱਕੀ ਗਈ। ਅੱਜ ਰੂਹ ਪਰਦੇਸਣ ਹੋਈ। ਕਈ ਜਨਮ, ਕਈ ਜੀਵਨ, ਜੂਨਾਂ ਲੰਘ ਗਈਆਂ... ਸਾਈਂ ਤੇਰੀ ਇਕ ਝਲਕ ਲਈ, ਤੇਰੀ ਇਕ ਛੋਹ ਲਈ ਤਰਸ ਗਈ ਹਾਂ—

"ਇਕ ਵਾਰ ਜੋ ਤੈਥੋਂ ਦੂਰ ਹੋਈ,
ਫਿਰ ਆਨ ਬਲਾਵਾਂ ਗੱਲ ਪਈਆਂ॥

ਕੀ ਦੱਸਾਂ ਹਾਲ ਪਰਦੇਸਣ ਦਾ,
ਕਿਵੇਂ ਕੱਖਾਂ ਦੇ ਵਿਚ ਰੁਲ ਗਈ ਹਾਂ॥

ਹੇ ਰੱਬਾ! ਕੋਈ ਸੰਤ, ਫਕੀਰ, ਕੋਈ ਪਰਉਪਕਾਰੀ ਜਨ ਮਿਲਾ ਦੇ, ਜਿਹੜਾ ਹੱਥ ਫੜ ਕੇ, ਤੇਰੇ ਦਰ ਤੱਕ ਪੁਜਾ ਦੇਵੇ...

"ਕੋਈ ਜਨੁ ਹਰਿ ਸਿਉ ਦੇਵੈ ਜੋਰਿ॥
ਚਰਨ ਗਹਉ ਬਕਉ ਸੁਭ ਰਸਨਾ, ਦੀਜਹਿ ਪ੍ਰਾਨ ਅਕੋਰਿ॥
ਜੈਤਸਰੀ ਮਹਲਾ 5 (ਪੰਨਾ 552)

ਹਰਨਾਕਸ਼, ਕਸ਼ਯਪ ਰਿਸ਼ੀ ਦਾ ਪੋਤਰਾ ਸੀ। ਪਰ ਮਾਤਾ, ਅਸੁਰ ਕੁਲ ਤੋਂ ਆਈ "ਦਿਤੀ" ਸੀ। ਗਰਭ ਅਵਸਥਾ ਵਿਚ, ਮਾਤਾ ਦੀ ਸੋਚ ਅਨੁਸਾਰ, ਅਸੁਰ ਤਰੰਗਾਂ ਦੇ ਪ੍ਰਭਾਅ ਨਾਲ, ਦੈਂਤ ਰਾਜ ਹਰਨਾਕਸ਼ ਦਾ ਜਨਮ ਹੋਇਆ। ਅੱਗੋਂ, ਹਰਨਾਕਸ਼ ਦਾ ਵਿਆਹ, ਦਾਨਵ ਨਰੇਸ਼, ਰਾਜਾ ਜੰਭ ਦੀ ਪੁੱਤਰੀ 'ਕਯਾਧੂ" ਨਾਲ ਹੋਇਆ। ਦੈਵ ਯੋਗ ਨਾਲ, ਜਦੋਂ ਪ੍ਰਹਿਲਾਦ ਮਾਤ ਗਰਭ ਵਿਚ ਸੀ, ਉਦੋਂ ਦੇਵਤਿਆਂ ਅਤੇ ਦਾਨਵਾਂ ਦਾ ਯੁੱਧ ਚੱਲ ਰਿਹਾ ਸੀ। ਨਾਰਦ ਜੀ ਨੇ ਪਰਉਪਕਾਰ ਕੀਤਾ। ਮਾਤ ਗਰਭ ਵਿਚ ਪਲ ਰਹੇ, ਬਾਲ ਦੇ ਪੂਰਬਲੇ ਕਰਮ ਜਾਗੇ, ਸੰਤ ਦੀ ਕ੍ਰਿਪਾ ਦ੍ਰਿਸ਼ਟੀ ਪੈ ਗਈ। ਮਾਤਾ ਨੂੰ ਸੁਰੱਖਿਅਤ ਸਥਾਨ 'ਤੇ ਲੈ ਜਾਣ ਦੀ ਪ੍ਰਸਤਾਵਨਾ ਤਹਿਤ ਆਪਣੇ ਆਸ਼ਰਮ ਲੈ ਗਏ। ਸੰਤਾਂ, ਮਹਾਤਮਾਵਾਂ ਦੇ ਕਥਾ ਪ੍ਰਸੰਗ ਸਣੌਂਦੇ, ਭਗਤੀ ਦੀ ਮਹਿਮਾ ਵਖਾਨ ਕਰਦੇ। ਮਾਤ ਗਰਭ ਵਿਚ, ਬਾਲਕ ਪ੍ਰਹਿਲਾਦ ਤੱਕ, ਸੰਤ ਬਾਣੀ ਦੀਆਂ ਸਰੋਵਰੀ ਤਰੰਗਾਂ ਪੁੱਜਦੀਆਂ। ਬਾਲ ਦੇਹ ਦੇ ਵਿਕਾਸ ਕਾਲ ਵਿਚ, ਇਕ ਰੱਬੀ ਰੂਹ, ਇਕ ਭਗਤ ਆਤਮਾ ਦਾ ਜਨਮ ਹੋਇਆ। ਕਠਿਨ ਤਪ ਕਰ ਕੇ, ਬ੍ਰਹਮਾ ਜੀ ਤੋਂ ਵਰ ਲੈ ਕੇ, ਮੌਤ ਦੇ ਸਾਰੇ ਰਸਤੇ ਬੰਦ ਕਰ ਦੇਣ ਵਾਲੇ ਅਭਿਮਾਨੀ ਹਰਨਾਕਸ਼, ਭਾਵੇਂ ਪਿਤਾ ਸੀ, ਪਰ ਜਗਤ ਲਈ ਅਤਿਆਚਾਰੀ ਅਤੇ ਆਤੰਕੀ ਅਸੁਰ ਦੇ ਅੰਤ ਦਾ ਨਿਮਿਤ, ਇਹੋ ਬਾਲਕ ਪ੍ਰਹਿਲਾਦ ਬਣਿਆ।

ਤਾਂ ਪੰਜਵੇਂ ਪਾਤਸ਼ਾਹ ਕਹਿੰਦੇ ਹਨ—

"ਪੂਰੇ ਗੁਰ ਕਾ ਸੁਨਿ ਉਪਦੇਸੁ॥ ਪਾਰਬ੍ਰਹਮ ਨਿਕਟਿ ਕਰਿ ਪੇਖੁ॥"
(ਸੁਖਮਨੀ)

ਨਿਰੰਕਾਰ ਲੋਕ ਤੋਂ ਬਹੁਤ ਦੂਰ, ਕਿਸੇ ਅਜਨਬੀ... ਮਿਰਤੁ ਲੋਕ 'ਤੇ ਸੁੱਟਿਆ ਗਿਆ ਪ੍ਰਾਣੀ! ਇਹ ਪ੍ਰਾਣੀ, ਕੁਝ ਵੀ ਭੋਗਣ ਲਈ, ਕੁਝ ਵੀ ਜਾਨਣ ਲਈ, ਇੰਦ੍ਰੀਆਂ ਦਾ ਮੁਹਤਾਜ ਹੈ ਔਰ ਇਹ ਇੰਦ੍ਰੀਆਂ, ਭੌਤਿਕ ਹਨ। ਭੌਤਿਕ ਜਗਤ ਨੂੰ ਵੇਖ, ਸੁਣ ਸਕਦੀਆਂ ਹਨ। ਅਦਿੱਖ ਨੂੰ ਵੇਖਣਯੋਗ ਸਮਰੱਥਾ ਇਹਨਾਂ ਕੋਲ ਨਹੀਂ। ਕੋਈ ਸਤਿਗੁਰੂ, ਕੋਈ ਸੰਤ, ਜਿਹੜਾ ਭੇਦ ਦ੍ਰਿਸ਼ਟੀ ਵਾਲਾ ਹੁੰਦੈ, ਜਗਤ ਤੋਂ ਜਗਦੀਸ਼ ਨੂੰ, ਦੇਹ 'ਚੋਂ ਆਤਮਾ ਨੂੰ ਵੱਖ ਕਰ ਲੈਂਦੇ। ਜਗਤ ਵਿਚ ਵਿਚਰਦਿਆਂ ਹੋਇਆਂ ਵੀ, ਗੁਰੂ ਦੇ ਅੰਗ ਸੰਗ ਹੋਣ ਦਾ ਅਹਿਸਾਸ, ਪਾਰਬ੍ਰਹਮ ਨੂੰ ਬਹੁਤ ਨਿਕਟ, ਬਹੁਤ ਨੇੜੇ-ਨੇੜੇ ਵੇਖਣ ਦੀ ਜੁਗਤ, ਪੂਰਾ ਗੁਰੂ ਵੰਡ ਰਿਹੈ। ਮਿਲਨ ਦੀ ਤਾਂਘ ਜਨਮਾਂ ਤੋਂ ਹੈ ਸੀ। ਵੇਦਾਂ-ਪੁਰਾਣਾਂ, ਧਰਮ ਗ੍ਰੰਥਾਂ ਦੀ ਦਿਮਾਗੀ ਵਿਆਖਿਆ ਸੁਣ-ਸੁਣ ਕੇ, ਸ਼ਾਇਦ ਇਹ ਤਲਬ, ਬੁੱਧੀ

ਤਲ 'ਤੇ ਉੱਠੀ। ਤਾਂ ਬੁੱਧੀ ਨੇ, ਧਰਮ ਗ੍ਰੰਥਾਂ ਵਿਚ ਦੱਸੇ ਹੋਏ, ਕਈ ਕਰਮਾਂ ਦੀ ਕਵਾਇਦ ਆਰੰਭ ਕਰ ਦਿੱਤੀ—

"ਜਾਪ ਤਾਪ ਗਿਆਨ ਸਭਿ ਧਿਆਨ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥"

ਬਹੁਤ ਕਰਮ, ਬਹੁਤ ਕਰਮਕਾਂਡ ਕੀਤੇ... ਜਾਪ, ਤਾਪ, ਸਿਮਰਨ, ਯੋਗ ਅਭਿਆਸ, ਕਈ ਕੁਝ ਕੀਤਾ, ਪਰ ਮਾਹੀ ਦੇ ਅੱਗੋਂ ਪੜਦਾ ਨਾ ਚੁੱਕਿਆ ਗਿਆ। ਇਹ ਸਾਰੇ ਕਰਮ ਹੀ, ਮੇਰੇ ਵੈਰੀ ਬਣ ਗਏ। ਇਹ ਸਾਰੇ ਤਥਾਕਥਿਤ ਧਰਮ ਕਰਮ, ਮੇਰੇ ਸਤਿਗੁਰ ਦਸਦੇ ਹਨ, ਮੇਰੇ ਪੈਰਾਂ ਦੇ ਬੰਧਨ ਬਣ ਗਏ—

"ਅਨਿਕ ਕਰਮ ਕੀਏ ਬਹੁਤੇਰੇ॥
ਜੋ ਕੀਜੈ ਸੋ ਬੰਧਨੁ ਪੈਰੇ॥ (ਪੰਜਵੇਂ ਪਾਤਸ਼ਾਹ, ਪੰਨਾ 1075)

ਮੈਂ ਧਰਮ ਕਰਮ ਦਾ ਕਰਤਾ ਬਣ ਗਿਆ। ਮੇਰਾ ਜਾਪ ਤਾਪ, ਸਿਮਰਨ, ਕਰਮ ਹੋ ਗਿਆ। ਘਰ ਵਿਚ, ਦੁਕਾਨਾਂ ਵਿਚ, ਖੇਤਾਂ-ਪੈਲੀਆਂ ਵਿਚ, ਜਿਵੇਂ ਬਹੁਤ ਕਰਮ ਕਰਦੇ ਹਾਂ... ਬੱਚੇ ਪੈਦਾ ਕਰਦੇ ਹਾਂ, ਪ੍ਰੀਵਾਰ ਦੇ ਕਰਤਾ, ਵਾਪਾਰ ਦੇ ਕਰਤਾ, ਉਵੇਂ ਹੀ ਧਰਮ ਕਰਮ ਦਾ ਕਰਤਾ। ਦਵੈਤ ਖੜੀ ਹੋ ਗਈ। ਆਪਣੀ ਸਮਝ ਵਿਚ, ਜ਼ਿਹਨ ਵਿੱਚ, ਨਾਮ ਦਾ ਜਪੀਆ, ਬਾਣੀ ਦਾ ਨਿਯਮਿਤ ਪਾਠੀ... ਆਪਣੀ ਕਲਪਨਾ ਵਿਚ, ਇਕ ਅਹੰਕਾਰੀ ਵਜੂਦ ਸਥਾਪਤ ਕਰ ਲਿਆ। ਇਹ ਸਾਰੇ ਕਰਮ, ਅਹੰਕਾਰ ਬਣ ਗਏ, ਵਿਕਾਰ ਬਣ ਗਏ, ਬੰਧਨ ਬਣ ਗਏ। ਮਾਹੀ ਦਾ ਮਿਲਨ, ਸੁਪਨਾ ਹੀ ਰਹਿ ਗਿਆ। ਮੇਰੇ ਸਤਿਗੁਰ ਕਹਿੰਦੇ ਹਨ, ਭੌਤਿਕ ਜਗਤ ਵਿਚ, ਦੇਹ ਇੰਦ੍ਰੀਆਂ ਤਲ ਤੇ, ਬਾਹਰਲੇ ਤਲ 'ਤੇ ਚਲਦੇ ਰਹੇ। ਅੰਮ੍ਰਿਤ ਦਾ ਘੁੱਟ ਗਲੇ ਤੋਂ ਥੱਲੇ ਨਾ ਕਦੇ ਉਤਰਿਆ। ਮੇਰੇ ਪੂਰਬਲੇ ਭਾਗ ਜਾਗੇ, ਸਤਿਗੁਰ ਮਿਲ ਗਿਆ। ਗੁਰੂ ਨੇ ਪੈਰਾਂ ਦਾ ਅੰਗੂਠਾ, ਮੇਰੇ ਮੱਥੇ 'ਤੇ ਰੱਖਿਆ... ਅੰਤਰ ਦ੍ਰਿਸ਼ਟੀ ਖੋਲ੍ਹ ਦਿੱਤੀ—

"ਦੇਖਹੁ ਅਚਰਜੁ ਭਇਆ॥
ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ,
ਸੋ ਰਿਦੈ ਗੁਰ ਦਇਆ॥ (ਸੋਰਠ ਮਹਲਾ 5ਵਾਂ, ਪੰਨਾ 612)

# ਸਹਜ ਕੀ ਅਕਥ ਕਥਾ ਹੈ ਨਿਰਾਰੀ

ਇਕ ਸਿਰੇ ਤੋਂ ਦੂਜੇ ਸਿਰੇ ਤੱਕ, ਇਕ ਅਤਿ ਤੋਂ ਦੂਜੀ ਅਤਿ ਤੱਕ ਪੁੱਜਣਾ ਸੌਖਾ ਹੈ। ਘੜੀ ਦਾ ਪੇਂਡੁਲਮ, ਇਕ ਸਿਰੇ ਤੋਂ ਦੂਜੇ ਸਿਰੇ ਤੱਕ, ਚੁੰਬਕ ਪ੍ਰੇਰਤ, ਆਪ ਹੀ ਭੌਂਦਾ ਰਹਿੰਦਾ ਹੈ। ਕਿਸੇ ਕਸਬੇ ਜਾਂ ਸ਼ਹਿਰ ਤੋਂ ਟੁਰਿਆ ਪਰਬਤ ਆਰੋਹੀ, ਐਵਰੈਸਟ ਪਹਾੜ ਦੇ ਸਿਖਰ ਤੱਕ, ਪਹੁੰਚ ਝੰਡਾ ਗਡਦੈ। ਵਿਚਾਲੇ, ਕਿਤੇ ਆਜੀਵਨ ਰੁਕ ਜਾਣਾ ਸੰਭਵ ਨਹੀਂ। ਵਿਚਾਲੇ ਮੱਧ ਮਾਰਗ ਹੈ। ਨਾ ਧਰਤੀ ਨਾ ਆਕਾਸ਼, ਨਾ ਦੁਖ ਦੀ ਚਿੰਤਾ, ਨਾ ਸੁਖ ਦੀ ਚਾਹ, ਨਾ ਮਰਨ ਦਾ ਖ਼ੌਫ਼, ਨਾ ਜੀਵਨ ਦੀ ਲਾਲਸਾ! ਵਿਚਾਲੇ ਸਹਜ ਹੈ। ਇਹ ਵਿਚਾਰਾਂ ਦਾ ਸੁੰਨ ਖੇਤਰ ਹੁੰਦੈ। ਦਿਨ ਦੀ ਦੁਪਹਿਰ ਨਹੀਂ, ਰਾਤ ਦਾ ਹਨੇਰਾ ਨਹੀਂ। ਬਸ ਪ੍ਰਭਾਤ ਦਾ ਝੁਟਪੁਟਾ ਜਾਂ ਸੰਧਿਆ ਵੇਲਾ। ਪ੍ਰਭੂ ਪੂਜਨ, ਆਰਤੀ, ਇਹਨਾਂ ਦੋ ਸਹਜ ਸਮੇਂ ਹੀ ਗਾਈ ਜਾਂਦੀ ਹੈ। ਪੰਜਵੇਂ ਪਾਤਸ਼ਾਹ, ਇਸ ਥਾਂ ਨੂੰ "ਅਧਰ" ਕਹਿੰਦੇ ਹਨ। ਗੁਰਸਿੱਖ ਨੂੰ, ਭਗਤ ਨੂੰ, ਇੱਥੇ ਟਿਕਾਅ ਕਰਨਾ ਚਾਹੀਦੈ—

"ਹੁਕਮੇ ਧਾਰਿ ਅਧਰ ਰਹਾਵੈ॥ ਹੁਕਮੇ ਉਪਜੈ ਹੁਕਮਿ ਸਮਾਵੈ॥"

ਕੋਈ ਨਿੱਜੀ, ਆਗ੍ਰਹਿ ਨਹੀਂ, ਕੋਈ ਮੰਗ ਨਹੀਂ। ਸੰਪਤੀ ਔਰ ਬਿੱਪਤੀ ਕਿਸੇ ਨਾਲ ਲਗਾਅ ਨਹੀਂ, ਨਾਲ ਕਿਸੇ ਦਾ ਦੁਰਾਅ ਵੀ ਨਹੀਂ। ਸਭ ਸਤਿਗੁਰ ਪ੍ਰਮਾਤਮਾ ਦੀ ਰਜ਼ਾ ਨਾਲ ਹੋ ਰਿਹੈ। ਤੇਰੀ ਰਜ਼ਾ ਸਵੀਕਾਰ ਹੈ। ਹੁਕਮ ਨਾਲ ਜਨਮ ਹੋਇਆ, ਹੁਕਮ ਨਾਲ ਮੌਤ! ਤਾਂ ਇਹ ਮੌਤ, ਮਿਲਨ ਬਣ ਜਾਂਦੀ ਹੈ। ਸਾਗਰ ਵਿਚ ਬੂੰਦ ਦਾ ਮਿਲ ਜਾਣਾ। ਇਹ ਅਵਸਥਾ, ਮੌਖ਼ਸ਼ ਹੈ, ਇਹ ਨਿਰਵਾਨ ਕਾਲ ਹੁੰਦੈ—

ਹੁਕਮ ਨਾਲ ਆਇਆ, ਹੁਕਮ ਨਾਲ ਸੰਸਾਰ ਦਾ ਤਿਆਗ। ਕੋਈ ਅਵਰੋਧ ਨਹੀਂ, ਪ੍ਰਤੀਰੋਧ ਨਹੀਂ।

ਪੰਜਵੇਂ ਪਾਤਸ਼ਾਹ, ਸਿੱਖੀ ਸਿਦਕ ਨੂੰ ਹੋਰ ਸਪੱਸ਼ਟ ਕਰਦੇ ਹਨ—

"ਆਗਿਆ ਆਵੈ ਆਗਿਆ ਜਾਇ॥
ਨਾਨਕ ਜਾ ਭਾਵੈ ਤਾਂ ਲਏ ਸਮਾਇ॥ (ਸੁਖਮਨੀ)

ਪ੍ਰਵਿਰਤੀ ਔਰ ਨਿਵਰਤੀ ਦਾ ਸਰਵ ਸੁੰਦਰ ਰੇਖਾਂਕਣ!

ਭਗਤ ਕਬੀਰ ਜੀ, ਬਨਾਰਸ ਨਿਵਾਸ ਕਰਦੇ ਸਨ। ਕਿਸੇ ਸ਼ਰਧਾਲੂ ਨੇ ਖ਼ਬਰ ਦਿੱਤੀ, "ਭਗਤ ਫਰੀਦ ਜੀ, ਯਾਤਰਾ ਦੇ ਮਾਰਗ ਵਿਚ, ਬਨਾਰਸ ਹੋ ਕੇ ਲੰਘਣਗੇ। ਅਨੁਯਾਈਆਂ ਬੇਨਤੀ ਕੀਤੀ, ਭਗਤ ਫਰੀਦ ਜੀ ਨਾਲ ਮਿਲਾਪ ਕਰੋ। ਦੋ ਸ਼ਿਰੋਮਣੀ ਭਗਤਾਂ ਦਾ ਮਿਲਨ, ਕਾਲ ਦੀ ਸੁਨਹਿਰੀ ਸਿਮ੍ਰਤੀ ਬਣ ਜਾਏਗੀ। ਸਾਡੇ ਜਿਹੇ, ਧਰਮ ਜਗਿਆਸੂਆਂ ਲਈ ਬਹੁਤ ਲਾਹੇਵੰਦ ਹੋਵੇਗਾ। ਦੋਹਾਂ ਭਗਤਾਂ ਦੀ ਧਰਮ ਚਰਚਾ ਤੋਂ, ਧਰਮ ਦੀ ਨਵੀਂ ਰੂਪਰੇਖਾ, ਖਿੱਚੀ ਜਾਏਗੀ। ਸ਼ਰਧਾਲੂਆਂ ਵੱਲ ਵੇਖਿਆ, ਮੁਸਕਰਾਏ

ਅਤੇ ਅੱਗੋਂ ਜਾ ਕੇ, ਸ਼ਰਧਾ ਸਨਮਾਨ ਸਹਿਤ ਮਿਲਣ ਦੀ ਇੱਛਾ ਜ਼ਾਹਰ ਕੀਤੀ। ਭਗਤ ਕਬੀਰ ਉੱਠੇ, ਪਿੱਛੇ-ਪਿੱਛੇ ਸੰਗਤ! ਸ਼ਹਿਰ ਤੋਂ ਬਾਹਰ, ਭਗਤ ਫਰੀਦ ਜੀ ਨੂੰ ਅੱਗੋਂ ਹੋ ਕੇ ਮਿਲੇ। ਦੋਹਾਂ ਦੇ ਨੇਤਰਾਂ ਵਿਚ, ਮਿਲਨ ਆਨੰਦ ਦੀ ਲਿਸ਼ਕ ਪ੍ਰਗਟੀ। ਗਲਵਕੜੀ ਪਾਈ। ਮਾਰਗ ਦੇ ਕਿਨਾਰੇ, ਇਕ ਦਰੱਖ਼ਤ ਦੀ ਛਾਂ ਹੇਠ ਬੈਠ ਗਏ। ਇਕ ਦੂਏ ਦਾ ਹੱਥ ਫੜ ਕੇ, ਪ੍ਰਫੁੱਲਤ ਹੁੰਦੇ ਰਹੇ। ਕਦੀ ਨੇਤਰਾਂ ਵਿਚ ਹੰਝੂ ਦਿਸਦੈ, ਕਦੀ ਖੁਸ਼ੀ ਦਾ ਭਾਵ, ਕਿੰਨੀ ਦੇਰ, ਦੋਵੇਂ ਭਗਤ, ਮੌਨ ਬੈਠੇ ਰਹੇ। ਦੋਹਾਂ ਦੇ ਅਨੁਯਾਈ, ਕਿਸੇ ਗੂੜ੍ਹ ਵਾਰਤਾ ਦੀ ਉਡੀਕ ਕਰਦੇ ਰਹੇ। ...ਕੁਝ ਨਵੇਂ ਧਰਮ ਰਹੱਸ ਖੁੱਲ੍ਹਣ ਦੀ ਉਡੀਕ ਕਰਦੇ ਰਹੇ। ਮੌਨ ਵਿਆਪਤ ਰਿਹਾ। ਫਿਰ ਦੋਵੇਂ ਉੱਠ ਖਲੋਤੇ। ਅੱਖਾਂ-ਅੱਖਾਂ ਵਿਚ, ਧੰਨਵਾਦ ਦਾ ਆਦਾਨ ਪ੍ਰਦਾਨ ਹੋਇਆ... ਪ੍ਰਮੇਸ਼ਰ ਪ੍ਰਤੀ ਸ਼ੁਕਰਾਨਾ ਭੇਟ ਹੋਇਆ ਔਰ ਦੋਵੇਂ ਆਪਣੇ-ਆਪਣੇ ਰਾਹ 'ਤੇ ਟੁਰ ਪਏ। ਅਨੁਯਾਈਆਂ ਨੇ ਕਬੀਰ ਜੀ ਨੂੰ ਘੇਰ ਲਿਆ। ਹੱਦ ਹੋ ਗਈ! ਐਨੇ ਚਾਅ ਨਾਲ, ਕਾਗਜ਼, ਕਲਮ ਲੈ ਕੇ ਆਏ ਸਾਂ। ਆਸ ਸੀ ਕਿ ਭਗਤ-ਵਾਰਤਾ 'ਚ ਬਹੁਤ ਕੁਝ ਨਵਾਂ ਮਿਲੇਗਾ। ਨੋਟ ਬੁਕ 'ਤੇ ਨੋਟ ਕਰਾਂਗੇ। ਕਿਤਾਬਾਂ ਲਿਖੀਆਂ ਜਾਣਗੀਆਂ। ਕਥਾ-ਵਾਰਤਾ ਵਿਚ, ਉਹ ਸਾਧ ਬਚਨ ਨੂੰ ਪ੍ਰਮਾਣ ਵਜੋਂ ਵਰਤਾਂਗੇ। ਤੁਸਾਂ ਤਾਂ ਜਮਾਂ ਈ ਨਿਰਾਸ਼ ਕਰ ਦਿੱਤਾ। ਹੱਦ ਹੋ ਗਈ... ਕੁਝ ਵੀ ਨਾ ਬੋਲੇ, ਜਿਵੇਂ ਮੂੰਹ ਵਿਚ ਜ਼ੁਬਾਨ ਹੀ ਨਹੀਂ। ਕਬੀਰ ਜੀ ਮੁਸਕੁਰਾਏ ਅਤੇ ਕਿਹਾ, ਦੋਵੇਂ ਗੱਲਾਂ-ਬਾਤਾਂ ਦੇ ਤਲ ਤੋਂ ਉੱਪਰ ਜਾ ਚੁੱਕੇ ਹਾਂ। ਗੱਲ-ਬਾਤ, ਸੰਸਾਰ ਦੀ ਹੋਵੇਗੀ ਜਾਂ ਸਵਰਗ ਲੋਕ ਦੀ! ਇਹ, ਸਹਜ ਦਾ ਮੱਧ ਲੋਕ ਸੀ। ਨਾ ਦੁਖ ਦੀ ਗੱਲ ਨਾ ਸੁਖ ਦੀ, ਨਾ ਧਰਤ ਦੀ ਨਾ ਆਕਾਸ਼ ਦੀ, ਨਾ ਸਵਰਗ ਨਾ ਨਰਕ, ਨਾ ਸੰਸਾਰ ਦੀ ਗੱਲ ਨਾ ਨਿਰੰਕਾਰ ਦੀ! ਸਹਜ ਲੋਕ ਵਿਚ, ਸ੍ਰਿਸ਼ਟੀ ਅਤੇ ਸਿਰਜਨਹਾਰ ਇਕ-ਮਿਕ ਹੋਏ ਦਿਖਦੇ ਹਨ। ਸੰਸਾਰ ਇਕ ਸ੍ਵਾਂਗ ਔਰ ਸਵਾਂਗੀ ਆਪ ਅੰਤਰਯਾਮੀ! ਉੱਥੇ ਬ੍ਰਹਮ ਔਰ ਜਨ, ਅਭੇਦ ਦਿਸਦੇ ਹਨ—

> "ਬ੍ਰਹਮ ਮਹਿ ਜਨੁ, ਜਨ ਮਹਿ ਪਾਰਬ੍ਰਹਮੁ॥
> ਏਕਹਿ ਆਪਿ, ਨਹੀਂ ਕਛੁ ਭਰਮੁ॥ (ਸੁਖਮਨੀ)

"ਸਹਜ ਕੀ ਅਕਥ ਕਥਾ ਹੈ ਨਿਰਾਰੀ॥"

ਇਕ ਅਵਸਥਾ, ਜਦੋਂ ਆਤਮਾ ਦੀ ਅਨੁਭੂਤੀ, ਕਥਨ ਤੋਂ ਬਾਹਰ ਹੋ ਜਾਵੇ। ਇਸੇ ਥਾਂ, ਕਬੀਰ ਜੀ ਨੇ, ਇਹ ਪਦ ਉਚਾਰਣ ਕੀਤਾ, ਜਿਹੜਾ ਗੁਰਬਾਣੀ ਵਿਚ ਦਰਜ ਹੈ—

> "ਤਹ ਪਾਵਸ ਸਿੰਧੁ ਧੂਪ ਨਹੀਂ ਛਹੀਆ, ਤਹ ਉਤਪਤਿ ਪਰਲਉ ਨਾਹੀ॥
> ਜੀਵਨ ਮਿਰਤੁ ਨ ਦੁਖੁ ਸੁਖੁ ਬਿਆਪੈ, ਸੁੰਨ ਸਮਾਧਿ ਦੋਊ ਤਹ ਨਾਹੀ॥
> ਸਹਜ ਕੀ ਅਕਥ ਕਥਾ ਹੈ ਨਿਰਾਰੀ॥" (ਪੰਨਾ 617)

ਸਹਜ, ਸੁਰਤਿ ਦੇ ਵਿਕਸਤ ਸਿਖਰ 'ਚੋਂ ਪ੍ਰਵਾਹਿਤ ਹੁੰਦੀ ਹੈ। ਇਹ ਸਰੀਰ ਦੀਆਂ ਸਮੱਸਤ ਇੰਦ੍ਰੀਆਂ ਨੂੰ, ਆਪਣੇ ਪ੍ਰਵਾਹ ਵਿਚ ਵਗਾ ਲੈ ਜਾਂਦੀ ਹੈ। ਸੰਸਾਰ ਵਿਚ ਬਹੁਤ ਸ਼ੋਰ ਹੈ। ਮਨ 'ਚ ਚਾਹਤਾਂ ਦਾ ਸ਼ੋਰ, ਬੁੱਧੀ ਵਿਚ ਸ਼ੋਖ ਚੰਚਲ ਯੋਜਨਾਵਾਂ ਦਾ ਸ਼ੋਰ ਹੈ। ਇਕ ਬਾਜ਼ਾਰ ਹੈ, ਹਾਟ, ਜਿਥੇ ਹਰ ਸ਼ੈਅ ਦੀ ਬੋਲੀ ਲਗ ਰਹੀ ਹੈ। ਇਸ ਬਾਜ਼ਾਰ-ਸੰਸਾਰ

ਤੋਂ ਪਰ੍ਹੇ, ਇਕ ਨਿਰਜਨ ਘਾਟੀ ਵਿਚ ਗਹਿਰਾ ਮੌਨ ਹੈ। ਸਹਜ, ਮੌਨ ਦਾ ਸੰਵਾਦ ਹੈ। ਕੁਝ ਬੋਲਣਾ ਲਾਜ਼ਮੀ ਨਹੀਂ। ਮੌਨ ਨੇਤਰ, ਮਿਲਨ ਦਾ ਆਨੰਦ ਅਤੇ ਵਿਯੋਗ ਦਾ ਵਿਸ਼ਾਦ, ਚੁੱਪ-ਚੁਪੀਤੇ ਵਿਅਕਤ ਕਰ ਦਿੰਦੇ ਹਨ।

ਭਾਈ ਨੰਦ ਲਾਲ ਜੀ, ਇਕ ਵਾਰ ਜਾਂ, ਸ੍ਰੀ ਆਨੰਦਪੁਰ ਆਏ ਤਾਂ ਦਸਮੇਸ਼ ਪਿਤਾ ਦੇ ਰੰਗ ਵਿਚ ਰੰਗੇ ਗਏ। ਚਾਰੇ ਪਾਸਿਉਂ, ਪਹਾੜੀ ਰਾਜਿਆਂ ਅਤੇ ਮੁਗਲ ਬਾਦਸ਼ਾਹ, ਔਰੰਗਜ਼ੇਬ, ਸਰਹਿੰਦ ਅਤੇ ਲਾਹੌਰ ਨਵਾਬਾਂ ਦੀਆਂ ਧਮਕੀਆਂ। ਜੰਗ ਦਾ ਪੂਰਵ ਅਨੁਮਾਨ ਦਾ ਸਮਾਂ। ਪਰ ਸਤਿਗੁਰ, ਸਦਾ ਆਤਮਿਕ ਆਨੰਦ ਦੇ ਆਕਾਸ਼ ਤੇ ਪੂਰਨ ਖੇੜੇ ਵਿਚ, ਚੜ੍ਹਦੀ ਕਲਾ ਵਿਚ, ਸਰਵਥਾ ਚਿੰਤਾ ਮੁਕਤ! ਇਹ ਸਹਜ-ਸਿਖਿਆ, ਭਾਈ ਜੀ ਨੂੰ ਮਿਲੀ। ਇਸ ਸਹਜ ਧਾਰਾ ਵਿਚ, ਗੋਤਾ ਲਾ ਲਿਆ। ਮਸਤਾਨੀ ਅਵਸਥਾ ਵਿਚ ਰਹਿੰਦੇ। ਜਿਸ ਦਿਨ, ਸਤਿਗੁਰਾਂ ਦਾ ਦਰਸ਼ਨ-ਮਿਲਾਪ ਨਾ ਹੁੰਦਾ, ਉਸ ਦਿਨ, ਜਣੇ-ਜਣੇ ਨੂੰ ਫੜ ਲੈਂਦੇ, ਬੇਨਤੀ ਕਰਦੇ "ਜਾਨੀ ਕੋ ਜਾਨੀ ਸੇ ਮਿਲਾ ਦੇ।" ਮੇਰਾ ਜੀਵਨ ਤੜਫਦੈ... "ਇਕ ਘੜੀ ਨ ਮਿਲਤੇ ਤਾਂ ਕਲਿਜੁਗੁ ਹੋਤਾ" ਜਿਹੀ ਅਵਸਥਾ ਹੋ ਜਾਂਦੀ। ਕੁਝ ਸ਼ਰਾਰਤੀ ਜਿਹੇ ਲੜਕਿਆਂ ਨੇ, ਮਸਖਰੀ ਕੀਤੀ।

"ਤੁਸੀਂ ਮਿਲਣਾ ਹੈ, ਜਾਨੀ ਨਾਲ? ਤਾਂ ਸਤਿਲੁਜ ਵਿਚ ਛਾਲ ਮਾਰੋ, ਜਾਨੀ ਨਾਲ ਮੇਲ ਹੋ ਜਾਏਗਾ।" ਸਾਉਣ ਭਾਦੋਂ ਦੇ ਦਿਨ। ਹੜ੍ਹ ਨਾਲ ਸਤਿਲੁਜ ਉਫਨ ਰਹੀ ਸੀ। "ਅੱਛਾ, ਫੇਰ ਜਾਨੀ ਮਿਲ ਪਵੇਗਾ?" ਔਰ ਸਤਿਲੁਜ ਪਾਸੇ ਦੌੜ ਪਏ। ਦਸਮ ਪਾਤਸ਼ਾਹ ਲੋਹਗੜ੍ਹ ਵਿਚ, ਜੰਗੀ ਤਿਆਰੀ ਦਾ ਜਾਇਜ਼ਾ ਲੈ ਰਹੇ ਸਨ। ਦੋਵੇਂ ਵੱਡੇ ਸਾਹਿਬਜ਼ਾਦੇ, ਭਾਈ ਦਇਆ ਸਿੰਘ, ਧਰਮ ਸਿੰਘ, ਆਲਮ ਸਿੰਘ ਆਦਿ ਯੋਧੇ ਨਾਲ ਹੈ ਸਨ। ਅੰਤਰਯਾਮੀ ਸਤਿਗੁਰ, ਅਚਾਨਕ ਸਾਰਿਆਂ ਨੂੰ ਉੱਥੇ ਛੱਡ, ਦੌੜ ਪਏ। ਸਤਿਲੁਜ ਵੱਲ ਜਾਂਦੇ, ਭਾਈ ਨੰਦ ਲਾਲ ਨੂੰ ਜਾ ਫੜਿਆ! ਪਿਆਰ ਨਾਲ ਗਲ਼ ਲਾਇਆ ਅਤੇ ਹੁਕਮ ਕੀਤਾ, ਭਾਈ ਜੀ, ਤੁਸੀਂ ਹੁਣ ਦੁਨਿਆਵੀ ਚਾਲਾਂ, ਚਲਾਕੀਆਂ ਤੋਂ ਉੱਪਰ, ਸਹਜ ਨੂੰ ਪ੍ਰਾਪਤ ਹੋ ਗਏ ਹੋ। ਹੁਣ ਬਾਹਰ ਘੱਟ ਨਿਕਲੋ। ਸਤਿਗੁਰਾਂ, ਆਨੰਦਗੜ੍ਹ ਵਿਚੇ, ਭਾਈ ਨੰਦ ਲਾਲ ਜੀ ਦੀ ਰਿਹਾਇਸ਼ ਦਾ ਪ੍ਰਬੰਧ ਕਰਵਾਇਆ। ਹਰ ਰੋਜ਼, ਨਿਯਮ ਨਾਲ ਭਾਈ ਜੀ ਨੂੰ ਦਰਸ਼ਨ ਦਿੰਦੇ।

"ਸਹਜ", ਮਾਨਵੇਤਰ ਅਵਸਥਾ ਹੁੰਦੀ ਏ। ਮਨੁੱਖੀ ਸੋਚ ਤੋਂ ਉੱਪਰ ਦੀ ਅਵਸਥਾ! ਰੂਹ ਦਾ ਨਿਰਦੋਸ਼ ਤੱਲ! ਅੰਦਰ ਦੀ ਗੱਲ! ਕੋਈ ਰੱਬ ਦੇ ਪਿਆਰੇ, ਫੱਕੜ, ਇਸ ਰਮਜ਼ ਨੂੰ ਸਮਝਣਗੇ ਜਾਂ ਜਿਸ ਨੂੰ ਸਤਿਗੁਰ, ਭੇਦ-ਦ੍ਰਿਸ਼ਟੀ ਦੇ ਦੇਵੇ। ਗੁਰੂ ਨਾਨਕ, ਨਰ ਅਵਤਾਰ ਰੂਪ ਅਵਤਰਿਤ ਹੋਏ। ਜਨਮ ਤੋਂ ਹੀ ਸਹਜ! ਜਗ ਦੀਆਂ, ਸਮਾਜ ਦੀਆਂ ਰਵਾਇਤਾਂ, ਰੀਤਾਂ ਤੋਂ ਪਰ੍ਹੇ। ਪਾਂਧੇ, ਮੌਲਵੀ ਕੋਲੋਂ ਅੱਖਰ ਗਿਆਨ ਦਾ ਸਮਾਂ ਹੋਵੇ, ਜਨੇਊ ਧਾਰਨ ਦਾ ਸੰਸਕਾਰੀ ਉਤਸਵ, ਗੁਰੂ ਨਾਨਕ, ਸਹਜ ਵਿਚ, ਦੁਨੀਆਂ ਦੇ ਤੌਰ ਤਰੀਕਿਆਂ, ਚਲਾਕੀ-ਫੁਰਤੀ ਤੋਂ ਬਾਹਰ ਹੀ ਦਿਸਦੇ ਹਨ। ਆਪਣੀ ਮਸਤੀ ਵਿਚ, ਆਪਣੀ ਸੋਚ ਵਿਚ। ਪਿਤਾ ਨੇ ਵੀਹ ਰੁਪਏ ਦਿੱਤੇ, ਕੋਈ ਖਰਾ ਸੌਦਾ ਕਰਨ ਲਈ।

ਵਾਪਾਰ ਦੀ ਆਰੰਭਕ ਪ੍ਰੀਖਿਆ! ਭੁੱਖੇ, ਸਾਧਾਂ ਨੂੰ, ਪ੍ਰਮੇਸ਼ਰ ਪਿਆਰਿਆਂ ਨੂੰ ਲੰਗਰ ਛਕੌਣ ਤੋਂ ਵੱਧ ਖਰਾ ਕੋਈ ਹੋਰ ਸੌਦਾ ਨਾ ਦਿੱਸਿਆ। ਸਾਧੂਆਂ, ਫ਼ਕੀਰਾਂ ਨੂੰ ਛਕਾ ਦਿੱਤਾ। ਭਾਈ ਬਾਲਾ ਜੀ, ਵਾਪਸ ਤਲਵੰਡੀ ਆਏ। ਗੁਰੂ ਨਾਨਕ, ਪਿੰਡੋਂ ਬਾਹਰ ਇਕ ਛਪਰੀ ਕੰਢੇ ਬਹਿ ਰਹੇ। ਆਪਣੇ ਕਰਮ 'ਤੇ ਚਿੰਤਾ ਨਹੀਂ ਸੀ, ਪਿਤਾ ਦੇ ਦੁਖੀ ਹੋ ਜਾਣ ਦੀ ਸ਼ੰਕਾ ਸੀ। ਘਰ ਨਾ ਗਏ। ਮਹਿਤਾ ਕਾਲੂ ਜੀ ਨੇ, ਭਾਈ ਬਾਲਾ ਜੀ ਤੋਂ ਸਾਰਾ ਪ੍ਰਸੰਗ ਸੁਣ ਲਿਆ।

"ਚੱਲ ਮੇਰੇ ਨਾਲ", ਪਿਤਾ ਨੇ ਕਿਹਾ। ਉੱਥੇ ਪੁੱਜੇ। ਬਾਲ ਗੁਰੂ ਨਾਨਕ ਦੇ ਮੂੰਹ 'ਤੇ ਦੋ ਚਪੇੜਾਂ ਮਾਰੀਆਂ। ਹੋਰ ਵੀ ਬਹੁਤ ਕੁਝ ਬੁਰਾ-ਭਲਾ ਕਿਹਾ। ਪਿੰਡ ਦੇ ਕਿਸੇ ਵਸਨੀਕ ਨੇ ਇਹ ਦ੍ਰਿਸ਼ ਵੇਖਿਆ, ਨਵਾਬ ਰਾਇ ਬੁਲਾਰ ਨੂੰ ਜਾ ਸਾਰਾ ਬ੍ਰਿਤਾਂਤ ਦਸਿਆ। ਰਾਇ ਬੁਲਾਰ ਨੇ, ਪਿੰਡ ਦੇ ਬਾਹਰ ਭ੍ਰਮਣ ਕਰਦਿਆਂ, ਤਪਦੀ ਦੁਪਹਿਰ ਵਿਚ ਸੁੱਤੇ ਹੋਏ, ਬਾਲ ਨਾਨਕ ਦੇ ਉੱਪਰ, ਸ਼ੇਸ਼ਨਾਗ ਨੂੰ ਛਾਂ ਕਰਦਿਆਂ ਵੇਖਿਆ ਸੀ। ਮਹਿਤਾ ਕਾਲੂ ਦੇ ਪੁੱਤਰ ਵਿਚ ਖੁਦਾਈ ਨੂਰ ਵੇਖਿਆ ਸੀ। ਜਿਸ 'ਤੇ ਗੁਰੂ ਆਪ ਕਿਰਪਾ ਕਰੇ। ਪ੍ਰਸੰਗ ਸੁਣ, ਨਵਾਬ ਦੁਖੀ ਹੋਇਆ। ਬੰਦਾ ਭੇਜ ਕੇ, ਮਹਿਤਾ ਕਾਲੂ ਜੀ ਦੇ ਨਾਲ, ਗੁਰੂ ਨਾਨਕ ਨੂੰ ਵੀ, ਅਰਜ਼ ਕਰ ਕੇ ਨਾਲ ਲਿਆਉਣ ਲਈ ਕਿਹਾ। ਦੋਵੇਂ ਆ ਗਏ। ਰਾਇ ਬੁਲਾਰ, ਤਖ਼ਤ ਪੋਸ਼ ਤੋਂ ਉੱਠ ਕੇ, ਗੁਰੂ ਨਾਨਕ ਨੂੰ ਸਿਜਦਾ ਕੀਤਾ, ਗਲ ਨਾਲ ਲਾਇਆ ਤੇ ਤਖ਼ਤ ਪੋਸ਼ 'ਤੇ ਬਿਠਾ ਕੇ ਆਪ ਥੱਲੇ ਬੈਠਿਆ ਤੇ ਬੋਲਿਆ, "ਸੁਣ ਭਾਈ ਮਹਿਤਾ ਕਾਲੂ, ਤੈਨੂੰ ਇਸ ਬਾਲ ਦੀ ਖ਼ਬਰ ਕੋਈ ਨਾਹੀ। ਇਸ ਤਾਈਂ ਕਦੇ ਮਨੁੱਖ ਕਰ ਕੇ ਨਾ ਜਾਣੀ। ਇਹ ਖੁਦਾ ਦਾ ਰੂਪ ਹਈ। ਇਹ ਵੀਹ ਰੁਪਏ ਮੇਰੇ ਕੋਲੋਂ ਲੈ। ਵੀਹ ਰੁਪਏ ਮਹਿਤਾ ਕਾਲੂ ਹੱਥ ਦੇ ਕੇ, ਫਿਰ ਰਾਇ ਬੁਲਾਰ ਕਿਹਾ, "ਤੈਨੂੰ ਪਹਿਲਾਂ ਵੀ ਕਿਹਾ ਸਈ, ਇਹ ਕੋਈ ਖੁਦਾਈ ਨੂਰ ਤੇਰੇ ਘਰ ਆਇਆ ਹਈ। ਮਹਿਤਾ ਜੀ ਨੇ ਪੈਸੇ ਮੋੜਦਿਆਂ ਕਿਹਾ, ਇਹ ਕੋਈ ਕੰਮ ਕਾਰ ਨਹੀਂ ਕਰਦਾ। ਪੈਸੇ ਦਿੱਤੇ, ਵਾਪਾਰ ਲਈ, ਉਹ ਵੀ ਰੋੜ੍ਹ ਆਇਆ। ਹੁਣ ਇਹ ਤੁਹਾਡੇ ਕੋਲੋਂ ਪੈਸੇ ਕਿਉਂ ਲਵਾਂ? ਮਹਿਤਾ ਕਾਲੂ! ਰਾਇ ਬੁਲਾਰ ਕਿਹਾ, ਇਹ ਰੁਪਏ ਅਸਾਂ ਦੇ ਨਾਹੀਂ। ਨਾਨਕ ਦੇ ਰੁਪਏ ਦੇਵਣੇ ਆਹੇ, ਸੋ ਅਸਾਂ ਨੇ ਦਿੱਤੇ ਹਨ। ਸੁਣ ਕਾਲੂ ਮਹਿਤਾ, ਤੈਨੂੰ ਇਸ ਬਾਤ ਕੀ ਖ਼ਬਰ ਕੋਈ ਨਾਹੀ, ਇਹ ਦੁਨੀਆਂ ਵਿਚ ਜੋ ਦੌਲਤ ਹੈ, ਨਾਨਕ ਦੇ ਹੱਥਾਂ 'ਚੋਂ ਰੁੜ੍ਹਦੀ ਮੈਂ ਵੇਖੀ ਹੈ। ਇਸ ਦੀ ਮੇਹਰ ਸਦਕਾ, ਮੇਰੀ ਤਲਵੰਡੀ ਸੁਖੀ ਵਸਦੀ ਹੈ। ਇਸ ਦੇ ਸਦਕਾ, ਪਵਨ ਵਗਦੀ ਹੈ, ਨਦੀਆਂ ਵਿਚ ਪਾਣੀ ਵਗ ਰਿਹੈ, ਖੇਤਾਂ ਵਿੱਚ ਅੰਨ ਹੈ। ਇਹ ਸਭ, ਨਾਨਕ ਦੀ ਬਰਕਤ ਹੈ... ਨਾਨਕ ਆਪ ਰੱਬ ਹਈ।"

"ਸਹਜ" ਨੂੰ ਸੰਸਾਰੀ ਨਹੀਂ ਸਮਝ ਸਕਦਾ।
"ਜਿਸਨੋ ਤੂੰ ਜਾਣਾਇਹਿ ਸੋਈ ਜਨੁ ਜਾਣੈ...॥"

ਗੁਰੂ ਪ੍ਰੰਪਰਾ ਨੇ, ਸਿੱਖ ਨੂੰ ਸਹਜੇ ਹੀ ਇਹ ਦਾਤ, ਸਹਜ ਰਹਿਣ ਦੀ ਜਾਚ, ਝੋਲੀ ਪਾਈ ਹੈ। ਜੰਮਦੇ ਬੱਚੇ ਦੇ ਕੰਨ ਵਿਚ, ਨਾਮ ਦੀ ਫੂਕ, ਕੋਈ ਸੰਤ ਜਾਂ ਘਰ ਦਾ ਵੱਡਾ

ਮਾਰਦਾ ਹੈ ਤਾਂ ਉਸ ਨੂੰ ਜੀਵਨ ਦੀ ਪਹਿਲੀ ਸਿਖਿਆ ਇਹੋ ਦਿੰਦਾ ਹੈ, ਉਸ ਨਿਰੰਕਾਰ ਨੂੰ ਵਾਹੁ, ਸਦਾ ਕਹੀਂ, ਜਿਹੜਾ ਸਾਰਿਆਂ ਵਿਚ ਵਸਦਾ ਹੈ। ਉਸ ਨੂੰ ਵਾਹੁ ਕਹੀਂ, ਜੋ ਸਭ ਨੂੰ ਰਿਜ਼ਕ ਦੇਂਦਾ ਹੈ। ਉਸ ਨੂੰ ਵਾਹੁ ਕਹੀਂ, ਜਿਸ ਦਾ ਨਾਮ ਸਤਿਗੁਰ ਨੇ ਤੈਨੂੰ ਦਿੱਤਾ ਹੈ। ਸਦਾ ਸਹਜ ਰਹੀਂ... ਸ਼ੁਕਰਾਨੇ ਵਿਚ ਰਹੀਂ..., ਸਦਾ ਇਲਾਹੀ ਖੇੜੇ ਵਿਚ, ਹਰ ਹਾਲ ਚੜ੍ਹਦੀ ਕਲਾ ਵਿਚ ਰਹੀਂ।

ਅਫਗਾਨ ਪਠਾਨ, ਅਬਦੁਲ ਸ਼ਾਹ ਅਬਦਾਲੀ, ਹਿੰਦੁਸਤਾਨ ਤੇ 7 ਵਾਰ ਹਮਲਾ ਕੀਤਾ। ਸੰਨ 1761 ਪਾਨੀਪਤ ਦੀ ਜੰਗ ਵਿਚ ਮਰਾਠਿਆਂ ਨੂੰ ਹਰਾਇਆ। ਬਹੁਤ ਸੋਨਾ, ਹੀਰੇ, ਜਵਾਹਰਾਤ ਲੁੱਟ ਕੇ ਨਾਲ ਲੈ ਤੁਰਿਆ। ਸ੍. ਆਲ੍ਹਾ ਸਿੰਘ ਪਟਿਆਲਾ ਨੇ, ਆਪਣੀਆਂ ਫੌਜਾਂ ਨਾਲ ਲੁੱਟ ਦਾ ਮਾਲ ਬਹੁਤਾ ਖੋਹ ਲਿਆ। ਫੇਰ ਅੱਗੇ ਵਧਿਆ ਤਾਂ ਰਾਤ ਦੇ ਹਨੇਰੇ ਵਿਚ, ਜੰਗਲਾਂ 'ਚੋਂ ਨਿਕਲ ਸਿੱਖ ਬਹਾਦਰਾਂ ਨੇ ਬਹੂ-ਬੇਟੀਆਂ ਛਡਵਾ ਲਈਆਂ ਤੇ ਮਾਲ ਅਸਬਾਬ ਲੁੱਟ ਲਿਆ। ਅਬਦਾਲੀ ਕ੍ਰੋਧ ਵਿਚ ਭਰ ਕੇ ਬੋਲਿਆ, ਇਹ ਕੌਣ ਹਨ? ਕਿਥੇ ਰਹਿੰਦੇ ਹਨ? ਤਾਂ ਸਿੱਖਾਂ ਬਾਬਤ, ਉਸ ਨੂੰ ਜਿਹੜੀ ਜਾਂਚ ਰਿਪੋਰਟ ਸਲਾਹਕਾਰਾਂ ਨੇ ਦਿੱਤੀ, ਉਹ ਇਹ ਸੀ ਕਿ ਇਹ ਦਸਮੇਸ਼ ਗੁਰੂ ਦੇ ਸਿੱਖ ਹਨ। ਜੰਗਲ ਇਹਨਾਂ ਦਾ ਘਰ... ਘੋੜਿਆਂ ਦੀਆਂ ਕਾਠੀਆਂ ਇਹਨਾਂ ਦਾ ਬਸੇਰਾ। ਜਾਨਾਂ ਦੀ ਪ੍ਵਾਹ ਨਹੀਂ। ਲੁਟੇਰਿਆਂ ਤੋਂ ਲੁੱਟ ਕੇ, ਗਰੀਬਾਂ ਦੀ ਇਮਦਾਦ ਕਰਨ ਵਾਲੇ! ਲੋਗ ਇਹਨਾਂ ਨੂੰ ਰੱਬੀ ਫ਼ਰਿਸ਼ਤੇ ਕਹਿੰਦੇ ਹਨ। ਸੰਨ 1767 ਤੋਂ ਬਾਅਦ, ਅਬਦਾਲੀ ਮੁੜ ਇਧਰ ਨਾ ਆਇਆ। ਕਹਿੰਦਾ ਗਿਆ, ਜਿਨ੍ਹਾਂ ਨੂੰ ਧਨ ਦੀ ਚਾਹ ਨਹੀਂ, ਜਾਨਾਂ ਦੀ ਪ੍ਵਾਹ ਨਹੀਂ, ਉਹਨਾਂ ਨੂੰ ਕੋਈ ਜਿੱਤ ਨਹੀਂ ਸਕਦਾ।

ਇਹ ਸਹਜ ਦਾ ਮੁਕਾਮ ਹੁੰਦੈ। ਨਾ ਧਰਤ ਨਾ ਆਕਾਸ਼, ਵਿਚਾਲੇ, ਅਧਰ ਲੋਕ ਦੇ ਨਿਵਾਸੀ; "ਸਹਜ ਕੀ ਅਕਥ ਕਥਾ ਹੈ ਨਿਰਾਰੀ॥"

# ਨਾ ਦੂਜਾ ਵੇਖਾਲਿ

ਦੂਜਾ, ਦਵੈਤ ਹੈ... ਈਰਖਾ ਹੈ... ਦਵੈਸ਼ ਹੈ... ਮਤਸਰ ਹੈ। ਵੱਖਵਾਦ ਦਾ ਨਾਂ ਦੂਜਾ ਹੈ। ਪਹਿਲਾਂ ਇਕ ਪੁਰਖ ਸੀ। "ਅਰਬਦ ਨਰਬਦ ਧੁੰਧੂਕਾਰ" ਤੋਂ ਪਹਿਲਾਂ, ਸੁੰਨ, ਸਮਾਧਿ ਤੋਂ ਪਰ੍ਹੇ। ਧਰਤੀ ਤੇ ਧੁੰਧੂਕਾਰ ਤੋਂ ਪਹਿਲਾਂ, ਗੁਰੂ ਨਾਨਕ ਪਾਤਸ਼ਾਹ, ਕਹਿੰਦੇ ਹਨ—ਧਰਤ ਨਹੀਂ, ਆਕਾਸ਼ ਨਹੀਂ, ਦਿਨ ਔਰ ਰਾਤ ਨਹੀਂ, ਸੂਰਜ ਅਤੇ ਚੰਦ ਨਹੀਂ, ਉਦੋਂ

"ਧੁੰਧੂਕਾਰਿ ਨਿਰਾਲਮੁ ਬੈਠਾ, ਨਾ ਤਦਿ ਧੁੰਧ ਪਸਾਰਾ ਹੇ॥" (ਪੰਨਾ 1026)

ਨਿਰਾਲਮ ਦਾ ਅਰਥ ਹੈ 'ਨਿ: ਆਲਮ।" ਸਿਰਜਣ ਤੋਂ ਹੀਨ। ਫਿਰ ਰਜ਼ਾ ਹੋਈ ਤਾਂ ਪ੍ਰਕਿਰਤੀ ਸਿਰਜੀ। ਇਸ ਪ੍ਰਕਿਰਤੀ ਦਾ ਨਾਂ ਹੀ ਕੁਦਰਤ, ਮਾਇਆ ਜਾਂ ਦੂਈ ਹੈ। ਪੁਰਖ ਅਤੇ ਪ੍ਰਕਿਰਤੀ ਦੋ ਹੋ ਗਏ ਤਾਂ ਦਵੈਤ ਭਾਵ ਜੰਮ ਪਿਆ। ਹਰ ਪ੍ਰਾਣੀ ਵਿਚ, ਪੁਰਖ, ਆਤਮਾ ਰੂਪ ਅਤੇ ਪ੍ਰਕਿਰਤੀ, ਦੇਹ ਰੂਪ ਵਿਚ ਮਿਲੇ। ਸਿਰਜਨ ਹੋਇਆ। ਪੁਰਖ ਜਾਂ ਆਤਮਾ, ਅਦਿੱਖ ਹੈ, ਮੌਨ ਹੈ। ਦੇਹ ਰੂਪ, ਪ੍ਰਕਿਰਤੀ ਮੁਖਰ ਹੈ, ਪ੍ਰਧਾਨ ਹੈ। ਤਾਂ ਇਸ ਪ੍ਰਕਿਰਤੀ ਜਾਂ ਮਾਇਆ ਦੇ ਪ੍ਰਭਾਅ ਨਾਲ, ਦੁਈ ਦਾ ਪਸਾਰਾ ਹੋਇਆ। ਹਰ ਜੀਵ ਵਿਚ, ਇਹ ਵੱਖਵਾਦ, ਦੂਜਾ ਹੋਣ ਦਾ ਭਾਵ ਉਤਪੰਨ ਹੋਇਆ। ਇਸ ਦੁਈ ਦ੍ਰਿਸ਼ਟੀ ਨੇ ਹੀ ਮੁਲਕ ਵੰਡੇ, ਪ੍ਰਾਂਤ, ਪਰਿਵਾਰ ਵੰਡ ਦਿੱਤੇ। ਆਪਣਾ ਅਤੇ ਬਿਗਾਨਾ ਦਾ ਰੇਖਾਂਕਣ ਹੋਇਆ ਔਰ ਦੁਨੀਆਂ ਵਿਚ ਜੰਗਾਂ ਦਾ ਆਰੰਭ ਹੋਇਆ। ਭਗਵਾਨ ਸ੍ਰੀ ਕ੍ਰਿਸ਼ਨ ਨੇ, ਅਰਜਨ ਨੂੰ ਦੱਸਿਆ, ਅਰਜਨ, ਇਹ "ਕੁਰੂਖੇਤਰ" ਹਰ ਮਨੁੱਖ ਦੇ ਅੰਦਰ ਕੁਦਰਤ ਨੇ, ਦੂਜੇ ਭਾਵ ਨੇ ਸਿਰਜਤ ਕਰ ਰਖਿਆ ਹੈ। ਹਰ ਮਨੁੱਖ, ਇਕ ਮਹਾਂਭਾਰਤ ਵਿਚ ਘਿਰਿਆ ਮਹਿਸੂਸ ਕਰਦਾ ਹੈ। ਤੂੰ ਇਕੱਲਾ ਨਹੀਂ ਇਹ ਮਹਾਂਯੁੱਧ ਲੜਨ ਆਇਆ।

ਦੂਜਾ ਭਾਵ, ਜੰਗਲ ਦੀ ਅੱਗ ਹੈ, ਦਾਵਾ ਅਗਨਿ! ਕਈ ਉੱਚੀਆਂ ਲਪਟਾਂ ਵਿਚ ਸੜ ਕੇ ਸੁਆਹ ਹੁੰਦੇ ਦਿਸੇ, ਕਈ ਧੁਖ ਰਹੇ ਹਨ, ਅੰਦਰ ਅੰਦਰ! ਅੱਜ ਕੋਈ ਰਿਸ਼ਤਾ, ਮਿੱਤਰਤਾ, ਭਰੋਸੇਯੋਗ ਨਹੀਂ ਰਹੀ। ਹਰ ਥਾਂ ਆਪਣਾ-ਆਪਣਾ ਹਿੱਤ, ਅੱਗੇ ਆ ਜਾਂਦਾ ਹੈ ਔਰ ਜੰਗ ਦਾ ਬਿਗਲ ਵੱਜ ਪੈਂਦਾ ਹੈ। ਰੋਟੀ, ਇਕ ਘੱਟ ਮਿਲੇ, ਰਹਿਣ ਲਈ ਘਰ ਛੋਟਾ ਹੈ, ਆਰਥਿਕ ਪੱਖੋਂ ਬਹੁਤੀ ਮਜ਼ਬੂਤੀ ਨਹੀਂ ਤਾਂ ਕੋਈ ਗੱਲ ਨਹੀਂ। ਦੂਜੇ ਭਾਵ ਨੇ ਪੈਰ ਨਹੀਂ ਪਾਏ ਤਾਂ ਸ਼ੁਕਰਾਨੇ ਵਿਚ ਸਮਾਂ ਬਹੁਤ ਸੋਹਣਾ ਬਿਤੀਤ ਹੋ ਜਾਂਦੈ। ਪਰ ਕਲੇਸ਼ ਹੈ, ਦੂਜਾ ਭਾਵ ਹੈ ਤਾਂ ਮਹਿਲਾਂ ਵਿਚ ਵੀ, ਇਤਿਹਾਸ ਨੇ ਸੜਦੇ ਵੇਖੇ ਹਨ। ਤਾਂ ਪੰਜਵੇਂ ਪਾਤਸ਼ਾਹ, ਸੂਹੀ ਰਾਗ ਵਿਚ, ਜਗਤ ਲਈ ਮੰਗਦੇ ਹਨ—

"ਜੇ ਤੂੰ ਤੁਠਾ ਕ੍ਰਿਪਾ ਨਿਧਾਨ, ਨਾ ਦੂਜਾ ਵੇਖਾਲਿ॥
ਏਹਾ ਪਾਈ ਮੂ ਦਾਤੜੀ, ਨਿਤ ਹਿਰਦੈ ਰਖਾ ਸਮਾਲਿ॥" (ਪੰਨਾ 761)

ਮੇਰੇ ਪਾਤਸ਼ਾਹ, ਸੰਸਾਰ ਦੇ ਪਦਾਰਥਾਂ ਦਾ ਅਭਾਵ ਹੈ, ਤਾਂ ਚਿੰਤਾ ਨਹੀਂ। ਮੈਨੂੰ ਇਕ ਦਾਤ ਬਖਸ਼ ਦੇ, ਮੇਰੇ ਪਿਆਰੇ "ਨਾ ਦੂਜਾ ਵੇਖਾਲਿ॥"

ਮੈਨੂੰ ਕੋਈ ਦੂਜਾ, ਕੋਈ ਗੈਰ, ਕੋਈ ਬਿਗਾਨਾ ਨਾ ਦਿੱਸੇ। ਐਸੀ ਨਜ਼ਰ ਦੇ, ਸਾਰੇ ਆਪਣੇ ਦਿੱਸਣ!

ਪ੍ਰਿਥੀ ਚੰਦ, ਵੱਡੇ ਪੁੱਤਰ ਅਤੇ ਨੂੰਹ ਰਾਣੀ, ਬੀਬੀ ਕਰਮੋਂ ਦੇ ਰੋਜ਼ ਦੇ ਝਗੜਿਆਂ ਤੋਂ ਤੰਗ ਆ ਕੇ, ਕਲੇਸ਼ ਤੋਂ ਬਚਣ ਲਈ, ਗੋਇੰਦਵਾਲ, ਤਰਨ ਤਾਰਨ ਤੋਂ ਪਰ੍ਹੇ, "ਸ੍ਰੀ ਅੰਮ੍ਰਿਤਸਰ" ਵਸਾਇਆ। ਨਾਂ ਆਪ ਰਖਿਆ, "ਸੁਧਾਸਰ"। ਸੁਧਾ ਦਾ ਅਰਥ ਹੈ ਅੰਮ੍ਰਿਤ। ਤਾਂ ਅੰਮ੍ਰਿਤਸਰ ਨਾਂ ਪਿਆ। ਇਥੇ ਸੰਤ ਸੁਭਾਅ ਵਾਲਾ (ਗੁਰੂ) ਅਰਜਨ ਸੁਖੀ ਵਸੇਗਾ। ਪਰ ਉੱਥੇ ਵੀ ਪ੍ਰਿਥੀਆ, ਕਰਮੋ, ਆ ਧਮਕੇ। ਕਦੀ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਨਾਲ ਖਹਿੰਦੇ, ਕਦੀ ਬਾਬਾ ਬੁੱਢਾ ਜੀ, ਤੇ ਕਦੇ, ਮਾਮੇ ਭਾਈ ਗੁਰਦਾਸ ਜੀ ਨੂੰ ਮੰਦਾ ਬੋਲਦੇ। ਮਾਮੇ ਭਾਈ ਗੁਰਦਾਸ ਜੀ ਨੇ, ਇਕ ਦਿਨ ਪ੍ਰਿਥੀਏ ਤੇ ਉਸ ਦੀ ਘਰ ਵਾਲੀ ਨੂੰ ਬਿਠਾਇਆ। ਬਹੁਤ ਧੀਰਜ ਅਤੇ ਨਿਮ੍ਰਤਾ ਪਿਆਰ ਨਾਲ ਸਮਝਾਇਆ। ਤਰਨਤਾਰਨ ਦੀ ਸਾਰੀ ਜਾਇਦਾਦ ਸਾਂਭ ਲੈਣ ਦੀ ਪੇਸ਼ਕਸ਼ ਕੀਤੀ। ਉਹ ਅੰਮ੍ਰਿਤਸਰ ਦੀ ਜਾਇਦਾਦ ਵਿਚ ਵੀ ਹਿੰਸਾ ਮੰਗਣ ਲੱਗੇ। ਭਾਈ ਜੀ ਨੇ, ਅੰਤ ਵਿਚ, ਅੰਮ੍ਰਿਤਸਰ ਦੀਆਂ ਦਸ ਦੁਕਾਨਾਂ ਦਾ ਕਿਰਾਇਆ ਅਤੇ ਇਕ ਪਾਸੇ ਦੀ ਚੁੰਗੀ, ਪ੍ਰਿਥੀ ਚੰਦ ਨੂੰ ਦਿੱਤੀ। ਪਾਸੀਆ ਚੌਂਕ ਦੀਆਂ ਦਸ ਦੁਕਾਨਾਂ ਅਤੇ ਇਕ ਪਾਸੇ ਦੀ ਚੁੰਗੀ, ਮਹਾਂਦੇਵ ਜੀ (ਵਿਚਾਲੇ ਭ੍ਰਾਤਾ) ਨੂੰ ਦਿੱਤੀਆਂ। ਪੰਜਵੇਂ ਪਾਤਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਕੋਲ, ਪ੍ਰਿਥੀ ਚੰਦ ਅਤੇ ਬੀਬੀ ਕਰਮੋਂ ਨੂੰ ਨਾਲ ਲੈ ਕੇ, ਭਾਈ ਗੁਰਦਾਸ ਜੀ ਹਾਜ਼ਰ ਹੋਏ। ਫੈਸਲੇ ਦਾ ਵੇਰਵਾ ਦੱਸਿਆ। ਧਰਤੀ ਨੂੰ ਧੀਰਜ ਸਿਖਾਉਣ ਵਾਲੇ, ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਨੇ ਕਿਹਾ, "ਮਾਮਾ ਜੀ, ਵੰਡ ਦਰੁੱਸਤ ਨਹੀਂ ਹੋਈ। ਅੰਮ੍ਰਿਤਸਰ ਦੀਆਂ ਸਾਰੀਆਂ ਦੁਕਾਨਾਂ ਦਾ ਕਿਰਾਇਆ ਅਤੇ ਦੋਹਾਂ ਪਾਸਿਆਂ ਦੀ ਚੁੰਗੀ, ਵੱਡੇ ਭਾ ਜੀ (ਪ੍ਰਿਥੀ ਚੰਦ) ਨੂੰ ਦੇ ਦਿਉ ਅਤੇ ਪਾਸੀਆਂ ਚੌਂਕ ਵਾਲੀਆਂ ਸਾਰੀਆਂ ਦੁਕਾਨਾਂ ਦਾ ਕਿਰਾਇਆ ਅਤੇ ਦੋਹਾਂ ਪਾਸੇ ਦੀ ਚੁੰਗੀ, ਮਹਾਂਦੇਵ ਭਾ ਜੀ ਨੂੰ ਦੇ ਦਿਉ।"

ਮਾਮਾ ਜੀ ਨੇ ਕਿਹਾ, "ਤੁਹਾਡੇ ਕੋਲ ਕੀ ਰਹਿ ਗਿਆ?"

"ਇਹ ਦੋਵੇਂ ਭਾ ਜੀ ਵੀ ਤਾਂ ਮੇਰੇ ਹੀ ਹਨ। ਇਹ ਕਿਹੜੇ ਕੋਈ ਹੋਰ ਹਨ" ਪੰਜਵੇਂ ਪਾਤਸ਼ਾਹ ਜਵਾਬ ਦਿੱਤਾ। ਧੰਨ ਸਤਿਗੁਰੂ! ਦ੍ਰਿਸ਼ਟਿ ਵਿਚ "ਦੂਜਾ" ਹੈ ਹੀ ਨਹੀਂ।

"ਨਾ ਕੋ ਬੈਰੀ ਨਹੀਂ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ॥"

ਪਰਮਾਤਮਾ ਨੇ ਤਾਂ ਬਣਾਈ, ਇਕ ਧਰਤੀ, ਅਸਾਂ ਕਿਤੇ ਭਾਰਤ, ਕਿਤੇ ਇਰਾਨ ਬਣਾਇਆ। ਸਾਡੇ ਦਵੈਤ ਦ੍ਰਿਸ਼ਟਿ ਨੇ ਜਗ ਵੰਡ ਦਿੱਤਾ, ਦੇਸ਼ ਵੰਡ ਦਿੱਤੇ, ਸਮਾਜ, ਸੰਪਰਦਾਵਾਂ, ਪਰਿਵਾਰ, ਸਾਰੇ ਖੰਡਤ ਹੋ ਕੇ ਬਿਖਰਦੇ ਵੇਖ ਰਹੇ ਹਾਂ। ਨਾਰੀਅਲ ਦਾ ਪੌਦਾ ਵੱਡਾ ਹੋਇਆ। ਦਰੱਖਤ ਬਣਿਆ। ਕੁਦਰਤ ਨੇ ਪੰਜਾਹ ਫੁੱਟ ਉੱਚੇ ਦਰੱਖਤ ਤੇ ਟੰਗੇ ਹੋਏ ਨਾਰੀਅਲਾਂ ਵਿਚ, ਅੰਮ੍ਰਿਤ ਜਿਹਾ ਜਲ ਭਰਿਆ। ਔਰ ਉਹ ਨਾਰੀਅਲ, "ਮੈਂ ਚੰਗਾ ਤੂੰ

ਮਾੜਾ, ਮੈਂ ਰੂਪਵਾਨ ਤੂੰ ਕਰੂਪ, ਮੈਂ ਉੱਚਾ ਤੂੰ ਨੀਵਾਂ। ਕਈ ਭੇਦ ਬਿੰਬ ਲੱਭ ਲਏ ਤੇ ਝਗੜਨ ਲੱਗੇ। ਸਾਰਾ ਜਗ, ਉਹ ਦਰੱਖਤ ਹੈ। ਸਾਰਿਆਂ ਦਾ ਪਾਲਨ ਪੋਸ਼ਣ, ਇਕੋ ਕੁਦਰਤ ਕਰ ਰਹੀ ਹੈ। ਪਰ ਸਾਰੇ ਭੇਦ, ਦ੍ਰਿਸ਼ਟਿ ਦੇ ਅਧੀਨ ਹੋ ਗਏ। ਸਾਰਾ ਜਗ, ਸੰਪਰਦਾਵਾਂ, ਜਮਾਤਾਂ, ਪ੍ਰੀਵਾਰ, ਝਗੜੇ ਵਿਚ ਮਸ਼ਗੂਲ ਹੋ ਗਏ ਹਨ।

ਆਦਿ ਸ਼ੰਕਰਾਚਾਰਿਆ ਬਨਾਰਸ ਗਏ। ਦੇਸ਼ਾਟਨ ਕਰਦਿਆਂ, ਧਰਮ ਚਰਚਾ ਕਰਦਿਆਂ, ਵੱਖ-ਵੱਖ ਵਿਦਵਾਨਾਂ, ਮਤ ਅਵਲੰਬੀਆਂ ਨੂੰ ਤਰਕ ਨਾਲ ਪਰਾਸਤ ਕਰਦਿਆਂ, ਬਨਾਰਸ ਪੁੱਜੇ। ਪ੍ਰਭਾਤ ਦੇ ਝੁਟਪੁਟੇ ਵਿਚ, ਦਸਅਸ਼ਵਮੇਘ ਘਾਟ ਤੋਂ ਇਸ਼ਨਾਨ ਕਰ ਕੇ "ਸ੍ਰੀ ਵਿਸ਼ਵਨਾਥ ਮੰਦਰ" ਮੱਥਾ ਟੇਕਣ ਗਏ। ਪ੍ਰਵੇਸ਼ ਦਵਾਰ ਤੋਂ ਪਹਿਲਾਂ, ਇਕ ਸਫਾਈ ਕਰਮਚਾਰੀ, ਕੂੜਾ ਗੰਦ ਸਿਰ 'ਤੇ ਚੁੱਕ ਕੇ ਜਾਂਦਿਆਂ, ਛੂਹ ਗਿਆ। ਕਹਿੰਦੇ ਹਨ, ਆਦਿ ਸ਼ੰਕਰ, ਕ੍ਰੋਧ ਵਿਚ ਆ ਗਏ। ਭ੍ਰਿਸ਼ਟ ਕਰ ਦਿੱਤਾ। ਮਾੜਾ ਕੌੜਾ ਬੋਲੇ ਅਤੇ ਮੁੜ ਇਸ਼ਨਾਨ ਲਈ ਗੰਗਾ ਵੱਲ ਤੁਰ ਗਏ। ਥੋੜ੍ਹੀ ਦੇਰ ਬਾਅਦ, ਇਸ਼ਨਾਨ ਕਰ ਕੇ, ਧਿਆਨ ਲਈ, ਮੰਦਰ ਦੇ ਪ੍ਰਵੇਸ਼ ਦਵਾਰ ਵੱਲ ਆਏ। ਫਿਰ ਉਹੋ ਸਫਾਈ ਸੇਵਕ ਕੂੜੇ ਗੰਦ ਦੀ ਟੋਕਰੀ ਸਿਰ 'ਤੇ ਚੁੱਕਿਆ, ਛੂਹ ਗਿਆ। ਹੁਣ ਤਾਂ ਕਹਿੰਦੇ ਹਨ ਆਦਿ ਸ਼ੰਕਰ, ਕ੍ਰੋਧ ਨਾਲ ਧੀਰਜ-ਹੀਨ ਹੋ ਗਏ। ਉੱਚੀ-ਉੱਚੀ ਬੁਰਾ-ਭਲਾ ਕਹਿਣ ਲੱਗੇ ਤਾਂ, ਤੜਕੇ ਦੇ ਸਮੇਂ, ਚੰਦ ਦੀ ਰੌਸ਼ਨੀ ਵਿਚ, ਉਹ ਸਫਾਈ ਸੇਵਕ, ਆਪ "ਮਹਾਂਦੇਵ, ਵਿਸ਼ਵਨਾਥ" ਰੂਪ ਪ੍ਰਗਟ ਹੋ ਗਏ। "ਸ਼ੰਕਰ! ਅਜੇ ਦਵੈਤ ਗਈ ਨਹੀਂ... ਤੂੰ ਅਦਵੈਤ ਮੱਤ ਦਾ ਪ੍ਰਚਾਰ ਕਿਵੇਂ ਕਰ ਸਕਦਾ ਹੈਂ?"

ਸਾਰਾ ਜਗ ਬੀਮਾਰ ਸੀ ਅਤੇ ਇਕ ਵੈਦ, ਸ੍ਰੀ ਗੁਰੂ ਨਾਨਕ! ਹਰ ਪਾਸੇ ਦੁਖ ਹੀ ਦੁਖ! ਅੱਗ ਹੀ ਅੱਗ! ਇਹ ਅੱਗ, ਦੂਈ ਦੀ ਸੀ। ਇਹ ਅੱਗ ਦੂਜੇ ਭਾਵ ਦੀ ਸੀ। ਸ੍ਰਿਸ਼ਟੀ ਦਾ ਪਹਿਲਾ ਮਨੁੱਖ, ਆਦਮ, ਅੱਜ ਬਹੁਤ ਵੱਡੇ ਮਨੁੱਖੀ ਜਗਤ ਦਾ ਜਨਕ, ਵੰਡਿਆ ਗਿਆ। ਟੁੱਟਦਾ ਰਿਹਾ ਔਰ ਵੱਖ-ਵੱਖ ਦੇਸ਼ਾਂ, ਮਹਾਂਦੇਸ਼ਾਂ, ਧਰਮ ਸੰਪਰਦਾਵਾਂ ਵਿਚ ਵੰਡਿਆ ਜਾਂਦਾ ਗਿਆ। ਘਰ ਦੇ ਵੱਡੇ ਪਿਤਾਮਾ ਨੂੰ, ਸੰਸਾਰ ਦੇ ਝਗੜੇ ਸ਼ਾਇਦ ਬਹੁਤ ਦੁਖਦੇ ਹੋਣਗੇ। ਭੀਸ਼ਮ ਪਿਤਾਮਾ, ਬਿਦੁਰ ਨੂੰ ਕਹਿੰਦੇ ਹਨ, ਸੰਸਾਰ ਵਿਚ, ਸ਼ਾਇਦ ਮੇਰੇ ਤੋਂ ਵੱਧ ਦੁਖੀ ਕੋਈ ਮਨੁੱਖ ਨਹੀਂ ਹੋਵੇਗਾ। ਮੈਨੂੰ ਇਸ ਗੱਲ ਵਿਚ ਕੋਈ ਫ਼ਰਕ ਨਹੀਂ ਸੀ, ਹਸਤਿਨਾਪੁਰ ਦਾ ਰਾਜਾ, ਪਾਂਡੂ ਦਾ ਪੁੱਤਰ ਬਣੇ ਜਾਂ ਧ੍ਰਿਤਰਾਸ਼ਟਰ ਦਾ। ਮੈਨੂੰ ਦੁਖ ਇਸ ਗੱਲ ਦਾ ਹੈ ਕਿ ਇਕ ਘਰ ਵਿਚ ਦੋ ਧਿਰਾਂ ਬਣ ਗਈਆਂ। ਦੋਵੇਂ, ਦੂਜੇ ਭਾਵ ਨਾਲ ਵੇਖ ਰਹੇ ਹਨ। ਇਕ ਵੱਡੀ ਜੰਗ ਦੀ ਭੂਮਿਕਾ ਬਣ ਰਹੀ ਹੈ ਔਰ ਮੈਂ, ਆਪਣੇ ਪਿਤਾ, ਮਹਾਰਾਜ ਸ਼ਾਂਤਨੂੰ ਨੂੰ ਦਿੱਤਾ ਹੋਇਆ ਵਚਨ, ਹਸਤਿਨਾਪੁਰ ਦੀ ਰਖਿਆ ਦੇ ਕੌਲ ਨੂੰ ਪੂਰਾ ਕਰਨ ਵਿਚ ਸਮਰੱਥਾਹੀਨ ਮਹਿਸੂਸ ਕਰ ਰਿਹਾਂ।

ਧਿਆਨ ਨਾਲ ਵੇਖੀਏ, ਤਾਂ ਸ੍ਰੀ ਗੁਰੂ ਨਾਨਕ, ਭੀਸ਼ਮ ਪਿਤਾਮਾ ਤੋਂ ਕਿਤੇ ਬਹੁਤ ਵੱਧ, ਸਾਰੇ ਜਗਤ ਦੇ ਝਗੜੇ ਨੂੰ ਨਿਬੇੜਨ ਲਈ ਚਿੰਤਨਸ਼ੀਲ ਜਾਂ ਸਾਫ ਕਹੀਏ ਤਾਂ ਚਿੰਤਤ ਵੀ ਨਜ਼ਰ ਆਉਂਦੇ ਹਨ। ਜਗਤ ਦਾ ਦੌਰਾ ਕਰਦੇ ਹੋਏ, ਨਾਥ ਦੁਆਰੇ ਤੋਂ ਅੱਗੇ

ਮੱਕੇ ਜਾਂਦੇ ਹੋਏ, ਹਾਜੀਆਂ ਦਾ ਇਕ ਟੋਲਾ ਨਜ਼ਰ ਆਇਆ। ਭਾਈ ਮਰਦਾਨੇ ਨੇ ਬੇਨਤੀ ਕੀਤੀ, ਪਾਤਸ਼ਾਹ ਜੀ, ਤੁਸਾਂ ਤਾਂ ਜਗ ਦਾ ਇਲਾਜ ਹੀ ਕਰਨਾ ਹੈ। ਮਰੀਜ਼ ਤਾਂ ਹਰ ਥਾਂ ਹਨ, ਜੇ ਕਿਰਪਾ ਕਰੋ, ਮੱਕਾ ਸ਼ਰੀਫ ਦੇ ਦਰਸ਼ਨ ਕਰਵਾ ਦਿਓ। ਸਤਿਗੁਰਾਂ ਕਿਹਾ, ਹਾਂ ਮਰਦਾਨਿਆਂ, ਚਲ ਮੱਕੇ, ਜੀਵਨ ਅਤੇ ਬਗਦਾਦ ਦੇ ਦਸਤਗੀਰ, ਕਈਆਂ ਨੂੰ ਮਿਲਣਾ ਹੈ। ਆ ਉਧਰ ਨੂੰ ਚਲੀਏ। ਹਜ ਲਈ ਮੱਕੇ ਜਾਂਦੇ ਹੋਏ, ਮੁਸਲਮਾਨਾਂ ਦੇ ਟੋਲੇ ਨਾਲ ਟੁਰ ਪਏ। ਥੋੜ੍ਹੇ ਸਫ਼ਰ ਤੋਂ ਬਾਅਦ, ਟੋਲੇ ਦੇ ਲੋਗਾਂ ਨੇ, ਸਲਾਹ ਕਰ ਕੇ, ਸ੍ਰੀ ਗੁਰੂ ਨਾਨਕ ਅਤੇ ਭਾਈ ਮਰਦਾਨੇ ਨੂੰ ਨਾਲ ਜਾਣ ਤੋਂ ਰੋਕ ਦਿੱਤਾ। ਆਗੂ ਨੇ ਕਿਹਾ, ਦਵਾਰਕਾ ਤੋਂ ਅੱਗੇ, ਸਮੁੰਦਰ ਵਿਚ ਇਕ ਥਾਂ, ਸ਼ਹਿਰ ਕੰਡੇ ਜਦੋਂ ਪੁੱਜੀਦੈ ਤਾਂ ਉਥੇ ਮੁਸਲਮਾਨਾਂ ਤੋਂ ਇਲਾਵਾ, ਕਿਸੇ ਹੋਰ ਜ਼ਾਤ, ਸੰਪਰਦਾ ਜਾਂ ਭੇਖ ਵਾਲੇ ਨੂੰ ਮਾਰ ਦਿੰਦੇ ਹਨ। ਉਸ ਦਾ ਕਸੂਰ, ਕਾਫ਼ਿਰਾਂ ਨੂੰ ਨਾਲ ਲਿਆਉਣ ਦੇ ਇਲਜ਼ਾਮ ਵਿਚ, ਸਾਰੇ ਟੋਲੇ ਨੂੰ ਸਜ਼ਾ ਭੁਗਤਣੀ ਪੈਂਦੀ ਹੈ। ਸਤਿਗੁਰ ਪਾਤਸ਼ਾਹ ਉੱਥੇ ਹੀ ਰੁਕ ਗਏ। ਇਕ ਦਰੱਖ਼ਤ ਹੇਠ ਬੈਠ ਗਏ। ਗੁਰੂ ਬਾਬੇ ਨੇ ਮਰਦਾਨੇ ਨੂੰ ਕਿਹਾ, ਮਰਦਾਨਿਆ, ਅੱਜ ਰਬਾਬ 'ਚੋਂ ਕੋਈ ਰੱਬੀ ਸੁਰ ਕੱਢ। ਸਤਿਗੁਰਾਂ ਸ਼ਬਦ ਦਿੱਤਾ, ਮਰਦਾਨੇ ਰਬਾਬ ਸੁਰ ਕੀਤਾ ਔਰ ਇਕ ਇਲਾਹੀ ਰੰਗਤ ਵਿਚ ਸਾਰੀ ਕਾਇਨਾਤ ਰੰਗੀ ਗਈ। ਥੋੜ੍ਹੇ ਚਿਰਾਂ ਮਗਰੋਂ, ਸ਼ਬਦ ਦੀ ਸਮਾਪਤੀ ਹੋਈ। ਗੁਰੂ ਬਾਬੇ ਕਿਹਾ, ਮਰਦਾਨਿਆਂ ਵੇਖ, ਕਿਤੇ ਮੱਕੇ ਤਾਂ ਨਹੀਂ ਪਹੁੰਚ ਗਏ? ਮਰਦਾਨੇ ਵੇਖਿਆ, ਸਾਹਮਣੇ ਮੱਕਾ ਸ਼ਹਿਰ ਸੀ। ਮੱਕਾ ਅਲ ਮੁਕਰਮਾਹ! ਉੱਥੇ ਮੁਹੰਮਦ ਸਾਹਿਬ ਦੇ ਮੁਕੱਦਸ ਸਥਾਨ ਤੋਂ, ਹਾਜੀ ਜੀਵਨ ਨੂੰ ਵਸੀਲਾ ਬਣਾ ਕੇ, ਦੂਜਾ ਭਾਵ ਤਿਆਗ ਕੇ ਹਰ ਪਾਸੇ, ਹਰ ਇਕ ਜੀਅ ਵਿਚ, ਖ਼ੁਦਾ ਦਾ ਨੂਰ ਵੇਖਣ ਜੋਗ-ਦ੍ਰਿਸ਼ਟੀ ਦਾ ਸੰਦੇਸ਼ ਦਿੱਤਾ।

ਤਾਂ ਪੰਜਵੇਂ ਪਾਤਸ਼ਾਹ ਕਹਿੰਦੇ ਹਨ, ਮੇਰੇ ਸਤਿਗੁਰ ਕ੍ਰਿਪਾ ਦੇ ਸਾਗਰ, ਮੈਨੂੰ ਜੀਅ-ਬ੍ਰਹਮ ਪ੍ਰਤੀ ਅਭੇਦ-ਦ੍ਰਿਸ਼ਟੀ, ਤੁਸੀਂ ਬਖਸ਼ੀ ਹੈ, ਉਹ ਆਪਣੇ ਹਿਰਦੇ ਵਿਚ ਸੰਭਾਲ ਕੇ ਰੱਖਾਂ—

"ਏਹਾ ਪਾਈ ਮੂ ਦਾਤੜੀ, ਨਿਤ ਹਿਰਦੈ ਰਖਾ ਸਮਾਲਿ॥"

# ਸਤਿ ਆਚਾਰ

ਆਚਾਰ ਦਾ ਅਰਥ ਹੈ, ਆਚਰਣ... ਵਿਵਹਾਰ। ਮਨੁੱਖ ਦੀ ਰਹਿਤ, ਮਨ ਤੋਂ, ਵਚਨ ਤੋਂ ਅਤੇ ਕਰਮ ਦੇ ਤਲ ਤੇ ਜੀਵਨ ਨਿਰਵਾਹ ਦੀ ਜਾਚ। ਮਨੁੱਖ, ਭਾਵੇਂ ਕਿਸੇ ਧਰਮ-ਪੰਥ ਨਾਲ ਸੰਬੰਧਤ ਹੋਵੇ, ਉਸ ਦਾ ਆਚਾਰ ਹੀ, ਸਮਾਜ ਲਈ ਉਪਯੋਗੀ ਜਾਂ ਘਾਤਕ ਹੁੰਦੈ। ਇਕ ਕਾਮੀ, ਲੋਭੀ ਜਾਂ ਹਿੰਸਕ ਵਿਅਕਤੀ, ਮਨੁੱਖੀ ਸਮਾਜ ਵਿਚ ਜ਼ਹਿਰ ਘੋਲ ਦਿੰਦੈ। ਸਾਰੇ ਪਾਸੇ ਤ੍ਰਾਸ-ਤ੍ਰਾਸ ਹੋਣ ਲਗਦੀ ਹੈ। ਹਰ ਘਰ ਵਿਚ ਦੁਖ ਅਤੇ ਭੈਅ ਨਾਲ ਭਰੇ ਕੰਠ, ਅਰਦਾਸਾਂ ਕਰਦੇ ਹਨ, ਆਪਣੇ ਇਸ਼ਟ ਅੱਗੇ, ਹੇ ਸਤਿਗੁਰੂ ਇਸ ਤੋਂ ਨਿਜਾਤ ਦਿਵਾਓ... ਸਾਨੂੰ ਭੈਅ ਤੋਂ ਮੁਕਤ ਕਰੋ! ਕੋਈ ਸੰਤ, ਸਤਿਗੁਰ ਦਾ ਪਿਆਰਾ ਸਿੱਖ, ਦਿਸ ਪਵੇ ਤਾਂ ਮਨ ਵਿਚ ਸੁਰੱਖਿਆ ਦਾ ਭਾਵ ਆਉਂਦਾ ਹੈ... ਚਿੱਤ ਸ਼ਾਂਤ ਹੋਣ ਲਗਦਾ ਹੈ। ਹਿਰਦੇ 'ਚੋਂ ਪ੍ਰਭੂ ਅੱਗੇ ਬੇਨਤੀ ਦੇ ਬੋਲ ਉਠਦੇ ਹਨ, ਹੇ ਸਤਿਗੁਰ, ਇਹ ਸੰਤ ਜੀਵੇ, ਸਿੱਖ ਜੀਵੇ। ਸਤਿਗੁਰ ਦੀ ਬਾਣੀ ਨੂੰ ਆਚਰਨ ਵਿਚ ਉਤਾਰਨ ਵਾਲਾ, ਗੁਰੂ ਪਿਆਰਾ, ਸਮਾਜ ਵਿਚ, ਸੁਖ, ਸ਼ਾਂਤੀ ਅਤੇ ਸੁਰੱਖਿਆ ਵਰਤੌਂਦਾ ਹੈ।

ਸੁਲਤਾਨ ਬਾਹੂ ਕਹਿੰਦੈ, ਵਕਤ ਦਾ ਪਤਾ ਨਹੀਂ, ਕਿਹੜੇ ਵੇਲੇ ਪਾਸਾ ਪਰਤੇ ਤਾਂ ਮਨੁੱਖ ਦਾ ਸੁਭਾਅ ਵੀ ਬਦਲ ਦੇਵੇ :

"ਦਿਲ ਦਰਿਆ ਸਮੁੰਦਰੋਂ ਡੂੰਘੇ, ਕੌਣ ਦਿਲਾਂ ਦੀਆਂ ਜਾਣੇ ਹੂ॥
ਵਿਚੇ ਬੇੜੇ, ਵਿੱਚੇ ਝੇੜੇ, ਵਿੱਚੇ ਵੰਝ ਮੁਹਾਨੇ ਹੂੰ॥"

ਹਰ ਪਲ ਜੀਵਨ ਰੰਗ ਬਦਲਦੈ। ਸੁਖੀ-ਦੁਖੀ, ਅਮੀਰੀ, ਗਰੀਬੀ, ਦਾਤਾ ਜਾਂ ਭਿਖਾਰੀ, ਸਮਾਂ ਬੜਾ ਹਰਜਾਈ, ਸਮੇਂ ਦੀ ਗਤਿ ਕਿੰਨੇ ਨਾ ਪਾਈ। ਲੋੜਾਂ-ਥੁੜਾਂ ਵੀ ਬੰਦੇ ਨੂੰ, ਕਈ ਵਾਰ ਮਾੜਾ ਬਣਾ ਦਿੰਦੀਆਂ ਹਨ। ਪਰ, ਧੰਨ ਹਨ ਉਹ ਸਦਾਚਾਰੀ ਸੱਜਣ, ਜੋ ਬਦਲੇ ਹੋਏ ਹਾਲਾਤ ਵਿਚ ਵੀ ਆਚਾਰ ਨਹੀਂ ਬਦਲਦੇ।

18ਵੀਂ ਸਦੀ ਦਾ ਸਮਾਂ। ਸਰਬੰਸਦਾਨੀ, ਦਸਮ ਪਾਤਸ਼ਾਹ ਅਤੇ ਸਿੱਖਾਂ ਤੇ, ਮੁਗਲੀਆ ਹਕੂਮਤ ਵੱਲੋਂ ਹੋਏ ਅੱਤਿਆਚਾਰਾਂ ਦੀਆਂ ਕਹਾਣੀਆਂ, ਕਥਾਵਾਂ ਅਤੇ ਲੋਕ ਗੀਤਾਂ ਦੇ ਰੂਪ ਵਿੱਚ ਪ੍ਰਚਲਿਤ ਹੈ ਸਭ। ਇਸੇ ਸਮੇਂ 1730 ਵਿਚ ਸ੍. ਬਘੇਲ ਸਿੰਘ ਦਾ ਜਨਮ ਹੋਇਆ। ਨਿੱਕੇ ਹੁੰਦਿਆਂ ਤੋਂ ਸਿੱਖਾਂ 'ਤੇ ਹੋਏ ਅੱਤਿਆਚਾਰਾਂ ਦੇ ਪ੍ਰਸੰਗ, ਸੁਣਦੇ ਰਹੇ। ਮੁਗਲ ਹਕੂਮਤ ਦੇ ਵਿਰੁੱਧ ਅੱਗ, ਅੰਦਰੇ ਬਲਦੀ ਰਹੀ। ਜਵਾਨ ਹੋਏ ਤਾਂ ਬਦਲੇ ਦੀ ਅੱਗ ਵੀ ਭਾਂਬੜ ਬਣ ਚੁੱਕੀ ਸੀ। ਬਾਰਾਂ ਸੌ ਬਹਾਦਰ ਸਿੱਖਾਂ ਦਾ ਨਾਇਕ! ਜੰਗਲ ਵਿਚ ਵਾਸਾ ਹੁੰਦਾ। ਸ਼ਾਹੀ ਮਾਰਗ, ਲਾਹੌਰ-ਸਰਹਿੰਦ-ਦਿੱਲੀ 'ਤੇ ਨਜ਼ਰ ਰੱਖਦੇ। ਫੌਜੀ ਟੁਕੜੀ ਤੇ ਅਚਨਚੇਤ ਬਾਜ਼ ਵਾਂਗ ਆ ਪੈਂਦੇ। ਫੌਜੀ ਮਾਰ ਦਿੰਦੇ, ਖਜ਼ਾਨਾ ਅਤੇ ਅਸਲਾ ਲੁੱਟ ਲੈਂਦੇ। ਹੌਲੀ-ਹੌਲੀ, ਸ਼ਕਤੀ ਵਧਦੀ ਗਈ। ਹੋਰ ਸਿੰਘ ਸ਼ਾਮਲ ਹੁੰਦੇ ਗਏ।

ਮੁਗਲ ਸਲਤਨਤ ਪ੍ਰਤੀ, ਅੱਗ ਵੀ ਵਧਦੀ ਰਹੀ। ਇਕ ਦਿਨ, ਸੂਬਾ ਲਾਹੌਰ ਦੀ ਜਵਾਨ ਲੜਕੀ ਜ਼ੀਨਤ, ਕੁਝ ਸੈਨਿਕਾਂ ਨਾਲ, ਸ਼ਿਕਾਰ ਖੇਡਣ ਜੰਗਲ ਨੂੰ ਆਈ। ਸਿੰਘਾਂ ਦੀ ਇਕ ਟੁਕੜੀ, ਚੌਕਸੀ ਕਰ ਰਹੀ ਸੀ। ਸਿੰਘਾਂ ਦੀ ਨਜ਼ਰ ਪੈ ਗਈ। ਸੁਰੱਖਿਆ ਦੇ ਲਈ ਨਾਲ ਆਈ ਫੌਜੀ ਟੁਕੜੀ ਦਾ ਸਫਾਇਆ ਕਰ ਕੇ, ਸ਼ਹਿਜ਼ਾਦੀ ਜ਼ੀਨਤ ਨੂੰ ਕੈਦ ਕਰ ਕੇ "ਸਰਦਾਰ" ਕੋਲ ਲੈ ਗਏ। ਬਦਲਾ ਲੈਣ ਦਾ ਚੰਗਾ ਮੌਕਾ ਹੱਥ ਆਇਆ ਸੀ। "ਅੱਜ ਸਰਦਾਰ ਖੁਸ਼ ਹੋ ਜਾਵੇਗਾ।" ਇੰਝ ਸੋਚਦੇ ਸਰਦਾਰ ਬਘੇਲ ਸਿੰਘ ਕੋਲ ਪੁੱਜੇ। ਇਕ ਜਵਾਨ ਲੜਕੀ ਨੂੰ ਘੇਰੇ ਵਿਚ ਲੈ ਕੇ ਆਏ, ਸਿੰਘਾਂ ਵੱਲ, ਪ੍ਰਸ਼ਨ ਕਰਦੀਆਂ ਅੱਖਾਂ ਨਾਲ ਵੇਖਿਆ। ਸਿੰਘ ਸਾਹਿਬ, ਇਹ ਸੂਬਾ ਲਾਹੌਰ ਦੀ "ਸ਼ਹਿਜ਼ਾਦੀ ਜ਼ੀਨਤ" ਹੈ। ਬਦਲੇ ਦਾ ਸੌਦਾ ਸਬੱਬੀਂ ਹੱਥ ਲੱਗਾ ਹੈ। ਅਸੀਂ ਚੰਗੀ ਸੌਦੇਬਾਜ਼ੀ ਕਰ ਸਕਦੇ ਹਾਂ।

ਸਰਦਾਰ ਬਘੇਲ ਸਿੰਘ ਦੀ ਭਾਰੀ, ਰੋਅਬਦਾਰ ਆਵਾਜ਼ ਜੰਗਲ ਵਿਚ ਗੂੰਜੀ। ਸਿੰਘੋ, ਅਸੀਂ ਦਸਮੇਸ਼ ਪਿਤਾ ਦੇ ਸਿੱਖ ਹਾਂ। ਸਾਡੀ ਪਛਾਣ, ਸਾਡੇ ਕਿਰਦਾਰ ਨਾਲ ਹੁੰਦੀ ਹੈ। ਸਤਿ ਆਚਾਰ ਹੀ ਸਾਡੀ ਸ਼ਕਤੀ ਹੈ। ਇਹ ਸਾਡੀ ਧੀ, ਭੈਣ ਹੈ। ਇਸ ਨੂੰ ਬਾਇੱਜ਼ਤ, ਸ਼ਹਿਰ ਦੇ ਬਾਹਰ ਤਕ ਛੱਡ ਕੇ ਆਓ। ਨਾਲੇ ਛਕਣ ਯੋਗ ਪਦਾਰਥ ਛਕਾਓ, ਜਲ ਪਿਆਓ।"

ਜ਼ੀਨਤ, ਗੁਰੂ ਦੇ ਸਿੱਖਾਂ ਦਾ ਵਿਵਹਾਰ, ਬੜੇ ਗਹੁ ਨਾਲ ਵੇਖ ਸਮਝ ਰਹੀ ਸੀ। "ਸਰਦਾਰ" ਦਾ ਫੁਰਮਾਨ ਸੁਣ ਹੈਰਾਨ ਰਹਿ ਗਈ। ਵਾਪਸ ਲਾਹੌਰ ਕਿਲੇ ਵਿਚ ਅੱਬੂ ਜਾਨ ਨਾਲ, ਬਿਰਤਾਂਤ ਸੁਣਾਂਦਿਆਂ, ਕਿਹਾ, "ਕਿੰਨਾ ਫ਼ਰਕ ਹੈ, ਇਸਲਾਮੀ ਸੋਚ ਵਾਲੇ ਹੁਕਮਰਾਨਾਂ ਵਿਚ ਅਤੇ ਗੁਰੂ ਦੇ ਸਿੱਖ ਸਰਦਾਰਾਂ ਵਿੱਚ!" ਇਹ ਜਾਨਣਯੋਗ ਹੈ ਕਿ ਕਰੋੜਾਂ ਮਿਸਲ ਦਾ ਜਰਨੈਲ ਬਣ ਕੇ, ਸਿੱਖ ਸੈਨਾ ਦੇ ਨਾਲ, ਸਰਦਾਰ ਬਘੇਲ ਸਿੰਘ ਨੇ ਦਿੱਲੀ 'ਤੇ ਹਮਲਾ ਕੀਤਾ। ਦਿੱਲੀ ਦੇ ਸੁਲਤਾਨ ਸ਼ਾਹ ਆਲਮ ਨੂੰ ਹਰਾ ਕੇ 11 ਮਾਰਚ ਸੰਨ 1783 ਨੂੰ, ਦਿੱਲੀ ਦੇ ਲਾਲ ਕਿਲੇ 'ਤੇ, ਦਸਮੇਸ਼ ਪਿਤਾ ਦੀ ਨਿਸ਼ਾਨੀ ਵਜੋਂ ਕੇਸਰੀਆ ਝੰਡਾ ਝੁਲਾਇਆ। ਗੁਰਦੁਆਰਾ ਰਕਾਬ ਗੰਜ ਦਾ ਨਿਰਮਾਣ ਵੀ, ਉਸੇ ਕਾਰਜ ਕਾਲ ਵਿਚ, ਸਰਦਾਰ ਬਘੇਲ ਸਿੰਘ ਨੇ ਕਰਵਾਇਆ।

ਸਤਿ, ਪ੍ਰਮਾਤਮਾ ਹੈ। ਹੋਰ ਸਾਰਾ ਸੰਸਾਰ ਅਸੱਤਿ ਹੈ। ਉਹ ਸਤਿ, ਉਹ ਰੱਬੀ ਸੁਰਤਿ, ਅੰਦਰ ਗੁਰੂ ਦੀ ਕ੍ਰਿਪਾ ਨਾਲ ਵਸ ਜਾਏ ਤਾਂ ਜੀਵਨ ਦਾ ਆਚਰਣ, ਜੀਵਨ ਦਾ ਵਿਵਹਾਰ, "ਸਤਿ" ਦੀ ਰਜ਼ਾ ਅਨੁਸਾਰ ਹੁੰਦਾ ਹੈ। ਸਤਿ ਦੇ ਅਹਿਸਾਸ ਵਿਚ ਰਹਿੰਦਿਆਂ ਕਰਮ... ਇਹ ਸਦਾਚਾਰ ਹੁੰਦੈ। ਇਹ ਸਦਾਚਾਰ, ਕਿਸੇ ਭਾਗਾਂ ਵਾਲੇ ਕੋਲ ਹੀ ਥਿਰ ਰਹਿੰਦੈ। ਵੱਡੇ-ਵੱਡੇ ਤਪੀਸਰ ਯੋਗੀ ਵੀ ਡੋਲਦੇ, ਦੁਰਾਚਾਰ ਵਿਚ ਫੱਸਦੇ ਵੇਖੇ ਗਏ। ਵਿਸ਼ਨੂੰ ਪੁਰਾਣ ਦਾ ਪ੍ਰਸੰਗ ਹੈ। ਇਕ ਵਾਰ, ਭਗਵਾਨ ਸ੍ਰੀ ਵਿਸ਼ਨੂੰ ਅਤੇ ਨਾਰਦ ਜੀ, ਧਰਤੀ ਤੇ ਭ੍ਰਮਣ ਕਰ ਰਹੇ ਸਨ। ਨਾਰਦ ਜੀ ਨੇ ਪੁੱਛਿਆ, ਸ੍ਰੀਪਤੀ! ਜਦ ਪਤਾ ਹੈ, ਮਾੜੇ ਕਰਮਾਂ ਦਾ ਫਲ ਮਾੜਾ ਹੀ ਮਿਲਣੈ, ਫੇਰ ਵੀ, ਚੰਗਾ-ਭਲਾ, ਸਮਝਦਾਰ ਗਿਆਨੀ ਮਨੁੱਖ ਵੀ ਕਿਉਂ, ਮਾਇਆ ਵਿਚ ਫਸ ਜਾਂਦੈ। "ਸ੍ਰੀ ਹਰੀ" ਨੇ ਕਿਹਾ, ਮੈਨੂੰ ਪਿਆਸ

ਲੱਗੀ ਹੈ... ਉਹ ਸਾਹਮਣੇ ਦੇ ਘਰ 'ਚੋਂ, ਪਾਣੀ ਦਾ ਲੋਟਾ ਲਿਆ ਕੇ ਦੇ... ਫੇਰ ਜੁਆਬ ਦਿੰਦਾਂ। ਨਾਰਦ ਜੀ, ਸਾਹਮਣੇ ਵਾਲੇ ਘਰ ਕੁੰਡਾ ਖੜਕਾਇਆ। ਅਤਿ ਸੁੰਦਰ ਯੁਵਤੀ ਨੇ ਦਰਵਾਜ਼ਾ ਖੋਲ੍ਹਿਆ। ਬਾਂਕੀ ਚਿਤਵਨ ਨਾਲ, ਮੁਸਕਰਾ ਕੇ, ਨਾਰਦ ਜੀ ਵੱਲ ਵੇਖਿਆ। ਨਾਰਦ ਜੀ ਤਾਂ ਮਾਰੇ ਗਏ। ਸਾਰਾ ਗਿਆਨ, ਧਿਆਨ, ਦੇਵਰਿਸ਼ੀ ਰੂਪ ਪਛਾਣ, ਸਭ ਭੁੱਲ ਗਏ। ਕਾਮ ਜਾਗਿਆ ਤਾਂ ਮੋਹ ਵਿਚ ਪੈ ਗਏ। ਇਸ ਸੁੰਦਰੀ ਤੋਂ ਬਗੈਰ ਹੁਣ ਕਾਹਦਾ ਜੀਊਣਾ? ਪ੍ਰੇਮ ਦੀ ਪੇਸ਼ਕਸ਼ ਕੀਤੀ। ਯੁਵਤੀ ਨੇ ਸਵੀਕਾਰ ਕਰ ਲਿਆ। ਦੋਹਾਂ ਦਾ ਵਿਆਹ ਹੋ ਗਿਆ। ਨਾਰਦ ਜੀ, ਉਸੇ ਘਰ ਵਿਚ ਸੁੰਦਰੀ ਨਾਲ ਵੱਸ ਗਏ। ਬਾਲ ਬੱਚੇ ਵੀ ਹੋ ਗਏ। ਚੰਗਾ ਸਮਾਂ ਬਿਤੀਤ ਹੋ ਗਿਆ। ਦੈਵਯੋਗ ਨਾਲ, ਦੂਰ ਵਗਦੀ ਨਦੀ ਵਿਚ ਹੜ੍ਹ ਆ ਗਿਆ। ਪਾਣੀ ਦੂਰ-ਦੂਰ ਤਕ, ਕਈ ਪਿੰਡਾਂ ਵਿਚ ਵੜ ਗਿਆ। ਇਸ ਪਿੰਡ ਵੀ ਹੜ੍ਹ ਦਾ ਪ੍ਰਕੋਪ ਵਰਤਿਆ। ਘਰ ਢਹਿ ਗਿਆ। ਪ੍ਰੀਵਾਰ ਦੇ ਜੀਆਂ ਨਾਲ, ਨਾਰਦ ਜੀ ਵੀ ਰੁੜ੍ਹਨ ਲੱਗੇ। ਭੈਅ ਦੇ ਵਸ਼ੀਭੂਤ ਹੋਏ, ਤਾਂ ਹੋਸ਼ ਆ ਗਈ। ਉਹ! ਮੈਂ ਤਾਂ ਜਲ ਲੈਣ ਆਇਆ ਸਾਂ। ਪਾਣੀ ਦਾ ਲੋਟਾ ਲੈ ਕੇ ਆਏ, ਤਾਂ ਸ੍ਰੀ ਵਿਸ਼ਨੂੰ ਜੀ ਕਿਹਾ, "ਦੇਵਰਿਸ਼ੀ! ਉਮੀਦ ਹੈ, ਤੁਹਾਡੇ ਸਵਾਲ ਦਾ ਜਵਾਬ ਮਿਲ ਗਿਆ ਹੋਵੇਗਾ।"

ਇਕ ਆਕਾਸ਼ ਬਾਹਰ ਹੈ, ਇਕ ਆਕਾਸ਼ ਹਰ ਪ੍ਰਾਣੀ ਦੇ ਅੰਦਰ ਹੈ, ਚਿੱਤ ਦਾ ਆਕਾਸ਼। ਅੰਤਰ ਦਾ ਆਕਾਸ਼... ਸੁੰਨ ਮੰਡਲ ਹੈ। ਇਸੇ ਆਕਾਸ਼ ਤੋਂ, ਇਸੇ ਸੁੰਨ 'ਚੋਂ ਸਿਰਜਨ ਅਤੇ ਵਿਸਰਜਨ, ਨਿਰਮਾਣ ਅਤੇ ਵਿਧਵੰਸ਼, ਸਤਿ ਜਾਂ ਅਸੱਤਿ ਵੀਚਾਰ ਜਨਮ ਲੈਂਦੇ ਹਨ। ਇਥੇ ਆਮ ਮਨੁੱਖ ਨਹੀਂ ਪਹੁੰਚ ਸਕਦਾ। ਪਰ, ਇੱਥੋਂ ਦੀਆਂ ਵਿਚਾਰ ਤਰੰਗਾਂ, ਮਨ ਬੁੱਧੀ ਵਿਚ, ਹਰਕਤ ਪੈਦਾ ਕਰਦੀਆਂ ਹਨ ਔਰ ਉਸੇ ਅਨੁਰੂਪ, ਉਹ ਮੁੱਖ ਵਿਵਹਾਰ ਕਰਦਾ ਹੈ। ਭਗਵਾਨ ਸ੍ਰੀ ਕ੍ਰਿਸ਼ਨ, ਅਰਜਨ ਨੂੰ ਕਹਿੰਦੇ ਹਨ, ਇਸ ਚਿਦਾਕਾਸ਼ ਵਿਚ, ਪਿਛਲੇ ਜਨਮਾਂ ਦੇ ਸੰਸਕਾਰ, ਮਾੜੇ ਜਾਂ ਚੰਗੇ ਬੱਦਲਾਂ ਵਾਂਗ ਉੱਡ ਰਹੇ ਹਨ। ਕਦੇ ਚੰਗੇ ਕਰਮਾਂ ਦੀ ਵਰਖਾ ਤਾਂ ਸੁਖ, ਸ਼ਾਂਤ ਜੀਵਨ ਦਾ ਅਨੁਭਵ! ਮਾੜੇ ਕਰਮਾਂ ਦੀ ਵਰਖਾ ਤਾਂ, ਹਿੰਸਾ, ਕ੍ਰੋਧ, ਅਸ਼ਾਂਤੀ ਭਰਿਆ ਸਮਾਂ, ਅੱਗੇ ਆ ਜਾਂਦਾ ਹੈ। ਲੋਕ ਕਹਿੰਦੇ ਹਨ, ਬੰਦੇ ਦੀ ਕੀ ਮਜ਼ਾਲ ਕਿ ਉਹ ਕੋਈ ਮਾੜਾ-ਚੰਗਾ ਕਰਮ ਕਰ ਸਕੇ। ਬੰਦਾ ਤਾਂ ਕਠਪੁਤਲੀ ਹੈ, ਨਚਾਵਣ ਹਾਰਾ ਜਾਣੇ। ਪਰ, ਸ੍ਰੀ ਕ੍ਰਿਸ਼ਨ, ਭੇਦ ਖੋਲ੍ਹਦੇ ਹਨ, ਇਵੇਂ ਦਾ ਕੁਝ ਨਹੀਂ ਹੈ। ਸਿਰਜਨ ਦੀ ਇਕ ਸ਼ਰਤ, ਪਰਮੇਸ਼ਰ ਰੱਖੀ ਹੈ, "ਕਰਮ ਦੇ ਆਧਾਰ 'ਤੇ ਸੁਖ-ਦੁਖ ਜਾਂ ਅਗਲੇ ਜਨਮ ਦੀ ਰੂਪ ਰੇਖਾ—

"ਨ ਕਰਤ੍ਰਿਤਵੰ ਨ ਕਰਮਾਨੀ, ਲੋਕਸਯ ਸ੍ਰਿਜਤੀ ਪ੍ਰਭੂ:।
ਨ ਕਰਮ ਫਲ ਸੰਜੋਗਮ, ਸਵਭਾਵ ਅਸਤੁ ਪ੍ਰਵਰਤਤੇ॥"

ਮੈਂ ਕਿਸੇ ਦੇ ਕਰਮ ਨਿਰਧਾਰਤ ਨਹੀਂ ਕਰਦਾ... ਨਾ ਕਰਮਾਂ ਦੇ ਫਲ। ਮਨੁੱਖ ਕੋਲ ਮਾੜੇ ਜਾਂ ਚੰਗੇ, ਦੋਹਾਂ ਤਰ੍ਹਾਂ ਦੇ ਵਿਕਲਪ ਮੌਜੂਦ ਹੁੰਦੇ ਹਨ। ਆਪਣੇ ਸੁਭਾਅ ਅਨੁਸਾਰ ਉਹ ਕਰਮ ਚੁੱਗਦੈ। ਉਹਨਾਂ ਕਰਮਾਂ ਦੇ ਹੀ ਦੋ ਨਾਂ ਹਨ, ਸਦਾਚਾਰ ਅਤੇ ਦੁਰਾਚਾਰ।

ਮਨੁੱਖ ਬਾਹਰਮੁਖੀ ਚੇਤਨਾ ਬੋਧ ਰਖਦੈ। ਉਸੇ ਅਨੁਰੂਪ, ਬਾਹਰ ਭੌਤਿਕ ਸੰਸਾਰ ਦੇ

ਰਾਜ, ਮਾਲ, ਰੂਪ, ਜਾਤ ਅਤੇ ਜੋਬਨ ਉਸ ਨੂੰ ਆਕਰਸ਼ਿਤ ਕਰਦੇ ਹਨ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ—

"ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠੱਗ॥
ਏਨੀ ਠਗੀਂ ਜਗੁ ਠਗਿਆ ਕਿੰਨੇ ਨਾ ਰਖੀ ਲਜ॥" (ਪੰਨਾ 736)

ਪੰਜ ਠੱਗ, ਕਿਸੇ ਨੂੰ ਨਹੀਂ ਛੱਡਦੇ। ਸਭ ਨੂੰ ਠੱਗ ਰਹੇ ਹਨ। ਮਨੁੱਖ ਦਾ ਜੀਵਨ, ਕਹਿੰਦੇ ਹਨ, ਚਾਰ ਪਹਿਰ ਰਾਤ ਦਾ ਜੀਵਨ... ਸਭ ਮੁਕਦੀ ਚੱਲੀ ਰੈਣ! ਪਰ ਇਸ ਚਾਰ ਪਹਿਰਾਂ ਵਿਚ ਵੀ, ਭੋਗ ਲਈ ਪੰਜ ਚੀਜ਼ਾਂ ਚਾਹੀਦੀਆਂ ਹਨ—ਰਾਜ, ਮਾਲ, ਰੂਪ, ਜਾਤਿ ਅਤੇ ਜਵਾਨੀ! ਇਹ ਹੋਣ ਤਾਂ ਹੀ ਜੀਵਨ ਦਾ ਸੁਆਦ! ਅੰਦਰ, ਇਕ ਚਿੱਤ ਆਕਾਸ਼! ਬਾਹਰ ਸੰਭਾਵਨਾਵਾਂ ਦੇ ਅਨੇਕਾਂ ਆਕਾਸ਼ ਦਿਸਦੇ ਹਨ। ਵਿਦਿਆਰਥੀਆਂ ਅੱਗੇ, ਇੰਜੀਨੀਅਰ, ਡਾਕਟਰ, ਵਿਗਿਆਨੀ, ਅਰਥ ਸ਼ਾਸ਼ਤਰੀ, ਦਾਰਸ਼ਨਿਕ, ਸਿਆਸੀ, ਵਾਪਾਰੀ, ਉਦਯੋਗਪਤੀ ਹੋਣ ਦੇ ਕਈ ਆਕਾਸ਼ ਸੱਦਾ ਦੇ ਰਹੇ ਹਨ। ਇਹ ਕਾਲਪਨਿਕ ਰੰਗਾਂ ਵਿਚ ਰੰਗੇ ਹੋਏ, ਵਿਕਾਸ ਦੀਆਂ ਸੰਭਾਵਨਾਵਾਂ ਭਰੇ ਆਕਾਸ਼! ਚਿਤ ਲੁਭਾਵਣ ਵਾਲੇ ਖਿੱਤੇ! ਸੁੱਕੇ ਮਾਰੂਥਲ ਦੇ ਸੰਸਾਰ ਵਿਚ ਮ੍ਰਿਗ ਤ੍ਰਿਸ਼ਨਾ ਦੇ ਲੋਭ ਵਿਚ, ਜਗਤ ਸ਼ਾਮਲ ਹੈ। ਪਰ ਇਹ ਵੀ ਯਥਾਰਥ ਹੈ ਕਿ ਸਾਰਿਆਂ ਨੂੰ ਸਫ਼ਲਤਾ ਨਹੀਂ ਮਿਲਦੀ।

ਧਰਤੀ ਤੇ ਕਿਤੇ ਆਸਮਾਂ ਨਹੀਂ ਮਿਲਦਾ...
ਸਭ ਨੂੰ ਮੁਕੰਮਲ ਜਹਾਂ ਨਹੀਂ ਮਿਲਦਾ।

ਅਸਫਲ ਵਿਅਕਤੀ ਨੂੰ ਤਨਾਅ, ਹਾਈਪਰਟੈਂਸ਼ਨ, ਭੁੱਖ, ਬੇਕਦਰੀ ਘੇਰ ਲੈਂਦੇ ਹਨ। ਨਤੀਜਾ, ਜ਼ਰੂਰਤਾਂ ਪੂਰੀਆਂ ਕਰਨ ਲਈ, ਸਮਾਜ ਦੀ ਬੇਰੁਖੀ, ਬੇਕਦਰੀ ਭਰੀਆਂ ਨਿਗਾਹਾਂ ਨੂੰ ਸਫਲ ਵਿਖਾਉਣ ਲਈ, ਚੋਰੀ, ਕਤਲ ਜਿਹੇ ਅਮਾਨਵੀ ਕਰਮਾਂ ਵਿਚ ਪੈ ਜਾਂਦਾ ਹੈ। ਅੱਜ ਦੇ ਸਮਾਜ ਵਿਚ ਵਿਆਪਤ ਅਸੰਤੋਖ, ਇਸ ਦਾ ਪ੍ਰਮਾਣ ਹੈ।

ਧਰਮ ਸ਼ਾਸਤ੍ਰ ਸਾਡੇ ਕੋਲ ਹਨ। ਉਹਨਾਂ ਦਾ ਨਿਯਮਿਤ ਪਾਠ ਵੀ ਤਕਰੀਬਨ ਹਰ ਘਰ ਵਿਚ ਹੁੰਦੈ, ਨਿਤਨੇਮ ਵਾਂਗ! ਪਰ ਇਹ, ਸਫਲਤਾ, ਸੁਖ ਚੈਨ, ਰਈਸ ਵਾਂਗ ਜੀਊਣ ਦੀ ਲਾਲਸਾ ਨਾਲ ਭਰੇ ਹੋਏ ਆਕਾਸ਼ ਤੋਂ ਆ ਰਹੀ ਬੱਦਲਾਂ ਦੀ ਗਰਜਨਾ, ਚੈਨ ਨਾਲ ਰਹਿਣ ਨਹੀਂ ਦਿੰਦੀ। ਇਹ ਰੋਜ਼ਾਨਾ ਦੇ ਧਰਮ ਗ੍ਰੰਥ, ਸਾਨੂੰ ਬਹੁਤ ਕੁਝ ਕਹਿ ਰਹੇ ਹਨ। ਵੇਦਾਂ ਵਿਚ ਰਿਸ਼ੀ ਕਹਿ ਰਹੇ ਹਨ, ਗੁਰਬਾਣੀ ਵਿਚ ਸਤਿਗੁਰ ਸਾਹਿਬਾਨ ਕਹਿ ਰਹੇ ਹਨ। ਅਸਾਂ ਉਸ ਨੂੰ ਸ਼ਬਦਾਂ, ਰਾਗਾਂ ਵਿਚ ਢਾਲ ਕੇ ਰੋਜ਼ਗਾਰ ਬਣਾ ਲਿਆ। ਕਥਾ, ਪ੍ਰਵਚਨ, ਧਾਰਮਿਕ ਪ੍ਰਸੰਗਾਂ ਤੋਂ ਵੀ ਕਮਾਈ ਦੀ ਆਸ ਬੱਧੀ ਹੈ। ਭੁੱਖ ਹੈ, ਰੋਟੀ ਦੀ, "ਖਾਨਾ ਖਜ਼ਾਨਾ" ਪੁਸਤਕ ਘਰ ਰੱਖੀ ਹੈ। ਤਰ੍ਹਾਂ-ਤਰ੍ਹਾਂ ਦੇ ਸੁਆਦਲੇ ਭੋਜਨ ਦੀ ਵਿਧੀ ਲਿਖੀ ਹੈ। ਉਸ ਵਿਧੀ ਅਨੁਸਾਰ, ਪਦਾਰਥ ਬਣਾ ਕੇ ਛਕਣ ਵਾਲਾ ਤ੍ਰਿਪਤ ਹੁੰਦੈ। ਰੋਜ਼ ਦੋ ਵਕਤ ਮਾਤਰ ਪੜ੍ਹ ਕੇ, ਤ੍ਰਿਪਤੀ ਦੀ ਆਸ ਵਿਅਰਥ ਹੈ! ਅਸੀਂ ਪਾਠੀ ਹੋ ਕੇ ਰਹਿ ਗਏ ਤਾਂ ਧਰਮ ਸ਼ਾਸਤਰਾਂ ਦੇ ਅਰਥ, ਅਸੀਂ ਆਪਣੀ ਮਨਮਰਜ਼ੀ ਅਨੁਸਾਰ ਮਿੱਥ ਲਏ। ਰਿਗ ਵੇਦ ਵਿਚ ਕਿਹਾ ਗਿਆ, "ਦਵੀਜ਼, ਦੁਰਲਭ ਹੁੰਦੇ ਹਨ, ਇਹਨਾਂ ਦੀ ਪੂਜਾ ਮਾਨਤਾ ਹੋਣੀ ਚਾਹੀਦੀ ਹੈ।"

ਦਵੀਜ ਦਾ ਅਰਥ ਹੈ, ਦੂਜਾ ਜਨਮ। ਇਕ ਵਾਰ, ਮਾਂ ਦੇ ਕੁੱਖੋਂ ਜਨਮ ਹੋਇਆ। ਦੂਜੀ ਵਾਰ, ਜਨਮ, ਜਦੋਂ ਗੁਰੂ ਤੋਂ ਪ੍ਰਾਪਤ ਗਿਆਨ ਦੀ ਲੋਅ ਵਿਚ, ਆਤਮ-ਪ੍ਰਕਾਸ਼ਤ ਹੋਇਆ। ਉਸੇ ਦੇਹ 'ਚ ਆਤਮ ਗਿਆਨੀ ਦਾ ਜਨਮ ਹੋਇਆ। ਇਹ ਤੱਤ ਗਿਆਨੀ, ਦਵੀਜ ਹੈ।

ਸੰਸਕ੍ਰਿਤ ਵਿਚ ਰਚੇ ਗਏ ਧਰਮ ਗ੍ਰੰਥ ਅਧਿਐਨ, ਹਜ਼ਾਰਾਂ ਸਾਲਾਂ ਤੱਕ ਬ੍ਰਾਹਮਣਾਂ ਦਾ ਅਧਿਕਾਰ ਰਿਹਾ। ਉਹਨਾਂ ਦਵੀਜ ਦਾ ਅਰਥ ਬ੍ਰਾਹਮਣ ਕੀਤਾ। ਬ੍ਰਾਹਮਣ ਰੱਬ ਦਾ ਦੂਜਾ ਰੂਪ ਹੈ, ਇਸ ਦੀ ਪੂਜਾ ਮਾਨਤਾ ਕਰੋ। ਹਜ਼ਾਰਾਂ ਸਾਲ ਬਿਤੀਤ ਹੋ ਗਏ, ਬ੍ਰਾਹਮਣ ਪੂਜਾ, ਸਮਾਜ ਦੀ ਪ੍ਰੰਪਰਾ ਬਣ ਗਈ। ਕੋਈ ਵੀ ਧਾਰਮਿਕ ਅਨੁਸ਼ਠਾਨ ਹੋਵੇ, ਵਰਤ ਪੂਜਾ ਹੋਵੇ, ਹਵਨ ਯੱਗ ਕਰਨਾ ਹੋਵੇ, ਬ੍ਰਾਹਮਣ ਪੁਰੋਹਤ ਦੇ ਆਸਨ ਤੇ ਬੈਠਦਾ ਹੈ, ਅਤੇ ਯੱਗ, ਪੂਜਾ ਕਰਨ ਵਾਲਾ, "ਬ੍ਰਾਹਮਣ ਦੇਵਤਾ" ਦੇ ਪੈਰ ਧੋ ਕੇ, ਮੱਥਾ ਟੇਕ ਕੇ, ਯਜਮਾਨ ਦੇ ਆਸਨ 'ਤੇ ਬੈਠਦਾ ਹੈ।

ਮਨੁੱਖ ਦਾ ਆਚਰਣ ਹੀ, ਉਸ ਦੀ ਸ਼ਖਸੀਅਤ ਦਾ ਪ੍ਰੀਚੈ ਕਰਵਾਂਦੈ। ਚੰਗੀ ਸੋਚ ਤਾਂ ਚੰਗਾ ਕਰਮ, ਮਾੜੀ ਸੋਚ ਤਾਂ ਮਾੜਾ ਕਰਮ ! ਤਾਂ, ਸੰਤ, ਮਹਾਂਪੁਰਖ, ਸਤਿ ਉਪਦੇਸ਼ਾਂ ਨਾਲ, ਮਨੁੱਖੀ ਸੋਚ ਨੂੰ ਸੁਧਾਰ ਕੇ, ਸੁਖੀ ਸ਼ਾਂਤ ਸਮਾਜ ਦਾ ਸੰਕਲਪ ਕਰਦੇ ਹਨ।

ਸੰਤ ਜੀਉਣ ਸਿੰਘ ਸਰਹਾਲੀ, ਇਕ ਵਾਰ, ਘੋੜੀ 'ਤੇ ਬੈਠ, ਕਿਸੇ ਪਿੰਡ ਜਾ ਰਹੇ ਸਨ। ਸੇਵਕ ਮੰਗਲ ਸਿੰਘ ਘੋੜੀ ਦੀ ਵਾਗ ਫੜੀ ਅੱਗੇ-ਅੱਗੇ ਟੁਰ ਰਹੇ ਸਨ। "ਵੇਖੀਂ ਓ ਮੰਗਲਾ, ਕਿਤੇ ਮੇਰਾ ਵਰਤ ਨਾ ਤੋੜ ਦੇਵੀਂ"—ਸੰਤਾਂ ਨੇ ਕਿਹਾ।

ਸੰਤ ਜੀ ਕੈਸਾ ਵਰਤ ਹੈ?—ਮੰਗਲ ਸਿੰਘ।

"ਜਦੋਂ ਦਾ ਸਤਿਗੁਰਾਂ ਤੋਂ ਭਜਨ ਲਿਆ ਹੈ, ਉਦੋਂ ਦਾ ਸੰਕਲਪ ਕੀਤਾ ਹੈ, ਪਰਾਇਆ ਹੱਕ ਨਹੀਂ ਲੈਣਾ। ਇਹ ਘੋੜੀ, ਭਾਵੇਂ ਨਾ ਖਾਏ, ਕਿਸੇ ਦੀ ਪੈਲੀ ਵਿਚ, ਪੈਰ ਪਾ ਕੇ ਫਸਲ ਨਾ ਖਰਾਬ ਕਰ ਦੇਵੇ।"

ਏਨੀ ਬਾਰੀਕੀ ਨਾਲ, ਸਦਾਚਾਰ ਨਿਭਾਉਂਦੇ ਸੀ।

ਤਾਂ ਮੇਰੇ ਸਤਿਗੁਰ ਕਹਿੰਦੇ ਹਨ, ਸੰਸਾਰ ਦੇ ਸਾਰੇ ਧਰਮ ਕਰਮ, ਸੱਚ ਤੋਂ ਉਰੇ ਹਨ... ਸੱਚ ਆਚਾਰ, ਸਭ ਤੋਂ ਉੱਪਰ ਹੈ, ਧਰਮ ਦਾ ਸਿਖਰ ਹੈ।

# ਦਿਵਸੁ ਰਾਤ ਦੁਇ ਦਾਈ ਦਇਆ

ਸ੍ਰੀ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਇਹ ਜੀਵਨ, ਪ੍ਰਮੇਸ਼ਰ ਨੇ ਬਹੁਤ ਖ਼ੂਬਸੂਰਤ ਬਣਾਇਆ ਹੈ। ਸ੍ਰਿਸ਼ਟੀ ਦਾ ਸਿਰਜਨ ਹੋਇਆ। ਇਹ ਹਰਿਆਵਲ, ਨਦੀਆਂ, ਪਹਾੜ, ਅੰਨ ਭਰੇ ਹੋਏ ਖੇਤ, ਸੁੰਦਰ ਬਾਗ, ਮੰਦਰ, ਤੇਰੇ ਸੁਖ ਲਈ ਦਿੱਤੇ। ਧਰਤੀ ਬਣਾਈ, ਸੂਰਜ ਅਤੇ ਚੰਦ ਬਣਾਏ, ਤਾਂ ਰਾਤ ਔਰ ਦਿਨ ਬਣਾਏ। ਇਹ ਸਾਰਾ ਪਸਾਰਾ, ਹੇ ਮਨੁੱਖ, ਤੇਰੇ ਲਈ ਸਿਰਜੇ। ਰਾਤ ਔਰ ਦਿਨ, ਤੇਰੇ ਖਿਡਾਵੇ, ਤੇਰੇ ਸੁਖ, ਸਹੂਲੀਅਤ ਲਈ ਬਣਾਏ। ਦਿਨ, ਸੂਰਜ ਤੋਂ ਊਰਜਾ ਲੈ ਕੇ ਕੰਮ ਕਾਜ ਲਈ, ਸਿਖਿਆ, ਨੌਕਰੀ, ਵਾਪਾਰ, ਵਿਵਹਾਰ ਲਈ ਬਣਾਏ ਅਤੇ ਜਦੋਂ ਥੱਕ ਜਾਏ, ਆਰਾਮ ਦੀ ਜ਼ਰੂਰਤ ਪਵੇ ਤਾਂ ਚੰਦ ਤੋਂ ਚਾਂਦਨੀ ਲੈ ਕੇ ਸੀਤਲ, ਸ਼ਾਂਤ ਰਾਤ, ਮਨੁੱਖ, ਤੇਰੇ ਵਿਸ਼ਰਾਮ ਲਈ ਬਣਾਏ! ਦਿਨ ਔਰ ਰਾਤ ਦੋਵੇਂ, ਵਾਰੋ ਵਾਰੀ ਆ ਰਹੇ ਹਨ, ਜਾ ਰਹੇ ਹਨ। ਜੀਵਨ ਸੁਖੇਵਾਂ, ਬਹੁਤ ਆਨੰਦ ਵਿਚ ਬਿਤੀਤ ਹੋ ਰਿਹੈ। ਪਾਤਸ਼ਾਹ ਕਹਿੰਦੇ ਹਨ, ਤੇਰੀ ਝੋਲੀ ਵਿਚ ਸਾਰੇ ਸੁਖ ਹੋਣ, ਕੋਈ ਦੁਖ ਨਾ ਹੋਵੇ। ਪਰਮ ਸੁਖ ਦੀ ਕਲਪਨਾ ਵਾਲਾ ਜੀਵਨ! ਪਰ ਇਸ ਦੇ ਸੁਖ ਭੋਗ ਤੋਂ ਪਹਿਲਾਂ, ਇਕ ਇਮਤਿਹਾਨ... ਇਕ ਟੈਸਟ 'ਚੋਂ ਲੰਘਣਾ ਲਾਜ਼ਮੀ ਹੈ। ਧਰਮਰਾਜ ਦੀ ਕਚਹਿਰੀ 'ਚ ਤੇਰੀਆਂ ਚੰਗਿਆਈਆਂ ਅਤੇ ਬੁਰਿਆਈਆਂ ਦਾ ਇਕ ਰੇਖਾ ਚਿੱਤਰ ਪੇਸ਼ ਕੀਤਾ ਜਾਏਗਾ। ਉਹ ਟੈਸਟ, ਜਿਹੜਾ ਪਾਸ ਕਰ ਲਏ, ਉਸ ਲਈ ਸਾਰੀ ਕੁਦਰਤ ਸੇਵਾਦਾਰ ਬਣ, ਹੱਥ ਜੋੜ ਖੜੀ ਹੋ ਜਾਏਗੀ। ਇਹ ਦਿਨ ਔਰ ਰਾਤ, ਆਮ ਮਨੁੱਖ ਲਈ, ਸੌ-ਸੌ ਦੁੱਖਾਂ ਅਤੇ ਕਲੇਸ਼ਾਂ, ਆਧਿ, ਬਿਆਧਿ ਅਤੇ ਉਪਾਧਿ ਰੂਪ ਵਿਚ ਰੋਗਾਂ, ਦੁੱਖਾਂ, ਚਿੰਤਾਵਾਂ ਅਤੇ ਤਨਾਅ ਦੀ ਪੰਡ ਲੈ ਕੇ ਆਰੰਭ ਹੁੰਦੇ ਹਨ। ਸਾਰਾ ਜੀਵਨ, ਦੁਖ, ਸੰਤਾਪ ਦੇ ਕੰਡਿਆਂ ਉੱਤੋਂ ਟੁਰਦਿਆਂ ਲੰਘ ਜਾਂਦੈ। ਜੀਵਨ ਵਿਚ ਇਕ ਦਿਨ, ਸੁਖ ਦਾ ਨਸੀਬ ਨਹੀਂ ਹੁੰਦਾ। ਤਰਸਦੇ ਹਨ, ਇਕ ਰਾਤ, ਸ਼ਾਂਤ ਨੀਂਦ ਭਰੀ ਆਵੇ। ਰੋਂਦਿਆਂ ਰਾਤਾਂ ਲੰਘ ਰਹੀਆਂ ਹਨ, ਚੜ੍ਹਦਿਆਂ ਦਿਨ ਬਿਤੀਤ ਹੋ ਰਹੇ ਹਨ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਮਨੁੱਖ! ਇਹ ਦਿਨ ਔਰ ਰਾਤ ਸੇਵਾਦਾਰ ਬਣ, ਤੇਰੀ ਖੁਸ਼ੀ ਲਈ, ਹੱਥ ਜੋੜ ਖਲੋਤੇ ਰਹਿਣਗੇ।

ਇਕ, ਟੈਸਟ ਪਾਸ ਕਰ ਲੈ। ਧਰਮਰਾਜ ਦੀ ਕਚਹਿਰੀ 'ਚ, ਤੇਰੇ ਕਰਮ... ਤੇਰੀਆਂ ਚੰਗਿਆਈਆਂ ਅਤੇ ਬੁਰਿਆਈਆਂ ਦਾ ਲੇਖਾ-ਜੋਖਾ ਬਾਂਚਿਆ ਜਾਏਗਾ।

"ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥"

ਆਮ ਧਾਰਨਾ, ਧਰਮਰਾਜ ਲਈ ਪ੍ਰਚੱਲਤ ਹੈ ਕਿ ਮਰਨ ਤੋਂ ਬਾਅਦ, ਇਕ ਵੱਡੇ ਦਰਬਾਰ ਵਿਚ, ਧਰਮਰਾਜ, ਹਰ ਪ੍ਰਾਣੀ ਦਾ ਲੇਖਾ-ਜੋਖਾ, ਉਸ ਦੇ ਕੀਤੇ ਹੋਏ ਕਰਮਾਂ ਦੇ ਆਧਾਰ 'ਤੇ ਕਰਦਾ ਹੈ। ਗੁਰੂ ਨਾਨਕ ਪਾਤਸ਼ਾਹ, ਉਹ ਰਹੱਸ ਖੋਲ੍ਹਦੇ ਹਨ, "ਵਾਚੈ ਧਰਮ ਹਦੂਰਿ"—

ਤੇਰੇ ਸਾਹਮਣੇ, ਤੇਰੇ ਹਦੂਰ, ਉਹ ਧਰਮਰਾਜ ਮੌਜੂਦ ਹੈ। ਤੇਰੇ ਅੰਦਰ, ਉਹ ਧਰਮ, ਬਿਰਾਜਮਾਨ ਹੈ। ਹਰ ਮਨੁੱਖ ਨੇ, ਪੰਜ ਤੱਤ ਦੀ ਦੇਹ ਧਾਰਣ ਕੀਤੀ। ਉਹ ਪੰਜ ਤੱਤ, ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਸਿਰਜਨਹਾਰ ਸੁਆਮੀ ਨੇ, ਸੁੰਨ 'ਚੋਂ ਪੰਜ ਤੱਤ ਲਏ; ਮਿੱਟੀ, ਪਾਣੀ, ਹਵਾ, ਅਗਨੀ ਔਰ ਆਕਾਸ਼। ਇਹਨਾਂ ਨੂੰ ਇਕੱਠਿਆਂ ਕੀਤਾ ਤਾਂ ਦੇਹ ਦਾ ਸਿਰਜਨ ਹੋਇਆ ਔਰ ਮਨੁੱਖ, ਇਸ ਦੇਹ ਤੋਂ ਕਰਮ ਕਰਨ ਲੱਗ ਪਿਆ—

"ਪੰਚ ਤਤੁ ਸੁੰਨਹੁ ਪਰਗਾਸਾ॥
ਦੇਹ ਸੰਜੋਗੀ ਕਰਮ ਅਭਿਆਸਾ॥" ਮਾਰੂ ਮਹਲਾ 1 (ਪੰਨਾ 1038)

ਸਾਰੀ ਖੇਡ, ਕਰਮਾਂ ਦੀ ਹੈ। ਜੋ ਅਸੀਂ ਕਰਮ ਕਰ ਰਹੇ ਹਾਂ, ਉਹਨਾਂ ਦਾ ਰੇਖਾ ਚਿੱਤਰ, ਸਾਡੇ ਹੱਥ ਦੀਆਂ ਲਕੀਰਾਂ ਬਣ ਰਹੀਆਂ ਹਨ। ਤਾਂ ਕਰਮ ਦਾ ਅਰਥ, ਅਸੀਂ ਕਿਸਮਤ ਵੀ ਕਰਦੇ ਹਾਂ। ਸੱਚ ਹੈ, ਕਰਮ ਹੀ ਕਿਸਮਤ ਬਣ ਰਹੇ ਹਨ। ਮਨੁੱਖ ਨੇ ਆਪਣੇ ਅੰਦਰ, ਸੂਖਮ ਰੱਬ ਵੀ ਧਾਰਿਆ ਹੈ। ਉਸ ਦਾ ਨਾਂ, ਜੀਵਾਤਮਾ, ਆਤਮਾ, ਰੂਹ ਜਾਂ ਜੋਤਿ ਵੀ ਹੈ। ਗੁਰੂ ਨਾਨਕ ਪਾਤਸ਼ਾਹ, ਉਸ ਸੂਖਮ ਪ੍ਰਮਾਤਮਾ ਦਾ ਨਾਂ "ਧਰਮ" ਰਖਦੇ ਹਨ। ਉਹ ਕਿਤੇ ਦੂਜੇ ਲੋਕ 'ਤੇ ਨਹੀਂ ਹੈ। ਮੌਤੋਂ ਬਾਅਦ, ਉਸ ਲੇਖਾ ਨਹੀਂ ਕਰਨਾ—ਉਹ ਤਾਂ ਹਰ ਖਿਨ, ਹਰ ਕਰਮ ਤੋਂ ਪਹਿਲਾਂ, ਚੰਗੇ ਜਾਂ ਮਾੜੇ ਕਰਮਾਂ ਬਾਬਤ ਸੰਦੇਸ਼ ਤਰੰਗਾਂ, ਬੁੱਧੀ ਤਕ ਭੇਜਦਾ ਹੈ।

"ਇਹ ਕਰਮ ਮਾੜਾ ਹੈ... ਇਸ ਦਾ ਨਤੀਜਾ ਭੋਗਣਾ ਪਵੇਗਾ।"

ਪਰ ਜਨੂੰਨੀ ਮਨੁੱਖ, ਮਨ ਦੀ ਸੁਣਦੈ। ਮਨ ਤੋਂ ਲੋਭ ਲਾਲਚ ਦੀਆਂ ਲੁਭਾਵਣੀਆਂ ਲਹਿਰਾਂ ਉੱਠ ਰਹੀਆਂ ਹਨ, ਕਿਸੇ ਪ੍ਰਤੀ ਨਫ਼ਰਤ ਜਾਂ ਬਦਲੇ ਦੀ ਲਲਕਾਰ ਆ ਰਹੀ ਹੈ ਔਰ ਮਨੁੱਖ, ਉਹ ਕਰਮ ਕਰ ਗੁਜ਼ਰਦਾ ਹੈ। ਭਾਵੇਂ, ਫਿਰ ਸਾਰਾ ਜੀਵਨ, ਪਛਤਾਵੇ ਅਤੇ ਸਜ਼ਾ ਵਿਚ ਲੰਘ ਜਾਂਦਾ ਹੈ ਤਾਂ ਮੇਰੇ ਸਤਿਗੁਰ ਕਹਿੰਦੇ ਹਨ—

ਤੇਰੇ ਅੰਦਰ ਬੈਠਾ "ਧਰਮ" ਤੈਨੂੰ ਨਿਰੰਤਰ ਵੇਖ ਰਿਹੈ, ਤੇਰੇ ਕਰਮ ਵਾਚ ਰਿਹੈ ਅਤੇ ਨਾਲੋ ਨਾਲ ਸਜ਼ਾ ਵੀ ਲਿਖੀ ਜਾ ਰਿਹੈ—

"ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ॥

ਸਤਿਗੁਰ ਕਹਿੰਦੇ ਹਨ, ਇਹ ਦਿਨ ਔਰ ਰਾਤ, ਇਹ ਕੁਦਰਤ, ਕਾਇਨਾਤ, ਤੇਰੇ ਦਾਸ ਹੋ ਸਕਦੇ ਹਨ... ਤੇਰੇ ਦਾਈ ਦਾਇਆ! ਬਸ ਇਕ ਆਗ੍ਰਹਿ ਹੈ, ਇਕ ਸ਼ਰਤ ਹੈ, ਅੰਦਰਲੇ "ਧਰਮ" ਦੇ ਸੰਦੇਸ਼ ਅਨੁਸਾਰ ਕਰਮ ਕਰ! ਪਰਾਇਆ ਹੱਕ ਖੋਹਣਾ ਹੋਵੇ, ਪਰਾਈ ਧੀ, ਭੈਣ ਪ੍ਰਤੀ ਮਾੜੇ ਵੀਚਾਰ ਚਲਦੇ ਹੋਣ, ਕਿਸੇ ਤੋਂ ਬਦਲਾ ਲੈਣ ਦੀ ਵਿਉਂਤ ਰਚ ਰਿਹਾ ਹੋਵੇਂ, ਅੰਦਰੋਂ ਧਰਮ ਤਲ ਤੋਂ, ਆਤਮ ਕੋਸ਼ਠ ਤੋਂ ਜ਼ਰੂਰ ਚੇਤਾਵਨੀ ਆਉਂਦੀ ਹੈ। ਲੋਭ, ਮੋਹ, ਜਾਂ ਕ੍ਰੋਧ ਦੇ ਰੌਲੇ ਵਿਚ ਸੁਣਨ ਜੋਗ ਅਸੀਂ ਨਹੀਂ ਹੁੰਦੇ।

ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਸਵਰਗ ਦੀ ਤਾਂ ਕਲਪਨਾ ਮਾਤਰ ਹੈ। ਕੋਈ ਅਗਿਆਤ ਲੋਕ, ਜਿਥੇ ਇੱਛਾਵਾਂ ਪੂਰੀਆਂ ਹੁੰਦੀਆਂ ਹਨ, ਦੇਵ ਲੋਕ ਦੇ ਸੇਵਾਦਾਰ, ਹੁਕਮ ਪਾਲਣਾ ਲਈ ਤੱਤਪਰ ਰਹਿੰਦੇ ਹਨ। ਪਾਤਸ਼ਾਹ ਕਹਿੰਦੇ ਹਨ, ਤੇਰਾ ਇਹ ਜੀਵਨ

ਹੀ ਸਵਰਗ ਬਣ ਸਕਦਾ ਹੈ। ਰਾਤ ਔਰ ਦਿਨ ਤੇਰੇ ਖਿਡਾਵੇ, ਮਧੁਰ ਸੰਗੀਤ ਨਾਲ, ਤੈਨੂੰ ਸੇਵਕ ਵਾਂਗ ਸਵਾਉਣ ਲਈ, ਰਾਤ ਤਿਆਰ ਖੜ੍ਹੀ ਹੈ। ਬਸ, ਇਕ ਸ਼ਰਤ, ਜਿਹੜਾ ਦਿੱਵ ਦੂਤ, ਧਰਮ ਬਣ ਕੇ, ਤੇਰੀ ਹਰ ਗਤੀਵਿਧੀ ਨੂੰ ਵਾਚ ਰਿਹੈ, ਉਸ ਅੱਗੇ ਸਚਿਆਰ ਰਹੀਂ।

ਗੁਰੂ ਨਾਨਕ ਪਾਤਸ਼ਾਹ, ਉਦਾਸੀ ਤੇ ਨਿਕਲੇ। ਭ੍ਰਮਣ ਕਰਦਿਆਂ ਬਨਾਰਸ ਪੁੱਜੇ। ਗੰਗਾ ਦੇ ਘਾਟ 'ਤੇ ਪੰਡਿਆਂ ਦਾ ਆਗੂ, ਪੰਡਿਤ ਚਤੁਰਦਾਸ ਵੀ, ਹੋਰਨਾਂ ਪੰਡਿਆਂ ਵਾਂਗ, ਚੌਂਕੀ ਤੇ ਭਗਵਾ ਬਸਤਰ ਵਿਛਾ ਕੇ, ਉੱਪਰ ਪੱਥਰ ਦਾ ਸਾਲਗ੍ਰਾਮ, ਧੂਪ, ਚੰਦਨ, ਤੁਲਸੀ ਦੀ ਮਾਲਾ ਆਦਿ ਪੂਜਾ ਸਮੱਗਰੀ ਸਜਾ ਕੇ ਬੈਠਾ ਸੀ। ਯਜਮਾਨਾਂ ਦੀ ਉਡੀਕ ਕਰ ਰਿਹਾ ਸੀ। ਸਤਿਗੁਰ ਜੀ ਵੀ ਮਰਦਾਨੇ ਦੇ ਨਾਲ, ਇੱਕ ਥਾਂ ਪਰ ਬੈਠ ਗਏ। ਚਤੁਰਦਾਸ ਨੇ ਸਮਝਿਆ ਕਿ ਇਹ ਭੀ ਕੋਈ ਨਵਾਂ ਪੰਡਾ, ਯਜਮਾਨ ਦੀ ਉਡੀਕ ਵਿਚ ਬੈਠਾ ਹੈ। ਤਾਂ ਸਤਿਗੁਰਾਂ ਨੇੜੇ ਗਿਆ ਅਤੇ ਪੁਛਿਆ, ਤੁਹਾਡੇ ਕੋਲ ਸਾਲਗ੍ਰਾਮ ਨਹੀਂ ਹੈ, ਤੁਲਸੀ ਦੀ ਮਾਲਾ ਨਹੀਂ, ਪੂਜਾ ਦੀ ਸਮੱਗਰੀ ਨਹੀਂ। ਪੂਜਾ ਸੰਕਲਪ ਕਿਵੇਂ ਕਰੋਗੇ?

ਤਾਂ ਗੁਰੂ ਨਾਨਕ ਪਾਤਸ਼ਾਹ ਨੇ, ਬਸੰਤ ਰਾਗ ਵਿਚ ਸ਼ਬਦ ਉਚਾਰਿਆ, ਮਰਦਾਨੇ ਦੀ ਰਬਾਬ ਤੋਂ ਰੱਬੀ ਧੁਨ ਉਪਜੀ—

> "ਸਾਲਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤ ਤੁਲਸੀ ਮਾਲਾ॥
> ਰਾਮ ਨਾਮ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ॥"

(ਪੰਨਾ 890)

ਪੰਡਿਤ ਜੀ, ਤੁਸੀ ਸਾਲਗ੍ਰਾਮ ਨੂੰ ਰੱਖ ਕੇ ਪੂਜਾ ਕਰਦੇ ਹੋ। ਇਹ ਤੁਹਾਡੀ ਵਿਧੀ ਹੈ। ਮੇਰੀ ਪੂਜਾ ਦੀ ਵਿਧੀ ਨਿਵੇਕਲੀ ਹੈ। ਹਰ ਥਾਂ ਮੌਜੂਦ ਪਰਮਾਤਮਾ, ਦਇਆਲ, ਹਰ ਵੇਲੇ ਮੇਰੇ ਨਾਲ ਹੁੰਦੇ ਹਨ। ਪੱਥਰ ਦੇ ਸਾਲਗ੍ਰਾਮ ਦੀ ਮੈਨੂੰ ਲੋੜ ਨਹੀਂ ਹੈ। ਚੰਗੇ ਕਰਮ, ਮੇਰੇ ਕਰਮਾਂ ਦੀ ਚੰਗਿਆਈ, ਮੇਰੀ ਤੁਲਸੀ-ਮਾਲਾ ਹੈ—ਸੁਕ੍ਰਿਤ ਤੁਲਸੀ ਮਾਲਾ!

ਇਹੋ ਗੱਲ ਭਰਥਰੀ ਜੋਗੀ ਨੂੰ, ਗੁਰੂ ਪਾਤਸ਼ਾਹ ਕਹਿੰਦੇ ਹਨ, ਮਨੁੱਖੀ ਵਿਕਾਰਾਂ ਦੇ ਬੱਦਲ, ਸੂਰਜ ਨੂੰ ਢੱਕ ਲੈਂਦੇ ਹਨ। ਸੂਰਜ ਵੀ ਹੁੰਦੈ ਆਕਾਸ਼ ਤੇ, ਧਰਤੀ ਵੀ ਹੁੰਦੀ ਹੈ ਪਰ, ਸੂਰਜ ਦੀ ਰੌਸ਼ਨੀ, ਧਰਤੀ ਤੇ ਅਧੂਰੀ ਪਹੁੰਚਦੀ ਹੈ। ਉਸ ਅਧੂਰੀ ਊਰਜਾ ਨਾਲ ਸੰਸਾਰ ਜੀਅ ਰਿਹੈ। ਜਿਸ ਦਿਨ ਉਹ ਭੀ ਨਾ ਪਹੁੰਚੀ, ਵਿਗਿਆਨੀ ਕਹਿੰਦੇ ਹਨ: ਸਾਰਾ ਗਲੋਬ, ਸਾਰੀ ਸ੍ਰਿਸ਼ਟੀ, ਨਸ਼ਟ ਹੋ ਜਾਏਗੀ। ਮੇਰੇ ਜੀਵਨ ਦੇ ਵਿਚਾਰ ਮੰਡਲ ਤੋਂ ਧੁੰਧ, ਬੱਦਲ ਸਾਰੇ ਛਟ ਚੁੱਕੇ ਹਨ। ਹੁਣ ਉਹ ਨਿਰੰਕਾਰ ਅਤੇ ਮੈਂ ਜੁੜੇ ਹੋਏ ਹਾਂ। ਪਰਮਾਤਮਾ ਅਤੇ ਮੇਰੀ ਆਤਮਾ, ਇਕ ਸੁਰ ਵਿਚ ਹਨ। ਹਰ ਵੇਲੇ ਮੇਰੇ ਅੰਦਰ, ਪਰਮੇਸ਼ਰ ਨਾਲ ਸੰਵਾਦ ਚਲਦਾ ਰਹਿੰਦੈ। ਰੱਬੀ ਮੰਡਲ ਤੋਂ ਨਿਰੰਤਰ ਵੱਜ ਰਹੀ ਧੁਨ, ਹਰ ਖਿਨ ਮੇਰੇ ਅੰਦਰ ਗੂੰਜਦੀ ਰਹਿੰਦੀ ਹੈ। ਤੁਹਾਡੇ ਹੱਥ ਵਾਲਾ ਯੰਤਰ ਸਿੰਙੀ ਨਹੀਂ ਹੈ, ਪਰ ਇਲਾਹੀ ਧੁਨ ਪਹੁੰਚ ਰਹੀ ਹੈ। ਮੇਰੇ ਗਗਨ ਮੰਡਲ ਤੇ, ਮੇਰੇ ਬ੍ਰਹਮ ਰੰਧਰ 'ਤੇ, ਬੱਦਲ ਨਹੀਂ ਹਨ, ਪਰ ਬੱਦਲਾਂ ਦੀ ਘਨ ਗਰਜਨਾ ਮੈਂ ਹਰ ਖਿਨ ਸੁਣ ਸਕਦਾ ਹਾਂ। ਜੋਗੀ ਜੀ, ਥੱਲੇ ਸੰਸਾਰ

ਧਨ ਸ਼ਕਤੀ ਇਕੱਠੀ ਕਰ ਰਿਹੈ, ਉੱਪਰ ਪਹਾੜਾਂ 'ਤੇ ਤੁਸੀਂ ਮੰਤਰ ਤੰਤਰ ਸ਼ਕਤੀਆਂ ਦਾ ਸੰਚੈ ਕਰ ਰਹੇ ਹੋ। ਸ਼ੈਅ ਬਦਲ ਗਈ ਹੈ, ਤੁਹਾਡੇ ਅਤੇ ਮਾਇਆਧਾਰੀ ਵਿਚ, ਸੁਭਾਅ ਨਹੀਂ ਬਦਲਿਆ। ਤੁਸਾਂ ਯੋਗ ਦਾ ਅਰਥ ਕੁਝ ਕਵਾਇਦਾਂ, ਕਸਰਤਾਂ ਦਾ ਮੰਤਰ-ਪਾਠ ਰਾਹੀਂ, ਸ਼ਕਤੀਆਂ ਨਾਲ ਜੁੜਨਾ ਸਮਝਿਆ ਹੈ। ਯੋਗ ਤਾਂ ਰੂਹਾਂ ਦੀ ਵਿਦਿਆ ਹੈ। ਸੱਚਾ ਯੋਗੀ ਦੇਹ ਵਿਚ ਹੁੰਦਿਆਂ, ਬਿਦੇਹ ਹੋ ਜਾਣ ਦਾ ਅਭਿਆਸ ਕਰਦਾ ਹੈ। ਇਕ ਖਿਨ ਆਉਂਦਾ ਹੈ, ਜਦੋਂ ਯੋਗੀ ਦੀ ਪ੍ਰਾਣ ਸ਼ਕਤੀ, ਪੰਖੀ ਵਾਂਗ, ਉਡਾਰੀ ਮਾਰ ਜਾਂਦੀ ਹੈ। ਹੁਣ ਪੰਖੀ ਲਈ ਧਰਤ ਵੀ ਉਸ ਦੀ, ਆਕਾਸ਼ ਵੀ ਉਸ ਦਾ ਹੋ ਜਾਂਦੈ। ਔਰ ਉਦੋਂ ਨਿਰੰਕਾਰੀ ਜੋਤਿ ਦਾ ਇਕ ਲਿਸ਼ਕਾਰਾ, ਯੋਗੀ 'ਤੇ ਪੈਂਦਾ ਹੈ। ਇਹ ਤਲ, ਜੋਗੀ ਪੂਰਨ ਹੋਇਆ, ਪਰਮਾਤਮਾ ਦੇ ਵਿਚ ਅਤੇ ਪਰਮਾਤਮਾ ਉਸ ਯੋਗੀ ਦੇ ਵਿਚ ਪ੍ਰਵੇਸ਼ ਕਰਦਾ ਹੈ। ਜੋਗੀ ਦੀ ਧਿਆਨ ਮੁਦਰਾ ਵਿਚ ਇਹ ਘਟਨਾ ਘਟਦੀ ਹੈ—

"ਬਿਨ ਸਿੰਙੀ ਨਾਦ ਸ਼ਬਦ ਵਾਜੈ॥ ਬਿਨ ਬਾਦਰ ਗਗਨਾ ਗਾਜੈ॥
ਬਿਜਲੀ ਚਮਕਾਰਾ ਲਾਇਆ॥ ਤਬ ਨਾਨਕ ਜੋਗ ਪਾਇਆ॥"

ਵਿਕਾਰ ਛੱਡਣੇ ਸਨ, ਤੁਸੀਂ ਸੰਸਾਰ ਛੱਡ ਦਿੱਤਾ। ਇੱਥੇ ਬਰਫ਼ਾਂ ਭਰੇ ਪਹਾੜਾਂ 'ਤੇ ਵੀ ਮਨ ਨਾਲ ਹੀ ਰਿਹਾ, ਵਿਕਾਰ ਨਾਲ ਹੀ ਰਹੇ। ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ :

"ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥"

ਤੁਹਾਡੇ ਅੰਦਰ ਜੀਵਾਤਮਾ, ਤੁਹਾਡੇ ਅੰਦਰਲਾ ਰੱਬ, ਤੁਹਾਡਾ ਧਰਮ ਬਿੰਬ, ਤੁਹਾਨੂੰ ਨਿਰੰਤਰ ਵਾਚ ਰਿਹੈ। ਤੁਸੀਂ ਸਦਾ ਉਸ ਦੀ ਨਿਗਰਾਨੀ ਵਿਚ ਹੋ।

ਗੁਰੂ ਨਾਨਕ ਦਾ ਧਰਮ ਦਰਸ਼ਨ, ਕਠਨ ਤੱਪ, ਜਾਂ ਹਠ-ਯੋਗ ਦੀ ਪ੍ਰੋੜ੍ਹਤਾ ਨਹੀਂ ਕਰਦਾ। ਗੁਰੂ ਨਾਨਕ ਤਾਂ ਸਦ ਵਿਹਾਰ, ਚੰਗੇ ਕਰਮ ਅਤੇ ਉਚੇਰੀ ਸੋਚ ਦੀ ਨੀਂਹ ਤੇ ਸੁਖੀ-ਸ਼ਾਂਤ ਅਤੇ ਧਰਮ ਪ੍ਰਵੀਣ ਸਮਾਜ ਦਾ ਮਹਿਲ ਉਸਾਰਨ ਦਾ ਸੰਕਲਪ ਲੈਂਦਾ ਹੈ। ਧਰਮ ਦਾ ਅਰਥ ਕਿਤੇ ਵੀ, ਮੇਰੇ ਸਤਿਗੁਰ ਨੇ ਕਰਮਕਾਂਡ ਵਿਚ ਲਪੇਟੇ ਹੋਏ ਸੰਪਰਦਾਵਾਂ ਦੇ ਮਿੱਥੇ ਹੋਏ, ਪੂਜਾ ਪਾਠ ਦੀ ਵਿਧੀ ਰੂਪ ਵਿਚ ਨਹੀਂ ਕੀਤਾ। ਧਰਮ, ਜੋ ਅਸਾਂ ਧਾਰਿਐ, ਉਸ ਪ੍ਰਤੀ ਜ਼ਿੰਮੇਵਾਰੀਆਂ ਦਾ ਨਿਰਵਾਹ ਕਰਨਾ ਹੈ। ਦੇਹ ਧਾਰਣ ਕੀਤੀ ਤਾਂ ਲੋਕ ਹਿੱਤ ਲਈ, ਸਮਾਜ ਦੇ ਭਲੇ ਲਈ, ਇਸ ਦੀ ਵਰਤੋਂ ਹੋਵੇ। ਸਾਰੇ ਸੁਖੀ ਹੋਣ, ਪ੍ਰੇਮ ਦੇ ਰਿਸ਼ਤੇ ਵਿਚ ਹੋਣ। ਪਸ਼ੂ, ਪੰਖੀ, ਬਨਸਪਤੀ, ਮਨੁੱਖ, ਸਾਰੇ ਇਕ ਕੁਟੰਬ ਜਿਹੇ। ਤੀਜੇ ਪਾਤਸ਼ਾਹ, ਫੁੱਲ ਬੂਟਿਆਂ ਨਾਲ ਵੀ ਸਨੇਹ ਭਰਿਆ ਰਿਸ਼ਤਾ ਰਖਦੇ ਸੀ। ਦੂਜੇ ਪਾਤਸ਼ਾਹ ਨੇ ਹੁਕਮ ਲਾਇਆ, ਸ੍ਰੀ ਗੋਇੰਦਵਾਲ ਉਸਾਰੀ ਲਈ। ਉਸਾਰੀ ਇਮਾਰਤਾਂ ਦੀ ਚਲ ਰਹੀ ਸੀ। ਹਰ ਪਾਸੇ, ਥਾਂ ਵੇਖ ਕੇ ਫੁਲ, ਫੱਲ ਦੇ ਬੂਟੇ ਵੀ ਲਵਾਉਂਦੇ। ਬੂਟਿਆਂ ਨਾਲ ਸੰਵਾਦ ਕਰਦੇ, ਗੱਲਬਾਤ ਕਰਦੇ, ਬੱਚਿਆਂ ਵਾਂਗ! ਛੋਟਾ ਜਿਹਾ ਬੂਟਾ, ਜਿਸ ਦਿਨ ਵੇਖਦੇ ਥੋੜ੍ਹੀਆਂ ਸ਼ਾਖਾਵਾਂ ਨਿਕਲ ਆਈਆਂ, ਕੂਲੀਆਂ ਪੱਤੀਆਂ ਨੂੰ ਪਿਆਰ ਕਰਦੇ "ਅੱਛਾ ਜੀ! ਹੁਣ ਤਾਂ ਤੁਸੀਂ ਵੱਡੇ ਹੋ ਗਏ ਹੋ। ਤੁਹਾਡੇ ਲਈ, ਵੱਡੇ ਗਮਲੇ ਦਾ ਪ੍ਰਬੰਧ ਅੱਜ ਹੀ ਕਰਦੇ ਹਾਂ।"

ਮੇਰੇ ਸਤਿਗੁਰ ਸਦਗੁਣਾਂ ਦੇ ਪ੍ਰਚਾਰਕ ਹਨ। ਉਦਾਸੀਆਂ ਦਾ ਇਕੋ ਮਕਸਦ ਸੀ, ਚੰਗਿਆਈਆਂ ਨੂੰ ਤਰਜੀਹ ਦੇ ਕੇ, ਪ੍ਰਾਣੀ ਮਾਤਰ ਨੂੰ ਖੁਸ਼ਹਾਲ ਕਰ ਸਕੀਏ। ਜਿਥੇ ਵੀ ਗਏ, ਮੰਦਰਾਂ ਵਿਚ, ਤੀਰਥਾਂ 'ਤੇ, ਮੱਕੇ ਮਦੀਨੇ ਜਿਹੇ ਇਸਲਾਮੀ ਧਰਮ ਕੇਂਦਰਾਂ 'ਤੇ, ਨਾਥਾਂ, ਸਿਧਾਂ ਦੇ ਟਿਕਾਣਿਆਂ 'ਤੇ, ਹਰ ਥਾਂ ਗੱਲ, ੴਕਾਰ ਦੀ, ਇਕ ਸਾਂਝੇ ਪਰਮਾਤਮਾ ਦੀ, ਜਾਂ ਸੁੱਚੇ, ਸੱਚੇ ਜੀਵਨ ਦਾ ਸੰਦੇਸ਼ ਭਰਿਆ, ਅਰਥ ਬੋਧ ਵਿਆਖਿਆ ਕਰਦੇ। ਸੂਹੀ ਰਾਗ ਵਿਚ, ਸਤਿਗੁਰ ਨਾਨਕ, ਇਹੋ ਭਾਵ ਜਗ ਨੂੰ ਦਿੰਦੇ ਹਨ—

"ਸਾਝ ਕਰੀਜੈ ਗੁਣਹ ਕੇਰੀ, ਛੋਡਿ ਅਵਗਣ ਚਲੀਐ॥
ਪਹਿਰੇ ਪਟੰਬਰ ਕਰਿ ਅਡੰਬਰ, ਆਪਣਾ ਪਿੜ ਮਲੀਐ॥" (ਪੰਨਾ 766)

ਅਵਗੁਣਾਂ ਦਾ ਤਿਆਗ ਕਰੋ। ਜਗ ਵਿਚ ਚੰਗੇ ਗੁਣਾਂ ਦੀ ਸਾਂਝ ਕਰੋ। ਲੋਕ ਵਿਖਾਵੇ ਜੋਗ ਕਪੜੇ, ਅਡੰਬਰ ਦੀ ਥਾਂ ਚੰਗੇ ਕਰਮਾਂ ਦੀ ਸ਼ੋਭਾ, ਪ੍ਰਭੂ ਦਰਬਾਰ ਵਿਚ, ਮੁਕਾਮ ਪ੍ਰਾਪਤ ਹੁੰਦੈ।

ਤਾਂ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ, ਆਪਣੇ ਪਿਆਰਿਆਂ ਨੂੰ ਆਖਦੇ ਹਨ, "ਕੂਕਿਓ! ਜੇ ਤੁਸੀਂ ਚੰਗੇ ਹੋਏ ਤਾਂ ਮੈਨੂੰ ਮਾੜਾ ਕਿਸੇ ਨਹੀਂ ਆਖਣਾ।"

ਗੁਰੂ ਨਾਨਕ ਪਾਤਸ਼ਾਹ, ਅਜੇ ਜਵਾਨੀ ਵਿਚ ਪੈਰ ਰੱਖ ਰਹੇ ਹਨ। ਸਾਰੇ ਜ਼ਮਾਨੇ ਦਾ ਦਰਦ ਕਾਲਜੇ 'ਤੇ ਰੱਖਿਆ ਸੀ। ਘਰ ਤੋਂ ਨਿਕਲਣਾ ਜ਼ਰੂਰੀ ਸੀ। ਦੂਰ ਤੱਕ ਪਹਾੜਾਂ, ਸਮੁੰਦਰਾਂ ਨੂੰ ਟੱਪ ਕੇ, ਜਗ ਵਾਸੀਆਂ ਨੂੰ ਜੀਵਨ ਜਾਚ ਵੰਡਣ ਲਈ ਭਵਿੱਖ ਦਾ ਰੇਖਾਚਿੱਤਰ ਅੱਖਾਂ ਵਿਚ ਬਣ ਰਿਹਾ ਸੀ। ਗਹਿਰੇ ਚਿੰਤਨ ਵਿਚ, ਪਾਤਸ਼ਾਹ ਮੌਨ ਹੋ ਗਏ। ਇਹ ਸ਼ਾਇਦ ਹਨੇਰੀ ਆਉਣ ਤੋਂ ਪਹਿਲਾਂ, ਥੰਮ ਗਈ ਹਵਾ ਦਾ ਸੰਕੇਤ ਸੀ। ਮਾਤਾ-ਪਿਤਾ ਨੇ, ਵੈਦ ਹਰਿਦਾਸ ਨੂੰ ਸੱਦਿਆ। ਸੱਜੀ ਬਾਂਹ ਦੀ ਨਬਜ਼ ਵੇਖਣ ਲੱਗਾ। ਪਾਤਸ਼ਾਹ ਕਿਹਾ, ਵੈਦ ਜੀ, ਨਬਜ਼ ਨੇ ਮੇਰਾ ਰੋਗ ਨਹੀਂ ਦੱਸਣਾ। ਇਕ ਦਰਦ ਹੈ, ਮੇਰੇ ਕਾਲਜੇ ਵਿਚ! ਉਹ ਮੈਂ ਹੀ ਜਾਣਦਾ ਹਾਂ। ਇਹ ਸਰੀਰ ਦੀ ਬਿਆਧਿ ਨਹੀਂ ਹੈ। ਜ਼ਮਾਨੇ ਦੇ ਦੁਖ ਦਰਦ ਨੂੰ, ਆਪਣੇ 'ਤੇ ਹੰਢਾਉਣ ਦੀ ਅਵਸਥਾ ਹੈ—

"ਵੈਦੁ ਬੁਲਾਇਆ ਵੈਦਗੀ ਪਕੜ ਢੰਢੋਲੇ ਬਾਂਹ॥
ਭੋਲਾ ਵੈਦੁ ਨਾ ਜਾਣਈ ਕਰਕ ਕਲੇਜੇ ਮਾਹਿ॥"

ਗੁਰੂ ਨਾਨਕ ਨੂੰ ਕਿਸੇ ਸੰਪਰਦਾ ਦਾ, ਬਾਣੀ ਮਾਤਰ ਰੂਪ ਵਿਚ ਵੇਖਣਾ, ਨਾਇਨਸਾਫੀ ਹੈ। ਇਕ ਸੰਪਰਦਾ, ਦੁਕਾਨ, ਮਾਲਕ ਦੀ ਪਛਾਣ, ਅਰਧ ਸੱਤ ਹੈ। ਸਾਡਾ "ਬਾਬਾ ਗੁਰੂ" ਤਾਂ, ਸਾਰੀ ਸ੍ਰਿਸ਼ਟੀ ਨੂੰ ਸੁਖੀ ਕਰਨ ਲਈ, ਇਲਾਹੀ ਸੌਦਾ ਲੈ ਕੇ ਆਇਆ... ਸਾਰੇ ਜਗਤ ਵਿਚ ਵਰਤਾਇਆ ਔਰ ਅਨੰਤ ਵਿਚ ਲੀਨ ਹੋ ਗਿਆ।

# ਮੌਨ ਵਾਰਤਾ

ਮੌਨ ਇਕ ਘਟਨਾ ਹੈ। ਜਦੋਂ, ਮਨ ਅਤੇ ਬੁੱਧੀ ਸਹਿਤ ਸਰੀਰ ਦੀਆਂ ਦਸੋਂ ਇੰਦ੍ਰੀਆਂ, ਵਿਸ਼ਰਾਮ ਵਿਚ ਚਲੀਆਂ ਜਾਣ, ਉਦੋਂ ਮੌਨ ਘਟਦੈ। ਜੋਗੀਆਂ ਅਤੇ ਸੰਤਾਂ ਵਿਚ, ਇਹ ਚਰਚਾ ਅਤੇ ਤਰਕ ਦਾ ਵਿਸ਼ਾ ਰਿਹਾ ਹੈ ਕਿ ਗਹਿਰੇ ਮੌਨ ਵਿਚ ਧਿਆਨ ਘਟਦਾ ਹੈ ਜਾਂ ਗਹਿਰੇ ਧਿਆਨ ਤੋਂ ਬਾਅਦ ਮੌਨ ਘਟਦਾ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ, ਸਾਰੇ ਅਸਤਿੱਤਵ ਵਿਚ ਨਿਰੰਤਰ ਤਰੰਗਤ ਹੋ ਰਹੇ, ਨਿਰੰਕਾਰੀ ਨਾਦ ਨੂੰ ਧੁਨਿ ਕਹਿੰਦੇ ਹਨ। ਇਹ ਧੁਨਿ, ਸੰਸਾਰੀ ਲਈ ਸੁਣਨ ਜੋਗ ਸਮਰੱਥਾ ਨਹੀਂ ਹੁੰਦੀ। ਕੰਨਾਂ ਤੋਂ ਇਹ ਰਹੱਸਮਈ ਨਾਦ ਨਹੀਂ ਸੁਣ ਸਕਦੇ ਹਾਂ। ਇਕ ਸੱਚਾ ਸਾਧਕ, ਗੁਰੂ ਰਮਜ਼ ਸਮਝਣ ਵਾਲਾ ਕੋਈ ਜਗਿਆਸੂ ਸਿੱਖ, ਇਸ ਧੁਨਿ ਪ੍ਰਤੀ ਇਕਾਗਰਚਿੱਤ ਹੁੰਦਾ ਹੈ। ਅਤਿ ਸੂਖਮ ਤਰੰਗਾਂ ਪ੍ਰਤੀ, ਜਦ ਇਹ ਇਕਾਗਰਤਾ ਬਹੁਤ ਗਹਿਰੀ, ਬਹੁਤ ਸਜਗ, ਬਹੁਤ ਸਾਵਧਾਨ ਅਵਸਥਾ ਵਿਚ ਪਹੁੰਚ ਜਾਂਦੀ ਹੈ, ਉਦੋਂ ਧਿਆਨ ਸਿਰਜਤ ਹੁੰਦਾ ਹੈ। ਧਿਆਨ, ਗਹਿਰੀ ਇਕਾਗਰਤਾ ਵਿਚ ਘਟਦਾ ਹੈ। ਹੁਣ ਉਹ ਧੁਨਿ, ਜੋ ਵਾਸਤਵ ਵਿਚ ਨਿਰਧੁਨੀ ਹੁੰਦੀ ਹੈ... ਆਵਾਜ਼ ਤੋਂ ਰਹਿਤ। ਧੁਨਿ ਔਰ ਧਿਆਨ ਦੇ ਸੁਮੇਲ ਵਿਚ ਮੌਨ ਘਟਦਾ ਹੈ—

> "ਧੁਨਿ ਮਹਿ ਧਿਆਨੁ ਧਿਆਨੁ ਮਹਿ ਜਾਨਿਆ,
> ਗੁਰਮੁਖਿ ਅਕਥ ਕਹਾਨੀ॥" (ਪੰਨਾ 878) ਰਾਮਕਲੀ ਮਹਲਾ (1)

ਇਹ ਸਾਧਨਾ, ਇਕ ਕ੍ਰਮਵਾਰ ਸਿਲਸਿਲਾ ਹੈ। ਉਸੇ ਅਨੁਰੂਪ ਸੁਣਨਾ, ਮੰਨਣਾ ਅਤੇ ਚਿੰਤਨ ਅਭਿਆਸ ਵਿਚ ਉਤਰ ਜਾਣਾ, ਤਿੰਨ ਅਵਸਥਾਵਾਂ ਤੋਂ ਗੁਰੂ ਨਾਨਕ ਪਾਤਸ਼ਾਹ, ਪੜਦਾ ਚੁੱਕਦੇ ਹਨ। ਧੁਨਿ ਦੇ ਪ੍ਰਤੀ ਗਹਿਰੀ ਇਕਾਗਰਤਾ ਧਿਆਨ ਅਤੇ ਮੌਨ! ਇਹ ਮੌਨ ਹੀ ਸੁੰਨ ਹੈ, ਜਿੱਥੋਂ ਸਾਰੀ ਸ੍ਰਿਸ਼ਟੀ ਦਾ ਸਿਰਜਨ ਹੋ ਰਿਹੈ। ਨਸ਼ਟ ਹੁੰਦੀ ਸ੍ਰਿਸ਼ਟੀ, ਫਿਰ ਇਸੇ ਸੁੰਨ ਵਿਚ ਸਮਾਹਿਤ ਹੋ ਰਹੀ ਹੈ—

> "ਸੁੰਨਹੁ ਖਾਣੀ ਸੁੰਨਹੁ ਬਾਣੀ॥
> ਸੁੰਨਹੁ ਉਪਜੀ ਸੁੰਨਿ ਸਮਾਣੀ॥" ਮਾਰੂ ਮਹਲਾ (1) (ਪੰਨਾ 1037)

ਮੌਨ ਪ੍ਰਤੀ ਕਿਹਾ ਜਾਂਦੈ, "ਪਰਮ ਮੌਨ, ਆਕਾਸ਼ ਹੈ।" ਭੌਤਿਕ ਨਜ਼ਰਾਂ ਨਾਲ ਦੋਵੇਂ ਨਹੀਂ ਦਿਸਦੇ। ਨਾ ਇਹਨਾਂ ਦਾ ਰੂਪ, ਆਕਾਰ ਹੈ ਨਾ ਇਹਨਾਂ 'ਚ ਆਵਾਜ਼ ਹੈ। ਕਹਿ ਸਕਦੇ ਹਾਂ, ਇਹ ਦੋਵੇਂ ਹੈ ਹੀ ਨਹੀਂ। ਰੱਬ ਬਾਬਤ ਵੀ, ਜਦੋਂ ਕੋਈ ਨਾਸਤਕ ਕਹਿੰਦੈ, "ਰੱਬ ਨਹੀਂ ਹੈ" ਤਾਂ ਮੈਂ ਕਹਿੰਦਾ ਹਾਂ, ਨਾਸਤਕ ਦੀ ਇਹੋ ਪ੍ਰਤੀਕ੍ਰਿਆ, ਰੱਬ ਦਾ ਪ੍ਰੀਚੈ ਹੈ। ਜੋ ਕੁਝ ਨਹੀਂ ਉਹੋ ਰੱਬ ਹੈ। ਜਿਹੜਾ ਹੈ ਸੁੰਨ ਹੈ, ਉਹੋ ਪਰਮ ਸ਼ਕਤੀਮਾਨ ਹੈ। ਅਲਬਰਟ ਆਈਨਸਟੀਨ ਨੇ ਥਿਓਰੀ ਦਿੱਤੀ ਸੀ—

"If mass tends to 0, Velocity tends to infinite."

ਜੇ ਪਦਾਰਥ ਦਾ ਭਾਰ 0 ਕਰ ਸਕੀਏ ਤਾਂ ਉਸ 0 ਵਿਚ ਸ੍ਰਿਸ਼ਟੀ ਬਣਾਉਣ ਦੀ, ਨਾਸ ਕਰਨ ਦੀ, ਅਨੰਤ ਸ਼ਕਤੀ ਆ ਜਾਏਗੀ।

ਵਿਗਿਆਨ ਜਿਸ 0 ਬਾਬਤ ਕਹਿ ਰਿਹੈ, ਸ੍ਰੀ ਗੁਰੂ ਨਾਨਕ, ਉਸੇ ਨੂੰ ਸੁੰਨ ਕਹਿੰਦੇ ਹਨ, ਮੌਨ ਕਹਿੰਦੇ ਹਨ।

ਮੌਨ, ਪਰਮ ਚੇਤਨ ਹੈ। ਇਸ ਦਾ ਰੂਪ, ਰੰਗ ਆਕਾਰ ਨਹੀਂ, ਇਸ ਦੇ ਹੱਥ, ਪੈਰ ਨਹੀਂ, ਪਰ ਸਾਰੀ ਸ੍ਰਿਸ਼ਟੀ ਦੇ ਪ੍ਰਾਣੀ ਮਾਤਰ ਦੇ ਹੱਥ-ਪੈਰ, ਉਦੋਂ ਤੱਕ ਹੀ ਚਲਦੇ ਹਨ, ਜਦੋਂ ਤੱਕ ਇਹ ਪਰਮ ਚੇਤਨ ਸ਼ਕਤੀ, ਉਸ ਵਿਚ ਮੌਜੂਦ ਹੈ।

ਮੌਨ ਦੀ ਕੁਝ ਰਮਜ਼ ਹੈ, ਕੁਝ ਸੰਕੇਤ ਹਨ। ਮੌਨ ਦੀ ਵਾਰਤਾ ਹੈ, ਸੰਦੇਸ਼ ਹੈ। ਪਰਮ ਮੌਨ ਨੂੰ ਪ੍ਰਾਪਤ ਕੋਈ ਸੰਤ, ਕੋਈ ਸੱਚਾ ਯੋਗੀ, ਉਸ ਵਾਰਤਾ ਵਿਚ ਸ਼ਰੀਕ ਹੁੰਦੈ। ਇਹ ਯੋਗੀ, ਉਂਵੇਂ ਦੇ ਭੇਖਧਾਰੀ ਨਾਥ ਸਿੱਧ ਨਹੀਂ, ਜਿਨ੍ਹਾਂ ਨੂੰ, ਗੁਰੂ ਨਾਨਕ ਪਾਤਸ਼ਾਹ ਨੇ, ਭੁੱਲੜ ਕਹਿ ਕੇ, ਸੁਧਾਰ ਦੇ ਯਤਨ ਦੱਸੇ ਸਨ। ਪ੍ਰਮਾਤਮਾ ਦੇ ਯੋਗ ਵਿਚ, ਸੰਸਾਰ, ਸਰੀਰ, ਪਰਿਵਾਰ ਸਾਰੇ ਸ਼ੋਰ ਤੋਂ ਪਰ੍ਹੇ, ਪਰਮ ਮੌਨ ਵਿਚ ਸਥਿਤ ਹੋ ਗਿਆ ਕੋਈ ਸੱਚਾ ਯੋਗੀ, ਕੋਈ ਪੂਰਨ ਸੰਤ! ਸਰੀਰ ਹੈ ਤਾਂ ਸੰਸਾਰ ਦੀ ਭੁੱਖ ਹੈ, ਮੋਹ ਹੈ, ਚਾਹਤ ਹੈ। ਵੱਖ ਹੋਇ ਗਿਆ। ਗੁਰੂ ਨਾਨਕ ਕਹਿੰਦੇ ਹਨ :

"ਸੁਣਿਐ ਜੋਗ ਜੁਗਤਿ ਤਨਿ ਭੇਦ॥" (ਜਪੁ ਜੀ)

ਸੰਸਾਰ ਦੇ ਵਿਚ ਗੁੱਥੇ ਹੋਏ... ਸਰੀਰ ਨਾਲ, ਤਨ ਨਾਲ ਅਭੇਦ, ਇਕ-ਮਿਕ! ਕਿਤੇ ਪੈਰਾਂ ਵਿਚ ਕੰਡਾ ਵੀ ਚੁੱਭ ਜਾਏ ਤਾਂ ਦਰਦ ਹੁੰਦੀ ਹੈ। ਗੁਰੂ ਬਾਬੇ ਤੋਂ, ਤਨ ਤੋਂ ਭੇਦ ਕਰਨ ਦਾ, ਤਨ ਤੋਂ ਵੱਖ ਹੋਣ ਦਾ ਆਤਮ ਬੋਧ ਸਿੱਖ ਲਿਆ। ਅੱਖਰਾਂ ਵਿਚ ਲਿਖਣ, ਬੋਲਣ ਦੀਆਂ ਗੱਲਾਂ ਇਹ ਨਹੀਂ ਹਨ। ਗੁਰੂ ਦੀ ਬਾਣੀ ਦਾ, ਆਪਣੇ ਉੱਪਰ ਪ੍ਰਯੋਗ! ਇਹ ਬਹੁਤ ਗੁਪਤ ਹੁੰਦੈ। ਸਦਾ ਨਾਲ ਰਹਿਣ ਵਾਲਿਆਂ ਤੋਂ ਵੀ ਅਗਿਆਤ ਇੱਕ ਪ੍ਰਯੋਗ, ਜਦੋਂ ਆਤਮਾ ਦਾ ਵਜੂਦ ਤਨ ਤੋਂ ਵੱਖ ਹੋ ਗਿਆ। ਹੁਣ ਤਨ, ਤੱਤੀ ਲੋਹ 'ਤੇ ਬੈਠਾ ਹੋਇਆ ਹੈ। ਚਰਬੀ ਪੰਘਰ ਕੇ ਵਗ ਰਹੀ ਹੈ। ਮਾਸ, ਮੱਜਾ, ਤੰਤੂ, ਤਾਪ ਨਾਲ ਧੂ-ਧੂ ਕਰ ਕੇ ਜਲ ਰਹੇ ਹਨ। ਸੜਦੇ ਹੋਏ ਮਾਸ ਦੀ ਸਾਹ ਘੋਟੂ ਮਹਿਕ ਫੈਲ ਰਹੀ ਹੈ। ਪਰ ਉਹ ਸੱਚਾ ਯੋਗੀ, ਨੇਤਰ ਬੰਦ ਹੋਏ ਹੋਏ, ਤਨ ਦੀ ਪੀੜ ਤੋਂ ਬੇਖਬਰ, ਪਰਮ ਮੌਨ ਵਿਚ ਆਸਣ ਲਾਈ ਬੈਠਾ ਹੈ। ਐਸੀ ਜੁਗਤਿ, ਕੋਈ ਜਾਣੈ ਜੋਗੀ...॥

ਇਹ ਮੌਨ, ਦੁਰਗਮ ਦੀ ਯਾਤਰਾ ਹੁੰਦੀ ਹੈ। ਪੈਰਾਂ ਨਾਲ ਇਹ ਪੰਧ ਨਹੀਂ ਮੁਕਣਾ। ਜਨਮਾਂ-ਜਨਮਾਂ ਤੋਂ, ਪੈਰਾਂ ਨਾਲ ਤੀਰਥਾਂ, ਮੰਦਰਾਂ, ਮਹੰਤਾਂ ਕੋਲ ਜਾ ਰਹੇ ਹਾਂ...। ਜੀਵਨ ਦੀ ਬੇੜੀ, ਕਿਨਾਰੇ ਰੱਸੇ ਨਾਲ ਬੱਧੀ ਰਹੀ। ਸਾਰੀ ਰਾਤ ਚੱਪੂ ਚੱਲਦੇ ਰਹੇ। ਪ੍ਰਭਾਤ ਦੀ ਰੌਸ਼ਨੀ ਵਿਚ ਵੇਖਿਆ, ਬੇੜੀ ਉਸੇ ਥਾਂ! ਇਹ ਯਾਤਰਾ, ਸੁਰਤ ਨਾਲ ਹੁੰਦੀ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ, ਸੁਮੇਰ ਪਰਬਤ ਤੇ ਲਹੁਰੀਪਾ ਸਿੱਧ ਨੂੰ ਕਹਿੰਦੇ ਹਨ— ਸੁਰਤਿ ਨਾਲ ਸ਼ਬਦ ਤਕ ਪਹੁੰਚਣ ਦੀ ਦੁਰਗਮ ਯਾਤਰਾ ਹੁੰਦੀ ਹੈ।

"ਸੁਰਤਿ ਸਬਦੁ ਧੁਨਿ ਅੰਤਰਿ ਜਾਗੀ॥"

ਰਾਮ ਕਲੀ ਮਹਲਾ (1) (ਪੰਨਾ-903)

ਅੰਦਰ ਦਾ ਕੋਈ ਗੈਬੀ ਤਲ! ਇਥੇ ਤਨ ਦੇ ਅੰਗ, ਤੱਤ ਨਹੀਂ ਪਹੁੰਚ ਸਕਦੇ। ਸਾਰੇ ਪਿੱਛੇ, ਬਹੁਤ ਦੂਰ ਛੁਟ ਗਏ। ਹੁਣ ਤਨ ਦੇ ਦੁਖ-ਦਰਦ, ਹਰਖ-ਸੋਗ ਦਾ ਅਹਿਸਾਸ ਨਹੀਂ ਰਹਿੰਦਾ। ਸੰਸਾਰ ਦਾ ਸਾਰਾ ਸ਼ੋਰ ਵੀ, ਸਰੀਰ ਦੇ ਨਾਲ ਹੀ ਕਿਤੇ ਦੂਰ ਰਹਿ ਗਿਆ। ਅੰਦਰ ਪਰਮ ਮੌਨ। ਇੱਥੇ, ਜੋਤਿ ਅਤੇ ਪਰਮ ਜੋਤਿ, ਰੂ-ਬ-ਰੂ... ਸੰਵਾਦ, ...ਮੌਨ ਵਾਰਤਾ ਦਾ ਤਲ! ਸਾਰਾ ਸ਼ੋਰ, ਥੰਮ ਗਿਆ। ਭਗਤ ਕਬੀਰ ਜੀ ਕਹਿੰਦੇ ਹਨ, ਅੰਦਰ ਮੌਨ ਵਿਚ ਆਸਣ ਲਗ ਗਿਆ ਹੈ। ਹੁਣ ਭਰੇ ਬਾਜ਼ਾਰ ਵੀ ਸਮਾਧੀ ਟੁੱਟਦੀ ਨਹੀਂ—

"ਅਬ ਤਉ ਜਾਇ ਦਰੀਬੇ ਬੈਠਾ, ਮਗਨ ਭਇਆ, ਚਿਤ ਲਾਗਾ॥
ਕਹਿ ਕਬੀਰ ਜੀਅ ਸੰਸਾ ਨਾਹੀ, ਸ਼ਬਦ ਅਨਾਹਤ ਬਾਗਾ॥"

ਦਰੀਬਾ ਦਾ ਅਰਥ ਹੈ, ਬਾਜ਼ਾਰ! ਕਹਿੰਦੇ ਹਨ, ਹੁਣ ਤਾਂ ਕੋਈ ਸੰਸਾ ਨਹੀਂ, ਭਰਮ ਨਹੀਂ! ਪਰਮ ਮੌਨ ਦਾ ਤਲ! ਇੱਥੇ ਉਹ ਰੱਬੀ ਧੁਨਿ, ਅਨਹਤ ਨਾਦ, ਮੇਰੇ ਸਾਹਵੇਂ, ਪ੍ਰਤੱਖ ਵੱਜ ਰਿਹੈ ਔਰ ਮੇਰੀ ਸੁਰਤਿ ਆਨੰਦ ਮਾਣ ਰਹੀ ਹੈ।

ਭਗਤ ਕਬੀਰ ਜੀ ਕਹਿੰਦੇ ਹਨ, ਇਕ ਬਿਖਮ ਯਾਤਰਾ ਕਰ ਕੇ ਇੱਥੇ ਪਹੁੰਚੀਦਾ ਹੈ। ਬਾਹਰ ਸੰਸਾਰ ਤੇ ਬਹੁਤ ਰੌਲਾ ਹੈ। ਸਪਰਧਾ ਚੱਲ ਰਹੀ ਹੈ, ਇਕ ਰੇਸ! ਔਰ ਧਾਵਕ ਵਾਂਗ ਲਗਦਾ ਹੈ, ਸਾਰੇ ਮੇਰੇ ਵੱਲ ਵੇਖ ਰਹੇ ਹਨ। ਸਭ ਦੀਆਂ ਆਸਾਂ ਮੇਰੇ 'ਤੇ ਲੱਗੀਆਂ ਹੋਈਆਂ ਹਨ। ਰੌਲਾ, ਕੁਹਰਾਮ ਮਚਿਆ ਹੋਇਆ ਹੈ। ਆਪਣੇ ਅੰਦਰ ਗਿਆ ਤਾਂ ਯਾਤਰਾ ਦੇ ਪੜਾਅ ਤੇ ਮਨ ਦੀਆਂ ਵਾਸ਼ਨਾਵਾਂ, ਬੁੱਧੀ ਦੀ ਚੰਚਲਤਾ ਅਤੇ ਇੰਦ੍ਰੀਆਂ ਦੀ ਖਰੀਦ ਫ਼ਰੋਖ਼ਤ ਦਾ ਬਾਜ਼ਾਰ ਲੱਗਿਆ ਮਿਲਿਆ। ਅਡੋਲ ਸੰਕਲਪ ਅਤੇ ਆਤਮ ਬਲ ਨਾਲ, ਇਸ ਹਾਟ ਤੋਂ ਲੰਘ ਗਿਆ। ਉੱਪਰ ਸਿਖਰ 'ਤੇ ਪਰਮ ਪੁਰਖ, ਪਰਮ ਮੌਨ ਦਾ ਮੰਡਲ! ਜਨਮਾਂ-ਜਨਮਾਂ ਤੋਂ, ਜਿਸ ਸ਼ੈਅ ਦੀ ਤਲਾਸ਼ ਵਿਚ ਭਟਕਦਾ ਰਿਹਾ, ਉਹ ਪੂੰਜੀ, ਉਹ ਅਖੁੱਟ ਦੌਲਤ ਇਥੇ ਮਿਲੀ। ਇਸ ਥਾਂ ਨੂੰ ਭਗਤ ਬੇਣੀ ਜੀ, ਦਸਮ ਦੁਆਰ ਕਹਿੰਦੇ ਹਨ—

"ਦਸਮ ਦੁਆਰਾ ਅਗਮ ਅਪਾਰਾ, ਪਰਮ ਪੁਰਖ ਕੀ ਘਾਟੀ॥
ਊਪਰਿ ਹਾਟੁ ਹਾਟ ਪਰਿ ਆਲਾ, ਆਲੇ ਭੀਤਰਿ ਥਾਤੀ॥" (ਪੰਨਾ 974)

ਬਾਜ਼ਾਰ ਦਾ ਰੌਲਾ ਲੰਘ ਆਇਆ ਤਾਂ ਇਕ ਆਲਾ, ਇਕ ਰਿਕਤ ਸਥਾਨ ਨਜ਼ਰ ਆਇਆ। ਇਹ ਖਾਲੀ ਥਾਂ, ਦਸਮ ਦੁਆਰਾ ਸੀ, ਪਰਮ ਪੁਰਖ ਕੀ ਘਾਟੀ। ਇਹ ਮੌਨ ਦਾ ਮੰਡਲ ਹੈ! ਮੈਂ ਹੁਣ, ਸਰੀਰ ਨਹੀਂ ਰਹਿ ਗਿਆ ਸਾਂ। ਇਕ ਸੁਰਤਿ... ਰੂਹ ਦੀ ਪਵਿੱਤਰ ਤਾਂਘ! ਮੇਰੇ ਸਾਹਮਣੇ ਪਰਮਜੋਤਿ, ਪਰਮੇਸ਼ਰ ਸੀ, ਸ਼ਬਦ ਸੀ। ਇਹ ਪਵਿੱਤਰ ਥਾਂ "ਮੌਨ ਵਾਰਤਾ" ਦਾ ਮੁਕੱਦਸ ਥਾਂ ਹੁੰਦੈ।

ਇਹ ਥਾਂ, ਮਾਨ ਸਰੋਵਰ ਕਿਹਾ ਗਿਆ ਹੈ। ਸਤਿਗੁਰ ਸਰੋਵਰ! ਇੱਥੇ ਹੀ ਟੁੱਬੀ ਲਾਉਣ ਵਾਲਾ, ਕਊਆ, ਹੰਸ ਹੋ ਜਾਂਦਾ ਹੈ। ਇਹ ਥਾਂ ਸੰਸਾਰਕ ਖਿੱਚ ਤੋਂ ਪਰ੍ਹੇ ਹੈ। ਹੱਥਾਂ-ਪੈਰਾਂ, ਅੱਖਾਂ ਵਾਲਾ ਮਨੁੱਖ ਇਥੇ ਨਹੀਂ ਪਹੁੰਚ ਸਕਦਾ।

ਮੌਲਾਨਾ ਰੂਮ ਇਸ ਥਾਂ ਦਾ ਤਜੁਰਬਾ ਸਾਂਝਾ ਕਰਦੇ ਹਨ—

"ਬੇਪਰੋ ਬੇ ਪਾ, ਸਫ਼ਰ ਮੇਂ ਕਰਦਮ। ਬੇ ਲਬੋ ਬੇ ਦੰਦਾਂ, ਸ਼ਕਰ ਮੇਂ ਖੁਰਦਮ।
ਚਸ਼ਮ ਬਿਨਾਂ, ਆਲਮ ਮੇ ਦੀਦਮ॥

ਮੇਰੇ ਪੈਰ ਨਹੀਂ, ਪਰ ਸਫ਼ਰ ਕਰਦਾ ਹਾਂ। ਮੂੰਹ ਨਹੀਂ ਹੈ, ਦੰਦ ਨਹੀਂ ਹਨ, ਪਰ ਸ਼ੱਕਰ ਦਾ ਸੁਆਦ ਲੈਂਦਾ ਹਾਂ। ਅੱਖਾਂ ਨਹੀਂ, ਪਰ ਸਾਰੀ ਸ੍ਰਿਸ਼ਟੀ ਮੈਂ ਵੇਖ ਰਿਹਾ ਹਾਂ।"

ਸੰਸਾਰ ਤੋਂ ਪਾਰ ਹੋ ਜਾਣ ਦੀ ਅਵਸਥਾ! ਨਿਰੰਕਾਰ ਨੂੰ ਪਰਮ ਚੇਤਨ ਕਿਹਾ ਗਿਆ ਹੈ। ਪਸ਼ੂ ਵਿਚ, ਪੰਖੀ ਵਿਚ, ਬਨਸਪਤਿ ਵਿਚ, ਜਿਹੜਾ ਚੇਤਨ, ਇਹਨਾਂ ਨੂੰ ਜੀਊਂਦਿਆਂ ਹੋਣ ਦਾ ਬੋਧ ਕਰਵੌਂਦੈ, ਜਿਹੜਾ ਫੁਲਾਂ ਵਿਚ ਖੁਸ਼ਬੋ ਅਤੇ ਫਲਾਂ ਵਿਚ ਰਸ ਭਰ ਰਿਹੈ, ਉਹ ਅਦਿੱਖ ਚੇਤੰਨ, ਨਿਰੰਕਾਰ ਦਾ ਹੀ ਪ੍ਰਤੀਬਿੰਬ ਹੁੰਦੈ। ਇਹ ਪਰਮ ਚੇਤਨਾ, ਸਤਿਗੁਰ ਵਿਚ, ਸਤਿ ਪੁਰਖ ਰੂਪ ਬਿਰਾਜਦੀ ਹੈ। ਇਸ ਪਰਮ ਚੇਤਨਾ ਦੇ ਪ੍ਰਕਾਸ਼ ਵਿਚ, ਅੰਦਰ ਪਹੁ ਫੁਟਦੀ ਹੈ। ਮਹਾਂਪੁਰਖਾਂ ਦੇ ਜੀਵਨ ਵਿਚ, ਸਦਾ ਇਸ ਪ੍ਰਭਾਤ ਦੀ ਲੋਅ ਦਾ ਹਲਕਾ ਜਿਹਾ ਲਿਸ਼ਕਾਰਾ ਪ੍ਰਤੀਤ ਹੁੰਦਾ ਹੈ। ਪ੍ਰਭਾਤ ਦੇ ਸੱਜਰੇ ਸੁਰਯੋਦੈ ਵਾਂਗ, ਗੁਲਾਬੀ ਜਿਹਾ ਇਕ ਪ੍ਰਭਾਮੰਡਲ, ਇਸ ਨੂੰ ਵਿਦਵਾਨ "ਅਉਰਾ" ਕਹਿੰਦੇ ਹਨ। ਮਹਾਂਪੁਰਖਾਂ ਦੀ ਤਸਵੀਰ ਵਿਚ, ਸਿਰ ਦੇ ਪਿੱਛੇ, ਹਲਕੇ ਜਿਹੇ ਪ੍ਰਕਾਸ਼ ਚੱਕ੍ਰ ਵਾਲਾ "ਅਉਰਾ" ਇਸ ਗੱਲ ਦਾ ਪ੍ਰਤੀਕ ਹੁੰਦੈ ਕਿ ਇੱਥੇ ਰਾਤ ਬਿਤੀਤ ਹੋ ਚੁੱਕੀ ਹੈ। ਕਾਇਆਂ ਦੇ ਅੰਦਰ ਪਹੁ ਫੁੱਟ ਚੁਕੀ ਹੈ। ਚਿੜੀ ਚੁਹਕ ਰਹੀ ਹੈ। ਪੰਜਵੇਂ ਪਾਤਸ਼ਾਹ, ਇਸ ਅਵਸਥਾ ਦਾ ਬਿੰਬ ਚਿਤਰਨ ਕਰਦੇ ਹਨ—

"ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤ ਤਰੰਗ॥
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ॥" (ਪੰਨਾ 319)

ਅੰਤਰ ਪ੍ਰਕਾਸ਼ ਦੀ ਲੋਅ ਲੱਗੀ, ਆਤਮਾ ਚਿੜੀ ਹਰਖ ਵਿਚ ਚੁਹਕ ਉੱਠੀ। ਨਾਮ ਨਾਲ ਰੰਗੇ ਹੋਏ ਸੰਤਾਂ-ਮਹਾਂਪੁਰਖਾਂ ਵਿਚ, ਪਰਮਾਤਮਾ ਨੇ ਵਿਸਮਾਦੀ ਰੂਪ ਪ੍ਰਗਟ ਕੀਤਾ ਹੁੰਦੈ।

ਇਹ ਪ੍ਰਸੰਗ, ਮੌਨ ਦੀ ਮਹਿਮਾ ਵਿਚ ਰਚੇ ਗਏ, ਇਕਾਗਰਤਾ ਤੋਂ ਆਰੰਭ ਹੋ ਕੇ, ਗਹਿਰੀ ਇਕਾਗਰਤਾ 'ਚ ਅਨਹਤ ਧੁਨਿ ਨੂੰ ਸੁਣਨ ਯੋਗ ਕਾਬਲੀਅਤ ਦਾ ਵਿਕਸਤ ਹੋਣਾ ਅਤੇ ਇਕਾਗਰਤਾ ਦਾ ਧਿਆਨ ਬਣ ਜਾਣਾ। ਇੱਥੇ ਮੌਨ ਸਿਰਜਤ ਹੁੰਦਾ ਹੈ।

ਕਹਿੰਦੇ ਹਨ, ਮਜਨੂੰ ਦਾ ਚਿੱਤ, ਲੈਲਾ ਪ੍ਰਤੀ ਗਹਿਰੀ ਇਕਾਗਰਤਾ ਵਿਚ ਸੀ। ਇਕ ਮੌਲਵੀ, ਕੁਝ ਹੋਰ ਮੋਮਨਾਂ ਨਾਲ ਨਮਾਜ਼ ਅਦਾ ਕਰ ਰਿਹਾ ਸੀ। ਮਜਨੂੰ ਦੀਵਾਨਗੀ ਦੀ ਅਵਸਥਾ ਵਿਚ, ਵਿਚੋਂ ਲੰਘ ਗਿਆ। ਅੱਖਾਂ ਵਿਚ ਲੈਲਾ ਵੱਸ ਗਈ ਸੀ। ਹੋਰ ਕੁਝ ਦਿਸਿਆ ਨਹੀਂ। ਮੌਲਵੀ ਨਾਰਾਜ਼ ਹੋ ਕੇ ਕਿਹਾ, ਅੱਲਾਹ ਤਾਲਾ ਨਾਲ ਜੁੜੇ ਹੋਏ ਨਮਾਜ਼ੀਆਂ ਦੇ ਵਿੱਚੋਂ ਲੰਘ ਜਾਣਾ, ਅੱਲਾ ਦੀ ਤੌਹੀਨ ਹੈ। ਮਜਨੂੰ ਨੇ ਕਿਹਾ, ਇਹ ਝੂਠਾ ਹੈ ਕਿ ਤੁਸੀਂ ਅੱਲਾ ਦੀ ਇਬਾਦਤ ਵਿਚ ਜੁੜੇ ਹੋਏ ਸੀ। ਜਿਹੜਾ ਜੁੜ ਜਾਏ, ਇਕਾਗਰ ਚਿੱਤ ਹੋ ਜਾਏ, ਉਸ ਨੂੰ ਫਿਰ ਕੁਝ ਹੋਰ ਦਿਸਦਾ ਹੀ ਨਹੀਂ। ਹਰ ਪਾਸੇ ਇਕ ਮੌਲਾ ਹੀ ਮੌਲਾ... ਅੱਲਾ ਹੀ ਅੱਲਾ ਦਿਸਦੈ। ਮੈਂ ਲੈਲਾ ਦੀ ਲਿਵ ਵਿਚ ਲੰਘ ਗਿਆ। ਮੈਨੂੰ ਤਾਂ

ਕੁਝ ਨਾ ਦਿਸਿਆ। ਤੁਹਾਨੂੰ ਮੈਂ ਕਿਵੇਂ ਦਿਸ ਗਿਆ। ਪ੍ਰੀਤ ਤਾਂ ਇਕਾਗਰ ਕਰਦੀ ਹੈ। ਝੂਠ ਬੋਲਦੇ ਹੋ ਕਿ ਅੱਲਾ ਦੀ ਪ੍ਰੀਤ ਵਿਚ ਨਿਮਾਜ਼ ਅਦਾ ਕਰ ਰਹੇ ਸੀ।

ਕਹਿੰਦੇ ਹਨ, ਇਕ ਵਾਰ, ਇਕ ਦੈਂਤ ਵ੍ਰਿਤਾਸੁਰ ਦੀ ਵਧ ਰਹੀ ਸ਼ਕਤੀ ਤੋਂ ਘਬਰਾ ਕੇ, ਸਾਰੇ ਦੇਵਤਾ ਵਿਸ਼ਨੂੰ ਭਗਵਾਨ ਕੋਲ ਸਹਾਇਤਾ ਲਈ ਪਹੁੰਚੇ। ਸ੍ਰੀ ਹਰੀ ਨੇ ਕਿਹਾ, ਜੇ ਕਿਸੇ ਜੀਂਵਦੇ ਹੋਏ ਸੰਤ ਦੀ ਹੱਡੀਆਂ ਨਾਲ ਬਜਰ ਅਸਤਰ ਬਣਾਇਆ ਜਾਏ ਤਾਂ ਉਸ ਅਸਤਰ ਨਾਲ ਇਹ ਦੈਂਤ ਮਾਰਿਆ ਜਾ ਸਕਦਾ ਹੈ। ਹੋਰ ਕੋਈ ਅਸਤਰ ਸ਼ਸਤ੍ਰ, ਉਸ ਨੂੰ ਮਾਰਨ ਲਈ ਸਮਰੱਥ ਨਹੀਂ ਹਨ। ਜੀਂਵਦੇ ਹੋਏ ਪੂਰਨ ਸੰਤ ਦੀਆਂ ਹੱਡੀਆਂ, ਮਾਸ ਨੂੰ ਛਿੱਲ ਕੇ ਕਿਵੇਂ ਲਈਆਂ ਜਾ ਸਕਦੀਆਂ ਹਨ? ਇਹ ਅਸੰਭਵ ਕਾਰਜ ਹੈ। ਕਈਆਂ ਅੱਗੇ ਬੇਨਤੀ ਕੀਤੀ, ਗੱਲ ਨਾ ਬਣੀ। ਤਾਂ ਤਪ ਲੀਨ, ਮਹਾਂਰਿਸ਼ੀ ਦਧੀਚੀ ਕੋਲ ਗਏ। ਆਪਣਾ ਮੰਤਵ ਦਸਿਆ। ਦੈਂਤ ਨੂੰ ਮਾਰਨ ਲਈ ਤੁਹਾਡੀਆਂ ਹੱਡੀਆਂ ਦੀ ਲੋੜ ਹੈ। ਉਸ ਸ਼ਕਤੀਸ਼ਾਲੀ ਦੈਂਤ ਨੇ, ਧਰਤ ਲੋਕ ਅਤੇ ਸੁਰਲੋਕ ਵੀ ਜਿੱਤ ਲਏ ਹਨ।

ਅੱਛਾ, ਜੇ ਮੇਰੀਆਂ ਹੱਡੀਆਂ ਨਾਲ, ਲੋਕ ਭਲਾਈ ਹੁੰਦੀ ਹੈ ਤਾਂ ਮੇਰੇ ਸਰੀਰ ਦੀ ਇਸ ਤੋਂ ਚੰਗੀ ਵਰਤੋਂ ਹੋਰ ਕਿਤੇ ਨਹੀਂ ਹੋ ਸਕਦੀ। ਇਵ ਕਰੋ, ਕਲ੍ਹ ਤੜਕੇ, ਜਦੋਂ ਮੈਂ ਧਿਆਨ ਵਿਚ ਬੈਠਾ ਹੋਵਾਂ, ਮੌਨ ਨੂੰ ਪ੍ਰਾਪਤ ਹੋ ਜਾਵਾਂ। ਉਦੋਂ ਮਾਸ ਨੂੰ ਛਿੱਲ ਕੇ ਸਾਰੀਆਂ ਹੱਡੀਆਂ ਲੈ ਲੈਣੀਆਂ। ਮੌਨ, ਸਰੀਰ ਤੋਂ ਵੱਖ ਹੋ ਜਾਣ ਦਾ ਖਿਨ ਹੁੰਦੈ। ਉਦੋਂ ਸਰੀਰ ਦਾ ਦੁਖ ਦਰਦ ਨਹੀਂ ਰਹਿ ਜਾਂਦਾ।

ਸਤਿਗੁਰ ਸਦਾ ਮੌਨ ਵਿਚ ਸਥਿਤ ਰਹਿੰਦੇ ਹਨ। ਇਹ ਮੌਨਵਾਰਤਾ ਦਾ ਤਲ, ਆਤਮਾ ਅਤੇ ਪਰਮਾਤਮਾ ਦੇ ਯੋਗ ਦਾ ਤਲ ਹੁੰਦੈ। ਗੀਤਾ ਵਿਚ, ਭਗਵਾਨ ਸ੍ਰੀ ਕ੍ਰਿਸ਼ਨ, ਅਰਜਨ ਨੂੰ ਇਸੇ ਯੋਗ ਵਿਚ ਸਥਿਤ ਹੋ ਕੇ, ਜੰਗ ਲੜਨ ਦੀ ਗੱਲ ਕਰਦੇ ਹਨ—

"ਯੋਗਸਥ : ਕੁਰੂ ਕਰਮਾਣੀ ਸੰਗਮ ਤਿਅਕਤਵਾ ਧਨੰਜਯ।
ਸਿਧਯ ਅਸਿਧਯੋ ਸਮੋ ਭੂਤਣਾ, ਸਮਤਵਯੋਗ ਉਚਯਤੇ॥"

(ਗੀਤਾ 2:48)

ਅਰਜਨ, ਪਰਮ ਮੌਨ ਦੇ ਯੋਗ ਵਿਚ ਰਹਿ ਕੇ, ਕਾਰਜ ਦਾ ਨਿਰਵਾਹ ਕਰ। ਉਸ ਥਾਂ, ਹਾਰ ਜਾਂ ਜਿੱਤ, ਆਪਣੇ ਜਾਂ ਬਿਗਾਨੇ ਸਾਰੇ ਇੱਕ ਹੋ ਜਾਂਦੇ ਹਨ। ਉਥੇ ਨਾ ਮੋਹ ਹੈ, ਨਾ ਭੈਅ, ਨਾ ਸੋਗ!

ਇਹ ਮੌਨ, ਤਰਕ ਜਾਂ ਵਿਵਾਦ ਤੋਂ ਪਰ੍ਹੇ ਦਾ ਅਨੁਭਵ ਹੁੰਦੈ। ਮੈਂ ਇਸ ਨੂੰ ਦੋ ਦੇ ਮੱਧ ਵੇਖਦਾਂ। ਦੇਹ ਅਤੇ ਆਤਮਾ ਦੇ ਮੱਧ! ਇਹ ਇਕ ਰਿਕਤ ਖਿੱਤਾ ਹੁੰਦੈ... ਧਰਤੀ ਅਤੇ ਚੰਦ ਦੇ ਮੱਧ, ਦੋਹਾਂ ਦੀ ਖਿੱਚ ਦੇ ਮੱਧ! ਇਹ ਗੁਰੂਤੱਵ ਆਕਰਸ਼ਣ ਤੋਂ ਹੀਣ ਖੇਤਰ ਹੁੰਦੈ। ਤਾਂ ਮੌਨ ਦੋ ਦੇ ਮੱਧ ਹੀ ਰਹਿ ਸਕਦਾ ਹੈ। ਗੱਡੀ ਦੇ ਦੋ ਗਿਅਰਾਂ ਵਿਚ, ਇੱਕ ਨਿਉਟਰਲ ਹੁੰਦੈ। ਹਰ ਦੋ ਗਿਅਰਾਂ ਦੇ ਵਿਚ! ਇੱਥੇ ਕੋਈ ਗਿਅਰ ਕੰਮ ਨਹੀਂ ਕਰਦਾ। ਇਸ ਥਾਂ 'ਤੇ ਗੱਡੀ ਦੀ ਗਤੀ, ਇੰਜਣ ਦੀ ਚਾਲ ਥੰਮ ਜਾਂਦੀ ਹੈ। ਇਹ ਮੌਨ ਦਾ ਬਿੰਬ ਹੋ ਸਕਦਾ ਹੈ।

ਸੰਨ 1965 ਵਿਚ, ਰੋਮ ਦੇ ਪੋਪ, "ਸੈਂਟ ਜੱਾਨ ਪਾਲ ਅਤੇ ਮਹਾਨ ਭੌਤਿਕਵਾਦੀ ਵਿਗਿਆਨੀ "ਸਟੀਫ਼ਨ ਹਾਕਿੰਸ" ਦੇ ਮੱਧ, ਰੱਬ ਦੀ ਹੋਂਦ ਬਾਬਤ ਤਕੜੀ ਬਹਿਸ ਛਿੜ ਗਈ। ਪੋਪ ਕਹਿੰਦੇ ਸਨ, ਗੱਾਡ ਹੀ ਸ੍ਰਿਸ਼ਟੀ ਨੂੰ ਜਨਮ ਦੇ ਰਿਹੈ, ਪਾਲਨਾ ਕਰ ਰਿਹੈ। ਉਸ ਦੀ ਰਜ਼ਾ ਨਾਲ ਹੀ ਲੋਗ ਮਰਦੇ ਹਨ। ਫਿਰ ਡੂਮਸਡੇ ਨੂੰ, ਉਹ ਆਪਣਿਆਂ ਪਿਆਰਿਆਂ ਨੂੰ, ਕਬਰਾਂ 'ਚੋਂ ਜਗਾ ਕੇ ਮੇਲ ਲਵੇਗਾ। ਉਦੋਂ ਸਟੀਫ਼ਨ ਹੱਾਕਿੰਸ ਨੇ ਭੌਤਿਕ ਤੱਤਾਂ ਦੇ ਸੁਮੇਲ ਨਾਲ, ਸ੍ਰਿਸ਼ਟੀ ਸਿਰਜਨ ਦੀ ਥਿਓਰੀ ਦਿੱਤੀ ਅਤੇ ਕਿਹਾ ਕਿ "ਕੋਈ ਰੱਬ ਨਹੀਂ ਹੈ। ਨਿਰੰਤਰ ਇਹ ਤੱਤ ਬਣ ਵੀ ਰਹੇ ਹਨ ਅਤੇ ਟੁੱਟ ਵੀ ਰਹੇ ਹਨ। ਇਹਨਾਂ ਤੱਤਾਂ ਦੀ ਇਕ ਮਿਆਦ ਹੈ, ਇਕ ਉਮਰ ਹੈ। ਸਿਰਜਨ ਅਤੇ ਵਿਨਾਸ਼ ਦੇ ਕ੍ਰਮ ਵਿਚ ਦੋਵੇਂ ਘਟਨਾਵਾਂ ਹੋ ਰਹੀਆਂ ਹਨ।" ਇਕ ਨੂੰ ਆਸਤਿਕ ਕਹਿੰਦੇ ਹਾਂ, ਇਕ ਨੂੰ ਨਾਸਤਿਕ ਕਹਿੰਦੇ ਹਾਂ। ਇਹਨਾਂ ਦੋਹਾਂ ਦੇ ਵਿਚਾਲੇ ਇਕ ਥਾਂ, ਜਿੱਥੇ ਤਰਕ, ਵਿਵਾਦ, ਆਸਤਿਕਤਾ, ਨਾਸਤਿਕਤਾ, ਜਿਹੀ ਕੋਈ ਗੱਲ ਨਹੀਂ। ਮੇਰੇ ਸਤਿਗੁਰ, ਮੈਂ ਕੁਝ ਨਹੀ ਜਾਣਦਾ:

"ਏਵਡੁ ਊਚਾ ਹੋਵੈ ਕੋਇ॥
ਤਿਸੁ ਊਚੇ ਕਉ ਜਾਣੈ ਸੋਇ॥" (ਜਪੁ ਜੀ)

ਅੱਖਰਾਂ ਦਾ ਤਰਕ ਵਿਵਾਦ ਹੈ। ਇਕ ਨੇ ਧਰਮ-ਗ੍ਰੰਥ ਤੋਂ ਅੱਖਰ ਲੈ ਲਏ, ਇਕ ਨੇ ਵਿਗਿਆਨ ਸ਼ਾਸਤ੍ਰ ਤੋਂ ਪ੍ਰਾਪਤ ਅਨੁਭਵ ਆਧਾਰਤ ਥਿਓਰੀ ਬਣਾ ਲਈ। ਮੈਂ ਕੁਝ ਨਹੀਂ ਜਾਣਦਾ, ਇਹ ਵਿਚਾਲੇ ਦਾ ਤਲ ਹੈ। ਇਸ ਤਲ ਤੋਂ, ਸਹਜ ਇਕਾਗਰਤਾ ਉੱਠਦੀ ਹੈ ਅਤੇ ਵਗਦੀ ਜਾਂਦੀ ਹੈ, ਮੌਨ ਵੱਲ...। ਪੰਜਵੇਂ ਪਾਤਸ਼ਾਹ, ਕਹਿੰਦੇ ਹਨ—

"ਹਉ ਕਛੂ ਨਾ ਜਾਨਉ ਤੇਰੀ ਸਾਰ॥
ਤੂੰ ਕਰਿ ਗਤਿ ਮੇਰੀ ਪ੍ਰਭ ਦਇਆਰ॥" (ਪੰਨਾ 105)

❑ ❑ ❑

# ਬੈਕ ਮੈਟਰ

ਆਕਾਸ਼ ਸ੍ਰਿਸ਼ਟੀ ਦਾ ਕਾਰਕ ਹੈ। ਮਿੱਟੀ ਦੇ ਬੁੱਤ ਵਿਚ ਪ੍ਰਵੇਸ਼ ਕਰਦਾ ਹੈ, ਤਾਂ ਜਾਨ ਪਾ ਦਿੰਦਾ ਹੈ। ਨਿਕਲ ਜਾਂਦਾ ਹੈ ਤਾਂ, ਮਿੱਟੀ, ਪਾਣੀ, ਹਵਾ ਔਰ ਅਗਨੀ... ਸਾਰੇ ਬਿਖ਼ਰ ਜਾਂਦੇ ਹਨ। ਇਹ ਆਕਾਸ਼, ਰੂਹਾਂ ਦਾ ਮੰਡਲ ਹੈ, ਜਿੱਥੋਂ, "ਖਸਮ ਕੀ ਬਾਣੀ", ਮੇਰੇ "ਗੁਰੂ ਬਾਬੇ' ਨੂੰ ਨਾਜਿਲ ਹੋਈ ਅਤੇ ਗੁਰਬਾਣੀ ਗੁੰਜਾਇਮਾਨ ਹੋਈ। ਸਤਿਗੁਰ ਦੀ ਬਾਣੀ, ਰੇਖਾ ਚਿੱਤਰ ਬਣਾ ਰਹੀ ਹੈ, "ਆਕਾਸ਼ ਤੋਂ ਪਾਰ" ਹੋ ਜਾਣ ਦੀ ਬਿਧੀ!